**Golden State Realty** JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

**Harmit S Toor** BEB BAY EAST BROKERS
Bay East Brokers, Inc.
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 26, Issue 3; January 18, 2024
20451 N. Plum Grove Rd., Palatine, IL 60074
Ph:847-359-0746, Fax:847-705-9388



## ਅੰਮ੍ਰਿਤਪਾਲ ਸਿੰਘ ਦੀ ਹਮਾਇਤੀ ਧਿਰ ਵਲੋਂ ਨਵੀਂ ਪੰਥਕ ਪਾਰਟੀ 'ਅਕਾਲੀ ਦਲ ਵਾਰਿਸ ਪੰਜਾਬ ਦੇ' ਦਾ ਐਲਾਨ

**ਸ੍ਰੀ ਮੁਕਤਸਰ ਸਾਹਿਬ:** ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਤੇ ਅੰਮ੍ਰਿਤਪਾਲ ਸਿੰਘ ਦੀਆਂ ਹਿਮਾਇਤੀ ਪੰਥਕ ਧਿਰਾਂ ਦੀ ਕਾਨਫਰੰਸ ਵਿੱਚ ਨਵੀਂ ਪਾਰਟੀ ਦਾ ਐਲਾਨ ਹੋਇਆ ਜਿਸ ਦਾ ਨਾਮ 'ਅਕਾਲੀ ਦਲ ਵਾਰਿਸ ਪੰਜਾਬ ਦੇ' ਰੱਖਿਆ ਗਿਆ। ਇਹ ਐਲਾਨ ਕਰਦਿਆਂ ਕਿਹਾ ਗਿਆ ਕਿ ਤਿੰਨ ਨਾਮ ਦਿੱਲੀ ਭੇਜੇ ਗਏ ਸਨ, ਉਹਨਾਂ ਚੋਂ ਇਹ ਨਾਮ ਮਨਜ਼ੂਰ ਹੋ ਕੇ ਆਇਆ ਹੈ।

> **ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਹ ਪਾਰਟੀ ਆਪਣੇ ਕਿਹੜੇ ਏਜੰਡਿਆਂ ਦੇ ਅਧਾਰ 'ਤੇ ਅੱਗੇ ਵਧੇਗੀ?**

ਵੇਖਣ ਵਾਲੀ ਗੱਲ ਇਹ ਹੋਵੇਗੀ ਕਿ ਇਹ ਪਾਰਟੀ ਆਪਣੇ ਕਿਹੜੇ ਏਜੰਡਿਆਂ ਦੇ ਅਧਾਰ ਤੇ ਅੱਗੇ ਵਧੇਗੀ? ਪੰਥਕ ਧਿਰਾਂ ਦੀ ਸਟੇਜ ਉਪਰ ਲੱਗੇ ਬੈਨਰ ਉੱਤੇ ਚਾਰ ਬੰਦਿਆਂ ਦੀਆਂ ਫੋਟੋਆਂ ਸਨ। ਸੰਤ ਭਿੰਡਰਾਂ ਵਾਲਿਆਂ ਦੀ, ਦੀਪ ਸਿੱਧੂ ਦੀ,ਭਾਈ ਅਮਰੀਕ ਸਿੰਘ ਦੀ, ਤੇ ਅੰਮ੍ਰਿਤ ਪਾਲ ਸਿੰਘ ਦੀ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਇਹ ਪਾਰਟੀ ਕਿਹੜੀ ਰਾਜਨੀਤੀ ਉਤੇ ਕੇਂਦਰਿਤ ਹੋਵੇਗੀ।

ਵੇਖਣ ਵਾਲੀ ਗੱਲ ਇਹ ਵੀ ਸੀ ਕਿ ਸਿਮਰਨਜੀਤ ਸਿੰਘ ਮਾਨ ਨੇ ਇਸ ਕਾਨਫਰੰਸ ਤੋਂ ਦੂਰੀ ਬਣਾ ਕੇ ਰੱਖੀ ਅਤੇ ਬੀਬੀ ਪਰਮਜੀਤ ਕੌਰ ਖਾਲੜਾ ਵੀ ਇਸ ਕਾਨਫਰੰਸ ਵਿੱਚ ਹਾਜ਼ਰ ਨਹੀਂ ਸਨ, ਹਾਲਾਂਕਿ ਪਹਿਲਾਂ ਛਪੇ ਇਸ਼ਤਿਹਾਰਾਂ ਵਿੱਚ ਉਨ੍ਹਾਂ ਦਾ ਨਾਮ ਸ਼ਾਮਿਲ ਸੀ।

ਇਹ ਪਾਰਟੀ ਵਿਸਾਖੀ ਤੱਕ ਆਪਣਾ ਮੁਕੰਮਲ ਢਾਂਚਾ ਸਾਹਮਣੇ ਲਿਆਵੇਗੀ।

# ਅਕਾਲੀ ਦਲ ਨੇ ਪ੍ਰਕਾਸ਼ ਸਿੰਘ ਬਾਦਲ ਲਈ 'ਫ਼ਖ਼ਰ-ਏ-ਕੌਮ' ਦਾ ਖਿਤਾਬ ਵਾਪਸ ਮੰਗਿਆ

### ਸ੍ਰੀ ਮੁਕਤਸਰ ਸਾਹਿਬ ਵਿਖੇ ਭਰਵੀਂ ਕਾਨਫ਼ਰੰਸ



**ਸ੍ਰੀ ਮੁਕਤਸਰ ਸਾਹਿਬ:** ਚਾਲੀ ਮੁਕਤਿਆਂ ਦੀ ਧਰਤੀ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਮੇਲੇ ਤੇ ਤਿੰਨ ਕਾਨਫਰੰਸਾਂ ਹੋਈਆਂ। ਇਹਨਾਂ ਤਿੰਨਾਂ ਵਿੱਚੋਂ ਸ਼੍ਰੋਮਣੀ ਅਕਾਲੀ ਦਲ ਦੀ ਕਾਨਫਰੰਸ ਕਾਫੀ ਭਰਵੀਂ ਹੋਈ। ਸਭ ਦੀਆਂ ਨਜ਼ਰਾਂ ਇਸ ਗੱਲ ਤੇ ਸਨ ਕਿ ਅਕਾਲੀ ਦਲ ਦੇ ਅਗਲੇ ਏਜੰਡੇ ਕੀ ਹੋਣਗੇ? ਜਿਸ ਅੰਦਾਜ਼ ਨਾਲ ਸੁਖਬੀਰ ਸਿੰਘ ਬਾਦਲ ਅਕਾਲੀ ਦਲ ਬਾਦਲ ਦੀ ਕਾਨਫਰੰਸ ਦੇ ਪੰਡਾਲ ਚ ਪਹੁੰਚੇ ਉਹ ਕਾਫੀ ਦਿਲਚਸਪ ਸੀ। ਉਹ ਆਪਣੇ ਸਾਥੀਆਂ ਨਾਲ ਚੌਂਕੜਾ ਮਾਰ ਕੇ ਥੱਲੇ ਹੀ ਬੈਠ ਗਏ। ਉਨਾਂ ਨੂੰ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਅਤੇ ਸਮੂਹ ਸੰਗਤ ਦੇ ਕਹਿਣ ਤੇ ਜੈਕਾਰਿਆਂ ਦੀ ਗੂੰਜ ਵਿੱਚ ਸਟੇਜ ਤੇ ਬੁਲਾਇਆ ਗਿਆ।

ਇਸ ਕਾਨਫਰੰਸ ਵਿੱਚ ਪ੍ਰਮੁੱਖ ਮਤਾ ਹੀਰਾ ਸਿੰਘ ਗਾਬੜੀਆ ਵਲੋਂ ਪੇਸ਼ ਕੀਤਾ ਗਿਆ ਜਿਸ ਵਿੱਚ ਬੇਨਤੀ ਕੀਤੀ ਗਈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਦੀਆਂ ਪੰਥ ਨੂੰ ਦਿਤੀਆਂ ਸੇਵਾਵਾਂ ਨੂੰ ਯਾਦ ਕਰਦੇ ਹੋਏ 'ਫ਼ਖ਼ਰ-ਏ-ਕੌਮ' ਦਾ ਖਿਤਾਬ ਵਾਪਸ ਦਿੱਤਾ ਜਾਵੇ।

ਸੁਖਬੀਰ ਸਿੰਘ ਬਾਦਲ ਨੇ ਵੀ ਆਪਣੀ ਤਕਰੀਰ ਵਿੱਚ ਪੂਰਾ ਜ਼ੋਰ ਪਰਕਾਸ਼ ਸਿੰਘ ਬਾਦਲ ਦੀਆਂ ਘਾਲਣਾਵਾਂ ਉੱਤੇ ਕੇਂਦਰਿਤ ਰੱਖਿਆ। ਉਹਨਾਂ ਕਿਹਾ ਕਿ 104 ਸਾਲਾਂ ਦੇ ਅਕਾਲੀ ਦਲ ਦੇ ਇਤਿਹਾਸ ਵਿੱਚ ਜੇਕਰ ਕੋਈ ਇੱਕੋ ਇੱਕ ਲੀਡਰ ਹੈ ਤਾਂ ਉਹ ਹੈ ਪਰਕਾਸ਼ ਸਿੰਘ ਬਾਦਲ। ਉਨ੍ਹਾਂ ਨੇ ਕੌਮ ਦੀ ਸੇਵਾ ਵਿੱਚ 70 ਸਾਲ ਲਾਏ। ਸੁਖਬੀਰ ਸਿੰਘ ਬਾਦਲ ਨੇ ਸੰਗਤ ਨੂੰ ਸਵਾਲ ਕੀਤਾ ਕਿ ਹੋਰ ਕਿਹੜੇ ਲੀਡਰ ਦੀਆਂ ਏਨੀਆਂ ਕੁਰਬਾਨੀਆਂ ਹਨ? ਪਰ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਕਾਲੀ ਦਲ ਦੇ ਇਤਿਹਾਸ ਵਲ ਪਿੱਛੇ ਤੱਕਦਿਆਂ ਇੱਕ ਵਿਅਕਤੀ ਵਿਸ਼ੇਸ਼ ਦੇ ਇਤਿਹਾਸ ਨੂੰ ਅੱਗੇ ਵਧਾਉਂਦਿਆਂ ਕੀ ਸੁਖਬੀਰ ਸਿੰਘ ਬਾਦਲ ਅਜੇ ਵੀ ਪਰਿਵਾਰਵਾਦ ਦੇ ਮਸਲੇ ਚ ਉਲਝੇ ਹੋਏ ਹਨ?ਅੱਜ ਦਾ ਜਿਹੜਾ ਏਜੰਡਾ ਪੇਸ਼ ਕੀਤਾ ਗਿਆ ਅਤੇ ਗਾਬੜੀਆ ਸਾਹਿਬ ਜਿਸ ਤਰ੍ਹਾਂ ਸਾਹਮਣੇ ਆਏ, ਉਹਨਾਂ ਨੇ ਕਿਹਾ ਕਿ ਲਓ ਜੀ "ਮੈਂ ਮਤਾ ਰੱਖ ਰਿਹਾ ਹਾਂ ਕਿ 'ਫ਼ਖ਼ਰ-ਏ-ਕੌਮ' ਦਾ ਖਿਤਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਨੂੰ ਵਾਪਸ ਦਿੱਤਾ ਜਾਵੇ ਤੇ ਇਹਦੀ ਅਪੀਲ ਲੈ ਕੇ ਅਸੀਂ ਇੱਕ ਦਰਖਾਸਤ ਲੈ ਕੇ ਜਥੇਦਾਰ ਸਾਹਿਬਾਨ ਦੇ ਦਰ ਤੇ ਜਾਵਾਂਗੇ। ਇਸ ਨੇ ਫਿਰ ਨਵੀਂ ਚਰਚਾ ਛੇੜ ਦਿੱਤੀ ਹੈ ਕਿ ਇਹ ਸਾਰੇ ਪਹਿਲੂਆਂ ਦੀ ਜ਼ਰੂਰਤ ਸੀ ਜਾਂ ਪਰਿਵਾਰਵਾਦ ਦੀ ਰਾਜਨੀਤੀ ਹੀ ਅੱਗੇ ਵੀ ਚਲਦੀ ਰਹੇਗੀ।"

ਇਸ ਸਭ ਦੇ ਨਾਲ ਨਾਲ ਸੁਖਬੀਰ ਸਿੰਘ ਬਾਦਲ ਨੇ ਸਪਸ਼ਟ ਆਪਣੇ ਆਪ ਨੂੰ ਫਿਰ ਬੇਗੁਨਾਹ ਸਾਬਿਤ ਕਰਨ ਲਈ ਪੰਡਾਲ 'ਚ ਕਿਹਾ 'ਮੈਂ ਤਾਂ ਜੀ ਲੀਡਰਾਂ ਦੇ ਕਹਿਣ ਤੇ ਸਾਰੇ ਗੁਣਾਂ ਝੋਲੀ ਪਾ ਲਏ ਸਨ ਵੈਸੇ ਮੇਰੇ ਕੋਲ ਹਰ ਸਵਾਲ ਦਾ ਜਵਾਬ ਸੀ।' ਸੁਖਬੀਰ ਸਿੰਘ ਬਾਦਲ ਨੇ ਇਹ ਵੀ ਕਿਹਾ 'ਪਿਛਲੇ 10 ਸਾਲ ਤੋਂ ਸਾਡੇ ਪਰਿਵਾਰ ਦੇ ਖਿਲਾਫ, ਪਹਿਲਾ ਬਾਦਲ ਸਾਹਿਬ ਦੇ ਤੇ ਫਿਰ ਮੇਰੇ ਖਿਲਾਫ ਏਜੰਸੀਆਂ ਲੱਗੀਆਂ ਹੋਈਆਂ ਹਨ, ਅਤੇ ਹੋਰ ਬਹੁਤ ਸਾਰੇ ਲੋਕ ਲੱਗੇ ਹੋਏ ਹਨ, ਜਿਨ੍ਹਾਂ ਦਾ ਮੁੱਖ ਉਦੇਸ਼ ਸਾਨੂੰ ਬਦਨਾਮ ਕਰਨਾ ਹੈ। ਸਾਡੇ ਖਿਲਾਫ ਗਲਤ ਨੈਰੇਟਿਵ ਉਸਾਰਿਆ ਗਿਆ, ਗਲਤ ਇਲਜ਼ਾਮ ਲਾਏ ਗਏ।'

ਕਾਨਫਰੰਸ ਵਿੱਚ ਬੋਲਣ ਵਾਲੇ ਸਾਰੇ ਆਗੂਆਂ ਦੇ ਭਾਸ਼ਣਾਂ ਤੋਂ ਸਪਸ਼ਟ ਸੀ ਕਿ ਅਕਾਲੀ ਦਲ ਮੁੱਢਲੇ ਤੌਰ ਤੇ ਇਥੋਂ ਤੱਕ ਹੀ ਸੀਮਤ ਹੈ ਕਿ ਉਸ ਨੇ ਖੇਤਰੀ ਪਾਰਟੀ ਦਾ ਆਪਣਾ ਖਾਸਾ ਅਤੇ ਫੈਡਰਲਇਜ਼ਮ ਦੀ ਗੱਲ ਛੱਡ ਦਿਤੀ ਹੈ। ਮਤਲਬ ਜਿਹੜਾ ਵੀ ਜ਼ੁਲਮ ਕਰਦਾ, ਅਨਿਆਂ ਕਰਦਾ, ਉਹਦੇ ਵਿਰੁੱਧ ਲੜਨ ਦੀ ਕਿਸੇ ਗੱਲ ਦਾ, ਜ਼ਿਕਰ ਨਹੀਂ ਕੀਤਾ ਗਿਆ।ਮਰਹੂਮ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦੀ ਦੇਣ ਦੀ ਗੱਲ ਵੱਡੇ ਪੱਧਰ ਤੇ ਯਾਦਗਾਰਾਂ ਦੀ ਬਣਾਉਣ ਅਤੇ ਆਮ ਲੋਕਾਂ ਨੂੰ ਸਹੂਲਤਾਂ ਦੇਣ ਦੇ ਸੰਦਰਭ ਵਿੱਚ ਹੀ ਕੀਤੀ ਗਈ।

ਸਪਸ਼ਟ ਸੰਕੇਤ ਇਹ ਦਿੱਤਾ ਗਿਆ ਕਿ 2027 ਦੀਆਂ ਚੋਣਾਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਹੀ ਲੜੀਆਂ ਜਾਣਗੀਆਂ।

GOLDEN STATE REALITY
"Realtor You Can Trust" CRE Group Inc.
* ਘਰ ਜਾਂ ਕੋਈ ਵੀ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ ਸਾਡੇ ਨਾਲ ਸੰਪਰਕ ਕਰੋ:
ਫੋਨ:
916-612-5773
Sam Chahal MBA
Sohanpreet Singh
Realtor - Lic# 01504071
Contact for Real Estate and Mortgage Needs
P: 916-612-5773
E: Samchahal@hotmail.com



Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Falooda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com



GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਐੱਮ. ਐੱਸ. ਪੀ. ਦਾ ਕਿਸਾਨਾਂ ਨੂੰ ਨੁਕਸਾਨ: ਸੁਨੀਲ ਜਾਖੜ


**ਨਵੀਂ ਦਿੱਲੀ:** ਭਾਜਪਾ ਦੀ ਪੰਜਾਬ ਇਕਾਈ ਦੇ ਪ੍ਰਧਾਨ ਸੁਨੀਲ ਜਾਖੜ ਨੇ ਫ਼ਸਲਾਂ 'ਤੇ ਐੱਮ.ਐੱਸ.ਪੀ ਦੇਸ਼ ਭਰ 'ਚ ਲਾਗੂ ਕੀਤੇ ਜਾਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਹੋਣ ਵਾਲੇ ਲਾਭ 'ਤੇ ਸਵਾਲ ਖੜ੍ਹੇ ਕੀਤੇ ਹਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਘੱਟੋ ਘੱਟ ਸਮਰਥਨ ਮੁੱਲ (ਐੱਮਐੱਸਪੀ) ਦੀ ਕਾਨੂੰਨੀ ਗਾਰੰਟੀ ਸਮੇਤ ਹੋਰ

**ਜਾਖੜ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਉਨ੍ਹਾਂ ਦੇ ਹਿੱਤ 'ਚ ਸਭ ਤੋਂ ਵਧੀਆ ਕੀ ਹੈ ਅਤੇ ਉਹ ਕਿਸ ਲਈ ਸੰਘਰਸ਼ ਕਰ ਰਹੇ ਹਨ, ਦਾ ਪੱਧਰ ਹੋਰ ਹੇਠਾਂ ਵੱਲ ਜਾਣ ਕਾਰਨ ਕਿਸਾਨਾਂ ਨੂੰ ਝੋਨੇ ਦੀ ਥਾਂ 'ਤੇ ਹੋਰ ਫ਼ਸਲਾਂ ਬੀਜਣ ਵੱਲ ਧਿਆਨ ਦੇਣਾ ਚਾਹੀਦਾ ਹੈ।**

ਮੰਗਾਂ ਮਨਵਾਉਣ ਲਈ ਖਨੌਰੀ ਬਾਰਡਰ 'ਤੇ ਮਰਨ ਵਰਤ ਉਪਰ ਬੈਠੇ ਹੋਏ ਹਨ। ਉਨ੍ਹਾਂ ਡੱਲੇਵਾਲ ਦੀ ਲਗਾਤਾਰ ਵਿਗੜ ਰਹੀ ਸਿਹਤ 'ਤੇ ਚਿੰਤਾ ਜ਼ਾਹਿਰ ਕਰਦਿਆਂ ਫੌਰੀ ਸੱਦਣ ਦੀ ਮੰਗ ਕੀਤੀ ਹੈ। ਇਥੇ ਵਿਸ਼ੇਸ਼ ਇੰਟਰਵਿਊ ਦੌਰਾਨ ਜਾਖੜ ਨੇ ਕਿਹਾ, 'ਵਿਧਾਨ ਸਭਾ ਇਜਲਾਸ ਦੌਰਾਨ ਪੰਜਾਬ ਦੇ ਸੰਦਰਭ 'ਚ ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੀ ਮੰਗ ਦੇ ਲਾਭ ਅਤੇ ਹਾਨੀ ਬਾਰੇ ਚਰਚਾ ਹੋਣੀ ਚਾਹੀਦੀ ਹੈ ਤਾਂ ਜੋ ਅੰਦੋਲਨਕਾਰੀ ਕਿਸਾਨਾਂ ਸਮੇਤ ਸਾਰਿਆਂ ਨੂੰ ਇਸ ਬਾਰੇ ਚਾਨਣਾ ਹੋ ਸਕੇ।ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ 2020-21 ਦੇ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲੀਆਂ ਜਥੇਬੰਦੀਆਂ ਐਤਕੀਂ ਪ੍ਰਦਰਸ਼ਨਾਂ 'ਚ ਕਿਉਂ ਨਹੀਂ ਸ਼ਾਮਲ ਹਨ। ਅੰਦੋਲਨ ਕਾਰਨ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਐੱਮ.ਐੱਸ.ਪੀ ਦੇ ਮੁੱਦੇ 'ਤੇ ਚਰਚਾ ਲਈ ਵਿਧਾਨ ਸਭਾ ਦਾ ਇਜਲਾਸ ਫੌਰੀ ਸੱਦਣ ਦੀ ਮੰਗ ਕੀਤੀ ਹੈ।'

ਇਥੇ ਵਿਸ਼ੇਸ਼ ਇੰਟਰਵਿਊ ਦੌਰਾਨ ਜਾਖੜ ਨੇ ਕਿਹਾ, 'ਵਿਧਾਨ ਸਭਾ ਦੇ ਇਜਲਾਸ ਦੌਰਾਨ ਪੰਜਾਬ ਦੇ ਸੰਦਰਭ 'ਚ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਦੀ ਮੰਗ ਦੇ ਲਾਭ ਅਤੇ ਹਾਨੀ ਬਾਰੇ ਚਰਚਾ ਹੋਣੀ ਚਾਹੀਦੀ ਹੈ ਤਾਂ ਜੋ ਅੰਦੋਲਨਕਾਰੀ ਕਿਸਾਨਾਂ ਸਮੇਤ ਸਾਰਿਆਂ ਨੂੰ ਇਸ ਬਾਰੇ ਚਾਨਣਾ ਹੋ ਸਕੇ।

ਇਹ ਵੀ ਸਪੱਸ਼ਟ ਹੋਣਾ ਚਾਹੀਦਾ ਹੈ ਕਿ 2020-21 ਦੇ ਕਿਸਾਨ ਅੰਦੋਲਨ ਦੀ ਹਮਾਇਤ ਕਰਨ ਵਾਲੀਆਂ ਜਥੇਬੰਦੀਆਂ ਐਤਕੀਂ ਪ੍ਰਦਰਸ਼ਨਾਂ 'ਚ ਕਿਉਂ ਨਹੀਂ ਸ਼ਾਮਲ ਹਨ। ਅੰਦੋਲਨ ਕਾਰਨ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਵੀ ਨੁਕਸਾਨ ਹੋ ਰਿਹਾ ਹੈ ਜਿਸ ਦਾ ਵੀ ਜਵਾਬ ਦਿੱਤਾ ਜਾਣਾ ਚਾਹੀਦਾ ਹੈ।' ਜਾਖੜ ਨੇ ਇਹ ਵੀ ਕਿਹਾ ਕਿ ਐਮਐੱਸਪੀ ਗਾਰੰਟੀ ਕੋਈ ਆਮਦਨ ਵਧਣ ਦੀ



ਗਾਰੰਟੀ ਨਹੀਂ ਹੈ ਜਿਸ ਦੀ ਪੰਜਾਬ ਦੇ ਕਿਸਾਨਾਂ ਨੂੰ ਸਖ਼ਤ ਲੋੜ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਐੱਮਐੱਸਪੀ ਗਾਰੰਟੀ ਦੀ ਮੰਗ ਪੰਜਾਬ ਦੇ ਸੰਦਰਭ 'ਚ 'ਇਲਾਜ ਦੇ ਬਿਮਾਰੀ ਨਾਲੋਂ ਵੀ ਬਦਤਰ ਹੋਣ ਦਾ ਮਾਮਲਾ ਬਣ ਸਕਦੀ ਹੈ। ਇਹ ਰੋਗ ਜਾਂ ਉਸ ਦੇ ਲੱਛਣਾਂ ਦਾ ਧਿਆਨ ਦਿੱਤੇ ਬਿਨਾਂ ਖੁਦ ਹੀ ਇਲਾਜ ਕਰਨ ਵਾਂਗ ਹੈ। ਮੇਰੇ ਵਿਚਾਰ ਨਾਲ ਕਾਨੂੰਨੀ ਐੱਮਐੱਸਪੀ ਗਾਰੰਟੀ ਪੰਜਾਬ ਦੇ ਹਿੱਤਾਂ ਲਈ ਨੁਕਸਾਨਦੇਹ ਸਾਬਤ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ . ਅਤੇ ਹਰਿਆਣਾ ਦੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੀ ਖ਼ਰੀਦ 'ਤੇ ਕੇਂਦਰ ਵੱਲੋਂ ਐੱਮਐੱਸਪੀ ਦਿੱਤੀ ਜਾਂਦੀ ਹੈ ਪਰ ਕੌਮੀ ਪੱਧਰ 'ਤੇ ਐੱਮਐੱਸਪੀ ਲਾਗੂ ਹੋਣ ਨਾਲ ਪੰਜਾਬ ਦੇ ਕਿਸਾਨਾਂ ਨੂੰ ਮੌਜੂਦਾ ਪ੍ਰਣਾਲੀ ਤਹਿਤ ਮਿਲਦਾ ਵਿਸ਼ੇਸ਼ ਲਾਭ ਗੁਆਉਣਾ ਪਵੇਗਾ। ਭਾਜਪਾ ਆਗੂ ਨੇ ਕਿਹਾ, 'ਜੇ ਦੇਸ਼ ਭਰ 'ਚ ਐੱਮਐੱਸਪੀ ਦੀ ਕਾਨੂੰਨੀ ਗਾਰੰਟੀ ਲਾਗੂ ਹੋ ਗਈ ਤਾਂ ਪੰਜਾਬ ਵੀ ਹੋਰ ਸੂਬਿਆਂ ਵਾਂਗ ਕੇਂਦਰ ਦੇ ਪ੍ਰਤੀ ਏਕੜ ਖ਼ਰੀਦ ਦੇ ਨਿਯਮ ਅਧੀਨ ਆ ਜਾਵੇਗਾ।

ਅਸੀਂ ਅੱਜ ਜੋ ਮੰਗ ਕਰ ਰਹੇ ਹਾਂ, ਉਸ ਤੋਂ ਖ਼ਬਰਦਾਰ ਰਹਿਣ ਦੀ ਲੋੜ ਹੈ ਕਿਉਂਕਿ ਕਿਤੇ ਬਾਅਦ 'ਚ ਸਾਨੂੰ ਪਛਤਾਉਣਾ ਹੀ ਨਾ ਪਵੇ।' ਜਾਖੜ ਨੇ ਕਿਹਾ ਕਿ ਪੰਜਾਬ ਨੂੰ ਫ਼ਸਲੀ ਵਿਭਿੰਨਤਾ ਦੀ ਬਹੁਤ ਜ਼ਿਆਦਾ ਲੋੜ ਹੈ। ਮਸਲੇ ਦੇ ਹੱਲ ਬਾਰੇ ਪੁੱਛੇ ਜਾਣ 'ਤੇ ਜਾਖੜ ਨੇ ਕਿਹਾ ਕਿ ਪੰਜਾਬ ਦੇ ਕਿਸਾਨ ਨਿਰਾਸ਼ ਹਨ ਅਤੇ ਸੂਬੇ ਦੇ ਧਰਤੀ ਹੇਠਲੇ ਪਾਣੀ ਬੀਜਣ ਵੱਲ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਜਿੰਨੀ ਆਮਦਨ ਹੋਰ ਫ਼ਸਲਾਂ ਤੋਂ ਮਿਲਣ ਦਾ ਭਰੋਸਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਵਿੱਤੀ ਸਹਿਯੋਗ ਤੋਂ ਬਿਨਾਂ ਇਹ ਸੰਭਵ ਨਹੀਂ ਹੈ। ਭਾਜਪਾ ਪ੍ਰਧਾਨ ਨੇ ਇਹ ਵੀ ਕਿਹਾ ਕਿ 'ਆਪ' ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਆਪਣੀ ਖੇਤੀ ਅਤੇ ਮੰਡੀ ਨੀਤੀ ਦਾ ਖਰੜਾ ਕਿਉ ਨਹੀਂ ਤਿਆਰ ਕੀਤਾ ਜਾ ਰਿਹਾ। ਹੈ। ਜਾਖੜ ਨੇ ਕਿਹਾ, 'ਤੁਸੀਂ ਕੇਂਦਰ ਦੀ ਨੀਤੀ ਰੱਦ ਕਰ ਦਿੱਤੀ ਹੈ। ਤੁਸੀਂ ਆਪਣੀ ਨੀਤੀ ਕਿਉਂ ਨਹੀਂ ਬਣਾਉਂਦੇ ਹੋ? ਆਖਰ ਖੇਤੀਬਾੜੀ ਸੂਬੇ ਦਾ ਵਿਸ਼ਾ ਹੈ।' ਜਾਖੜ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਉਨ੍ਹਾਂ ਦੇ ਹਿੱਤ 'ਚ ਸਭ ਤੋਂ ਵਧੀਆ ਕੀ ਹੈ ਅਤੇ ਉਹ ਕਿਸ ਲਈ ਸੰਘਰਸ਼ ਕਰ ਰਹੇ ਹਨ, ਦਾ ਪੱਧਰ ਹੋਰ ਹੇਠਾਂ ਵੱਲ ਜਾਣ ਕਾਰਨ ਕਿਸਾਨਾਂ ਨੂੰ ਝੋਨੇ ਦੀ ਥਾਂ 'ਤੇ ਹੋਰ ਫ਼ਸਲਾਂ ਬੀਜਣ ਵੱਲ ਧਿਆਨ ਦੇਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਕਣਕ ਅਤੇ ਝੋਨੇ ਜਿੰਨੀ ਆਮਦਨ ਹੋਰ ਫ਼ਸਲਾਂ ਤੋਂ ਮਿਲਣ ਦਾ ਭਰੋਸਾ ਦਿੱਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਵਿੱਤੀ ਸਹਿਯੋਗ ਤੋਂ ਬਿਨਾਂ ਇਹ ਸੰਭਵ ਨਹੀਂ ਹੈ। ਭਾਜਪਾ ਪ੍ਰਧਾਨ ਨੇ ਇਹ ਵੀ ਕਿਹਾ ਕਿ 'ਆਪ' ਦੀ ਅਗਵਾਈ ਹੇਠਲੀ ਸੂਬਾ ਸਰਕਾਰ ਵੱਲੋਂ ਆਪਣੀ ਖੇਤੀ ਅਤੇ ਮੰਡੀ ਨੀਤੀ ਦਾ ਖਰੜਾ ਕਿਉ ਨਹੀਂ ਤਿਆਰ ਕੀਤਾ ਜਾ ਰਿਹਾ। ਹੈ। ਜਾਖੜ ਨੇ ਕਿਹਾ, 'ਤੁਸੀਂ ਕੇਂਦਰ ਦੀ ਨੀਤੀ ਰੱਦ ਕਰ ਦਿੱਤੀ ਹੈ। ਤੁਸੀਂ ਆਪਣੀ ਨੀਤੀ ਕਿਉਂ ਨਹੀਂ ਬਣਾਉਂਦੇ ਹੋ? ਆਖਰ ਖੇਤੀਬਾੜੀ ਸੂਬੇ ਦਾ ਵਿਸ਼ਾ ਹੈ।' ਜਾਖੜ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਉਨ੍ਹਾਂ ਦੇ ਹਿੱਤ 'ਚ ਸਭ ਤੋਂ ਵਧੀਆ ਕੀ ਹੈ ਅਤੇ ਉਹ ਕਿਸ ਲਈ ਸੰਘਰਸ਼ ਕਰ ਰਹੇ ਹਨ।

# ਪੰਜਾਬ ਨੇ ਨਸ਼ਿਆਂ ਦੀ ਰੋਕਥਾਮ ਲਈ ਕੇਂਦਰ ਤੋਂ 600 ਕਰੋੜ ਮੰਗੇ

### ਭਗਵੰਤ ਮਾਨ ਵੱਲੋਂ 79 ਵਿਸ਼ੇਸ਼ ਐੱਨ.ਡੀ.ਪੀ.ਐੱਸ ਅਦਾਲਤਾਂ ਸਥਾਪਤ ਕਰਨ ਦੀ ਅਪੀਲ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ 'ਚ ਨਸ਼ਿਆਂ ਦੀ ਰੋਕਥਾਮ ਲਈ ਕੇਂਦਰ ਨੂੰ ਯਕਮੁਸ਼ਤ 600 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇਣ ਦੀ ਮੰਗ ਕੀਤੀ ਹੈ।

ਉਨ੍ਹਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਨਸ਼ਿਆਂ ਦੇ ਕੇਸਾਂ ਦੇ ਤੇਜ਼ੀ ਨਾਲ ਨਿਬੇੜੇ ਲਈ 19 ਵਿਸ਼ੇਸ਼ ਐੱਨ.ਡੀ.ਪੀ.ਐੱਸ. ਅਦਾਲਤਾਂ ਸਥਾਪਤ ਕਰਨ ਲਈ ਵੀ ਕਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ 'ਚ ਨਸ਼ੇ ਦੀ ਸਮੱਸਿਆ ਸੂਬੇ ਦੇ ਸਮਾਜਿਕ- ਆਰਥਿਕ ਤਾਣੇ-ਬਾਣੇ ਨੂੰ ਢਾਹ ਲਗਾ ਰਹੀ ਹੈ ਜਿਸ ਕਾਰਨ ਅਪਰਾਧ, ਘਰੇਲੂ ਹਿੰਸਾ ਅਤੇ ਸਿਹਤ ਨਾਲ ਸਬੰਧਤ ਮੁੱਦੇ ਵਧ ਰਹੇ ਹਨ। ਨਸ਼ਾ ਤਸਕਰੀ ਅਤੇ ਕੌਮੀ ਸੁਰੱਖਿਆ ਬਾਰੇ ਖੇਤਰੀ ਕਾਨਫਰੰਸ ਨੂੰ ਵੀਡੀਓ ਕਾਨਫਰੰਸਿੰਗ ਰਾਹੀਂ ਸੰਬੋਧਨ ਕਰਦਿਆਂ ਭਗਵੰਤ ਮਾਨ ਨੇ ਕੇਂਦਰ ਨੂੰ 10 ਸਾਲਾਂ ਲਈ 600 ਕਰੋੜ ਰੁਪਏ (ਹਰ ਸਾਲ 60 ਕਰੋੜ ਰੁਪਏ) ਦੀ ਮਾਲੀ ਸਹਾਇਤਾ ਦੇਣ ਦੀ ਅਪੀਲ ਕੀਤੀ।



ਉਨ੍ਹਾਂ ਕਿਹਾ ਕਿ ਸੂਬੇ ਵਿੱਚ ਸਰਹੱਦ ਪਾਰ ਤੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੋ ਰਹੀ ਹੈ ਜਿਸ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹੈ ਪਰ ਕੇਂਦਰ ਸਰਕਾਰ ਦੇ ਸਹਿਯੋਗ ਬਿਨਾਂ ਇਸ ਨੂੰ ਮੁਕੰਮਲ ਤੌਰ 'ਤੇ ਰੋਕਣਾ ਮੁਸ਼ਕਲ ਹੈ।

ਉਨ੍ਹਾਂ ਕਿਹਾ ਕਿ ਡਰੋਨਾਂ ਰਾਹੀਂ ਨਸ਼ਾ ਪੰਜਾਬ ਪਹੁੰਚ ਰਿਹਾ ਹੈ ਅਤੇ ਪਿਛਲੇ ਪੰਜ ਸਾਲਾਂ 'ਚ 1,247 ਡਰੋਨ ਦੇਖੇ ਗਏ ਜਿਨ੍ਹਾਂ 'ਚੋਂ ਸਿਰਫ਼ 417 ਹੀ ਫੜੇ ਗਏ ਹਨ। ਉਨ੍ਹਾਂ ਕਿਹਾ ਕਿ 552 ਕਿਲੋਮੀਟਰ ਲੰਬੀ ਕੌਮਾਂਤਰੀ ਸਰਹੱਦ 'ਤੇ ਸਿਰਫ਼ 12 ਜੈਮਿੰਗ ਪ੍ਰਣਾਲੀਆਂ ਹਨ ਅਤੇ ਉਨ੍ਹਾਂ 50 ਹੋਰ ਪ੍ਰਣਾਲੀਆਂ ਮੁਹੱਈਆ ਕਰਾਉਣ ਦੀ ਮੰਗ ਕੀਤੀ ਹੈ। ਉਨਾਂ ਕਿਹਾ ਕਿ ਪਹਿਲੀ ਜਨਵਰੀ, 2025 ਤੱਕ 35 ਹਜ਼ਾਰ ਐੱਨਡੀਪੀਐੱਸ ਕੇਸ ਬਕਾਇਆ ਪਏ ਹਨ।

# ਹਰਿਆਣਾ ਨੂੰ ਵਿਸ਼ਵ ਸਿੱਖਿਆ ਦਾ ਕੇਂਦਰ ਬਣਾਵਾਂਗੇ: ਸੈਣੀ

**ਪੰਚਕੂਲਾ :** ਮੌਲਿਕ ਸਿੱਖਿਆ, ਸਕੂਲ ਸਿੱਖਿਆ ਅਤੇ ਉੱਚੇਰੀ ਸਿੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਸਨ। ਮੀਟਿੰਗ ਵਿੱਚ ਸਿੱਖਿਆ ਮੰਤਰੀ ਮਹੀਪਾਲ ਢਾਂਡਾ ਵੀ ਹਾਜ਼ਰ ਸਨ। ਇਸ ਦੌਰਾਨ ਸ੍ਰੀ ਸੈਣੀ ਨੇ ਹੁਕਮ ਦਿੱਤੇ ਕਿ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਦੂਰ ਕਰਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਜਾਵੇ।



ਉਨ੍ਹਾਂ ਕਿਹਾ ਕਿ ਹਰਿਆਣਾ 'ਚ ਅਧਿਆਪਕਾਂ ਦੀ ਘਾਟ ਨਹੀਂ ਹੈ, ਸਿਰਫ਼ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅਧਿਆਪਕਾਂ ਦੀ ਤਾਇਨਾਤੀ ਯਕੀਨੀ ਬਣਾਈ ਜਾਵੇ। ਨਵੇਂ ਵਿਦਿਅਕ ਸੈਸ਼ਨ ਤੋਂ ਪਹਿਲਾਂ ਇਸ ਨੂੰ ਮੁਕੰਮਲ ਕੀਤਾ ਜਾਵੇ। ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰੀ ਸਕੂਲਾਂ ਪ੍ਰਤੀ ਜਨਤਾ ਵਿੱਚ ਭਰੋਸਾ ਪੈਦਾ ਕੀਤਾ ਜਾਵੇ ਤਾਂ ਜੋ ਵੱਧ ਤੋਂ ਵੱਧ ਬੱਚੇ ਸਰਕਾਰੀ ਸਕੂਲਾਂ ਵਿੱਚ ਪੜ੍ਹਨ। ਸਰਕਾਰ ਹਰ ਬੱਚੇ ਨੂੰ ਗੁਣਵੱਤਾ ਵਾਲੀ ਸਿੱਖਿਆ ਦੇਣ ਲਈ ਵਚਨਬੱਧ ਹੈ। ਉਨਾਂ ਕਿਹਾ ਕਿ ਕੌਮੀ ਸਿੱਖਿਆ ਨੀਤੀ ਅਨੁਸਾਰ ਅੱਠਵੀਂ ਜਮਾਤ ਤਕ ਗੀਤਾ ਨੂੰ ਸਿਲੇਬਸ ਵਿੱਚ ਸ਼ਾਮਲ ਕੀਤਾ ਜਾਵੇ।

# ਪ੍ਰਿਯੰਕਾ ਗਾਂਧੀ ਨੇ ਰੁਪਏ ਦੀ ਡਿੱਗਦੀ ਕੀਮਤ ਲਈ ਸਰਕਾਰ ਤੋਂ ਜਵਾਬ ਮੰਗਿਆ

**ਨਵੀਂ ਦਿੱਲੀ:** ਕਾਂਗਰਸ ਆਗੂ ਪ੍ਰਿਯੰਕਾ ਗਾਂਧੀ ਵਾਡਰਾ ਨੇ ਅਮਰੀਕੀ ਡਾਲਰ ਦੇ ਮੁਕਾਬਲੇ 'ਚ ਰੁਪਏ ਦੇ ਹੁਣ ਤੱਕ ਦੇ ਸਭ ਤੋਂ ਹੇਠਲੇ ਪੱਧਰ 'ਤੇ ਪਹੁੰਚਣ ਲਈ ਸਰਕਾਰ ਤੋਂ ਜਵਾਬ ਦੀ ਮੰਗ ਕੀਤੀ ਹੈ। ਰੁਪੱਈਆ ਸ਼ੁੱਕਰਵਾਰ ਨੂੰ ਅਮਰੀਕੀ ਡਾਲਰ ਦੇ ਮੁਕਾਬਲੇ 'ਚ 18 ਪੈਸੇ ਡਿੱਗ ਕੇ 86.04 'ਤੇ ਪਹੁੰਚ ਗਿਆ ਸੀ। ਪ੍ਰਿਯੰਕਾ ਨੇ 'ਐਕਸ' 'ਤੇ ਕਿਹਾ ਕਿ ਡਾਲਰ ਦੇ ਮੁਕਾਬਲੇ 'ਚ ਰੁਪਏ ਦੀ ਕੀਮਤ ਇਤਿਹਾਸ 'ਚ ਪਹਿਲੀ ਵਾਰ ਇੰਨੇ ਹੇਠਲੇ ਪੱਧਰ 'ਤੇ ਪਹੁੰਚੀ ਹੈ। ਉਨ੍ਹਾਂ ਕਿਹਾ ਕਿ ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਜਦੋਂ ਇਕ ਡਾਲਰ ਦੀ ਕੀਮਤ 58-59 ਰੁਪਏ ਹੁੰਦੀ ਸੀ ਤਾਂ ਨਰਿੰਦਰ ਮੋਦੀ ਰੁਪਏ ਦੀ ਕੀਮਤ ਨੂੰ ਸਰਕਾਰ ਦੇ ਵੱਕਾਰ ਨਾਲ ਜੋੜਦੇ ਹੁੰਦੇ ਸਨ। ਉਨ੍ਹਾਂ ਮੁਤਾਬਕ ਮੋਦੀ ਆਖਦੇ ਹੁੰਦੇ ਸਨ ਕਿ ਕਿਸੇ ਵੀ ਮੁਲਕ ਦੀ ਕਰੰਸੀ ਇੰਜ ਨਹੀਂ ਡਿੱਗ ਸਕਦੀ ਹੈ ਪਰ ਅੱਜ ਉਹ ਜਦੋਂ ਖੁਦ ਪ੍ਰਧਾਨ ਮੰਤਰੀ ਹਨ ਤਾਂ ਰੁਪੱਈਆ ਡਿੱਗਣ ਦੇ ਸਾਰੇ ਰਿਕਾਰਡ ਟੁੱਟ ਗਏ ਹਨ ਜਿਸ ਦਾ ਉਨ੍ਹਾਂ ਨੂੰ ਦੇਸ਼ ਦੇ ਲੋਕਾਂ ਨੂੰ ਜਵਾਬ ਦੇਣਾ ਚਾਹੀਦਾ ਹੈ।



# ਡਾਰਕ ਵੈੱਬ, ਕ੍ਰਿਪਟੋਕਰੰਸੀ ਤੇ ਡਰੋਨ ਦੇਸ਼ ਲਈ ਹਾਲੇ ਵੀ ਚੁਣੌਤੀ: ਅਮਿਤ ਸ਼ਾਹ

**ਨਵੀਂ ਦਿੱਲੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਡਾਰਕ ਵੈੱਬ, ਕ੍ਰਿਪਟੋਕਰੰਸੀ, ਆਨਲਾਈਨ ਮਾਰਕੀਟ

**ਸਰਕਾਰ ਨਾ ਸਿਰਫ਼ ਨਸ਼ਿਆਂ ਦੇ ਕਈ ਨੈੱਟਵਰਕ ਖਤਮ ਕਰਨ 'ਚ ਕਾਮਯਾਬ ਰਹੀ ਹੈ ਬਲਕਿ ਉਨ੍ਹਾਂ ਨਾਲ ਜੁੜੇ ਅਤਿਵਾਦ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ।**

ਪਲੇਸ ਅਤੇ ਡਰੋਨ ਦੇਸ਼ ਲਈ ਚੁਣੌਤੀ ਬਣੇ ਹੋਏ ਹਨ। ਅਤੇ ਇਨ੍ਹਾਂ ਨੂੰ ਸਖ਼ਤ ਉਪਾਅ ਕਰਕ ਰੋਕਣਾ ਪਵੇਗਾ। ਇੱਥੇ 'ਨਸ਼ਾ ਤਸਕਰੀ ਤੇ ਕੌਮੀ ਸੁਰੱਖਿਆ ਬਾਰੇ ਖੇਤਰੀ ਸੰਮੇਲਨ ਦੀ ਪ੍ਰਧਾਨਗੀ ਕਰਦਿਆਂ ਸ਼ਾਹ ਨੇ ਕਿਹਾ ਕਿ ਦੇਸ਼ ਦੇ ਅੰਦਰ ਜਾਂ ਬਾਹਰ ਇੱਕ ਕਿਲੋਗਰਾਮ ਨਸ਼ੇ ਦੀ ਤਸਕਰੀ ਦੀ ਇਜਾਜ਼ਤ ਵੀ ਨਹੀਂ ਦਿੱਤੀ ਜਾਵੇਗੀ।



ਉਨ੍ਹਾਂ ਕਿਹਾ ਕਿ ਸਰਕਾਰ ਨਾ ਸਿਰਫ਼ ਨਸ਼ਿਆਂ ਦੇ ਕਈ ਨੈੱਟਵਰਕ ਖਤਮ ਕਰਨ 'ਚ ਕਾਮਯਾਬ ਰਹੀ ਹੈ ਬਲਕਿ ਉਨ੍ਹਾਂ ਨਾਲ ਜੁੜੇ ਅਤਿਵਾਦ ਨੂੰ ਵੀ ਖਤਮ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ, ਪੰਜਾਬ, ਗੁਜਰਾਤ ਤੇ ਉੱਤਰ ਪ੍ਰਦੇਸ਼ 'ਚ ਨਸ਼ਾ-ਅਤਿਵਾਦ ਨਾਲ ਸਬੰਧਤ ਕਈ ਕੇਸ ਸੁਲਝਾਏ ਗਏ ਹਨ ਅਤੇ ਇਹ ਵੱਡੀਆਂ ਪ੍ਰਾਪਤੀਆਂ ਹਨ। ਉਨ੍ਹਾਂ ਕਿਹਾ, 'ਡਾਰਕ ਵੈੱਬ, ਕ੍ਰਿਪਟੋਕਰੰਸੀ, ਆਨਲਾਈਨ ਮਾਰਕੀਟ ਪਲੇਸ, ਡਰੋਨ ਦੀ ਵਰਤੋਂ ਅੱਜ ਵੀ ਸਾਡੇ ਲਈ ਚੁਣੌਤੀ ਬਣੇ ਹੋਏ ਹਨ।' ਸ਼ਾਹ ਨੇ ਕਿਹਾ ਕਿ ਇਨ੍ਹਾਂ ਸਮੱਸਿਆਵਾਂ ਦਾ ਤਕਨੀਕੀ ਹੱਲ ਰਾਜਾਂ ਨਾਲ ਗੱਲਬਾਤ ਕਰਕੇ ਹੀ ਕਢਿਆ ਜਾ ਸਕਦਾ ਹੈ।

T B F
THE BAINS FIRM



Manpreet S. Bains

Personal Injury and Wrongful Death Attorneys

Case Results*

$10 MILLION
Motorcycle vs. Truck Collision


$8 MILLION
Wrongful Death

$5.25 MILLION
Traumatic Brain Injury

$1.1 MILLION
Burn Injury

$1.1 MILLION
Pedestrian vs. Motor Vehicle Collision

*Past Performance Not a Guarantee of Future Results



WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com


# Matrimonials

## ਲੜਕੇ ਦੀ ਲੋੜ ਹੈ

Jat Sikh family is looking for a suitable match for their beautiful daughter 38, 5'4". She has done her Bachelor of Commerce and Charted Accountant degree from India. Currently she is working as Finance Manager for Amazon in Seattle. She belongs to a well settled family in Mohali. Her Father is running his own business in Punjab. She is deeply rooted in strong family values. She has L1 Visa and her Green Card application is in progress. She moved to the USA in 2022. If interested please contact Darshan Dhillon at dhillondans@gmail.com, Phone: (360) 961-4387.

3-6

Jat Sikh parents invite matrimonial alliance for their US born daughter 39, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Contact 669-946-5891

2-5

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 224-422-4773.

## ਲੜਕੀ ਦੀ ਲੋੜ ਹੈ

ਅਮਰੀਕਾ ਵਿਚ ਵੈੱਲ ਸੈਟਲਡ ਗੁਰਸਿੱਖ ਪਰਿਵਾਰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ 1987 ਬੌਰਨ ਕੱਦ 5'11" ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ ਵੈੱਲ ਸੈਟਲਡ ਸਾਨ ਫਰਾਂਸਿਸਕੋ, ਬੇ ਏਰੀਆ, ਕੈਲੀਫੋਰਨੀਆ (ਅਮਰੀਕਾ) ਵਿਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੋਹਣੀ, ਵੈਸ਼ਨੂੰ ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਵਧੇਰੇ ਜਾਣਕਾਰੀ ਲਈ +1 510-281-7065 ਜਾਂ ਫਿਰ ਵਟਸਐਪ ਨੰਬਰ +91 98993-79442 'ਤੇ ਫੋਨ ਕਰ ਸਕਦੇ ਹੋ ਜਾਂ ਫਿਰ ਆਪਣੇ ਵੇਰਵੇ ਈਮੇਲ: cjsingh55@gmail.com 'ਤੇ ਭੇਜ ਸਕਦੇ ਹੋ।

2-05

Arora family seeks a compatible match for their 33 years, 5'11" handsome turbaned son. Boy has done Masters (Data science and Analytics) from University of Illinois Urbana Champaign & working as a Software engineer in reputed company in Chicago. He is willing to relocate within United States. He is on H1B visa and green card (I-140) is under process. Cast no bar. Please Contact us at +1 2176488985 (Call/ WhatsApp), +91 9289886133(whatsapp) or Email at: tejveeraroras@gmail.com

1-04

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'4" , residing in Michigan (Canton). Bachelors degree holder and currently working as a Embedded Software Engineer. please call us at : +17343532316

ਅਮਰੀਕਾ ਸਿਟੀਜ਼ਨ ਜੱਟ ਸਿੱਖ, ਆਪਣਾ ਕਾਰੋਬਾਰ ਕਰਦੇ ਉਮਰ 53 ਸਾਲ, 5'11" ਤਲਾਕਸ਼ੁਦਾ (ਕੋਈ ਬੱਚਾ ਨਹੀਂ) ਲਈ ਜੱਟ ਸਿੱਖ ਪਰਿਵਾਰ ਨਾਲ ਸਬੰਧਤ ਯੂ.ਐਸ.ਏ. ਜਾਂ ਕੈਨੇਡਾ ਰਹਿੰਦੀ 40 ਤੋਂ 45 ਸਾਲ (ਬਿਨਾਂ ਪੇਪਰਾਂ ਤੋਂ ਜਾਂ ਪੱਕੀ) ਜੀਵਨ-ਸਾਥਣ ਦੀ ਲੋੜ ਹੈ। ਚਾਹਵਾਨ ਫੋਨ ਨੰਬਰ 414-213-2096 'ਤੇ ਜਾਂ ਈ-ਮੇਲ harminder121270@gamil.com 'ਤੇ ਸੰਪਰਕ ਕਰਨ।

52-03

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


Singh Tax & Accounting Services LLC.
SINGH AUTO & HOME INSURANCE
Individual & Business Tax related Services

ਸੇਵਾਵਾਂ: *ਇਨਕਮ ਟੈਕਸ ਨਾਲ ਸਬੰਧਤ ਹਰੇਕ ਸੇਵਾ ਜਿਵੇਂ, ਟੈਕਸ ਫਾਈਲਿੰਗ, ਟੈਕਸ ਪਲਾਨਿੰਗ ਅਤੇ ਆਈਆਰਐਸ ਔਡਿਟ (ਨਿੱਜੀ ਅਤੇ ਬਿਜ਼ਨਸ) ਲਈ ਤੁਸੀਂ ਸਾਡੇ ਨਾਲ ਸੰਪਰਕ ਕਰ ਸਕਦੇ ਹੋ।

* ਅਸੀਂ ਅਮਰੀਕਾ ਭਰ ਵਿਚ ਘਰਾਂ ਅਤੇ ਕਾਰਾਂ ਦੀ ਨਿੱਜੀ ਅਤੇ ਕਮਰਸ਼ੀਅਲ ਇੰਸ਼ੋਰੈਂਸ ਵੀ ਕਰਦੇ ਹਾਂ।

Ph: 248-982-2036

Office Locations
Michigan:
36167 Ford Rd.Westland, MI 48185
Minnesota:
6043 Hudson Rd, Suite#399A
Woodbury, Minnesota 55125

Email: STS2021@SinghTaxServices.com;
www.SinghTaxServices.com



Mohan Singh MST
IRS Enrolled agent,
Insurance Agent-
Casualty & Property
Notary Public





Balbir (Bill) Grewal
MORTGAGE LOAN OFFICER
NMLS# 353444

Corporate NMLS# 68434
AZ License# BK-0945946

Sistar Mortgage
A Nationwide Lender

Over 2 Decades of experience providing high level servicing for new and experienced borrowers!

Residential and Commercial Loans
Available In Most States!

Special loan programs for:
- Jumbo Loans
- Self Employed and with a work permit
- Business loans with or without property

(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org



ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

Gurdip Singh Sandhu DHMS, BAMS
HOMEOPATHIC NATURAL MEDICINES
When Tired of all Treatments, For any Disease,
At any Age, Try Alternative Treatment

Homeopathic Natural Medicines
Serving Since 1973



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

Ph: (408) 687-1899
(925) 557-9093

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577
State of CA

# 'ਬੜੂ ਸਾਹਿਬ ਕਲਗੀਧਰ ਟਰੱਸਟ ਦਾ ਮਿਸ਼ਨ, ਪ੍ਰਾਪਤੀਆਂ ਤੇ ਟੀਚੇ' ਬਾਰੇ ਵਿਸ਼ੇਸ਼ ਪ੍ਰੋਗਰਾਮ

**ਮੇਜਰ ਗੁਰਚਰਨ ਸਿੰਘ ਝੱਜ ਨੇ ਅਕਾਲ ਅਕੈਡਮੀ ਲਈ ਜ਼ਮੀਨ ਖਰੀਦ ਕੇ ਦਿੱਤੀ ਸੀ, ਜਿਸ ਦੀ ਕੀਮਤ ਤਕਰੀਬਨ 3 ਕਰੋੜ ਰੁਪਏ ਸੀ ਤੇ ਇਸ ਸਾਲ 2025 ਵਿਚ ਸ਼ਿਕਾਗੋ ਵਿਚ ਇਕੱਠੇ ਹੋਏ ਫੰਡ ਵਿਚ ਵੀ ਸ. ਝੱਜ, ਭੱਠਲ, ਅਤੇ ਤੱਖਰ ਪਰਿਵਾਰ ਨੇ 65000 ਡਾਲਰ ਦਾ ਯੋਗਦਾਨ ਪਾਇਆ ਹੈ।**

**ਸ਼ਿਕਾਗੋ (ਬਿਊਰੋ):** ਜਸ ਟੀ.ਵੀ. ਵਲੋਂ ਨਵੇਂ ਸਾਲ ਦੇ ਪਹਿਲੇ ਦਿਨ ਆਪਣੇ 'ਅੱਜ ਦਾ ਮੁੱਦਾ' ਪ੍ਰੋਗਰਾਮ ਵਿਚ 'ਬੜੂ ਸਾਹਿਬ ਕਲਗੀਧਰ ਟਰੱਸਟ ਦਾ ਮਿਸ਼ਨ, ਪ੍ਰਾਪਤੀਆਂ ਤੇ ਟੀਚੇ' ਬਾਰੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਜੈ ਦੇਵ ਭੱਠਲ ਦੇ ਗ੍ਰਹਿ ਵਿਖੇ ਕਰਵਾਏ ਇਸ ਸਮਾਗਮ ਵਿਚ ਬੜੂ ਸਾਹਿਬ ਕਲਗੀਧਰ ਟਰੱਸਟ ਵਲੋਂ ਚਲਾਏ ਜਾ ਰਹੇ ਸਿੱਖਿਆ ਖੇਤਰ ਦੇ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ-ਚਰਚਾ ਦਾ ਲਾਈਵ ਪ੍ਰਸਾਰਣ ਕੀਤਾ ਗਿਆ, ਜਿਸ ਵਿਚ







ਸ਼ਿਕਾਗੋ ਦੇ ਕੁਝ ਪਤਵੰਤੇ ਸੱਜਣਾਂ ਨਾਲ ਇੰਟਰਵਿਊ ਕੀਤੇ ਗਏ। ਇਨ੍ਹਾਂ ਇੰਟਰਵਿਊਜ਼ ਨੂੰ ਚਾਰ ਪੈਨਲਾਂ ਵਿਚ ਵੰਡਿਆ ਗਿਆ। ਪਹਿਲੇ ਪੈਨਲ ਵਿਚ ਡਾ. ਦਵਿੰਦਰ ਸਿੰਘ, ਮੇਜਰ ਗੁਰਚਰਨ ਸਿੰਘ ਝੱਜ ਤੇ ਬੜੂ ਸਾਹਿਬ ਤੋਂ ਪੜ੍ਹੀ ਲਵਪ੍ਰੀਤ ਕੌਰ, ਦੂਜੇ ਪੈਨਲ ਵਿਚ ਸੱਤੀ ਭੱਠਲ ਦੇ ਬੇਟੇ ਗੁਰਲਾਲ ਸਿਘ ਤੇ ਨੂੰਹ ਪੂਨਮ ਕੌਰ, ਤੀਜੇ ਪੈਨਲ ਵਿਚ 'ਪੰਜਾਬ ਟਾਈਮਜ਼' ਦੇ ਸਲਾਹਕਾਰ ਬੋਰਡ ਦੇ ਮੈਂਬਰ ਹਰਦਿਆਲ ਸਿੰਘ ਦਿਓਲ ਤੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ ਤੇ ਚੌਥੇ ਗਰੁੱਪ ਵਿਚ ਪੈਨਲਿਸਟ ਜਸਪਾਲ ਸਿੰਘ ਸਿੱਧੂ ਤੇ ਰਵੀ ਦੀਪ ਮੁਕਤਾ ਸ਼ਾਮਲ ਸਨ।

ਜਸ ਟੀ.ਵੀ. ਦੇ ਹੋਸਟ ਜਗਤਾਰ ਜੱਗੀ ਵਲੋਂ ਡਾ. ਦਵਿੰਦਰ ਸਿੰਘ ਜੀ ਨੂੰ ਬੜੂ ਸਾਹਿਬ ਦੇ ਮਿਸ਼ਨ ਬਾਰੇ ਚਾਨਣਾ ਪਾਉਣ ਲਈ ਕਹਿਣ 'ਤੇ ਡਾ. ਸਾਹਿਬ ਨੇ ਦੱਸਿਆ ਕਿ ਸੰਤ ਅਤਰ ਸਿੰਘ ਦਾ ਮਿਸ਼ਨ ਵਿਸ਼ਵ-ਸ਼ਾਤੀ ਸਥਾਪਨਾ ਕਰਨਾ ਸੀ, ਜੋ ਬੱਚਿਆਂ ਨੂੰ ਕੁਆਲਿਟੀ ਐਜੂਕੇਸ਼ਨ ਦੇਣ ਨਾਲ ਹੀ ਸੰਭਵ ਹੋਵੇਗੀ। ਇਸਨੂੰ ਪ੍ਰਾਪਤ ਕਰਨ ਲਈ ਬਾਬਾ ਇਕਬਾਲ ਸਿੰਘ ਜੀ ਨੇ ਉਚੀ ਤੇ ਮਿਆਰੀ ਸਿੱਖਿਆ ਦੇ ਮਿਸ਼ਨ ਅਧੀਨ 1962 ਵਿਚ ਬੜੂ ਸਾਹਿਬ ਲਈ ਜ਼ਮੀਨ ਖਰੀਦੀ, ਜਿਥੇ ਪਹਿਲੇ ਸਕੂਲ, 1985 ਵਿਚ ਕੇਵਲ ਪੰਜ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਸੀ। ਉਪਰੰਤ ਬਾਬਾ ਇਕਬਾਲ ਸਿੰਘ ਤੇ ਡਾ. ਖੇਮ ਸਿੰਘ ਗਿੱਲ ਨੇ ਦੇਸ਼-ਪ੍ਰਦੇਸ ਦੀਆਂ ਸੰਗਤਾਂ ਦੇ ਸਹਿਯੋਗ ਨਾਲ 130 ਸਕੂਲਾਂ ਤੇ ਤਿੰਨ ਯੂਨੀਵਰਸਿਟੀਆਂ ਤਕ ਪਹੁੰਚ ਚੁੱਕਾ ਦਿੱਤਾ। ਹੋਸਟ ਜੱਗੀ ਨੇ ਚੰਗੇ ਕੰਮਾਂ ਰਾਹੀਂ ਆਪਣੀ ਵੱਖਰੀ ਪਛਾਣ ਬਣਾ ਲੈਣ ਵਾਲੀ ਅਜਿਹੀ ਹੀ ਇਕ ਸ਼ਖਸੀਅਤ ਮੇਜਰ ਗੁਰਚਰਨ ਸਿੰਘ ਝੱਜ ਨੂੰ ਜਦੋਂ ਪੁੱਛਿਆ ਕਿ ਬੜੂ ਸਾਹਿਬ ਨਾਲ ਜੁੜਨ ਦਾ ਸਬੱਬ ਕਿਵੇਂ ਬਣਿਆ ਤਾਂ ਝੱਜ ਸਾਹਿਬ ਨੇ ਦੱਸਿਆ ਕਿ ਕਰੀਬ 30 ਸਾਲ ਪਹਿਲਾਂ ਡਾ. ਖੇਮ ਸਿੰਘ ਇੱਥੇ ਫੰਡ ਇਕੱਠਾ ਕਰਨ ਆਏ ਸਨ, ਉਹ ਅਕਾਲ ਅਕੈਡਮੀਆਂ ਸ਼ੁਰੂ ਕਰਨੀਆਂ ਚਾਹੁੰਦੇ ਸਨ। ਉਸ ਵੇਲੇ ਮੇਰੀ ਉਨ੍ਹਾਂ ਨਾਲ ਜਾਣ-ਪਛਾਣ ਹੋਈ ਤੇ ਉਸ ਤੋਂ ਬਾਅਦ ਲਗਾਤਾਰ ਸੰਪਰਕ ਵਿਚ ਰਹੇ। ਜਦੋਂ ਵੀ ਬਾਬਾ ਇਕਬਾਲ ਸਿੰਘ ਜੀ ਆਉਂਦੇ, ਉਹ ਸਾਡੇ ਘਰ ਹੀ ਠਹਿਰਦੇ ਸਨ। ਸਾਨੂੰ ਉਨ੍ਹਾਂ ਦੀ ਸੇਵਾ ਕਰ ਕੇ ਬੜੀ ਖੁਸ਼ੀ ਹੁੰਦੀ ਸੀ। ਅਸੀਂ ਜਿੰਨਾ ਵੀ ਯੋਗਦਾਨ ਪਾ ਸਕਦੇ, ਜ਼ਰੂਰ ਪਾਉਂਦੇ ਸੀ।

ਜਦੋਂ ਜੱਗੀ ਨੇ ਝੱਜ ਸਾਹਿਬ ਤੋਂ ਅਕੈਡਮੀ ਲਈ ਜ਼ਮੀਨ ਦਾਨ ਕਰਨ ਬਾਰੇ ਸਵਾਲ ਕੀਤਾ ਤਾਂ ਝੱਜ ਸਾਹਿਬ ਨੇ ਕਿਹਾ ਕਿ ਮਨਾਲ ਪਿੰਡ ਜ਼ਿਲ੍ਹਾ ਬਰਨਾਲਾ ਵਿਚ ਆਉਂਦਾ ਹੈ। ਬਾਬਾ ਜੀ ਉਸ ਪਾਸੇ ਅਕੈਡਮੀ ਬਣਾਉਣਾ ਚਾਹੁੰਦੇ ਸਨ ਸੋ ਮੈਂ ਉਥੇ 8 ਏਕੜ ਜ਼ਮੀਨ ਖਰੀਦੀ, ਜਿਥੇ ਅਕੈਡਮੀ ਚੱਲ ਰਹੀ ਹੈ।

ਲਵਪ੍ਰੀਤ ਨੇ ਹੋਸਟ ਦੇ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਮੈਂ ਤੇ ਮੇਰਾ ਭਰਾ ਨੇ ਮੇਰੇ ਪਾਪਾ ਦੀ ਮੌਤ ਤੋਂ ਬਾਅਦ ਅਕਾਲ ਅਕੈਡਮੀ ਵਿਚੋਂ ਹੀ ਸਿੱਖਿਆ ਪ੍ਰਾਪਤ ਕੀਤੀ। 1996 ਵਿਚ ਦੂਜੇ ਗਰੇਡ ਵਿਚ ਗਏ ਸੀ। ਬਾਬਾ ਜੀ ਨੇ ਹੀ ਪਾਲਿਆ ਤੇ ਬੜੂ ਸਾਹਿਬ ਤੋਂ ਕੰਪਿਊਟਰ ਸਾਇੰਸ ਦੀ ਸਿੱਖਿਆ ਤੋਂ ਬਾਅਦ ਉਚ ਸਿਖਿਆ ਲਈ ਅਮਰੀਕਾ ਭੇਜਿਆ। ਅੱਜ ਮੈਂ ਅਮਰੀਕਾ ਵਿਚ ਸਾਫਟਵੇਅਰ ਇੰਜੀਨੀਅਰ ਵਜੋਂ ਮਲਟੀਕਾਰਪੋਰੇਸ਼ਨ ਕੰਪਨੀ ਵਿਚ ਉਚੇ ਅਹੁਦੇ 'ਤੇ ਤਾਇਨਾਤ ਹਾਂ।' ਬੜੂ ਸਾਹਿਬ ਬਾਰੇ ਗੱਲ ਕਰਦਿਆਂ ਲਵਪ੍ਰੀਤ ਨੇ ਦੱਸਿਆ ਕਿ ਉਥੋਂ ਵਿਦਿਆਰਥੀ ਮਿਆਰੀ ਸਿੱਖਿਆ ਪ੍ਰਾਪਤ ਕਰ ਕੇ ਦੇਸ਼-ਵਿਦੇਸ਼ ਵਿਚ ਉਚੀਆਂ ਪੁਜ਼ੀਸ਼ਨਾਂ 'ਤੇ





ਪਹੁੰਚੇ ਹਨ। ਵਿਦਿਆਰਥੀ ਤਕਨੀਕੀ ਪੜ੍ਹਾਈ ਦੇ ਨਾਲ-ਨਾਲ ਅਧਿਆਤਮਕ ਸਿੱਖਿਆ ਅਤੇ ਸਿੱਖੀ ਸਿਧਾਂਤ ਵੀ ਹਾਸਲ ਕਰਦੇ ਹਨ। ਵੱਡੇ ਤੇ ਛੋਟੇ ਬੱਚਿਆਂ ਦੇ ਵੱਖ-ਵੱਖ ਗਰੁੱਪ ਹਨ। ਬੜੇ ਸਿਸਟਮ ਨਾਲ ਉਨ੍ਹਾਂ ਦੀਆਂ ਧਾਰਮਿਕ ਕਲਾਸਾਂ ਤੇ ਪੜ੍ਹਾਈ ਦਾ ਇੰਤਜ਼ਾਮ ਹੈ।

ਦੂਜੇ ਸੈਸ਼ਨ ਵਿਚ ਗੁਰਲਾਲ ਸਿੰਘ ਭੱਠਲ ਤੇ ਪੂਨਮ ਕੌਰ ਸਨ। ਹੋਸਟ ਜੱਗੀ ਨੇ ਉਨ੍ਹਾਂ ਨੂੰ ਪੁਛਿਆ ਕਿ ਤੁਹਾਡਾ ਪਰਿਵਾਰ ਲੰਬੇ ਸਮੇਂ ਤੋਂ ਬੜੂ ਸਾਹਿਬ ਨਾਲ ਜੁੜਿਆ ਹੋਇਆ ਹੈ, ਤੁਸੀਂ ਕਦੋਂ ਤੋਂ ਬੱਚਿਆਂ ਨੂੰ ਸਪਾਂਸਰ ਕਰ ਰਹੇ ਹੋ?

ਗੁਰਲਾਲ ਨੇ ਦੱਸਿਆ ਕਿ ਦੋ ਸਾਲ ਪਹਿਲਾਂ 2 ਬੱਚੇ ਲਾਈਫ ਟਾਈਮ ਸਪਾਂਸਰ ਕੀਤੇ ਸਨ। ਇਸ ਸਾਲ ਵੀ ਹੋਰ ਬੱਚੇ ਸਪਾਂਸਰ ਕੀਤੇ ਹਨ। ਪੂਨਮ ਨੇ ਕਿਹਾ ਕਿ ਕਲਗੀਧਰ ਟਰੱਸਟ ਪਿੰਡਾਂ ਵਿਚ ਵਿਦਿਆ ਦਾ ਚਾਨਣ ਵੰਡ ਕੇ ਬਹੁਤ ਹੀ ਸ਼ਲਾਘਾਯੋਗ ਕੰਮ ਕਰ ਰਿਹਾ ਹੈ। ਸਾਨੂੰ ਵੀ ਉਸ ਵਿਚ ਹਿੱਸਾ ਪਾਉਣ ਦਾ ਮੌਕਾ ਮਿਲਿਆ। ਬੜੂ ਸਾਹਿਬ ਜਾਣ ਦਾ ਮੌਕਾ ਨਹੀਂ ਮਿਲਿਆ ਪਰ ਭਵਿੱਖ ਵਿਚ ਜ਼ਰੂਰ ਜਾਵਾਂਗੇ। ਜਿਨ੍ਹਾਂ ਬੱਚਿਆਂ ਨੂੰ ਅਸੀਂ ਸਪਾਂਸਰ ਕੀਤਾ ਹੈ ਉਨ੍ਹਾਂ ਦੀਆ ਤਸਵੀਰਾਂ ਤੇ ਰਿਪੋਰਟ ਕਾਰਡ ਵੇਖਿਆ ਹੈ। ਉਹ ਵਧੀਆ ਪੜ੍ਹ ਰਹੇ ਹਨ।

ਹੋਸਟ ਨੇ ਜਦੋਂ ਡਾ. ਦਵਿੰਦਰ ਸਿੰਘ ਜੀ ਨੂੰ ਮੌਜੂਦਾ ਦੌਰੇ ਬਾਰੇ ਪੁਛਿਆ ਤਾਂ ਉਨ੍ਹਾਂ ਦੱਸਿਆ ਕਿ ਸਾਨੂੰ ਹਰ ਸਟੇਟ ਦੇ ਗੁਰਦੁਆਰੇ ਤੇ ਸੰਗਤ ਬਹੁਤ ਸਹਿਯੋਗ ਕਰ ਰਹੀ ਹੈ। ਹੋਸਟ ਵਲੋਂ ਪੁਛੇ ਜਾਣ 'ਤੇ ਕਿ ਇਸ ਵੇਲੇ ਅਮਰੀਕਾ ਵਿਚ ਕਾਫੀ ਛੁਟੀਆਂ ਹੁੰਦੀਆਂ ਹਨ। ਕੀ ਤੁਸੀਂ ਦੌਰੇ ਦਾ ਸਮਾਂ ਤਬਦੀਲ ਕਰਨ ਬਾਰੇ ਸੰਗਤਾਂ ਦੀ ਬੇਨਤੀ ਤੋਂ ਵਾਕਿਫ ਹੋ? ਇਸ 'ਤੇ ਡਾ. ਸਾਹਿਬ ਨੇ ਕਿਹਾ ਕਿ ਅਸੀਂ ਸਪਾਂਸਰਾਂ ਦੇ ਆਦੇਸ਼ 'ਤੇ ਅਗਲੇ ਸਾਲ ਅਕਤੂਬਰ-ਨਵੰਬਰ ਵਿਚ ਟੂਰ ਕਰਾਂਗੇ।

ਦਸਵੰਧ ਬਾਰੇ ਪੁੱਛੇ ਜਾਣ 'ਤੇ ਝੱਜ ਸਾਹਿਬ ਨੇ ਕਿਹਾ, 'ਹਰ ਗੁਰਸਿੱਖ ਦਾ ਫਰਜ਼ ਹੈ ਦਸਵੰਧ ਕੱਢਣਾ। ਮੈਨੂੰ ਅਮਰੀਕਾ ਆਏ ਨੂੰ 50 ਸਾਲ ਹੋ ਗਏ ਹਨ। ਅਸੀਂ ਹਰ 10 ਡਾਲਰ ਪਿਛੇ ਇਕ ਡਾਲਰ ਦਸਵੰਧ ਕੱਢ ਕੇ ਰੱਖ ਦੇਂਦੇ ਹਾਂ। ਸਾਡਾ ਬਹੁਤਾ ਦਸਵੰਧ ਬੜੂ ਸਾਹਿਬ ਨੂੰ ਹੀ ਜਾਂਦਾ ਹੈ, ਮੈਂ ਲਗਪਗ 37 ਸਾਲਾਂ ਤੋਂ, ਜਦੋਂ ਅਜੇ ਅਕੈਡਮੀਆਂ ਬਣਾਉਣ ਦਾ ਕੰਮ ਸ਼ੁਰੂ ਹੀ ਹੋਇਆ ਸੀ, ਇਸ ਸੰਸਥਾ ਨਾਲ ਜੁੜਿਆ ਹੋਇਆ ਹਾਂ। ਅੱਜ 130 ਅਕੈਡਮੀਆਂ ਤੇ 2 ਯੂਨੀਵਰਸਿਟੀਆਂ ਬਣ ਚੁੱਕੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਅਸੀਂ ਜਿਨ੍ਹਾਂ ਪਿੰਡਾਂ ਵਿਚੋਂ ਆਏ ਹਾਂ ਉਥੇ ਹਾਲਾਤ ਬਹੁਤ ਬੁਰੇ ਹਨ, ਨੌਜਵਾਨ ਨਸ਼ੇ ਵਿਚ ਗ੍ਰਸਤ ਹਨ, ਬੇਰੁਜ਼ਗਾਰੀ ਬਹੁਤ ਹੈ। ਬੜੂ ਸਾਹਿਬ ਵਲੋਂ ਛੋਟੇ-ਛੋਟੇ ਸਕੂਲਾਂ ਨਾਲ ਲਿੰਕ ਕਰ ਕੇ ਪਿੰਡ-ਪਿੰਡ ਸਿੱਖਿਆ ਦਾ ਪ੍ਰਸਾਰ ਕੀਤਾ ਜਾ ਰਿਹਾ ਹੈ। ਇਹ 70 ਹਜ਼ਾਰ ਬੱਚੇ ਚੰਗੀ ਤਾਲੀਮ ਹਾਸਲ ਕਰ ਕੇ ਜਦੋਂ ਸਮਾਜ ਵਿਚ ਯੋਗਦਾਨ ਪਾਉਣਗੇ ਤਾਂ ਨਰੋਏ ਸਮਾਜ ਦੀ ਸਥਾਪਨਾ ਹੋਵੇਗੀ। ਇਸ ਲਈ ਬੜੂ ਸਾਹਿਬ ਲਈ ਸਾਨੂੰ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ। ਦਸਵੰਧ ਦੇ ਸਿਧਾਂਤ ਨੂੰ ਅਪਨਾਓ, ਦਸਵੰਧ ਕਢੋ, ਗੁਰੂ ਦਸ ਗੁਣਾ ਦੇਂਦਾ ਹੈ।

ਉਨ੍ਹਾਂ ਅੱਗੇ ਕਿਹਾ ਕਿ ਜਦੋਂ ਕੋਈ ਕਲਗੀਧਰ ਟਰੱਸਟ ਨੂੰ ਫੰਡ ਦਿੰਦਾ ਹੈ, ਤਾਂ ਸੰਸਥਾ ਦੇ ਸੇਵਾਦਾਰ ਹਿਸਾਬ-ਕਿਤਾਬ ਰੱਖਦੇ ਹਨ। ਕੋਈ ਵੀ ਜਾ ਕੇ, ਕਦੀ ਵੀ ਹਿਸਾਬ ਪੁੱਛ ਸਕਦਾ ਹੈ। ਜੋ ਅਸੀਂ ਪੈਸਾ ਭੇਜਦੇ ਹਾਂ, ਉਹ ਭਾਰਤ ਸਰਕਾਰ ਵਲੋਂ ਆਡਿਟ ਹੁੰਦਾ ਹੈ। ਉਨ੍ਹਾਂ ਕਿਹਾ ਕਿ ਵਿਦੇਸ਼ ਵਿਚ ਕਈ ਹੋਰ ਵੀ ਪੈਸੇ ਇਕੱਠੇ ਕਰਨ ਆਉਂਦੇ ਹਨ, ਪਰ ਬੜੂ ਸਾਹਿਬ ਤੇ ਪਿੰਗਲਵਾੜਾ ਸੰਸਥਾ ਮਨੁੱਖਤਾ ਦੀ ਉਤਮ ਸੇਵਾ ਕਰ ਰਹੀਆਂ ਹਨ। ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਕਦੀ ਬੜੂ ਸਾਹਿਬ ਵਿਜ਼ਟ ਕੀਤਾ ਹੈ, ਝੱਜ ਸਾਹਬ ਨੇ ਕਿਹਾ ਕਿ ਉਨ੍ਹਾਂ ਬਹੁਤ ਸਾਰੀਆਂ ਵੀਡੀਓਜ਼ ਤੇ ਤਸਵੀਰਾਂ ਵਿਚ ਇਮਾਰਤ ਦਾ ਬਹੁਤ ਵਧੀਆ ਆਉਟਲੈਟ ਹੈ। ਅਗਲੇ ਸਾਲ ਬੜੂ ਸਾਹਿਬ ਜਾਣ ਦਾ ਵਿਚਾਰ ਹੈ।

ਡਾ. ਦਵਿੰਦਰ ਸਿੰਘ ਨੇ ਬੜੂ ਸਾਹਿਬ ਦੀ ਸਥਾਪਨਾ ਅਤੇ ਜ਼ਮੀਨ ਖਰੀਦਣ ਬਾਰੇ ਵਿਸਥਾਰ ਨਾਲ ਦੱਸਿਆ। ਉਨ੍ਹਾਂ ਕਿਹਾ ਕਿ ਬੜੂ ਸਾਹਿਬ ਦੀ ਸ਼ੁਰੂਆਤ 1986 ਤੋਂ ਲੈ ਕੇ ਅਜ ਤੱਕ ਲਗਾਤਾਰ ਉਥੇ ਅਖੰਡ-ਪਾਠ ਚਲਦੇ ਰਹੇ ਹਨ ਤੇ ਹੁਣ ਵੀ ਉਥੇ 10-12 ਅਖੰਡ ਪਾਠ ਹਰ ਰੋਜ਼ ਚਲਦੇ ਹਨ। ਇਸੇ ਕਰਕੇ ਪਵਿੱਤਰ ਧਰਤੀ ਨੂੰ ਹਮੇਸ਼ਾ ਭਾਗ ਲਗਦੇ ਰਹਿੰਦੇ ਹਨ।

ਅਗਲੇ ਸੈਸ਼ਨ ਵਿਚ 'ਪੰਜਾਬ ਟਾਈਮਜ਼' ਸਲਾਹਕਾਰ ਬੋਰਡ ਦੇ ਮੈਂਬਰ ਹਰਦਿਆਲ ਸਿੰਘ ਦਿਓਲ ਤੇ ਪੈਲਾਟਾਈਨ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਅਮਰਦੇਵ ਸਿੰਘ ਬੰਦੇਸ਼ਾ ਸਨ। ਸ. ਬੰਦੇਸ਼ਾ ਨੇ ਕਿਹਾ ਕਿ ਅਸੀਂ ਵੀ ਗੁਰਦੁਆਰਾ ਸਾਹਿਬ ਵਿਚ ਇਕ ਗੁਰਮਤਿ ਸਕੂਲ ਚਲਾ ਰਹੇ ਹਾਂ। ਮੈਂ ਕਈ ਸਾਲ ਉਥੇ ਸੇਵਾ ਕੀਤੀ ਹੈ, ਜਿੱਥੇ ਧਾਰਮਿਕ ਤੇ ਪੰਜਾਬੀ ਦੀ ਸਿੱਖਿਆ ਦਿੱਤੀ ਜਾਂਦੀ ਹੈ। ਅਸੀਂ ਇਸ ਗੱਲ ਤੋਂ ਚੰਗੀ ਤਰ੍ਹਾਂ ਵਾਕਿਫ ਹਾਂ ਕਿ ਇਕ ਸਕੂਲ ਚਲਾਉਣ 'ਤੇ ਬਹੁਤ ਮਿਹਨਤ ਕਰਨੀ ਪੈਂਦੀ ਹੈ। ਬੜੂ ਸਾਹਿਬ ਵਲੋਂ 130 ਸਕੂਲ ਚਲਾਉਣਾ ਸੌਖਾ ਕੰਮ ਨਹੀਂ। 70,000 ਬੱਚਿਆਂ ਦੀ ਪੜ੍ਹਾਈ ਲਈ ਕਿੰਨੇ ਵੱਡੇ ਉਪਰਾਲੇ ਦੀ ਲੋੜ ਹੁੰਦੀ ਹੈ, ਭਲੀ-ਭਾਂਤ ਅੰਦਾਜ਼ਾ ਲਾਇਆ ਜਾ ਸਕਦਾ ਹੈ। ਉਨ੍ਹਾਂ ਪੰਜਾਬੀ ਮਾਂ ਬੋਲੀ ਦੇ ਪ੍ਰਸਾਰ ਲਈ ਹੰਭਲਾ ਮਾਰਨ ਦੀ ਗੱਲ ਵੀ ਆਖੀ। ਕਲਗੀਧਰ ਟਰੱਸਟ ਵਿਚ ਪੰਜਾਬੀ, ਸਿੱਖੀ ਤੇ ਅਧਿਆਤਮਕ ਪ੍ਰਾਜੈਕਟ ਸਫਲਤਾ ਨਾਲ ਚੱਲ ਰਹੇ ਹਨ। ਸਾਨੂੰ ਉਸ ਵਿਚ ਯੋਗਦਾਨ ਪਾਉਣਾ ਚਾਹੀਦਾ ਹੈ। ਅਸੀਂ ਮੇਜਰ ਗੁਰਚਰਨ ਸਿੰਘ ਝੱਜ ਦੇ ਧੰਨਵਾਦੀ ਹਾਂ ਜਿਨ੍ਹਾਂ ਕਰਕੇ ਸਾਨੂੰ ਵੀ ਹਿੰਮਤ ਮਿਲੀ।

ਸ. ਦਿਓਲ ਨੇ ਕਿਹਾ ਕਿ ਚੰਗੀਆਂ ਚੀਜ਼ਾਂ ਜਿੰਨੀਆਂ ਵੰਡੀਆਂ ਜਾਣ, ਓਨਾ ਚੰਗਾ ਹੈ। ਡਾ. ਦਵਿਦਰ ਸਿੰਘ ਜੋ ਵੀ ਕਰ ਰਹੇ ਹਨ ਸ਼ਲਾਘਾਯੋਗ ਹੈ। ਝੱਜ ਸਾਹਿਬ, ਸੱਤੀ ਭੱਠਲ ਅਤੇ ਤੱਖਰ ਪਰਿਵਾਰ ਦਾ ਬਹੁਤ ਬਹੁਤ ਧੰਨਵਾਦ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਪੜ੍ਹਾਉਣਾ, ਖਾਸ ਕਰ ਲੜਕੀਆਂ ਨੂੰ ਸਿੱਖਿਆ ਦੇਣੀ ਬਹੁਤ ਜ਼ਰੂਰੀ ਹੈ, ਬੜੂ ਸਾਹਿਬ ਇਹ ਕੰਮ ਬਾਖੂਬੀ ਕਰ ਰਿਹਾ ਹੈ।

ਜਸਪਾਲ ਸਿੰਘ ਸਿੱਧੂ ਬਾਰੇ ਪੁਛੇ ਜਾਣ 'ਤੇ ਝੱਜ ਸਾਹਿਬ ਨੇ ਕਿਹਾ ਕਿ ਜਸਪਾਲ ਸਿੰਘ ਬੜੀ ਦੇਰ ਤੋਂ ਬੜੂ ਸਾਹਿਬ ਨਾਲ ਜੁੜੇ ਹੋਏ ਹਨ। ਇਹ ਪੇਸ਼ੇ ਤੋਂ ਇੰਜੀਨੀਅਰ ਹੋਣ ਕਰਕੇ ਹੋਟਲ ਤੇ ਇਮਾਰਤਾਂ ਆਦਿ ਡਿਜ਼ਾਈਨ ਕਰਦੇ ਹਨ। ਕੁਝ ਸਮੇਂ ਤੋਂ ਗੁਰਦੁਆਰਾ ਸਾਹਿਬ ਦੀਆਂ ਇਮਾਰਤਾਂ ਦੀ ਨਿਸ਼ਕਾਮ ਸੇਵਾ ਕਰ ਰਹੇ ਹਨ, ਪਰ ਮੈਂ ਸੁਝਾਅ ਦਿੱਤਾ ਕਿ ਪੈਸੇ ਲੈ ਕੇ ਬੜੂ ਸਾਹਿਬ ਨੂੰ ਦੇ ਦੇਵੋ। ਬੜੂ ਸਾਹਿਬ ਲਈ 10 ਮਿਲੀਅਨ ਦਾ ਕਰਜ਼ਾ ਸੰਗਤਾਂ ਦੇ ਸਹਿਯੋਗ ਨਾਲ ਘਟ ਕੇ 5 ਮਿਲੀਅਨ ਰਹਿ ਗਿਆ ਹੈ। ਇਹ ਕਰਜ਼ਾ ਉਤਾਰ ਦੇਣ ਨਾਲ ਹੋਰ ਅਕੈਡਮੀਆ ਖੋਲ੍ਹ ਸਕਦੇ ਹਾਂ। ਸਕੂਲਾਂ ਦੀ ਰਿਪੇਅਰ ਲਈ ਵੀ ਪੈਸੇ ਦੀ ਲੋੜ ਪੈਂਦੀ ਹੈ।

ਹੋਸਟ ਵਲੋਂ ਇਹ ਪੁੱਛੇ ਜਾਣ 'ਤੇ ਕਿ ਕੀ ਬੜੂ ਸਾਹਿਬ ਵਿਚ ਸਿਰਫ ਸਿੱਖ ਬੱਚੇ ਹੀ ਪੜ੍ਹ ਸਕਦੇ ਹਨ ਜਾਂ ਹੋਰ ਕਮਿਊਨਿਟੀ ਦੇ ਵੀ? ਡਾ. ਸਾਹਿਬ ਨੇ ਕਿਹਾ ਕਿ ਸਿੱਖ ਧਰਮ ਸਾਂਝੀਵਾਲਤਾ ਦਾ ਉਪਦੇਸ਼ ਦਿੰਦਾ ਹੈ। ਅਕਾਲ ਅਕੈਡਮੀ ਵਿਚ ਵੀ ਹਰ ਧਰਮ ਦਾ ਬੱਚਾ ਪੜ੍ਹ ਸਕਦਾ ਹੈ।

ਆਖਰੀ ਸੈਸ਼ਨ ਵਿਚ ਜਸਪਾਲ ਸਿੰਘ ਸਿੱਧੂ ਤੇ ਰਵੀ ਦੀਪ ਮੁਕਤਾ ਨੇ ਕਿਹਾ ਕਿ ਸਾਨੂੰ ਸੰਗਤਾਂ ਨੇ ਬਹੁਤ ਸਹਿਯੋਗ ਦਿੱਤਾ ਹੈ। ਉਨ੍ਹਾਂ ਮੇਜਰ ਗੁਰਚਰਨ ਸਿੰਘ ਝੱਜ ਦਾ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਨੇ ਪਿਛਲੇ 37 ਸਾਲਾਂ ਤੋਂ ਬੜੂ ਸਾਹਿਬ ਤੇ ਕਲਗੀਧਰ ਟਰੱਸਟ ਨੂੰ ਭਰਵਾਂ ਸਹਿਯੋਗ ਦਿੱਤਾ ਹੈ। ਇਸ ਸਾਲ ਵੀ ਮੇਜਰ ਝੱਜ, ਜੈਦੇਵ ਭੱਠਲ ਤੇ ਤੱਖਰ ਪਰਿਵਾਰ ਨੇ 65,000 ਡਾਲਰ ਅਕਾਲ ਅਕੈਡਮੀ ਸੰਸਥਾ ਨੂੰ ਦਿੱਤੇ ਹਨ।

ਦਰਸ਼ਕਾਂ ਵਿਚੋਂ ਜਸਲੀਨ ਪੰਨੂ ਨੇ ਬੱਚੇ ਦੀ ਸਕੂਲ ਫੀਸ ਦੇ ਸਟਰੱਕਚਰ ਤੇ ਐਫੋਰਡੇਬਿਲਟੀ ਬਾਰੇ ਪੁੱਛਿਆ ਤਾਂ ਡਾ. ਸਾਹਿਬ ਨੇ ਕਿਹਾ ਕਿ ਜੇ ਅਸੀਂ ਰੂਲਰ ਐਜੂਕੇਸ਼ਨ ਵਿਚ ਐਫੋਰਡੇਬਲ ਨਹੀਂ ਰੱਖਾਂਗੇ ਤਾਂ ਕੇਵਲ ਬਿਲਡਿੰਗਾਂ ਹੀ ਰਹਿ ਜਾਣਗੀਆਂ। ਜੋ ਬੱਚੇ ਫੀਸਾਂ ਨਹੀਂ ਦੇ ਸਕਦੇ, ਅਸੀਂ ਬਹੁਤ ਘੱਟ ਚਾਰਜ ਕਰਦੇ ਹਾਂ। ਢਾਈ ਕਿਲੇ ਵਾਲੇ ਕਿਸਾਨ ਜੋ ਥੋੜ੍ਹੀ ਫੀਸ ਵੀ ਨਹੀਂ ਦੇ ਸਕਦੇ, ਉਨ੍ਹਾਂ ਲਈ ਅਸੀਂ ਵਿਦੇਸ਼ ਆ ਕੇ ਸਪਾਂਸਰ ਲੈਂਦੇ ਹਾਂ। ਪਰਵਾਸੀ ਆਪਣੇ ਪਿੰਡਾਂ ਨੂੰ ਸਪਾਂਸਰ ਕਰਨ ਤਾਂ ਸਮੱਸਿਆ ਦਾ ਹੱਲ ਨਿਕਲੇਗਾ। ਉਨ੍ਹਾਂ ਕਿਹਾ ਕਿ ਅਸੀਂ ਕੋਈ ਬਿਜ਼ਨਸ ਨਹੀਂ ਕਰਦੇ। ਅਸੀਂ ਬਾਹਰੋਂ 1 ਮਿਲੀਅਨ ਇਕੱਠਾ ਕਰਦੇ ਹਾਂ ਪਰ ਖਰਚਾ 25-30 ਮਿਲੀਅਨ ਹੈ, ਸੋ 1 ਮਿਲੀਅਨ ਨਾਲ 130 ਸਕੂਲ ਤੇ ਯੂਨੀਵਰਸਿਟੀਆਂ ਚਲਉਣੀਆਂ ਮੁਸ਼ਕਿਲ ਹਨ। ਪੰਜਾਬ ਵਿਚ ਨਸ਼ੇ ਦੀ ਵੱਡੀ ਸਮੱਸਿਆ ਹੈ। ਇਸ ਵੇਲੇ 10 ਤੋਂ 17 ਸਾਲ ਦੀ ਉਮਰ ਦੇ 7 ਲੱਖ ਦੇ ਕਰੀਬ ਬੱਚੇ ਨਸ਼ੇ ਵਿਚ ਗ੍ਰਸਤ ਹਨ। ਉਨ੍ਹਾਂ ਨੂੰ ਬਚਾਉਣ ਲਈ ਸ਼ੁਰੂ ਤੋਂ ਹੀ ਕੁਆਲਿਟੀ ਐਜੂਕੇਸ਼ਨ ਦੀ ਲੋੜ ਹੈ। ਸਾਡੇ ਕੇਂਦਰਾਂ ਵਿਚ ਨਸ਼ਾ ਛੁਡਾਊ ਪ੍ਰੋਗਰਾਮ ਵੀ ਚੱਲ ਰਹੇ ਹਨ।

ਜਸਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਉਹ 1999 ਤੋਂ ਬਾਬਾ ਇਕਬਾਲ ਸਿੰਘ ਜੀ ਦੇ ਵੇਲੇ ਤੋਂ ਬੜੂ ਸਾਹਿਬ ਨਾਲ ਜੁੜੇ ਹੋਏ ਹਨ। ਮੇਰੇ ਬੱਚੇ ਵੀ ਉਥੇ ਹੀ ਪੜ੍ਹੇ ਹਨ। ਹੁਣ ਡਾ. ਦਵਿੰਦਰ ਸਿੰਘ ਆਪਣਾ ਡਾਕਟਰੀ ਪੇਸ਼ਾ ਤਿਆਗ ਕੇ ਬੜੂ ਸਾਹਿਬ ਨਾਲ ਜੁੜੇ ਹਨ, ਜੋ ਇਨ੍ਹਾਂ ਦਾ ਸਾਥ ਨਹੀਂ ਦੇਣਾ ਤਾਂ ਕਿਸ ਦਾ ਦੇਣਾ ਹੈ।

ਰਵੀ ਮੁਕਤਾ ਨੇ ਬੜੂ ਸਾਹਿਬ ਦੇ ਚੱਲ ਰਹੇ ਪ੍ਰੋਗਰਾਮਾਂ ਬਾਰੇ ਦੱਸਿਆ ਕਿ ਇੱਥੇ 2 ਪ੍ਰੋਗਰਾਮ ਚੱਲ ਰਹੇ ਹਨ। ਸੋਮਵਾਰ ਤੋਂ ਸ਼ੁਕਰਵਾਰ ਤੱਕ ਹਰ ਰੋਜ਼ ਇਕ ਘੰਟਾ ਆਨ ਲਾਈਨ ਕਲਾਸਾਂ ਹੁੰਦੀਆਂ ਹਨ, ਜਿਨ੍ਹਾਂ ਵਿਚ ਕਰੀਬ 50 ਹਜ਼ਾਰ ਬੱਚੇ ਅਮਰੀਕਾ ਤੋਂ ਆਨ ਲਾਈਨ ਪੰਜਾਬੀ ਸਿੱਖ ਰਹੇ ਹਨ ਤੇ ਦੂਸਰਾ 7 ਜੁਲਾਈ ਤੋਂ 14 ਅਗਸਤ ਤੱਕ ਗੁਰਮਤਿ ਕੈਂਪ ਵੀ ਲੱਗਣਾ ਹੈ। ਇਹ 6 ਹਫਤੇ ਦਾ ਕੈਂਪ ਐਨ.ਆਰ.ਆਈ. ਬੱਚਿਆਂ ਲਈ ਹੀ ਹੈ, ਜਿਸ ਵਿਚ ਪੰਜਾਬੀ ਬੋਲਣੀ, ਪੜ੍ਹਨੀ ਤੇ ਲਿਖਣੀ ਸਿਖਾਉਣ ਦੇ ਨਾਲ ਕੀਰਤਨ, ਤਬਲਾ, ਗੱਤਕਾ ਵੀ ਸਿਖਾਇਆ ਜਾਂਦਾ ਹੈ। ਇਹ ਸਾਰੇ ਕੈਂਪ ਫ੍ਰੀ ਹਨ। ਜਿਹੜੇ ਐਨ.ਆਰ.ਆਈ. ਵਿਦਿਆਰਥੀ ਕੈਂਪ 'ਚ ਭਾਗ ਲੈਣਾ ਚਾਹੁੰਦੇ ਹਨ, ਉਹ ਬੜੂ ਸਾਹਿਬ ਡਾਟ ਆਰਗੇਨਾਈਜ਼ੇਸ਼ਨ 'ਤੇ ਜਾ ਕੇ ਰਜਿਸਟਰ ਕਰ ਸਕਦੇ ਹਨ। ਅਸੀਂ ਉਨ੍ਹਾਂ ਨੂੰ ਏਅਰਪੋਰਟ ਤੋਂ ਬੜੂ ਸਾਹਿਬ ਲੈ ਕੇ ਜਾਵਾਂਗੇ। ਤੁਸੀਂ ਆਨ ਲਾਈਨ ਜਾ ਕੇ ਐਜੂਕੇਟ ਟੂ ਸੇਵ.ਕਾਮ 'ਤੇ ਵੀ ਬੱਚਿਆਂ ਨੂੰ ਸਪਾਂਸਰ ਕਰ ਸਕਦੇ ਹੋ।

ਡਾ. ਦਵਿੰਦਰ ਸਿੰਘ ਨੇ ਆਪੋ ਆਪਣੇ ਪਿੰਡਾਂ ਨੂੰ ਸਪਾਂਸਰ ਕਰਨ ਦਾ ਸੱਦਾ ਦਿੰਦਿਆਂ ਦੱਸਿਆ ਕਿ ਭਾਈ ਕੁਲਵਿੰਦਰ ਸਿੰਘ ਨੇ ਆਪਣੇ ਪਿੰਡ ਦੇ ਕਰੀਬ 28 ਬੱਚੇ ਸਪਾਂਸਰ ਕਰ ਕੇ ਅਕਾਲ ਅਕੈਡਮੀ ਵਿਚ ਦਾਖਲ ਕਰਵਾਏ ਹਨ। ਹੋਰਨਾਂ ਨੇ 60-60 ਬੱਚੇ ਆਪਣੇ ਪਿੰਡਾਂ ਦੇ ਸਪਾਂਸਰ ਕੀਤੇ ਹਨ। ਉਨ੍ਹਾਂ ਇੰਦਰਜੀਤ ਸਿੰਘ ਰਾਏ ਤੇ ਬਲਵੰਤ ਸਿੰਘ ਸੇਖੋਂ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਮੇਜਰ ਝੱਜ, ਭੱਠਲ, ਅਤੇ ਤੱਖਰ ਪਰਿਵਾਰ ਦਾ ਵਿਸ਼ੇਸ਼ ਧੰਨਵਾਦ ਕੀਤਾ। ਅੰਤ ਵਿਚ ਜੈ ਦੇਵ ਸਿੰਘ ਭੱਠਲ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

ਲੰਘੇ ਐਤਵਾਰ ਮੇਜਰ ਗੁਰਚਰਨ ਸਿੰਘ ਝੱਜ ਨੇ ਗੁਰੂਘਰ ਪੈਲਾਟਾਈਨ ਵਿਖੇ ਬੜੂ ਸਾਹਿਬ ਕਲਗੀਧਰ ਸੁਸਾਇਟੀ ਨੂੰ ਦਿਲ ਖੋਲ੍ਹ ਕੇ ਦਾਨ ਦੇਣ 'ਤੇ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਹੁਣ ਤਕ 1,27,686 ਡਾਲਰ ਇਕੱਠੇ ਹੋਏ ਹਨ। ਉਨ੍ਹਾਂ ਨੇ ਸੰਸਥਾ ਬੜੂ ਸਾਹਿਬ, ਡਾ. ਦਵਿੰਦਰ ਸਿੰਘ ਤੇ ਆਪਣੇ ਵਲੋਂ ਸੰਗਤ ਤੇ ਸਾਰੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ।


# ਮੇਜਰ ਗੁਰਚਰਨ ਸਿੰਘ ਝੱਜ ਵਲੋਂ ਬੜੂ ਸਾਹਿਬ ਕਲਗੀਧਰ ਸੁਸਾਇਟੀ ਦੀ ਮਦਦ ਲਈ ਉਪਰਾਲਾ

**ਸ਼ਿਕਾਗੋ (ਬਿਊਰੋ):** ਮੇਜਰ ਗੁਰਚਰਨ ਸਿੰਘ ਝੱਜ ਅਤੇ ਉਨ੍ਹਾਂ ਦੇ ਪਰਿਵਾਰ ਜੈ ਦੇਵ (ਸੱਤੀ) ਭੱਠਲ ਅਤੇ ਸੁਖਰਾਜ ਸਿੰਘ ਤੱਖਰ ਨੇ ਹਰ ਸਾਲ ਵਾਂਗ ਐਤਕੀਂ ਵੀ ਬੜੂ ਸਾਹਿਬ ਕਲਗੀਧਰ ਸੁਸਾਇਟੀ ਦੀ ਮਦਦ ਲਈ ਆਪਣੇ ਤੌਰ 'ਤੇ 65000 ਡਾਲਰ ਦਾ ਯੋਗਦਾਨ ਪਾਇਆ ਹੈ। ਉਂਜ ਸ਼ਿਕਾਗੋ ਵਿਚ ਬੜੂ ਸਾਹਿਬ ਲਈ ਕੁਲ 1,26,986 ਡਾਲਰ ਇਕੱਠੇ ਹੋਏ ਹਨ।

ਬੜੂ ਸਾਹਿਬ ਕਲਗੀਧਰ ਸੁਸਾਇਟੀ ਵਲੋਂ ਫੰਡ ਇਕੱਠਾ ਕਰਨ ਲਈ ਕਰਵਾਏ ਸਮਾਗਮ ਦੌਰਾਨ ਡਾ. ਦਵਿੰਦਰ ਸਿੰਘ, ਜੋ 1991 ਤੋਂ ਬੜੂ ਸਾਹਿਬ ਨਾਲ ਜੁੜੇ ਹੋਏ ਹਨ, ਲੰਘੀ 31 ਦਸੰਬਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਆਏ ਅਤੇ ਸੰਗਤ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਜ਼ਿਕਰਯੋਗ ਹੈ ਕਿ ਡਾ. ਦਵਿੰਦਰ ਸਿੰਘ ਡਾਕਟਰੀ ਪੇਸ਼ਾ ਤਿਆਗ ਕੇ ਬੜੂ ਸਾਹਿਬ ਵਿਚ ਨਿਸ਼ਕਾਮ ਸੇਵਾ ਕਰ ਰਹੇ ਹਨ। ਉਨ੍ਹਾਂ ਸੰਗਤ ਨੂੰ ਮਹਾਪੁਰਖਾਂ ਵਲੋਂ ਚਲਾਏ ਪਰੋਪਕਾਰੀ ਕਾਰਜਾਂ ਬਾਰੇ ਜਾਣਕਾਰੀ ਦਿੱਤੀ। ਸੰਗਤ ਨੂੰ 'ਵਹਿਗੁਰੂ' ਦਾ ਨਾਮ ਸਿਮਰਨ ਕਰਾਇਆ ਅਤੇ ਕਿਹਾ ਕਿ ਸਿਮਰਨ ਤੇ ਸੇਵਾ ਸਿੱਖੀ ਦੇ ਦੋ ਧੁਰੇ ਹਨ। ਪਹਿਲਾਂ ਸਿਮਰਨ ਕਰੀਏ ਫਿਰ ਜੋ ਪੰਜਾਬ ਵਿਚ ਸਮੱਸਿਆਵਾਂ ਆ ਰਹੀਆਂ ਹਨ ਉਸ ਬਾਰੇ ਗੱਲ ਕਰਾਂਗੇ। ਉਨ੍ਹਾਂ ਕਿਹਾ, 'ਅਸੀਂ ਨਿਯਮ ਬਣਾ ਲਈਏ ਕਿ ਅੱਠ ਪਹਿਰ ਨਾਮ ਜਪਣਾ ਹੈ ਤੇ ਸੇਵਾ ਕਰਨੀ ਹੈ। ਨਾਮ ਸਿਮਰਨ ਨਾਲ ਜੁੜਨਾ ਹੈ। ਜ਼ਿੰਦਗੀ ਦਾ ਦਸਵੰਧ ਸਿਮਰਨ ਤੇ ਸੇਵਾ ਵਿਚ ਲਾਉਣਾ ਹੈ।'

ਉਨ੍ਹਾਂ ਅੱਗੇ ਕਿਹਾ ਕਿ ਸੰਤ ਅਤਰ ਸਿੰਘ ਜੀ ਨੇ ਭਾਂਪ ਲਿਆ ਸੀ ਕਿ ਬ੍ਰਿਟਿਸ਼ ਰਾਜ ਨੇ ਸਿੱਖਾਂ ਖ਼ਿਲਾਫ ਸਾਜ਼ਿਸ਼ ਰਚਣੀ ਸ਼ੁਰੂ ਕਰ ਦਿੱਤੀ ਹੈ। ਮਹਾਰਾਜਾ ਰਣਜੀਤ ਸਿੰਘ ਵੇਲੇ ਹਰ ਸਕੂਲ ਵਿਚ ਪੰਜਾਬੀ ਪੜ੍ਹਾਈ ਜਾਂਦੀ ਸੀ ਪਰ ਹੁਣ ਸਿੱਖਾਂ ਦੀ ਆਰਥਿਕਤਾ ਤੇ ਭਾਸ਼ਾ ਦਾ ਨੁਕਸਾਨ ਹੋ ਰਿਹਾ ਹੈ। ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਨੇ 14 ਲੱਖ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ।

ਉਨ੍ਹਾਂ ਦੱਸਿਆ ਕਿ ਸੰਤ ਅਤਰ ਸਿੰਘ ਨੇ ਉਸ ਵੇਲੇ ਸਮਝ ਲਿਆ ਕਿ ਆਉਣ ਵਾਲਾ ਸਮਾਂ ਸਾਇੰਸ ਦਾ ਹੈ ਤੇ ਸਾਇੰਸ ਦੀ ਪੜ੍ਹਾਈ ਨੂੰ ਅਧਿਆਤਮਕ ਨਾਲ ਜੋੜਨ ਦੀ ਲੋੜ ਹੈ। ਉਨ੍ਹਾਂ ਨੇ ਅਦੁੱਤੀ ਐਜੂਕੇਸ਼ਨ ਨੂੰ ਜਨਮ ਦਿੱਤਾ ਜਿਸ ਵਿਚ ਦੁਨਿਆਵੀ ਪੜ੍ਹਾਈ ਦੇ ਨਾਲ ਅਧਿਆਤਮਕ ਪੜ੍ਹਾਈ ਵੀ ਵਿਦਿਆਰਥੀਆਂ ਨੂੰ ਕਰਾਈ ਜਾਂਦੀ ਹੈ। ਉਨ੍ਹਾਂ 1904 ਵਿਚ ਇਕ ਪੱਛੜੇ ਇਲਾਕੇ ਮਸਤੂਆਣਾ ਵਿਚ ਲੜਕੀਆਂ ਦਾ ਪਹਿਲਾ ਸਕੂਲ ਖੋਲ੍ਹਿਆ ਸੀ। ਅਧਿਆਤਮਕ ਸਿੱਖਿਆ ਨਾਲ ਵਿਦਿਆਰਥੀਆਂ ਵਿਚ ਦਯਾ, ਸੰਤੋਖ ਤੇ ਸਬਰ ਆ ਜਾਏਗਾ ਤੇ ਦੁਨਿਆਵੀ ਪੜ੍ਹਾਈ ਵਿਚ ਵੀ ਵਿਦਿਆਰਥੀ ਅੱਗੇ ਹੋਵੇਗਾ। ਇਸੇ ਲਈ ਉਨ੍ਹਾਂ ਨੇ ਸੰਤ ਤੇਜਾ ਸਿੰਘ ਨੂੰ ਇੰਗਲੈਂਡ ਦੀ ਕੈਂਬਰਿਜ ਤੇ ਅਮਰੀਕਾ ਵਿਚ ਹਾਰਵਰਡ ਯੂਨੀਵਰਸਿਟੀ ਵਿਚੋਂ ਉਚ ਸਿੱਖਿਆ ਲੈਣ ਲਈ ਭੇਜਿਆ ਤਾਂ ਕਿ ਕੁਆਲਿਟੀ ਐਜੂਕੇਸ਼ਨ ਬੱਚਿਆਂ ਤੱਕ ਪਹੁੰਚ ਸਕੇ। ਉਨ੍ਹਾਂ ਦੱਸਿਆ ਕਿ ਹੁਣ ਕਲਗੀਧਰ ਟਰੱਸਟ ਦੇ ਸਕੂਲਾਂ ਦੀ ਗਿਣਤੀ ਵਧ ਕੇ 130 ਤਕ ਪਹੁੰਚ ਚੁੱਕੀ ਹੈ, ਜਿਨ੍ਹਾਂ ਵਿਚ 6450 ਪਿੰਡਾਂ ਵਿਚੋਂ 70,000 ਬੱਚੇ ਪੜ੍ਹ ਰਹੇ ਹਨ। ਇਸ ਤੋਂ ਇਲਾਵਾ ਸੰਸਥਾ ਦੀਆਂ ਤਿੰਨ ਯੂਨੀਵਰਸਿਟੀਆਂ ਹਨ। 7000 ਬੱਚੇ ਮੁਫਤ ਪੜ੍ਹ ਰਹੇ ਹਨ, 15 ਹਜ਼ਾਰ ਅਸਿਸਟੈਡ ਐਜੂਕੇਸ਼ਨ ਲੈ ਰਹੇ ਹਨ। 70000 ਸਕਾਲਰਸ਼ਿਪ ਲੈ ਰਹੇ ਹਨ।। ਇਹ ਸਭ ਸੰਗਤਾਂ ਹੀ ਸਪਾਂਸਰ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਜਿਸ ਮਜ਼ਹਬ ਦੇ ਬੱਚੇ ਸੰਭਲ ਜਾਣ, ਉਹ ਮਜ਼ਹਬ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗਾ। ਇਸ ਲਈ ਆਓ ਪੰਥ ਦੇ ਬੱਚੇ ਸੰਭਾਲੀਏ। ਉਨ੍ਹਾਂ ਮਿਸਾਲ ਦਿੰਦਿਆਂ ਕਿਹਾ ਕਿ ਯਹੂਦੀਆਂ ਵਾਂਗ ਸਿੱਖ ਐਜੂਕੇਸ਼ਨ ਫੰਡ ਦੀ ਸਥਾਪਨਾ ਕਰ ਕੇ ਐਲਾਨ ਕਰੀਏ ਕਿ ਪੰਥ ਦਾ ਕੋਈ ਵੀ ਬੱਚਾ ਪੈਸੇ ਦੀ ਘਾਟ ਕਰਕੇ ਸਿੱਖਿਆ ਤੋਂ ਵਾਂਝਾ ਨਾ ਰਹੇ। ਸਾਡੀ ਕੌਮ ਤਾਂ ਹੀ ਸਿਰਮੌਰ ਬਣ ਸਕਦੀ ਹੈ ਜੇ ਬੱਚਿਆਂ ਨੂੰ ਉਚ ਕੋਟੀ ਦੀ ਸਿੱਖਿਆ ਦੇਈਏ।





ਸੰਤ ਤੇਜਾ ਸਿੰਘ ਦੀ ਸਲਾਹ 'ਤੇ ਬਾਬਾ ਇਕਬਾਲ ਸਿੰਘ ਜੀ, ਗੁਰਬਖਸ਼ ਸਿੰਘ ਤੇ ਖੇਮ ਸਿਘ ਜੀ ਗਿੱਲ ਜੀ ਨੇ ਮਿਲ ਕੇ ਹੀ 1959 ਵਿਚ ਬੜੂ ਸਾਹਿਬ ਦੀ ਸਥਾਪਨਾ ਕੀਤੀ। ਹੁਣ ਇਨ੍ਹਾਂ ਸੰਸਥਾਵਾਂ ਵਿਚ 70 ਹਜ਼ਾਰ ਬੱਚੇ ਪੜ੍ਹਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਦੀ 25% ਅਬਾਦੀ ਇਸ ਵੇਲੇ ਨਸ਼ਿਆਂ ਵਿਚ ਗ੍ਰਸਤ ਹੈ। ਕੇਂਦਰ ਸਰਕਾਰ ਦੀ ਰਿਪੋਰਟ ਮੁਤਾਬਿਕ ਪੰਜਾਬ ਦੀ ਕੁਲ ਅਬਾਦੀ ਵਿਚੋਂ 60 ਲੱਖ ਲੋਕ ਨਸ਼ੇ ਵਿਚ ਗ੍ਰਸਤ ਹਨ। 7 ਲੱਖ ਦੇ ਕਰੀਬ ਉਹ ਬੱਚੇ ਹਨ ਜਿਨ੍ਹਾਂ ਦੀ ਉਮਰ 10 ਤੋਂ 17 ਸਾਲ ਦੀ ਹੈ।

ਇਨ੍ਹਾਂ ਬਚਿਆਂ ਨੂੰ ਬਚਾਉਣ ਲਈ ਸ਼ੁਰੂ ਤੋਂ ਹੀ ਕੁਆਲਿਟੀ ਐਜੂਕੇਸ਼ਨ ਦੀ ਲੋੜ ਹੈ, ਸਾਡੇ ਬਹੁਤੇ ਸਕੂਲ ਪਿੰਡਾਂ ਵਿਚ ਹਨ। ਸਾਡੇ ਕੇਂਦਰਾਂ ਵਿਚ ਨਸ਼ਾ ਛੁਡਾਊ ਪ੍ਰੋਗਰਾਮ ਚੱਲ ਰਹੇ ਹਨ। ਇਕ ਹੋਰ ਨਸ਼ਾ ਛੁਡਾਊ ਕੇਂਦਰ ਚੜ੍ਹੀਗੜ੍ਹ ਵਿਚ ਖੋਲ੍ਹਿਆ ਜਾ ਰਿਹਾ ਹੈ। ਕੇਂਦਰ ਵਿਚ 6000 ਮਰੀਜ਼ ਇਲਾਜ ਕਰਵਾ ਰਹੇ ਹਨ। ਹਰ ਮਰੀਜ਼ 'ਤੇ 4000 ਡਾਲਰ ਦਾ ਖਰਚਾ ਹੈ।

ਉਨ੍ਹਾਂ ਹੋਰ ਦੱਸਿਆ ਕਿ ਬਾਬਾ ਇਕਬਾਲ ਸਿੰਘ ਜੀ ਨੇ 110 ਕਰੋੜ ਦਾ ਲੋਨ ਸਿਖਿਆ ਦੇ ਪ੍ਰਸਾਰ, ਸਕੂਲ ਖੋਲ੍ਹਣ ਲਈ ਲਿਆ ਸੀ। ਸੰਗਤਾਂ ਦੇ ਸਹਿਯੋਗ ਨਾਲ ਅੱਧਾ ਕਰਜ਼ਾ ਉਤਾਰ ਚੁੱਕੇ ਹਾਂ ਅਜੇ ਵੀ 5 ਮਿਲੀਅਨ ਦਾ ਕਰਜ਼ਾ ਹੈ। 'ਆਓ ਬਾਬਾ ਇਕਬਾਲ ਸਿੰਘ ਦੀ ਮੁਹਿੰਮ 'ਬੱਚਾ ਪੜ੍ਹਾਓ, ਪੰਜਾਬ ਬਚਾਓ' ਵਿਚ ਹਿੱਸਾ ਪਾਈਏ ਤੇ ਰਲ ਕੇ ਇਸ ਕਰਜ਼ੇ ਨੂੰ ਵੀ ਉਤਾਰ ਦੇਈਏ। ਹੁਣ 130 ਸਕੂਲਾਂ ਵਿਚ ਸਵਾ ਲੱਖ ਬੱਚਾ ਪੜ੍ਹ ਸਕਦਾ ਹੈ। ਇਕ ਬੱਚੇ ਦੀ ਸਪਾਂਸਰਸ਼ਿਪ 5000 ਡਾਲਰ ਹੈ। ਜੋ ਬੱਚੇ ਦੀ ਹਾਈ ਸਕੂਲ ਤੱਕ ਐਜੂਕੇਸ਼ਨ ਲਈ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਬੱਚਿਆਂ ਨੂੰ ਸਪਾਂਸਰ ਕਰੋ। ਉਨ੍ਹਾਂ ਸੰਗਤ ਦਾ ਧੰਨਵਾਦ ਕਰਦਿਆਂ ਆਪਣੇ ਦਸਵੰਧ ਵਿਚੋਂ ਹਿੱਸਾ ਕੱਢਣ ਲਈ ਕਿਹਾ ਤਾਂ ਕਿ ਖਾਲਸੇ ਦੇ ਆਪਣੇ ਹੋਰ ਸਕੂਲ, ਕਾਲਜ ਹਸਪਤਾਲ ਹੋਣ। ਉਨ੍ਹਾਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ।

ਸੰਸਥਾ ਨਾਲ ਸ਼ੁਰੂ ਤੋਂ ਜੁੜੇ ਰਵੀਦੀਪ ਮੁਕਤਾ ਨੇ ਕਿਹਾ ਕਿ ਉਹ ਗੁਰੂ ਘਰ ਦੀਆਂ ਸੰਗਤਾਂ ਤੇ ਪ੍ਰਬੰਧਕ ਕਮੇਟੀ ਦੇ ਧੰਨਵਾਦੀ ਹਨ, ਜਿਨ੍ਹਾਂ 1994 ਤੋਂ ਹੁਣ ਤਕ ਬੜੂ ਸਾਹਿਬ, ਕਲਗੀਧਰ ਟਰੱਸਟ ਦੀ ਹਰ ਖੇਤਰ ਵਿਚ ਇਖਲਾਕੀ ਮਦਦ ਕੀਤੀ ਤੇ ਆਰਥਿਕ ਪੱਖੋਂ ਵੀ ਵੱਡਾ ਯੋਗਦਾਨ ਪਾਇਆ ਹੈ। ਮੇਜਰ ਗੁਰਚਰਨ ਸਿੰਘ ਝੱਜ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਉਨ੍ਹਾਂ ਦੱਸਿਆ ਕਿ ਝੱਜ ਸਾਹਿਬ ਨੇ ਪਿਛਲੇ 35 ਸਾਲਾਂ ਤੋਂ ਬੜੂ ਸਾਹਿਬ ਤੇ ਕਲਗੀਧਰ ਟਰੱਸਟ ਨੂੰ ਭਰਵਾਂ ਸਹਿਯੋਗ ਦਿੱਤਾ ਹੈ। ਮੁਕਤਾ ਨੇ ਗੁਰਚਰਨ ਸਿੰਘ ਝੱਜ ਪਰਿਵਾਰ-ਜੈ ਦੇਵ (ਸੱਤੀ) ਭੱਠਲ, ਸੁਖਰਾਜ ਸਿੰਘ ਤੱਖਰ ਤੇ ਹੋਰ ਸਾਰੀ ਦਾਨੀ ਸੰਗਤ ਦਾ ਧੰਨਵਾਦ ਕੀਤਾ।

ਜ਼ਿਕਰਯੋਗ ਹੈ ਕਿ ਮੇਜਰ ਗੁਰਚਰਨ ਸਿੰਘ ਝੱਜ ਨੇ ਅਕਾਲ ਅਕੈਡਮੀ ਲਈ ਜ਼ਮੀਨ ਖਰੀਦ ਕੇ ਦਿੱਤੀ ਸੀ, ਜਿਸ ਦੀ ਕੀਮਤ ਤਕਰੀਬਨ 3 ਕਰੋੜ ਰੁਪਏ ਸੀ। ਰਵੀਦੀਪ ਮੁਕਤਾ ਨੇ ਦੱਸਿਆ ਕਿ ਜਿਹੜੇ ਬੱਚੇ ਪੜ੍ਹਾਈ ਦੀ ਫੀਸ ਨਹੀਂ ਦੇ ਸਕਦੇ, ਉਨ੍ਹਾਂ ਦੀ ਫੀਸ ਦਾ ਪ੍ਰਬੰਧ ਸਪਾਂਸਰ ਕਰਦੇ ਹਨ। ਜੇ ਸੰਗਤ ਇਕ ਜਾਂ ਵੱਧ ਬੱਚਿਆਂ ਦੀ ਪੜ੍ਹਾਈ ਦੀ ਜ਼ਿੰਮੇਵਾਰੀ ਰਲ-ਮਿਲ ਕੇ ਲੈ ਲਵੇ ਤਾਂ ਉਹ ਹੋਰ ਵੱਧ ਬੱਚੇ ਇਸ 'ਸਪਾਂਸਰ ਪ੍ਰੋਗਰਾਮ' ਅਧੀਨ ਸ਼ਾਮਲ ਕਰ ਸਕਦੇ ਹਨ। ਇਹ ਸੰਸਥਾ ਇਥੇ ਵੀ 501 ਸੀ ਨਾਲ ਰਜਿਸਟਰ ਹੈ।

ਤੁਸੀਂ ਅਕਾਲ ਅਕੈਡਮੀ ਵਿਚ ਆਪਣੇ ਸਪਾਂਸਰ ਕੀਤੇ ਬੱਚੇ ਨੂੰ ਬੜੂ ਸਾਹਿਬ ਆ ਕੇ ਮਿਲ ਵੀ ਸਕਦੇ ਹੋ, ਜ਼ੂਮ ਰਾਹੀਂ ਗੱਲਬਾਤ ਕਰ ਸਕਦੇ ਹੋ। ਬੜੂ ਸਾਹਿਬ ਨਾਲ ਕਾਫੀ ਅਰਸੇ ਤੋਂ ਜੁੜੇ ਹੋਏ ਸ. ਜਸਪਾਲ ਸਿੰਘ ਸਿੱਧੂ (ਕੈਲੀਫੋਰਨੀਆ) ਨੇ ਬੜੂ ਸਾਹਿਬ ਦੇ ਇਤਿਹਾਸ ਤੇ ਮਿਸ਼ਨ ਬਾਰੇ ਚਾਨਣਾ ਪਾਇਆ। ਉਨ੍ਹਾਂ ਸੰਦੇਸ਼ ਦਿੱਤਾ ਕਿ ਆਉਣ ਵਾਲਾ ਯੁੱਗ ਪੜ੍ਹਾਈ ਦਾ ਹੈ ਤੇ ਜੇ ਸਿੱਖਾਂ ਨੇ ਕਾਮਯਾਬ ਹੋਣਾ ਹੈ ਤਾਂ ਬੱਚਿਆਂ ਦੀ ਪੜ੍ਹਾਈ ਉਤੇ ਵੱਧ ਤੋਂ ਵੱਧ ਜ਼ੋਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬੜੂ ਸਾਹਿਬ ਹੀ ਇਕੋ ਇਕ ਸੰਸਥਾ ਹੈ, ਜੋ ਸਹੀ ਅਰਥਾਂ ਵਿਚ ਬੱਚਿਆਂ ਨੂੰ ਉਚ ਸਿੱਖਿਆ ਦੇ ਕੇ ਉਨ੍ਹਾਂ ਦੀ ਜ਼ਿੰਦਗੀ ਦੀ ਨੁਹਾਰ ਬਦਲ ਰਹੀ ਹੈ। 70 ਹਜ਼ਾਰ ਬੱਚਿਆਂ ਨੂੰ ਪੜ੍ਹਾ ਕੇ ਆਪਣੇ ਪੈਰਾਂ 'ਤੇ ਖੜ੍ਹਾ ਕਰਨਾ ਸੁਖਾਲਾ ਕੰਮ ਨਹੀਂ ਹੈ। ਕਲਗੀਧਰ ਟਰੱਸਟ ਬੜੂ ਸਾਹਿਬ ਖੇਤਰ ਪੰਜ ਰਾਜਾਂ ਪੰਜਾਬ, ਹਰਿਆਣਾ, ਹਿਮਾਚਲ ਤੇ ਯੂ.ਪੀ ਵਿਚ ਹੈ। ਇਹ ਸੰਸਥਾ ਕੁਆਲਿਟੀ ਐਜੂਕੇਸ਼ਨ ਵੱਲ ਧਿਆਨ ਦੇਂਦੀ ਹੈ।

ਉਨ੍ਹਾਂ ਆਖਿਆ ਕਿ ਬੜੂ ਸਾਹਿਬ ਦਾ ਮਿਸ਼ਨ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੀ ਦੂਰ-ਦ੍ਰਿਸ਼ਟੀ ਦਾ ਨਤੀਜਾ ਹੈ। ਉਚੀ ਤੇ ਮਿਆਰੀ ਸਿੱਖਿਆ ਦੇ ਮਿਸ਼ਨ ਅਧੀਨ 1962 ਵਿਚ ਬੜੂ ਸਾਹਿਬ ਲਈ ਜ਼ਮੀਨ ਖਰੀਦੀ ਗਈ, ਪਰ ਉਥੇ ਪਹਿਲਾ ਸਕੂਲ 1985 ਵਿਚ ਖੋਲ੍ਹਿਆ ਗਿਆ, ਜਿਥੇ ਕੇਵਲ ਪੰਜ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਸੀ। ਉਪਰੰਤ ਬਾਬਾ ਇਕਬਾਲ ਸਿੰਘ ਡਾਇਰੈਕਟਰ ਖੇਤੀਬਾੜੀ ਵਿਭਾਗ ਹਿਮਾਚਲ ਪ੍ਰਦੇਸ਼ ਤੇ ਡਾ. ਖੇਮ ਸਿੰਘ ਗਿੱਲ ਨੇ ਇਸ ਮਿਸ਼ਨ ਨੂੰ ਅੱਗੇ ਵਧਾਇਆ, ਜੋ ਦੇਸ਼ ਪ੍ਰਦੇਸ ਦੀਆਂ ਸੰਗਤਾਂ ਦੇ ਸਹਿਯੋਗ ਨਾਲ130 ਸਕੂਲਾਂ ਤੇ ਤਿੰਨ ਯੂਨੀਵਰਸਿਟੀਆਂ ਤਕ ਪਹੁੰਚ ਚੁਕਾ ਹੈ।

ਸੰਗਤਾਂ ਦਾ ਧੰਨਵਾਦ ਕਰਦਿਆਂ ਉਨ੍ਹਾਂ ਕਿਹਾ ਕਿ ਤੁਹਾਡੀ ਮਦਦ ਨਾਲ ਸਕੂਲ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਸੰਗਤ ਨੂੰ ਇਸ ਪੁੰਨ ਦੇ ਕਾਰਜ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ।

ਮੇਜਰ ਗੁਰਚਰਨ ਸਿੰਘ ਝੱਜ ਨੇ ਕਿਹਾ ਕਿ ਬੜੂ ਸਾਹਿਬ ਅਕਾਲ ਅਕੈਡਮੀ ਦਾ ਉਦਮ ਬਹੁਤ ਹੀ ਸ਼ਲਾਘਾਯੋਗ ਹੈ। ਸ਼ਿਕਾਗੋ ਦੀ ਸੰਗਤ ਹਮੇਸ਼ਾ ਹੀ ਆਪਣਾ ਤਿਲ ਫੁੱਲ ਜ਼ਰੂਰ ਪਾਉਂਦੀ ਹੈ। ਬੜੀ ਖੁਸ਼ੀ ਦੀ ਗੱਲ ਹੈ ਕਿ ਗੁਰਦੁਆਰਾ ਪੈਲਾਟਾਈਨ ਦੀ ਸੰਗਤ ਨੇ ਬਾਕੀ ਸਟੇਟਾਂ ਨਾਲੋਂ ਵੱਧ ਫੰਡ ਮੁਹੱਈਆ ਕਰਵਾਇਆ ਹੈ। ਉਨ੍ਹਾਂ ਦੱਸਿਆ ਕਿ ਹੁਣ ਤਕ 1 ਲੱਖ 26 ਹਜ਼ਾਰ ਡਾਲਰ ਇਕੱਠੇ ਹੋਏ ਹਨ। ਉਨ੍ਹਾਂ ਅਪੀਲ ਕੀਤੀ ਕਿ ਇਸ ਕਾਰਜ ਵਿਚ ਸਾਨੂੰ ਸਭ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

"ਜਸ ਟੀ.ਵੀ. ਵਲੋਂ ਨਵੇਂ ਸਾਲ ਦੇ ਪਹਿਲੇ ਦਿਨ 'ਬੜੂ ਸਾਹਿਬ ਕਲਗੀਧਰ ਟਰੱਸਟ ਦੀਆਂ ਪ੍ਰਾਪਤੀਆਂ ਤੇ ਟੀਚੇ' ਬਾਰੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਜੈ ਦੇਵ ਭੱਠਲ ਦੇ ਗ੍ਰਹਿ ਵਿਖੇ ਇਸ ਉਚੇਚੀ ਮਿਲਣੀ ਦੇ ਸਮਾਗਮ ਵਿਚ 'ਅੱਜ ਦਾ ਮੁੱਦਾ' ਪ੍ਰੋਗਰਾਮ ਵਿਚ ਬੜੂ ਸਾਹਿਬ ਕਲਗੀਧਰ ਟਰੱਸਟ ਸੰਸਥਾ ਵਲੋਂ ਚਲਾਏ ਜਾ ਰਹੇ ਸਿੱਖਿਆ ਖੇਤਰ ਦੇ ਮਹੱਤਵਪੂਰਨ ਮੁੱਦਿਆਂ 'ਤੇ ਵਿਚਾਰ ਚਰਚਾ ਦਾ ਲਾਈਵ ਪ੍ਰਸਾਰਣ ਕੀਤਾ ਗਿਆ। ਪੈਨਲ ਵਿਚ ਬੜੂ ਸਾਹਿਬ ਦੇ ਨੁਮਾਇੰਦੇ ਤੇ ਇਥੋਂ ਦੇ ਕੁਝ ਪਤਵੰਤੇ ਸੱਜਣਾਂ ਨਾਲ ਬੜੂ ਸਾਹਿਬ ਬਾਰੇ ਇੰਟਰਵਿਊ ਕੀਤੇ ਗਏ। ਉਸ ਦੀ ਵਿਸਥਾਰਤ ਰਿਪੋਰਟ 'ਪੰਜਾਬ ਟਾਈਮਜ਼' ਦੇ ਅਗਲੇ ਅੰਕ ਵਿਚ ਪੇਸ਼ ਕੀਤੀ ਜਾਏਗੀ।

# ਚੋਣ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਸੰਬੰਧੀ ਕਾਨੂੰਨ ਦੀ ਜਾਂਚ ਕਰੇਗਾ ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਜਦੋਂ ਚੋਣ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਸਬੰਧੀ ਕਾਨੂੰਨ ਦੀ ਜਾਂਚ ਕਰੇਗਾ ਤਾਂ ਉਸ 'ਤੇ ਸਾਰਿਆ ਦੀ ਨਜ਼ਰ ਰਹੇਗੀ ਕਿਉਂਕਿ ਚੋਣ ਕਮੇਟੀ 'ਚ ਭਾਰਤ ਦੇ ਚੀਫ਼ ਜਸਟਿਸ ਨੂੰ ਮੈਂਬਰ ਨਾ ਬਣਾਏ ਜਾਣ ਨੂੰ ਲੈ ਕੇ ਇਸ ਦੀ ਵੈਧਤਾ ਨੂੰ ਚੁਣੌਤੀ ਦਿੱਤੀ ਗਈ ਹੈ। ਮੁੱਖ ਚੋਣ ਕਮਿਸ਼ਨਰ ਅਤੇ ਹੋਰ ਦੇਣ ਕਮਿਸ਼ਨਰ (ਨਿਯੁਕਤੀ, ਸੇਵਾ ਦੀਆਂ ਸ਼ਰਤਾਂ ਅਤੇ ਅਹੁਦੇ ਦੀ ਮਿਆਦ) ਐਕਟ ਦਸੰਬਰ 2023 'ਚ ਲਾਗੂ ਹੋਇਆ ਸੀ। ਇਸ ਦੀ ਪਹਿਲੀ ਵਾਰ ਵਰਤੋਂ ਮਾਰਚ 2024 'ਚ ਗਿਆਨੇਸ਼ ਕੁਮਾਰ ਅਤੇ ਐੱਸਐੱਸ ਸੰਧੂ ਨੂੰ ਚੋਣ ਕਮਿਸ਼ਨਰ ਵਜੋਂ ਨਿਯੁਕਤ ਕਰਨ ਲਈ ਕੀਤੀ ਗਈ ਸੀ। ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ 65 ਸਾਲ ਦੇ ਹੋਣ ਮਗਰੋਂ 18 ਫਰਵਰੀ ਨੂੰ ਰਿਟਾਇਰ ਹੋ ਜਾਣਗੇ। ਇਸ ਕਾਰਨ ਪਹਿਲੀ ਵਾਰ ਮੁੱਖ ਚੋਣ ਕਮਿਸ਼ਨਰ ਦੀ ਨਿਯੁਕਤੀ ਨਵੇਂ ਕਾਨੂੰਨ ਤਹਿਤ ਕੀਤੀ ਜਾਵੇਗੀ। ਨਵਾਂ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਸਰਕਾਰ ਦੀ ਸਿਫ਼ਾਰਸ਼ 'ਤੇ ਰਾਸ਼ਟਰਪਤੀ ਵੱਲੋਂ ਕੀਤੀ ਜਾਂਦੀ ਸੀ।



ਰਵਾਇਤ ਮੁਤਾਬਕ ਸਭ ਤੋਂ ਸੀਨੀਅਰ ਚੋਣ ਕਮਿਸ਼ਨਰ ਨੂੰ ਤਰੱਕੀ ਦੇ ਕੇ ਮੁੱਖ ਚੋਣ ਕਮਿਸ਼ਨਰ ਨਿਯੁਕਤ ਕੀਤਾ ਜਾਂਦਾ ਸੀ। ਪਰ ਇਸ ਵਾਰ ਪ੍ਰਧਾਨ ਮੰਤਰੀ ਦੀ ਅਗਵਾਈ ਹੇਠਲੀ ਕਮੇਟੀ ਨਵੇਂ ਚੋਣ ਕਮਿਸ਼ਨਰ ਬਾਰੇ ਫ਼ੈਸਲਾ ਲਵੇਗੀ। ਇਸ ਸਮੇਂ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਸੀਨੀਅਰ ਹਨ ਅਤੇ ਉਨ੍ਹਾਂ ਦਾ ਕਾਰਜਕਾਲ 26 ਜਨਵਰੀ, 2029 ਤੱਕ ਹੈ। ਕਾਨੂੰਨ ਮੁਤਾਬਕ ਕਾਨੂੰਨ ਮੰਤਰੀ ਦੀ ਅਗਵਾਈ ਅਤੇ ਦੋ ਕੇਂਦਰੀ ਸਕੱਤਰਾਂ 'ਤੇ ਆਧਾਰਿਤ ਖੋਜ ਕਮੇਟੀ ਪੰਜ ਨਾਵਾਂ ਦੀ ਚੋਣ ਕਰਕੇ ਚੋਣ ਕਮੇਟੀ ਨੂੰ ਭੇਜੇਗੀ। ਇਸ ਮਗਰੋਂ ਪ੍ਰਧਾਨ ਮੰਤਰੀ ਦੀ ਅਗਵਾਈ ਹੇਠਲੀ ਸਿਲੈਕਸ਼ਨ ਕਮੇਟੀ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਲਈ ਰਾਸ਼ਟਰਪਤੀ ਕੋਲ ਉਨ੍ਹਾਂ ਪੰਜ ਨਾਵਾਂ ਦੀ ਸਿਫ਼ਾਰਸ਼ ਕਰੇਗੀ। ਚੋਣ ਕਮੇਟੀ 'ਚ ਪ੍ਰਧਾਨ ਮੰਤਰੀ, ਉਨ੍ਹਾਂ ਵੱਲੋਂ ਨਾਮਜ਼ਦ ਇਕ ਕੇਂਦਰ ਮੰਤਰੀ ਅਤੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਸ਼ਾਮਲ ਹੋਣਗੇ।

# ਭਾਰਤ ਦੀ ਅਰਥ ਵਿਵਸਥਾ ਇਸ ਸਾਲ ਕਮਜ਼ੋਰ ਰਹੇਗੀ-ਆਈ. ਐੱਮ.ਐੱਫ.

**ਵਾਸ਼ਿੰਗਟਨ:** ਕੌਮਾਂਤਰੀ ਮੁਦਰਾ ਫੰਡ (ਆਈ.ਐੱਮ.ਐੱਫ.) ਦੀ ਮੈਨੇਜਿੰਗ ਡਾਇਰੈਕਟਰ ਕ੍ਰਿਸਟਲੀਨਾ ਜੌਰਜੀਵਾ ਨੇ ਕਿਹਾ ਹੈ ਕਿ ਸਥਿਰ ਆਲਮੀ ਵਿਕਾਸ ਦੇ ਬਾਵਜੂਦ 2025 'ਚ ਭਾਰਤੀ ਅਰਥਚਾਰੇ ਦੇ ਥੋੜ੍ਹਾ ਕਮਜ਼ੋਰ ਰਹਿਣ ਦੀ ਸੰਭਾਵਨਾ ਹੈ। ਜੌਰਜੀਵਾ ਨੇ ਕਿਹਾ ਕਿ ਇਸ ਸਾਲ ਦੁਨੀਆ ਖਾਸ ਕਰਕੇ ਅਮਰੀਕੀ ਵਪਾਰ ਨੀਤੀ 'ਚ ਥੋੜ੍ਹੀ ਦੁਚਿੱਤੀ ਰਹਿਣ ਦੀ ਸੰਭਾਵਨਾ ਦਿਖਾਈ ਦੇ ਰਹੀ ਹੈ। ਉਨ੍ਹਾਂ ਆਪਣੀ ਸਾਲਾਨਾ ਮੀਡੀਆ ਗੋਲਮੇਜ਼ ਮੀਟਿੰਗ ਦੌਰਾਨ ਕਿਹਾ ਕਿ ਸਾਲ 2025 'ਚ ਆਲਮੀ ਵਿਕਾਸ ਦਰ ਸਥਿਰ ਰਹਿਣ ਦੀ ਸੰਭਾਵਨਾ ਹੈ,ਪਰ ਇਸ 'ਚ ਕਈ ਖੇਤਰੀ ਵੱਖਰੇਵੇਂ ਦੇਖਣ ਨੂੰ ਮਿਲਣਗੇ। ਜੌਰਜੀਵਾ ਨੇ ਪਿਛਲੇ ਕੁਝ ਸਾਲਾਂ 'ਚ ਦੁਨੀਆਂ ਦੇ ਸਭ ਤੋਂ ਤੇਜ਼ੀ ਨਾਲ ਵਧਣ ਵਾਲੇ ਅਹਿਮ ਅਰਥਚਾਰਿਆਂ 'ਚ ਸ਼ਾਮਲ ਭਾਰਤੀ ਅਰਥਚਾਰੇ ਦੇ 2025 'ਚ ਥੋੜ੍ਹਾ ਕਮਜ਼ੋਰ ਰਹਿਣ ਦੀ ਸੰਭਾਵਨਾ ਵੀ ਜਤਾਈ। ਉਂਜ ਉਨ੍ਹਾਂ ਇਸ ਬਾਰੇ ਜ਼ਿਆਦਾ ਨਹੀਂ ਦੱਸਿਆ। ਉਨ੍ਹਾਂ ਕਿਹਾ, 'ਅਮਰੀਕਾ ਸਾਡੇ ਅੰਦਾਜ਼ਿਆਂ ਤੋਂ ਕਾਫੀ ਬਿਹਤਰ ਪ੍ਰਦਰਸ਼ਨ ਕਰ ਰਿਹਾ ਹੈ। ਯੂਰਪੀ ਸੰਘ 'ਚ ਕੁਝ ਹੱਦ ਤੱਕ ਖੜੋਤ ਆ ਗਈ। ਹੈ ਅਤੇ ਭਾਰਤ ਥੋੜਾ ਕਮਜ਼ੋਰ ਹੈ।'' ਇਸ ਦੇ ਨਾਲ ਬ੍ਰਾਜ਼ੀਲ ਕੁਝ ਹੱਦ ਤੱਕ ਵਧੀ ਹੋਈ ਮਹਿੰਗਾਈ ਦਰ ਨਾਲ ਜੂਝ ਰਿਹਾ ਹੈ।ਉਨ੍ਹਾਂ ਕਿਹਾ ਕਿ ਮੁਲਕਾਂ ਨੂੰ ਵਿਕਾਸ ਪੱਖੀ ਨੀਤੀਆਂ ਘੜਨ ਦੀ ਲੋੜ ਹੈ। ਉਨ੍ਹਾਂ ਕਿਹਾ, 'ਖਦਸ਼ਾ ਹੈ ਕਿ 2025 'ਚ ਆਰਥਿਕ ਨੀਤੀਆਂ ਦੇ ਮਾਮਲੇ 'ਚ ਕਾਫੀ ਬੇਯਕੀਨੀ ਰਹੇਗੀ। ਹੈਰਾਨੀ ਦੀ ਗੱਲ ਨਹੀਂ ਹੈ ਕਿ ਅਮਰੀਕੀ ਅਰਥਚਾਰੇ ਦੇ ਆਕਾਰ ਤੇ ਭੂਮਿਕਾ ਨੂੰ ਦੇਖਦਿਆਂ ਆਉਣ ਵਾਲੇ ਪ੍ਰਸ਼ਾਸਨ ਦੇ ਨੀਤੀਗਤ ਕਦਮਾਂ, ਖਾਸ ਕਰਕੇ ਟੈਕਸ ਤੇ ਸਰਕਾਰੀ ਸਮਰੱਥਾ ਨੂੰ ਲੈ ਕੇ ਆਲਮੀ ਪੱਧਰ 'ਤੇ ਡੂੰਘੀ ਦਿਲਸਚਪੀ ਹੈ।'



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਮੈਂ ਕਪਿਲ ਦੇਵ ਨੂੰ ਮਾਰਨ ਉਸਦੇ ਘਰ ਗਿਆ ਸੀ: ਯੋਗਰਾਜ ਸਿੰਘ

**ਨਵੀਂ ਦਿੱਲੀ:** ਕ੍ਰਿਕਟਰ ਯੁਵਰਾਜ ਸਿੰਘ ਦੇ ਪਿਤਾ ਤੇ ਖ਼ੁਦ ਵੀ ਕ੍ਰਿਕਟਰ ਰਹਿ ਚੁੱਕੇ ਯੋਗਰਾਜ ਸਿੰਘ ਨੇ ਕਿਹਾ ਕਿ ਇਕ ਵਾਰ ਉਹ ਕਪਿਲ ਦੇਵ ਨੂੰ ਮਾਰਨ ਲਈ ਪਿਸਤੌਲ ਲੈ ਕੇ ਉਨ੍ਹਾਂ ਦੇ ਘਰ ਪੁੱਜ ਗਏ ਸਨ, ਕਿਉਂਕਿ ਉਨ੍ਹਾਂ ਨੇ ਉਸ ਨੂੰ ਭਾਰਤੀ ਟੀਮ ਤੋਂ ਬਾਹਰ ਕਰਵਾ ਦਿੱਤਾ ਸੀ। ਉਨ੍ਹਾਂ ਸਵਰਗੀ ਬਿਸ਼ਨ ਸਿੰਘ ਬੇਦੀ ਪ੍ਰਤੀ ਵੀ ਆਪਣੀ ਨਾਰਾਜ਼ਗੀ ਪ੍ਰਗਟਾਈ ਤੇ ਕਿਹਾ ਕਿ ਮੈਂ ਉਨ੍ਹਾਂ ਨੂੰ ਕਦੇ ਮਾਫ਼ ਨਹੀਂ ਕੀਤਾ।ਇਕ ਪਾਡਕਾਸਟ 'ਚ ਯੋਗਰਾਜ ਸਿੰਘ ਨੇ ਕਿਹਾ, 'ਜਦੋਂ ਕਪਿਲ ਦੇਵ ਭਾਰਤ, ਨਾਰਥ ਜ਼ੋਨ ਤੇ ਹਰਿਆਣਾ ਦੇ ਕਪਤਾਨ ਬਣੇ ਤਾਂ ਉਨ੍ਹਾਂ ਬਿਨਾਂ ਕਾਰਨ ਉਨ੍ਹਾਂ ਨੂੰ ਟੀਮ ਤੋਂ ਬਾਹਰ ਕਰਵਾ ਦਿੱਤਾ। ਮੇਰੀ ਪਤਨੀ ਸ਼ਬਨਮ (ਯੁਵਰਾਜ ਸਿੰਘ ਦੀ ਮਾਂ) ਚਾਹੁੰਦੀ ਸੀ ਕਿ ਮੈਂ ਕਪਿਲ ਤੋਂ ਇਸ ਬਾਰੇ ਸਵਾਲ ਕਰਾਂ। ਮੈਂ ਉਸ ਨੂੰ ਕਿਹਾ ਕਿ ਮੈਂ ਉਸ ਆਦਮੀ ਨੂੰ ਸਬਕ ਸਿਖਾਵਾਂਗਾ। ਮੈਂ ਆਪਣੀ ਪਿਸਤੌਲ ਕੱਢੀ ਤੇ ਕਪਿਲ ਦੇਵ ਦੇ ਚੰਡੀਗੜ੍ਹ ਦੇ ਸੈਕਟਰ-9 'ਚ ਸਥਿਤ ਘਰ ਪੁੱਜ ਗਿਆ। ਉਹ ਆਪਣੀ ਮਾਂ ਨਾਲ ਬਾਹਰ ਆਇਆ। ਮੈਂ ਉਸ ਨੂੰ ਦਰਜਨਾਂ ਗਾਲਾਂ ਕੱਢੀਆਂ। ਮੈਂ ਉਸ ਨੂੰ ਕਿਹਾ ਕਿ ਤੁਹਾਡੇ ਕਾਰਨ ਮੈਂ ਆਪਣਾ ਇਕ



ਦੋਸਤ ਗੁਆ ਦਿੱਤਾ ਤੇ ਤੁਸੀਂ ਜੋ ਵੀ ਕੀਤਾ ਹੈ ਤੁਸੀਂ ਉਸ ਦੀ ਕੀਮਤ ਚੁਕਾਓਗੇ ।


ਜੇ ਉਸ ਨੂੰ ਕਿਹਾ ਕਿ ਮੈਂ ਤੁਹਾਡੇ ਸਿਰ 'ਚ ਗੋਲੀ ਮਾਰਨਾ ਚਾਹੁੰਦਾ ਹਾਂ ਪਰ ਮੈਂ ਅਜਿਹਾ ਨਹੀਂ ਕਰ ਰਿਹਾ ਹਾਂ, ਕਿਉਂਕਿ ਤੁਹਾਡੀ ਬਹੁਤ ਹੀ ਸਤਿਕਾਰਯੋਗ ਮਾਂ ਹੈ, ਜੋ ਇੱਥੇ ਖੜ੍ਹੀ ਹੈ। ਮੈਂ ਸ਼ਬਨਮ ਨੂੰ ਕਿਹਾ ਕਿ ਚਲੋ ਚੱਲਦੇ ਹਾਂ।'' ਯੋਗਰਾਜ ਨੇ ਕਿਹਾ ਕਿ ਕਪਿਲ ਦੇਵ ਤੇ ਬਿਸ਼ਨ ਸਿੰਘ ਬੇਦੀ ਦੀ ਰਾਜਨੀਤੀ ਕਾਰਨ ਨਾਰਥ ਜ਼ੋਨ ਦੀ ਟੀਮ ਤੋਂ ਬਾਹਰ ਹੋਣ ਮਗਰੋਂ ਉਨ੍ਹਾਂ ਕ੍ਰਿਕਟ ਛੱਡਣ ਦਾ ਫ਼ੈਸਲਾ ਕੀਤਾ ਸੀ। ਉਨ੍ਹਾਂ ਕਿਹਾ, 'ਬਿਸ਼ਨ ਸਿੰਘ ਬੇਦੀ ਤੇ ਇਨ੍ਹਾਂ ਲੋਕਾਂ ਨੇ ਮੇਰੇ ਵਿਰੁੱਧ ਸਾਜ਼ਿਸ਼ ਰਚੀ। ਮੈਂ ਬੇਦੀ ਨੂੰ ਕਦੇ ਮਾਫ਼ ਨਹੀਂ ਕੀਤਾ। ਉਹ ਵਿਅਕਤੀ ਬਿਸਤਰ 'ਤੇ ਮਰਿਆ। ਜਦੋਂ ਮੈਨੂੰ ਟੀਮ ਤੋਂ ਬਾਹਰ ਕੀਤਾ ਗਿਆ ਸੀ ' ਤਾਂ ਮੈਂ ਇਕ ਚੋਣਕਰਤਾ ਰਵਿੰਦਰ ਚੱਢਾ ਨਾਲ ਗੱਲ ਕੀਤੀ ਸੀ। ਉਨ੍ਹਾਂ ਮੈਨੂੰ ਦੱਸਿਆ ਸੀ ਕਿ ਬੇਦੀ (ਉਦੋਂ ਮੁੱਖ ਚੋਣਕਾਰ) ਮੈਨੂੰ ਨਹੀਂ ਚੁਣਨਾ ਚਾਹੁੰਦੇ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਮੈਂ ਸੁਨੀਲ ਗਾਵਸਕਰ ਦਾ ਆਦਮੀ ਹਾਂ, ਕਿਉਂਕਿ ਮੈਂ ਮੁੰਬਈ 'ਚ ਕ੍ਰਿਕਟ ਖੇਡ ਰਿਹਾ। ਸੀ। ਮੈਂ ਗਾਵਸਕਰ ਦੇ ਬੇਹੱਦ ਕਰੀਬ ਸੀ।' ਉਨ੍ਹਾਂ ਕਿਹਾ, '2011 'ਚ ਭਾਰਤ ਦੇ ਵਿਸ਼ਵ ਕੱਪ ਜਿੱਤਣ ਮਗਰੋਂ ਸਿਰਫ ਇਕ ਆਦਮੀ। ਰੋ ਰਿਹਾ ਸੀ ਤੇ ਉਹ ਕਪਿਲ ਦੇਵ ਸੀ। ਮੈਂ ਉਸ ਨੂੰ ਨਿਊਜ਼ ਪੇਪਰ ਦੀ ਕਟਿੰਗ ਭੇਜੀ ਸੀ ਤੇ ਕਿਹਾ ਸੀ ਕਿ ਮੇਰਾ ਪੁੱਤਰ ਵਿਸ਼ਵ ਕੱਪ 'ਚ ਤੁਹਾਡੇ ਤੋਂ ਬਿਹਤਰ ਹੈ।

## ਐੱਮ.ਐੱਸ. ਧੋਨੀ ਬਾਰੇ ਲਿਆ ਯੂ-ਟਰਨ

ਯੋਗਰਾਜ ਸਿੰਘ ਨੇ ਐੱਮ.ਐੱਸ. ਧੋਨੀ ਬਾਰੇ ਯੂ-ਟਰਨ ਲੈਂਦੇ ਹੋਏ ਕਿਹਾ, 'ਧੋਨੀ ਕਾਫੀ ਪ੍ਰੇਰਿਤ ਕਰਨ ਵਾਲਾ ਕਪਤਾਨ ਸੀ ਜੋ ਲੋਕਾਂ ਨੂੰ ਦੱਸ ਸਕਦਾ ਹੈ ਕਿ ਕੀ ਕਰੀਏ। ਧੋਨੀ ਦੀ ਸਭ ਤੋਂ ਵਧੀਆ ਗੱਲ ਇਹ ਹੈ। ਕਿ ਉਹ ਵਿਕਟ ਨੂੰ ਪੜ੍ਹ ਕੇ ਗੇਂਦਬਾਜ਼ਾਂ ਨੂੰ ਦੱਸ ਸਕਦਾ ਹੈ ਕਿ ਕਿੱਥੇ ਬਾਲ ਸੁੱਟੋ।' ਜ਼ਿਕਰਯੋਗ ਹੈ ਕਿ 2024 'ਚ ਉਨ੍ਹਾਂ ਯੁਵਰਾਜ ਦੇ ਸਮੇਂ ਤੋਂ ਪਹਿਲਾਂ ਸੰਨਿਆਸ ਲਈ ਧੋਨੀ ਨੂੰ ਜ਼ਿੰਮੇਵਾਰ ਠਹਿਰਾਇਆ ਸੀ।

# ਨਕਸਲਵਾਦ ਛੱਡ ਚੁੱਕੇ ਨੇ 5 ਹਜ਼ਾਰ ਨੌਜਵਾਨ: ਗਡਕਰੀ

**ਮੁੰਬਈ :** ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਕਿਹਾ ਹੈ ਕਿ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਵਿਚ ਨਕਸਲਵਾਦ ਵਿਚ ਭਾਰੀ ਕਮੀ ਆਈ ਹੈ ਕਿਉਂਕਿ ਪੰਜ ਹਜ਼ਾਰ ਨੌਜਵਾਨ ਇਹ ਲਹਿਰ ਛੱਡ ਕੇ ਸਮਾਜ ਦੇ ਮੁੱਖ ਧਾਰਾ ਵਿਚ ਸ਼ਾਮਲ ਹੋਏ ਗਏ ਹਨ। ਇਹੀ ਨਹੀਂ, ਉਨ੍ਹਾਂ ਵਿੱਚੋਂ ਕਈ ਜਣਿਆਂ ਨੂੰ ਡਰਾਈਵਰ, ਫਿਟਰ ਆਦਿ ਦੀ ਨੌਕਰੀ ਮੁਹੱਈਆ ਕਰਵਾਈ ਗਈ ਹੈ। ਅਗਲੇ ਪੰਜ ਸਾਲਾਂ ਵਿਚ ਗੜ੍ਹਚਿਰੌਲੀ ਮਹਾਰਾਸ਼ਟਰ ਵਿਚ ਸਭ ਤੋਂ ਵੱਧ ਮਾਲੀਆ ਹਾਸਿਲ ਕਰਨ ਵਲਾ ਜ਼ਿਲ੍ਹਾ ਬਣ ਜਾਵੇਗਾ। ਕੇਂਦਰੀ ਮੰਤਰੀ ਗਡਕਰੀ ਨੇ ਐਤਵਾਰ ਨੂੰ ਅਹਿੱਲਿਆ ਨਗਰ ਜ਼ਿਲ੍ਹੇ ਦੇ ਸਿਰਡੀ ਵਿਚ ਭਾਜਪਾ ਦੇ ਸੂਬਾ ਪੱਧਰੀ ਸੰਮੇਲਨ ਵਿਚ ਭਾਜਪਾ ਵਰਕਰਾਂ ਕੋਲੋਂ ਪਾਰਟੀ ਦੀ ਚੋਣਾਵੀ ਸਫਲਤਾ ਨੂੰ ਸਾਰਥਕ ਸਮਾਜਿਕ ਪਰਿਵਰਤਨ ਵਿਚ ਬਦਲਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ



ਪਿਛਲੇ ਸਾਲ ਦੀਆਂ ਵਿਧਾਨ ਸਭਾ ਚੋਣਾਂ ਵਿਚ ਮਿਲੀ ਜਿੱਤ ਕ ਨਾਲ 'ਸੁਰਾਜ' ਦੀ ਸਥਾਪਨਾ ਹੋਣੀ ਚਾਹੀਦੀ ਨੇ ਹੈ। ਨਕਸਲ ਪ੍ਰਭਾਵਤ ਗੜ੍ਹਚਿਰੌਲੀ ਵਿਚ ਹੈ ਆਈ ਤਬਦੀਲੀ 'ਤੇ ਉਨਾਂ ਕਿਹਾ ਕਿ ਇਕ ਸਮਾਂ ਅਜਿਹਾ ਸੀ ਜਦੋਂ ਜ਼ਿਲ੍ਹੇ ਦੇ ਕੁਝ ਇਲਾਕਿਆਂ ਦਾ ਦੌਰਾ ਕਰਨਾ ਚੁਣੇ ਹੋਏ ਪ੍ਰਤੀਨਿਧੀਆਂ ਲਈ ਵੀ ਔਖਾ ਸੀ।

ਗਡਕਰੀ ਨੇ ਕਿਹਾ ਕਿ ਜ਼ਿਲ੍ਹੇ ਵਿਚ ਇੰਜੀਨੀਰਿੰਗ ਤੇ ਪਾਲੀਟੈਕਨਿਕ ਕਾਲਜ ਕਾਇਮ ਕੀਤੇ ਗਏ ਹਨ ਤੇ ਬਰਾਮਦ ਲਈ ਹੈ ਕੱਪੜੇ ਬਣਾਉਣ ਦਾ ਕੰਮ ਸ਼ੁਰੂ ਹੋ ਗਿਆ ਹੈ। ਕਦੇ ਪੱਛੜਿਆ ਹੋਇਆ ਇਹ ਇਲਾਕਾ ਹੁਣ 10,000 ਆਦਿਵਾਸੀ ਨੌਜਵਾਨਾਂ ਲਈ ਰੁਜ਼ਗਾਰ ਸਿਰਜ ਰਿਹਾ ਹੈ। ਉਨ੍ਹਾਂ ਕਿਹਾ ਕਿ ਅਗਲੇ ਪੰਜ ਸਾਲਾਂ ਵਿਚ ਗੜ੍ਹਚਿਰੌਲੀ ਸਭ ਤੋਂ ਵੱਧ ਮਾਲੀਆ ਦੇਣ ਵਾਲਾ ਜ਼ਿਲ੍ਹਾ ਬਣਨ ਜਾ ਰਿਹਾ ਹੈ।

# ਵਿਕਸਿਤ ਭਾਰਤ ਦਾ ਸੁਪਨਾ ਨੌਜਵਾਨ ਤਾਕਤ ਹੀ ਪੂਰਾ ਕਰੇਗੀ: ਨਰਿੰਦਰ ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਨੂੰ ਭਾਰਤ ਮੰਡਪਮ 'ਚ ਕੀਤੇ ਗਏ ਭਾਰਤ 'ਯੰਗ ਲੀਡਰਸ ਡਾਇਲਾਗ' 2025 ਪ੍ਰੋਗਰਾਮ 'ਚ ਤਕਰੀਬਨ 3 ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਸਾਲ 2047 ਦੇ ਵਿਕਸਿਤ ਭਾਰਤ ਦੇ ਸੁਪਨੇ ਨੂੰ ਭਾਰਤ ਦੀ ਨੌਜਵਾਨ ਤਾਕਤ ਹੀ ਪੂਰਾ ਕਰੇਗੀ।



ਪ੍ਰਧਾਨ ਮੰਤਰੀ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਆਪਣੇ ਜੀਵਨ ਦੇ ਟੀਚਿਆਂ ਨੂੰ ਸਰਬਉੱਚ ਤਰਜੀਹ ਦੇਣ ਦੀ ਲੋੜ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਬਿਨਾਂ ਟੀਚੇ ਤੋਂ ਜੀਵਨ ਨਹੀਂ ਹੁੰਦਾ, ਇਹ ਜੀਵਨ ਜੀਣ ਦੀ ਜੜ੍ਹੀ-ਬੂਟੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਜੋ ਲੋਕ ਕਹਿੰਦੇ ਹਨ ਕਿ ਕੁਝ ਬਦਲਣ ਦੀ ਲੋੜ ਹੈ, ਅਜਿਹੀ ਭਾਵਨਾ ਦੇ ਲੋਕ ਮਰੀ ਹੋਈ ਲਾਸ਼ ਤੋਂ ਵੱਧ ਕੁਝ ਨਹੀਂ ਹੁੰਦੇ। ਮੋਦੀ ਨੇ ਨੌਜਵਾਨਾਂ ਨੂੰ ਆਪਣਾ ਦੋਸਤ ਦੱਸਦਿਆਂ ਕਿਹਾ ਕਿ ਉਨ੍ਹਾਂ ਦਾ ਦੇਸ਼ ਨੌਜਵਾਨਾਂ ਨਾਲ ਪੀ.ਐਮ. (ਪ੍ਰਧਾਨ ਮੰਤਰੀ) ਵਾਲਾ ਨਹੀਂ ਸਗੋਂ 'ਪਰਮ ਮਿੱਤਰ' ਵਰਗਾ ਨਾਤਾ ਹੈ ਅਤੇ ਦੋਸਤੀ ਦੀ ਵਿਸ਼ਵਾਸ ਹੈ। ਮੋਦੀ ਨੇ ਕਿਹਾ ਕਿ ਉਨ੍ਹਾਂ ਦਾ ਵਿਸ਼ਵਾਸ ਕਹਿੰਦਾ ਹੈ ਕਿ ਨੌਜਵਾਨ ਸ਼ਕਤੀ ਦੀ ਤੋਂ ਛੇਤੀ ਵਿਕਸਿਤ ਰਾਸ਼ਟਰ ਬਣਾਏਗੀ। ਮੋਦੀ ਨੇ ਤਕਰੀਬਨ ਪੌਣੇ ਘੰਟੇ ਭਾਸ਼ਨ 'ਚ ਵਿਕਸਿਤ ਭਾਰਤ, ਭਾਰਤ ਦੀ ਤਾਕਤ, ਭਵਿੱਖ ਆਦਿ 'ਤੇ ਕਈ ਨੁਕਤੇ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਵਿਕਸਿਤ ਭਾਰਤ 'ਚ ਅਸੀਂ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਢੰਗ ਨਾਲ ਮਜ਼ਬੂਤ ਦੇਸ਼ ਵੇਖਣਾ ਚਾਹੁੰਦੇ ਹਨ।

# ਮੈਂ ਨਿੱਜੀ ਸਨਮਾਨ ਲਈ ਨਹੀਂ, ਲੋਕਾਂ ਦੀ ਸ਼ਾਨ ਲਈ ਰਾਜਨੀਤੀ ਵਿੱਚ ਆਇਆ ਹਾਂ: ਅਰਵਿੰਦ ਕੇਜਰੀਵਾਲ

**ਨਵੀਂ ਦਿੱਲੀ:** ਦਿੱਲੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਵੱਡੀ ਚੁਣੌਤੀ ਦਿੰਦਿਆਂ ਕਿਹਾ ਕਿ ਜਿਨ੍ਹਾਂ ਨੇ ਗਰੀਬਾਂ ਦੀਆਂ ਝੁੱਗੀਆਂ ਤੋੜੀਆਂ ਹਨ, ਉਹ ਉਨ੍ਹਾਂ ਨੂੰ ਉਸੇ ਥਾਂ 'ਤੇ ਮਕਾਨ ਦੇਣ ਅਤੇ ਉਨ੍ਹਾਂ 'ਤੇ ਚੱਲ ਰਹੇ ਕੇਸ ਵਾਪਿਸ ਲੈ ਲੈਣ ਤਾਂ ਉਹ ਚੋਣ ਨਹੀਂ ਲੜਨਗੇ। ਕੇਜਰੀਵਾਲ ਨੇ ਐਤਵਾਰ ਨੂੰ ਸ਼ਕੂਰ ਬਸਤੀ ਵਿਖੇ ਪ੍ਰੈੱਸ ਕਾਨਫ਼ਰੰਸ ਕਰਦਿਆਂ ਕਿਹਾ ਕਿ ਪਿਛਲੀ 27 ਦਸੰਬਰ ਨੂੰ ਉਪ ਰਾਜਪਾਲ ਨੇ ਸ਼ਕੂਰ ਬਸਤੀ ਰੇਲਵੇ ਕਾਲੋਨੀ ਦੇ ਕੋਲ ਝੁੱਗੀਆਂ ਦਾ ਇਕ ਲਾਅ 'ਲੈਂਡ ਯੂਜ਼' ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇ 10 ਸਾਲਾਂ 'ਚ ਸਿਰਫ਼ 4700 ਘਰ ਦਿੱਤੇ ਹਨ।

**ਕੇਜਰੀਵਾਲ ਨੇ ਕਿਹਾ ਕਿ ਅਮਿਤ ਸ਼ਾਹ ਝੁੱਗੀ ਵਾਸੀਆਂ ਨੂੰ ਗੁੰਮਰਾਹ ਕਰ ਰਹੇ ਹਨ।**



ਕੇਜਰੀਵਾਲ ਨੇ ਕਿਹਾ ਕਿ ਅਮਿਤ ਸ਼ਾਹ ਝੁੱਗੀ ਵਾਸੀਆਂ ਨੂੰ ਗੁੰਮਰਾਹ ਕਰ ਰਹੇ ਹਨ। ਭਾਜਪਾ ਕਹਿੰਦੀ ਹੈ 'ਜਿੱਥੇ ਝੁੱਗੀ, ਉਥੇ ਮਕਾਨ' ਪਰ ਇਹ ਨਹੀਂ ਦੱਸ ਰਹੀ ਕਿ ਜਿੱਥੇ ਝੁੱਗੀ, ਉੱਥੇ ਉਨ੍ਹਾਂ ਦੇ ਦੋਸਤਾਂ ਅਤੇ ਬਿਲਡਰਾਂ ਦੇ ਮਕਾਨ। ਇਸ ਮੌਕੇ ਸਤੇਂਦਰ ਜੈਨ ਤੇ ਸ਼ਕੂਰ ਬਸਤੀ ਹਲਕੇ ਤੋਂ 'ਆਪ' ਦੇ ਉਮੀਦਵਾਰ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਭਾਰਤ ਦੇ ਗ੍ਰਹਿ ਮੰਤਰੀ ਹੋਣ ਦੇ ਨਾਤੇ ਅਮਿਤ ਸ਼ਾਹ ਇਕ ਮਾਣ-ਸਨਮਾਨ ਵਾਲਾ ਅਹੁਦਾ ਰੱਖਦੇ ਹਨ ਤੇ ਉਨ੍ਹਾਂ ਨੂੰ ਆਪਣੇ ਸ਼ਬਦਾਂ 'ਚ ਮਰਿਆਦਾ ਬਣਾਈ ਰੱਖਣੀ ਚਾਹੀਦੀ ਹੈ। ਹਾਲਾਂਕਿ, ਉਹ ਮੇਰੇ ਬਾਰੇ ਜੋ ਮਰਜ਼ੀ ਕਹਿਣ ਲਈ ਸੁਤੰਤਰ ਹਨ। ਮੈਂ ਰਾਜਨੀਤੀ 'ਚ ਨਿੱਜੀ ਸਨਮਾਨ ਲਈ ਨਹੀਂ ਸਗੋਂ ਲੋਕਾਂ ਤੇ ਦੇਸ਼ ਦੀ ਸ਼ਾਨ ਲਈ ਆਇਆ ਹਾਂ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਸੁਰਿੰਦਰ ਸਿੰਘ ਸੁੰਨੜ

# ਵਿਪਸਾ ਵੱਲੋਂ 2025 ਵਿਚ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਉਣ ਦਾ ਐਲਾਨ

ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਦੀ ਮਾਸਿਕ ਮਿਲਣੀ ਬੀਤੇ ਦਿਨੀਂ ਹੋਈ, ਜਿਸ ਵਿਚ ਪ੍ਰਧਾਨ ਕੁਲਵਿੰਦਰ ਨੇ ਨਵੇਂ ਸਾਲ ਨੂੰ ਜੀ ਆਇਆਂ ਕਹਿੰਦਿਆਂ ਹਾਜ਼ਰ ਮੈਂਬਰਾਂ ਨੂੰ ਪਿਛਲੇ ਵਰ੍ਹੇ ਦੀ ਕਾਨਫ਼ਰੰਸ ਦੀ ਸਫ਼ਲਤਾ ਲਈ ਵਧਾਈ ਦਿੱਤੀ। ਉਸ ਨੇ ਕਿਹਾ ਕਿ ਇਹ ਕਾਰਜ ਸਭ ਦੇ ਸਹਿਯੋਗ ਨਾ.ਲ ਹੀ ਕਾਮਯਾਬ ਰਿਹਾ। ਜਨਰਲ ਸਕੱਤਰ ਜਗਜੀਤ ਨੌਸ਼ਿਹਰਵੀ ਨੇ ਕਾਨਫਰੰਸ ਦੇ ਆਮਦਨ/ ਖ਼ਰਚ ਦੀ ਰਿਪੋਰਟ ਪੇਸ਼ ਕੀਤੀ, ਜਿਸ ਦੀ ਸਭ ਨੇ ਸ਼ਲਾਘਾ ਕੀਤੀ। ਮੀਤ ਪ੍ਰਧਾਨ ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਕਿਹਾ ਕਿ ਕੁਲਵਿੰਦਰ, ਜਗਜੀਤ ਨੌਸ਼ਿਹਰਵੀ ਅਤੇ ਲਾਜ ਨੀਲਮ ਸੈਣੀ ਤਿੰਨਾਂ ਦੀ ਮਿਹਨਤ ਸਦਕਾ ਪਿਛਲੇ ਵਰ੍ਹੇ ਵਿਪਸਾ ਗੁਣਾਤਮਕ ਮਿਲਣੀਆਂ ਅਤੇ ਕਾਨਫਰੰਸ ਕਰਵਾਉਣ ਵਿਚ ਕਾਮਯਾਬ ਰਹੀ ਹੈ। ਇਸ ਨਿਰੰਤਰਤਾ ਨੂੰ ਬਣਾਈ ਰੱਖਣ ਅਤੇ ਵੱਡੀਆਂ ਪੁਲਾਂਘਾਂ ਪੁੱਟਣ ਲਈ ਕੁਲਵਿੰਦਰ, ਜਗਜੀਤ ਅਤੇ ਨੀਲਮ ਦੀ ਤਿੱਗੜੀ ਵਾਲੀ ਇਹੋ ਕਾਰਜਕਾਰਨੀ ਦੋ ਸਾਲ ਲਈ ਮੁੜ ਚੁਣ ਲਈ ਜਾਵੇ। ਆਰਗੇਨਾਈਜ਼ਰ ਡਾ. ਸੁਖਵਿੰਦਰ ਕੰਬੋਜ ਨੇ ਹੱਥ ਖੜ੍ਹਾ ਕਰ ਕੇ ਆਪਣੀ ਪ੍ਰਵਾਨਗੀ ਦਿੱਤੀ। ਸਮੂਹ ਮੈਂਬਰਾਂ ਨੇ ਇਸ ਫ਼ੈਸਲੇ ਦਾ ਤਾੜੀਆਂ ਵਜਾ ਕੇ ਸੁਆਗਤ ਕੀਤਾ।

ਕੁਲਵਿੰਦਰ ਨੇ ਸਭ ਮੈਂਬਰਾਂ ਦਾ ਇਸ ਫ਼ੈਸਲੇ ਲਈ



ਧੰਨਵਾਦ ਕਰਦੇ ਹੋਏ ਕਿਹਾ ਕਿ ਪਿਛਲੇ ਵਰ੍ਹੇ ਐਸ਼ ਕੁਮ ਐਸ਼ ਅਤੇ ਮੁਕੇਸ਼ ਸ਼ਰਮਾ ਨੇ ਕਾਨਫ਼ਰੰਸ ਨੂੰ ਨੇਪਰੇ ਚਾੜ੍ਹਨ ਲਈ ਬਹੁਤ ਸਹਿਯੋਗ ਦਿੱਤਾ ਹੈ, ਜਿਸ ਲਈ ਦੋਵਾਂ ਨੂੰ ਕਾਰਜਕਾਰਨੀ ਵਿਚ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਵਰ੍ਹੇ ਵਿਪਸਾ ਸਿਲਵਰ ਜੁਬਲੀ 'ਤੇ ਦੋ ਰੋਜ਼ਾ ਕਾਨਫ਼ਰੰਸ ਕਰਵਾਏਗੀ। ਸੁਖਦੇਵ ਸਾਹਿਲ ਨੇ ਦੱਸਿਆ ਕਿ ਉਹ ਅਕਾਦਮੀ ਦੇ ਮੈਂਬਰਾਂ ਦੀਆਂ ਗ਼ਜ਼ਲਾਂ ਅਤੇ ਗੀਤਾਂ ਦੀ ਵਿਸ਼ੇਸ਼ ਐਲਬਮ ਤਿਆਰ ਕਰੇਗਾ ਜੋ ਕਾਨਫ਼ਰੰਸ ਮੌਕੇ ਲੋਕ ਅਰਪਣ ਕੀਤੀ ਜਾਵੇਗੀ। ਇਸ ਉਪਰੰਤ ਇਸ ਵਰ੍ਹੇ ਕਰਵਾਏ ਜਾਣ ਵਾਲੇ ਪ੍ਰੋਗਰਾਮਾਂ ਨੂੰ ਤਰਤੀਬ ਦਿੱਤੀ ਗਈ। ਜਨਵਰੀ ਦੇ ਅਖ਼ੀਰਲੇ ਹਫ਼ਤੇ ਅਕਾਦਮੀ ਵੱਲੋਂ ਸਪਾਂਸਰਾਂ ਦੇ ਸਨਮਾਨ ਲਈ ਮੀਟਿੰਗ ਬੁਲਾਈ ਜਾਵੇਗੀ। ਮਾਰਚ ਵਿਚ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸਮਰਪਿਤ ਕਵੀ ਦਰਬਾਰ ਕਰਵਾਇਆ ਜਾਵੇਗਾ। ਅਪ੍ਰੈਲ ਵਿਚ ਲਾਜ ਨੀਲਮ ਸੈਣੀ ਦੇ ਸਵੈ-ਜੀਵਨੀ ਮੂਲਕ ਨਾਵਲ 'ਅਲਵਿਦਾ!...ਕਦੀ ਵੀ ਨਹੀਂ' ਅਤੇ ਮਈ ਮਹੀਨੇ ਜਗਜੀਤ ਦੇ ਕਾਵਿ-ਸੰਗ੍ਰਹਿ 'ਹਾਲ ਉਥਾਈਂ ਕਹੀਏ' 'ਤੇ ਗੋਸ਼ਟੀ ਕਰਵਾਈ ਜਾਵੇਗੀ। ਜੂਨ ਮਹੀਨੇ ਕਹਾਣੀ ਦਰਬਾਰ ਹੋਵੇਗਾ। ਹਰਜਿੰਦਰ ਕੰਗ ਦੇ ਕਾਵਿ-ਸੰਗ੍ਰਹਿ 'ਵੇਲ ਰੁਪਏ ਦੀ ਵੇਲ' ਅਤੇ ਸੁਰਜੀਤ ਸਖੀ ਦੀ ਕਿਤਾਬ 'ਗੱਲ ਤਾਂ ਚੱਲਦੀ ਰਹੇਗੀ' ਉਪਰ ਵਿਚਾਰ-ਵਟਾਂਦਰਾ ਵੀ ਕਰਾਵਇਆ ਜਾਵੇਗਾ।

ਜ਼ਿਕਰਯੋਗ ਹੈ ਕਿ ਨਵੇਂ ਵਰ੍ਹੇ ਵਿਚ ਦੋ ਮੀਟਿੰਗਾਂ ਡਾ. ਹੁੰਦਲ ਦੇ ਗ੍ਰਹਿ ਵਿਖੇ ਕਰਵਾਈਆਂ ਜਾਣਗੀਆਂ। ਇਸ ਤੋਂ ਬਾਅਦ ਸਿਲਵਰ ਜੁਬਲੀ ਕਾਨਫ਼ਰੰਸ ਨੂੰ ਮੁੱਖ ਰੱਖਦਿਆਂ ਤਿਆਰੀਆਂ ਉੱਪਰ ਜ਼ੋਰ ਦਿੱਤਾ ਜਾਵੇਗਾ। ਨਵੇਂ ਸਾਲ ਵਿਚ ਨਵੀਆਂ ਉਮੰਗਾਂ ਨਾ.ਲ ਪਰਵੇਸ਼ ਕਰਨ ਲਈ ਸੁਖਦੇਵ ਸਾਹਿਲ ਨੇ ਸੁਰ ਅਤੇ ਸਾਜ਼ ਨਾ.ਲ ਸਾਂਝ ਪਾਈ। ਉਸ ਨੇ ਤਾਰਾ ਸਾਗਰ ਦਾ ਗੀਤ, ਕੁਲਵਿੰਦਰ, ਜਗਜੀਤ ਅਤੇ ਪ੍ਰੋ. ਸੀਰਤ ਦੀਆਂ ਗ਼ਜ਼ਲਾਂ ਦਾ ਗਾਇਨ ਕਰ ਕੇ ਸਭ ਨੂੰ ਮੰਤਰ ਮੁਗਧ ਕਰ ਦਿੱਤਾ। ਇਸ ਮਿਲਣੀ ਵਿਚ ਸੁਖਪਾਲ ਸੰਘੇੜਾ, ਪੰਕਜ, ਅਮਰਜੀਤ ਪੰਨੂੰ, ਲਾਜ ਨੀਲਮ ਸੈਣੀ, ਗੁਲਸ਼ਨ ਦਿਆਲ, ਵਿਜੈ ਸਿੰਘ, ਸੁਖਦੇਵ ਸਾਹਿਲ, ਸੋਨੂੰ ਅਤੇ ਪ੍ਰੋ. ਬਲਜਿੰਦਰ ਸਿੰਘ ਸਵੈਚ ਸ਼ਾਮਲ ਹੋਏ।

*ਰਿਪੋਰਟ:*
*ਲਾਜ ਨੀਲਮ ਸੈਣੀ*
*ਫੋਨ: 510-502-0551*

# ਅਮਿੱਟ ਪੈੜਾਂ ਛੱਡ ਗਿਆ 'ਗਾਉਂਦੀ ਸ਼ਾਇਰੀ' ਪ੍ਰੋਗਰਾਮ

**ਬਰੈਂਪਟਨ:** ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ 12 ਜਨਵਰੀ ਨੂੰ ਫ਼ਾਊਂਡਰ ਤੇ ਪ੍ਰਬੰਧਕ ਰਮਿੰਦਰ ਵਾਲੀਆ ਰੰਮੀ ਦੀ ਅਗਵਈ ਹੇਠ ਮਹੀਨਾਵਾਰ ਅੰਤਰਰਾਸ਼ਟਰੀ ਕਾਵਿ-ਮਿਲਣੀ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ 'ਗਾਉਂਦੀ ਸ਼ਾਇਰੀ' ਸਿਰਲੇਖ ਹੇਠ ਦੇਸ਼-ਵਿਦੇਸ਼ ਤੋਂ ਬਹੁਤ ਸਾਰੇ ਸ਼ਾਇਰਾਂ ਨੇ ਹਿੱਸਾ ਲਿਆ। ਇਸ ਪ੍ਰੋਗਰਾਮ ਵਿਚ ਡਾ. ਸੁਰਜੀਤ ਸਿੰਘ ਸਧਰ, ਡਾ. ਸੁਹਿੰਦਰ ਬੀਰ, ਗਾਇਕਾ ਡੋਲੀ ਗੁਲੇਰੀਆ ਤੇ ਸ਼ਾਮ ਸੰਧੂ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਕਵੀ ਦਰਬਾਰ ਵਿਚ ਕੰਵਰ ਇਕਬਾਲ ਸਿੰਘ, ਮੀਤਾ ਖੰਨਾ, ਦਵਿੰਦਰ ਕੌਰ ਢਿੱਲੋਂ, ਅਮਰਜੀਤ ਸਿੰਘ ਸ਼ੇਰਪੁਰੀ, ਹਰਜੀਤ ਬੰਮਰਾ, ਹਮੀਦ ਹਮੀਦੀ, ਸੁਰਿੰਦਰ ਭੋਗਲ, ਹਰਜੀਤ ਕੌਰ ਅਤੇ ਸੁਖਚਰਨਜੀਤ ਗਿੱਲ ਨੇ ਆਪਣੀਆਂ ਕਾਵਿ ਰਚਨਾਵਾਂ ਗਾ ਕੇ ਸੁਣਾਈਆਂ।




ਇਸ ਪ੍ਰੋਗਰਾਮ ਦੇ ਆਰੰਭ ਵਿਚ ਸਰਪ੍ਰਸਤ ਸੁਰਜੀਤ ਕੌਰ ਨੇ ਆਏ ਕਵੀਆਂ ਦਾ ਸਵਾਗਤ ਕਰਦਿਆਂ ਲੋਹੜੀ ਤੇ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ। ਪ੍ਰੋਗਰਾਮ ਦਾ ਆਗਾਜ਼ ਪ੍ਰਧਾਨ ਰਿੰਟੂ ਭਾਟੀਆ ਨੇ 'ਨੀ ਮੈਂ ਕਿਉਂ ਕਰ ਜਾਵਾਂ ਕਾਅਬੇ ਨੂੰ' ਗੀਤ ਪੇਸ਼ ਕਰ ਕੇ ਕੀਤਾ। ਸ਼ਾਇਰ ਹਮੀਦੀ ਜੀ ਨੇ 'ਜਾਣਤਾ ਹੂੰ ਤੁਝੇ ਜ਼ਮਾਨੇ ਸੇ, ਫਿਰ ਵੀ ਹਟਤਾ ਨਹੀਂ ਨਿਸ਼ਾਨੇ ਸੇ।' ਗਜ਼ਲ ਸੁਣਾ ਕੇ ਵਾਹ-ਵਾਹ ਖੱਟੀ।

ਇਸ ਉਪਰੰਤ ਮੁੱਖ ਮਹਿਮਾਨ ਡੋਲੀ ਗੁਲੇਰੀਆ ਨੇ ਆਪਣਾ ਸੂਫੀਆਨਾ ਕਲਾਮ 'ਮੇਰੇ ਗੁਰੂ ਘਰ ਮੇਰੇ ਸਾਈਆਂ, ਲੱਖ ਲੱਖ ਤੇਰਾ ਸ਼ੁਕਰਾਨਾ ਤੇ 'ਨੀ ਮੈਂ ਕਮਲੀ ਆਂ' ਗਾ ਕੇ ਸਭ ਨੂੰ ਮੰਤਰ-ਮੁਗਧ ਕਰ ਦਿੱਤਾ। ਅਮਰਜੀਤ ਸ਼ੇਰਪੁਰੀ ਨੇ ਨਵੇਂ ਸਾਲ ਨੂੰ ਮੁਬਾਰਕਬਾਦ ਕਹਿੰਦਿਆਂ ਆਪਣਾ ਗੀਤ '2025 ਨਵਾਂ ਸਾਲ ਆਇਆ ਮਿੱਤਰੋ, ਖੁਸ਼ੀਆਂ ਲਿਆਇਆ ਨਾਲ ਮਿੱਤਰੋ' ਗਾ ਕੇ ਨਵੀਂ ਊਰਜਾ ਪੈਦਾ ਕੀਤੀ। ਮੀਤਾ ਖੰਨਾ ਨੇ ਆਪਣਾ ਗੀਤ 'ਦੀਵੇ ਜੁਗਨੂੰ ਚੰਨ ਸਿਤਾਰੇ ਕਿੰਨੇ ਖੁਸ਼ ਨੇ ਇਹ ਸਾਰੇ' ਗਾ ਕੇ ਮਾਹੌਲ ਨੂੰ ਸਾਜ਼ਗਾਰ ਬਣਾ ਦਿੱਤਾ।

ਦਵਿੰਦਰ ਕੌਰ ਨੇ 'ਨੀ ਮੈਂ ਅੱਡੀ ਨਾਲ ਪਤਾਸੇ ਭੋਰੀ ਜਾਵਾਂ ਕੁੜੀ ਆਂ ਮੁਹਾਲੀ ਸ਼ਹਿਰ ਦੀ' ਗਾ ਕੇ ਲੋਕ ਰੰਗ ਵਿਚ ਰੰਗੀ ਰਚਨਾ ਸਾਂਝੀ ਕੀਤੀ। ਹਰਜੀਤ ਕੌਰ ਨੇ ਗੀਤ, 'ਅੱਖੀਆਂ ਨੂੰ ਰਹਿਣ ਦੇ ਅੱਖੀਆਂ ਦੇ ਕੋਲ ਕੋਲ ਢੋਲਣਾ', ਸੁਰਿੰਦਰ ਭੋਗਲ ਨੇ ਧੀਆਂ ਦੀ ਜੁਦਾਈ ਦਾ ਗੀਤ 'ਹੁਣ ਲੁਕ ਲੁਕ ਕਿਉਂ ਰੋਨੀ ਮਾਏਂ ਕੰਧਾਂ ਦੇ ਉਹਲੇ ਨੀਂ', ਕੰਵਰ ਇਕਬਾਲ ਸਿੰਘ ਨੇ 'ਤੂੰ ਪਰਦੇਸ ਜਾ ਕੇ ਬਹਿ ਗਿਆ' ਗੀਤ ਗਾਇਆ।

ਹਰਜੀਤ ਬੰਮਰਾ ਨੇ ਸੁਰਿੰਦਰ ਕੌਰ ਦਾ ਪ੍ਰਸਿੱਧ ਗੀਤ 'ਇੱਕ ਮੇਰੀ ਅੱਖ ਕਾਸ਼ਨੀ' ਅਤੇ ਪਾਕਿਸਤਾਨ ਤੋਂ ਬਰੈਂਪਟਨ ਵੱਸਦੇ ਸ਼ਾਇਰ ਸ਼ਾਮ ਨੇ, 'ਰਾਂਝਣ ਮੈਥੋਂ ਦੂਰ ਨੀ ਅੜੀਓ' ਗਾਏ। ਸੁਖਚਰਨ ਗਿੱਲ ਨੇ ਜਿੱਥੇ ਆਪਣੀ ਸ਼ਾਇਰੀ ਪੇਸ਼ ਕੀਤੀ, ਉਥੇ ਹੀ ਸੁਹਿੰਦਰ ਬੀਰ ਨੇ ਆਪਣੀ ਖੂਬਸੂਰਤ ਰਚਨਾ ਤਰੰਨਮ ਵਿਚ ਸੁਣਾਈ।


ਚੇਅਰਮੈਨ ਸ. ਪਿਆਰਾ ਸਿੰਘ ਕੁੱਦੋਵਾਲ ਨੇ ਸਭ ਦੀਆਂ ਰਚਨਾਵਾਂ ਬਾਰੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਨੇ ਰਮਿੰਦਰ ਰੰਮੀ ਵਾਲੀਆ ਦੇ ਇਨ੍ਹਾਂ ਯਤਨਾਂ ਦੀ ਸ਼ਲਾਘਾ ਕੀਤੀ ਤੇ ਸਮੁੱਚੀ ਟੀਮ ਦਾ ਵੀ ਸ਼ੁਕਰੀਆ ਕੀਤਾ। ਅੰਤ ਵਿਚ ਉਨ੍ਹਾਂ ਨੇ ਆਪਣੀ ਭਾਵਪੂਰਤ ਰਚਨਾ ਸੁਣਾਈ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮਹਿੰਦਰ ਸਿੰਘ ਜੱਗੀ, ਸੱਯਦਾ ਆਇਸ਼ਾ ਗ਼ੱਫਾਰ ਆਸ਼ੀ, ਪ੍ਰਿੰ. ਹਰਜਿੰਦਰ ਕੌਰ ਸੱਧਰ, ਕੈਨੇਡੀਅਨ ਪੰਜਾਬੀ ਸਾਹਿਤ ਸਭਾ ਦੇ ਵਾਈਸ ਚੇਅਰਮੈਨ ਸ. ਮਲੂਕ ਸਿੰਘ ਕਾਹਲੋਂ, ਕਲਮਾਂ ਦੀ ਸਾਂਝ ਸਾਹਿਤ ਸਭਾ ਤੋਂ ਸ. ਹਰਦਿਆਲ ਸਿੰਘ ਝੀਤਾ, ਡਾ. ਪੁਸ਼ਵਿੰਦਰ ਕੌਰ ਖੋਖਰ, ਹਰਭਜਨ ਕੌਰ ਗਿੱਲ, ਅੰਮ੍ਰਿਤਾ ਦਰਸ਼ਨ, ਡਾ. ਕੰਵਲਜੀਤ ਕੌਰ ਗਿੱਲ, ਸੁਰਿੰਦਰ ਸੂਰ, ਪਿਆਰਾ ਸਿੰਘ ਗਹਿਲੋਤੀ, ਇੰਜ. ਜਗਦੀਪ ਸਿੰਘ ਮਾਂਗਟ, ਵਤਨਵੀਰ ਸਿੰਘ ਜ਼ਖ਼ਮੀ, ਸ਼ਾਮ ਸਿੰਘ, ਦਲਜੀਤ ਸਿੰਘ, ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਅਹੁਦੇਦਾਰ ਡਾ .ਨਵਰੂਪ, ਪ੍ਰੋ. ਕੁਲਜੀਤ ਕੌਰ, ਅਮਰ ਜਿਉਤੀ ਮਾਂਗਟ, ਦੀਪ ਕੁਲਦੀਪ ਸ਼ਾਮਿਲ ਹੋਏ। ਦੇਸ਼ ਵਿਦੇਸ਼ ਤੋਂ ਬਹੁਤ ਸਾਰੇ ਦਰਸ਼ਕਾਂ ਨੇ 'ਗਾਉਂਦੀ ਸ਼ਾਇਰੀ' ਦਾ ਆਨੰਦ ਮਾਣਿਆ।

**- ਰਿਪੋਰਟ: ਰਮਿੰਦਰ ਵਾਲੀਆ**

**Homeopathicvibes**

**Harminder Singh Gill**

Homeopathic Consultant and Practitioner



*D.H.M.S; B.C.I.H*

(Ex Homeopathic Medical officer Punjab Govt.)

**Now we have two locations:**

940 E. El Camino Real, Sunnyvale, CA 94087

39039 Paseo Padre Pkwy, Suite# 209 (upstairs), Fremont, CA 94538

We also do Virtual appointments for long distance patients.

**Ph: (408) 737-7100**

www.homeopathicvibes.com

*We sell and ship homeopathic remedies through out North America.*

**ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ**

ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

**ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ**
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

**REPAIR SHOP**

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

**REGISTRATION SERVICES**

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।


**TEL: 209.982.9996**
FAX: 209.982.9997

# ਉੱਘੇ ਸਮਾਜ ਸੇਵੀ ਡਾ. ਅਮਰਜੀਤ ਸਿੰਘ ਮਰਵਾਹ ਦਾ ਦੇਹਾਂਤ

ਉੱਘੇ ਸਮਾਜ ਸੇਵਕ ਸਤਿਕਾਰਯੋਗ ਡਾਕਟਰ ਅਮਰਜੀਤ ਸਿੰਘ ਮਰਵਾਹ ਦੇ 7 ਜਨਵਰੀ ਨੂੰ ਵਿਛੋੜਾ ਦੇ ਜਾਣ ਦੀ ਦੁਖਦਾਈ ਖ਼ਬਰ ਮਿਲੀ ਹੈ। ਉਹ 98 ਸਾਲ ਦੇ ਸਨ, 99 ਸਾਲ ਦੇ ਹੋਣ ਤੋਂ ਸਿਰਫ਼ ਇੱਕ ਮਹੀਨਾ ਦੂਰ ਸਨ। ਡਾ. ਮਾਰਵਾਹ ਸਫਲ ਪੇਸ਼ੇਵਰ, ਵਚਨਬੱਧ ਨਾਗਰਿਕ ਅਤੇ ਸਮਰਪਿਤ ਸਿੱਖ ਸਨ, ਜਿਨ੍ਹਾਂ ਨੇ ਬਹੁਤ ਸਾਰੇ ਲੋਕਾਂ ਦੇ ਜੀਵਨ ਵਿਚ ਵੱਡਾ ਯੋਗਦਾਨ ਪਾਇਆ।

ਡਾ. ਮਰਵਾਹ ਪੰਜਾਬ ਦੇ ਕੋਟਕਪੂਰਾ ਵਿਚ ਵੱਡੇ ਹੋਏ ਅਤੇ ਲਾਹੌਰ ਦੇ ਡੈਂਟਲ ਕਾਲਜ ਵਿਚੋਂ 1947 ਵਿਚ ਗ੍ਰੈਜੂਏਸ਼ਨ ਕੀਤੀ। 1953 ਵਿਚ, ਪੰਜਾਬ ਵਿਚ 4 ਸਾਲ ਦੰਦਾਂ ਦੇ ਡਾਕਟਰ ਵਜੋਂ ਕੰਮ ਕਰਨ ਤੋਂ ਬਾਅਦ, ਉਨ੍ਹਾਂ ਨੂੰ ਨਿਊਯਾਰਕ ਵਿਚ ਗੁਗਨਹਾਈਮ ਡੈਂਟਲ ਫਾਊਂਡੇਸ਼ਨ ਵਿਚ ਕੰਮ ਕਰਨ ਲਈ ਫੁਲਬ੍ਰਾਈਟ ਸਕਾਲਰਸ਼ਿਪ ਦੀ ਪੇਸ਼ਕਸ਼ ਕੀਤੀ ਗਈ। ਇੱਕ ਸਾਲ ਬਾਅਦ, ਉਨ੍ਹਾਂ ਨੂੰ ਸ਼ਿਕਾਗੋ ਵਿਚ ਯੂਨੀਵਰਸਿਟੀ ਆਫ਼ ਇਲੀਨੋਇ ਡੈਂਟਲ ਕਾਲਜ ਵਿਚ ਦੰਦਾਂ ਦੇ ਵਿਗਿਆਨ ਵਿਚ ਮਾਸਟਰਜ਼ ਆਫ਼ ਸਾਇੰਸ ਪੂਰਾ ਕਰਨ ਲਈ ਸਕਾਲਰਸ਼ਿਪ ਦਿੱਤੀ ਗਈ। 1956 ਵਿਚ, ਉਹ ਵਾਸ਼ਿੰਗਟਨ ਡੀ.ਸੀ. ਵਿਚ ਹਾਰਵਰਡ ਯੂਨੀਵਰਸਿਟੀ ਤੋਂ ਦੰਦਾਂ ਦੀ ਸਰਜਰੀ

**'ਪੰਜਾਬ ਟਾਈਮਜ਼' ਵਲੋਂ ਸ਼ਰਧਾਂਜਲੀ**



ਦੀ ਡਾਕਟਰੇਟ ਪੂਰੀ ਕਰਨ ਲਈ ਗਏ ਅਤੇ ਅੰਤ ਵਿੱਚ ਮਾਲੀਬੂ, ਸੀਏ ਵਿੱਚ ਸੈਟਲ ਹੋ ਗਏ, ਜਿੱਥੇ ਹਾਲੀਵੁੱਡ ਦੀਆਂ ਕਈ ਮਸ਼ਹੂਰ ਹਸਤੀਆਂ ਉਨ੍ਹਾਂ ਕੋਲ ਆਪਣੇ ਦੰਦਾਂ ਦੇ ਇਲਾਜ ਲਈ ਆਉਂਦੀਆਂ ਸਨ, ਜਿਨ੍ਹਾਂ ਵਿਚ ਐਲਿਜ਼ਾਬੈਥ ਟੇਲਰ, ਗ੍ਰੈਗਰੀ ਪੈਕ, ਅਤੇ ਸਿਡਨੀ ਪੋਇਟੀਅਰ ਦੇ ਨਾਂ ਸ਼ੁਮਾਰ ਹਨ। ਉਥੇ ਉਨ੍ਹਾਂ ਨੇ ਘੱਟ ਆਮਦਨੀ ਵਾਲੇ ਗਾਹਕਾਂ ਦੀ ਸੇਵਾ ਵੀ ਕੀਤੀ।

ਆਪਣੇ ਲਾਭਦਾਇਕ ਪੇਸ਼ੇਵਰ ਕਰੀਅਰ ਤੋਂ ਇਲਾਵਾ, ਡਾ. ਮਰਵਾਹ ਰਾਜਨੀਤੀ ਵਿਚ ਸਰਗਰਮ ਸਨ ਅਤੇ ਅਮਰੀਕਾ ਦੇ ਨਾਲ-ਨਾਲ ਉਨ੍ਹਾਂ ਨੇ ਭਾਰਤ ਵਿਚ ਆਪਣੇ ਭਾਈਚਾਰੇ ਵਿਚ ਖਾਸ ਥਾਂ ਬਣਾਈ। ਅਮਰੀਕਾ ਵਿਚ, ਉਨ੍ਹਾਂ ਦਲੀਪ ਸਿੰਘ ਸੌਂਦ ਦੀ ਪਹਿਲੇ ਏਸ਼ੀਅਨ ਕਾਂਗਰਸਪਰਸਨ ਬਣਨ ਦੀ ਮੁਹਿੰਮ ਦਾ ਸਮਰਥਨ ਕੀਤਾ। 1969 ਵਿਚ, ਗੁਰੂ ਨਾਨਕ ਦੇਵ ਜੀ ਦੀ 500ਵੀਂ ਵਰ੍ਹੇਗੰਢ ਦੌਰਾਨ, ਉਨ੍ਹਾਂ ਨੇ ਹਾਲੀਵੁੱਡ ਸਿੱਖ ਮੰਦਰ ਬਣਾਉਣ ਲਈ ਲੋੜੀਂਦੀ ਇਮਾਰਤ ਅਤੇ ਜਾਇਦਾਦ ਦਾਨ ਕੀਤੀ, ਅਤੇ ਇਸ ਲਈ ਸ਼ੁਰੂਆਤੀ ਫੰਡਿੰਗ ਵੀ ਕੀਤੀ। ਲਾਸ ਏਂਜਲਸ ਵਿਚ ਗੁਰਦੁਆਰੇ ਦੀ ਸ਼ੁਰੂਆਤੀ ਉਸਾਰੀ ਅਤੇ ਬਾਅਦ ਵਿਚ ਮੁਰੰਮਤ ਲਈ ਵੀ ਫੰਡਿੰਗ ਕੀਤੀ। ਉਨ੍ਹਾਂ 100 ਤੋਂ ਵੱਧ ਭਾਰਤੀ-ਅਮਰੀਕੀ ਵਿਦਿਆਰਥੀਆਂ ਲਈ ਸਕਾਲਰਸ਼ਿਪ ਫੰਡ ਇਕੱਠੇ ਕੀਤੇ ਅਤੇ ਆਪਣੇ ਅਲਮਾ ਮੈਟਰ ਹਾਰਵਰਡ ਯੂਨੀਵਰਸਿਟੀ ਕਾਲਜ ਆਫ਼ ਡੈਂਟਿਸਟਰੀ ਵਰਗੀਆਂ ਸੰਸਥਾਵਾਂ ਦਾ ਸਮਰਥਨ ਕੀਤਾ, ਜਿੱਥੇ ਉਨ੍ਹਾਂ ਨੇ ਦਿ ਮਰਵਾਹ



ਡਾ. ਅਮਰਜੀਤ ਸਿੰਘ ਮਰਵਾਹ ਦੀ ਇਕ ਪੁਰਾਣੀ ਤਸਵੀਰ।

ਕੰਪ੍ਰੀਹੈਂਸਿਵ ਕੇਅਰ ਕਲੀਨਿਕ ਅਤੇ ਯੂਨੀਵਰਸਿਟੀ ਆਫ਼ ਇਲੀਨੋਇ ਕਾਲਜ ਆਫ਼ ਡੈਂਟਿਸਟਰੀ ਸਥਾਪਤ ਕਰਨ ਲਈ $ 300,000 ਦਾ ਯੋਗਦਾਨ ਪਾਇਆ। ਇੱਥੇ ਹੀ ਉਨ੍ਹਾਂ ਨੇ ਡਾ. ਅਮਰਜੀਤ ਐਸ. ਮਰਵਾਹ ਅਤੇ ਸ੍ਰੀਮਤੀ ਕੁਲਜੀਤ ਕੇ. ਮਰਵਾਹ ਫੈਕਲਟੀ ਐਂਡੋਮੈਂਟ ਫੰਡ ਬਣਾਉਣ ਲਈ 250,000 ਦਾ ਯੋਗਦਾਨ ਪਾਇਆ। ਭਾਰਤ ਵਿਚ, ਉਹ ਪੰਜਾਬ ਅਤੇ ਸਿੰਧ ਬੈਂਕ ਦੇ ਡਾ. ਇੰਦਰਜੀਤ ਸਿੰਘ ਦੇ ਨਾਲ ਬੈਂਕ ਆਫ਼ ਪੰਜਾਬ ਦੇ ਸਹਿ-ਸੰਸਥਾਪਕ ਸਨ। ਪੰਜਾਬ ਵਿਚ ਕਈ ਮਾਨਵਤਾਵਾਦੀ ਅਤੇ ਵਿਦਿਅਕ ਕਾਰਜਾਂ 'ਤੇ ਉਨ੍ਹਾਂ 12 ਕਰੋੜ ਰੁਪਏ ਖਰਚ ਕੀਤੇ। ਉਨ੍ਹਾਂ ਫਰੀਦਕੋਟ, ਪੰਜਾਬ ਵਿਚ ਕੇ.ਕੇ. ਮਰਵਾਹ ਗਰਲਜ਼ ਕਾਲਜ (ਆਪਣੀ ਪਤਨੀ, ਕੁਲਜੀਤ ਕੌਰ ਮਰਵਾਹ ਦੇ ਨਾਮ 'ਤੇ) ਸ਼ੁਰੂ ਕੀਤਾ। ਮਹਿੰਦਰਾ ਕਾਲਜ, ਪਟਿਆਲਾ ਵਿਚ, ਉਨ੍ਹਾਂ ਨੇ ਇੱਕ ਆਡੀਟੋਰੀਅਮ (ਆਪਣੀ ਸੱਸ, ਕਰਤਾਰ ਕੌਰ ਸੋਢੀ ਦੇ ਨਾਮ 'ਤੇ ) ਬਣਾਉਣ ਵਿਚ ਮਦਦ ਕੀਤੀ। 2023 ਵਿਚ, ਫਿਲਮ ਨਿਰਮਾਤਾ ਮ੍ਰਿਦੂ ਚੰਦਰਾ ਨੇ ਡਾ. ਮਰਵਾਹ ਨਾਲ ਆਉਣ ਵਾਲੀ ਇਕ ਦਸਤਾਵੇਜ਼ੀ ਫਿਲਮ ਲਈ ਇੰਟਰਵਿਊ ਫਿਲਮਾਈ ਜਿਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਦਲੀਪ ਸਿੰਘ ਸੌਂਦ ਇਤਿਹਾਸ ਵਿਚ ਅਮਰੀਕਾ ਦੇ ਪਹਿਲੇ ਏਸ਼ਿਆਈ, ਭਾਰਤੀ ਅਤੇ ਸਿੱਖ ਕਾਂਗਰਸ ਪਰਸਨ ਬਣੇ। 'ਪੰਜਾਬ ਟਾਈਮਜ਼' ਵਲੋਂ ਡਾ. ਮਰਵਾਹ ਨੂੰ ਭਾਵ ਭਿੰਨੀ ਸ਼ਰਧਾਂਜਲੀ।

# ਡਾ. ਮਨਮੋਹਨ ਸਿੰਘ ਪ੍ਰਬੁੱਧ ਅਰਥ ਸ਼ਾਸਤਰੀ ਅਤੇ ਮਹਾਨ ਨੀਤੀਵੇਤਾ ਸਨ: ਬਾਜਵਾ

**ਮੁਹਾਲੀ:** ਸੀਨੀਅਰ ਕਾਂਗਰਸੀ ਆਗੂ ਬਲਬੀਰ ਸਿੰਘ ਸਿੱਧੂ ਵਲੋਂ ਇਥੋਂ ਦੇ ਫੈਜ਼-8 ਵਿਚਲੇ ਗੁਰਦੁਆਰਾ ਅੰਗੀਠਾ ਸਾਹਿਬ ਵਿਖੇ ਮਰਹੂਮ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਯਾਦ ਵਿਚ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ ਬੁਲਾਰਿਆਂ ਨੇ ਉਨ੍ਹਾਂ ਨੂੰ ਪ੍ਰਬੁੱਧ ਅਰਥ ਸ਼ਾਸਤਰੀ, ਮਹਾਨ ਨੀਤੀਵੇਤਾ ਤੇ ਇਕ ਬਹੁਤ ਹੀ ਸੁਘੜ, ਸਿਆਣੇ ਤੇ ਨਿਮਰ ਵਿਅਕਤੀ ਵਜੋਂ ਯਾਦ ਕੀਤਾ।

ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਖੁਰਾਕ ਸੁਰੱਖਿਆ, ਸੂਚਨਾ ਦਾ ਅਧਿਕਾਰ, ਸਿੱਖਿਆ ਦਾ ਅਧਿਕਾਰ ਤੇ ਮਨਰੇਗਾ ਵਰਗੇ ਕਈ ਅਜਿਹੇ ਕਾਨੂੰਨ ਹਨ ਜਿਨ੍ਹਾਂ ਨਾਲ ਡਾ. ਮਨਮੋਹਨ ਸਿੰਘ ਨੇ ਸਾਡੇ ਮੁਲਕ ਦਾ ਨਕਸ਼ਾ ਬਦਲ ਕੇ ਰੱਖ ਦਿੱਤਾ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਅਜਿਹੇ ਮਹਾਨ ਅਰਥ ਸ਼ਾਸਤਰੀ ਸਨ ਜਿਨ੍ਹਾਂ ਤੋਂ ਸਲਾਹ ਲੈਣ ਲਈ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੀ ਆਪਣਾ ਫ਼ਖਰ ਸਮਝਦੇ ਸਨ। ਬਾਜਵਾ ਨੇ ਕਿਹਾ ਕਿ ਡਾ. ਮਨਮੋਹਨ ਸਿੰਘ ਨੂੰ ਭਾਰਤ ਨੂੰ ਆਰਥਿਕ ਮੰਦੀ ਵਿਚੋਂ ਕੱਢ ਕੇ ਇਸਦੀ ਸ਼ਾਨ ਕਾਇਮ ਰੱਖਣ ਲਈ ਹਮੇਸ਼ਾਂ ਯਾਦ ਰੱਖਿਆ ਜਾਵੇਗਾ।

ਸੂਬੇ ਦੇ ਸਾਬਕਾ ਉਦਯੋਗ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਡਾ. ਮਨਮੋਹਨ ਸਿੰਘ ਦੀਆਂ ਆਪਣੇ ਸ਼ਹਿਰ ਹੁਸ਼ਿਆਰਪੁਰ ਨਾਲ ਜੁੜੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਜਦੋਂ ਵੀ ਉਨ੍ਹਾਂ ਨੂੰ ਮਿਲਣ ਜਾਂਦੇ ਤਾਂ ਹੁਸ਼ਿਆਰਪੁਰ ਦੀਆਂ ਗੱਲਾਂ ਜ਼ਰੂਰ ਕਰਦੇ।




ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਦੀ ਪੰਜਾਬ ਖਾਸ ਕਰਕੇ ਮੁਹਾਲੀ ਦੀ ਤਰੱਕੀ ਵਿਚ ਬਹੁਤ ਵੱਡਾ ਯੋਗਦਾਨ ਹੈ। ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਆਏ ਹੋਏ ਵਿਅਕਤੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਮੁਹਾਲੀ ਨੂੰ ਹਵਾਈ ਅੱਡਾ, ਪੰਜਾਬ ਸਕੂਲ ਆਫ਼ ਬਿਜ਼ਨਸ, ਇੰਡੀਅਨ ਇੰਸਟੀਚਿਊਟ ਆਫ਼ ਸਾਇੰਸ ਐਂਡ ਅਜੂਕੇਸ਼ਨ ਰਿਸਰਚ ਅਤੇ ਮੈਡੀਕਲ ਕਾਲਜ ਵਰਗੇ ਪ੍ਰਾਜੈਕਟ ਦੇ ਕੇ ਇਸ ਸ਼ਹਿਰ ਦੀ ਤਰੱਕੀ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਗੁਰਦਰਸ਼ਨ ਸਿੰਘ ਬਾਹੀਆ ਨੇ ਸਟੇਜ ਸਕੱਤਰ ਵਜੋਂ ਭੂਮਿਕਾ ਨਿਭਾਈ।

ਇਸ ਮੌਕੇ ਚੰਡੀਗੜ੍ਹ ਦੇ ਲੋਕ ਸਭਾ ਮੈਂਬਰ ਮੁਨੀਸ਼ ਤਿਵਾੜੀ ਬਰਨਾਲਾ ਤੋਂ ਕਾਂਗਰਸੀ ਵਿਧਾਇਕ ਕੁਲਦੀਪ ਸਿੰਘ ਢਿੱਲੋਂ ਤੇ ਮੁਹਾਲੀ ਮਿਊਂਸੀਪਲ ਕਾਰਪੋਰੇਸ਼ਨ ਦੇ ਮੇਅਰ ਅਮਰਜੀਤ ਸਿੰਘ ਜੀਤੀ ਸਿੱਧੂ, ਸੀਨੀਅਰ ਡਿਪਟੀ ਮੇਅਰ ਅਮਰੀਕ ਸਿੰਘ ਸੋਮਲ, ਚੰਡੀਗੜ੍ਹ ਕਾਂਗਰਸ ਦੇ ਪ੍ਰਧਾਨ ਹਰਮਿੰਦਰ ਸਿੰਘ ਲੱਕੀ, ਸਾਬਕਾ ਚੇਅਰਮੈਨ ਹਰਕੇਸ਼ ਚੰਦ ਸ਼ਰਮਾ ਮੱਛਲੀ ਕਲਾਂ, ਸੀਨੀਅਰ ਕਾਂਗਰਸੀ ਆਗੂ ਕਮਲਜੀਤ ਸਿੰਘ ਚਾਵਲਾ, ਸੀਨੀਅਰ ਕਾਂਗਰਸੀ ਆਗੂ ਹਰਚਰਨ ਸਿੰਘ ਸੋਥਾ, ਨਗਰ ਕੌਂਸਲ ਸਮਰਾਲਾ ਦੇ ਪ੍ਰਧਾਨ ਕਰਨਬੀਰ ਸਿੰਘ ਢਿੱਲੋਂ, ਜ਼ਿਲ੍ਹਾ ਕਾਂਗਰਸ ਕਮੇਟੀ ਮੁਹਾਲੀ ਦੇ ਪ੍ਰਧਾਨ ਰਣਜੀਤ ਸਿੰਘ ਜੀਤੀ ਪਡਿਆਲਾ, ਬਲਾਕ ਕਾਂਗਰਸ ਕਮੇਟੀ ਮੁਹਾਲੀ ਸ਼ਹਿਰੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਗਿੱਲ, ਮਹਿਲਾ ਕਾਂਗਰਸ ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਬੀਬੀ ਸਵਰਨਜੀਤ ਕੌਰ, ਯੂਥ ਕਾਂਗਰਸ ਜ਼ਿਲ੍ਹਾ ਮੁਹਾਲੀ ਦੇ ਪ੍ਰਧਾਨ ਸਰਵੋਤਮ ਰਾਣਾ ਤੋਂ ਇਲਾਵਾ ਨਗਰ ਨਿਗਮ ਮੁਹਾਲੀ ਦੇ ਕਾਂਗਰਸੀ ਕੌਂਸਲਰ, ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ, ਪਿੰਡਾਂ ਦੇ ਪੰਚਾਂ- ਸਰਪੰਚਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਾਂਗਰਸੀ ਵਰਕਰ ਤੋਂ ਆਮ ਲੋਕ ਹਾਜ਼ਰ ਸਨ।

# ਫਿਰੌਤੀ ਲੈਣ ਆਏ ਲਾਰੈਂਸ ਗੈਂਗ ਦੇ ਤਿੰਨ ਗੁਰਗੇ ਗ੍ਰਿਫ਼ਤਾਰ

**ਮੁਕਤਸਰ:** ਸੇਤੀਆ ਪੇਪਰਮਿੱਲ ਰੁਪਾਣਾ ਦੇ ਇਕ ਠੇਕੇਦਾਰ ਤੋਂ ਰੰਗਦਾਰੀ ਦੇ ਪੈਸੇ ਲੈਣ ਆਏ ਤਿੰਨ ਬਦਮਾਸ਼ਾਂ ਤੇ ਪੁਲਿਸ ਵਿਚਕਾਰ ਪਿੰਡ ਲੁਬਾਣਿਆਂਵਾਲੀ 'ਚ ਸ਼ੁੱਕਰਵਾਰ ਦੇਰ ਰਾਤ ਮੁਕਾਬਲਾ ਹੋ ਗਿਆ। ਦੋਵਾਂ ਪਾਸਿਓ ਗੋਲੀਆਂ ਚੱਲੀਆਂ। ਇਸ ਦੌਰਾਨ ਪੁਲਿਸ ਨੇ ਥਾਈਕ 'ਤੇ ਆਏ ਤਿੰਨ ਬਦਮਾਸ਼ਾਂ ਗ੍ਰਿਫ਼ਤਾਰ ਕਰ ਲਿਆ। ਇਕ ਬਦਮਾਸ਼ ਪੈਰ 'ਚ ਗੋ.ਲੀ ਵੀ ਲੱਗ ਗਈ, ਜਿਸ ਨੂੰ ਸਿਵਲ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ। ਮੁਲਜ਼ਮਾਂ ਕੋਲੋਂ ਇਕ ਪਿਸਤੌਲ ਵੀ ਬਰਾਮਦ ਹੋਇਆ ਹੈ। ਮੁਲਜ਼ਮਾਂ ਦੀ ਪਛਾਣ ਸੁਖਮੰਦਰ ਸਿੰਘ ਉਰਫ਼ ਬਿੰਦੀ, ਲਖਵੀਰ ਸਿੰਘ ਉਰਫ਼ ਸੋਨੂੰ ਤੇ ਸਰਬਨ ਸਿੰਘ ਵਾਸੀ ਪਿੰਡ ਰੁਪਾਣਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਜੋਂ ਹੋਈ ਹੈ। ਸੁਖਮੰਦਰ ਸਿੰਘ ਦੇ ਪੈਰ 'ਚ ਗੋ.ਲੀ ਲੱਗੀ ਹੈ। ਮੁੱਢਲੀ ਜਾਂਚ 'ਚ ਮੁਲਜ਼ਮਾਂ ਨੇ ਆਪਣੇ ਆਪ ਨੂੰ ਲਾਰੈਂਸ ਗੈਂਗ ਦੇ ਗੁਰਗੇ ਦੱਸਿਆ ਹੈ। ਇਹ ਵੀ ਪਤਾ ਲੱਗਿਆ ਹੈ ਕਿ ਸ਼ਿਕਾਇਤਕਰਤਾ ਸਾਧੂ ਰਾਮ ਕੋਲ ਮੁਲਜ਼ਮ ਸੁਖਮੰਦਰ ਕੰਮ ਕਰਦਾ ਸੀ। ਉਸੇ ਨੇ ਦੋ ਸਾਥੀਆਂ ਨਾਲ ਮਿਲ ਕੇ ਰੰਗਦਾਰੀ ਦੀ ਯੋਜਨਾ ਬਣਾਈ ਸੀ। ਹਾਲਾਂਕਿ ਐੱਸਐੱਸਪੀ ਤੁਸ਼ਾਰ ਗੁਪਤਾ ਦਾ ਕਹਿਣਾ ਹੈ। ਕਿ ਤਿੰਨਾਂ 'ਤੇ ਪਹਿਲਾਂ ਕੋਈ ਅਪਰਾਧਕ ਮਾਮਲਾ ਦਰਜ ਨਹੀਂ।



ਐੱਸਐੱਸਪੀ ਤੁਸ਼ਾਰ ਗੁਪਤਾ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਸੇਤੀਆ ਪੇਪਰ ਮਿੱਲ ਰੁਪਾਣਾ ਦੇ ਠੇਕੇਦਾਰ ਸਾਧੂ ਰਾਮ ਪੁੱਤਰ ਹੰਸਰਾਜ ਨੇ ਪੁਲਿਸ ਕੋਲ ਸ਼ਿਕਾਇਤ ਦਿੱਤੀ ਸੀ ਕੁੱਝ ਅਣਪਛਾਤੇ ਵਿਅਕਤੀਆਂ ਨੇ ਵਟਸਐਪ ਕਾਲ ਰਾਹੀਂ ਉਨ੍ਹਾਂ ਨੂੰ ਡਰਾ ਧਮਕਾ ਕੇ ਇਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ ਥਾਣਾ ਸਦਰ ਸ੍ਰੀ ਮੁਕਤਸਰ ਸਾਹਿਬ ਕੇਸ ਦਰਜ ਕਰ ਕੇ ਦੋਸ਼ੀਆਂ ਦੀ ਭਾਲ ਲਈ ਵੱਖ ਵੱਖ ਟੀਮਾਂ ਬਣਾ ਕੇ ਫਿਰੌਤੀ ਮੰਗਣ ਵਾਲਿਆਂ ਨੂੰ ਟਰੇਸ ਕੀਤਾ ਗਿਆ। ਇਸ ਤੋਂ ਬਾਅਦ ਸ਼ਿਕਾਇਤ ਕਰਤਾ ਨੂੰ ਫਿਰੌਤੀ ਦੀ ਰਕਮ ਦੇਣ। ਲਈ ਮੁਲਜ਼ਮਾਂ ਨੂੰ ਬੁਲਾਉਣ ਲਈ ਕਿਹਾ। ਗਿਆ। ਗੱਲ 15 ਲੱਖ ਰੁਪਏ 'ਚ ਫਾਈਨਲ ਹੋ ਗਈ। ਬਦਮਾਸ਼ਾਂ ਨੇ ਸ਼ਿਕਾਇਤਕਰਤਾ ਨੂੰ ਮੁਕਸਤਰ-ਫ਼ਿਰੋਜ਼ਪੁਰ ਰੋਡ 'ਤੇ ਸਥਿਤ ਪਿੰਡ ਲੁਬਾਣਿਆਂਵਾਲੀ ਨੇੜੇ ਸੂਏ ਦੇ ਪੁਲ 'ਤੇ ਬੁਲਾਇਆ। ਇੱਥੇ ਸੀਆਈਏ ਸਟਾਫ ਤੇ ਕਾਊਂਟਰ ਇੰਟੈਲੀਜੈਂਸ ਬਠਿੰਡਾ ਰੇਂਜ ਦੀ ਟੀਮ ਪਹਿਲਾਂ ਤੋਂ ਹੀ ਤਾਇਨਾਤ ਸੀ। ਰਾਤ ਕਰੀਬ ਸਾਢੇ ਦੱਸ ਵਜੇ ਇਕ ਮੋਟਰ ਸਾਈਕਲ 'ਤੇ ਤਿੰਨ ਲੋਕ ਸਵਾਰ ਹੋ ਕੇ ਪੈਸੇ ਲੈਣ ਆਏ। ਜਦੋਂ ਪੁਲਿਸ ਨੇ ਮੁਲਜ਼ਮਾਂ ਨੂੰ ਘੇਰਿਆਂ ਤਾਂ ਮੁਲਜ਼ਮਾਂ ਨੇ ਪੁਲਿਸ 'ਤੇ ਗੋਲੀਬਾਰੀ ਕੀਤੀ। ਪੁਲਿਸ ਨੇ ਵੀ ਜਵਾਬੀ ਫਾਇਰਿੰਗ ਕੀਤੀ। ਇਸ ਫਾਇਰਿੰਗ 'ਚ ਇਕ ਮੁਲਜ਼ਮ ਸੁਖਮੰਦਰ ਸਿੰਘ ਜ਼ਖ਼ਮੀ ਹੋ ਗਿਆ। ਬਾਅਦ 'ਚ ਤਿੰਨਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਨ੍ਹਾਂ ਕੋਲੋਂ ਇਕ ਪਿਸਤੌਲ 30 ਬੋਰ, 2 ਰੌਂਦ, 2 ਮੋਬਾਈਲ ਫੋਨ ਇਕ ਮੋਟਰਸਾਈਕਲ ਬਰਾਮਦ ਹੋਇਆ ਹੈ।

# ਹਰੀਕੇ ਪੱਤਣ 'ਚ ਆੜ੍ਹਤੀ ਦਾ ਕਤਲ

## ਪੁਲਸ ਮੁਕਾਬਲੇ ਪਿਛੋਂ ਦੋ ਸ਼ੂਟਰ ਗ੍ਰਿਫ਼ਤਾਰ

**ਹਰੀਕੇ ਪੱਤਣ:** ਤਰਨਤਾਰਨ ਜ਼ਿਲ੍ਹੇ ਦੇ ਕਸਬਾ ਹਰੀਕੇ ਪੱਤਣ 'ਚ ਅੱਤਵਾਦੀ ਲਖਬੀਰ ਸਿੰਘ ਲੰਡਾ ਹਰੀਕੇ ਦੇ ਗੁਆਂਢ ਰਹਿੰਦੇ ਆੜ੍ਹਤੀ ਨੂੰ ਦੁਕਾਨ ਦੇ ਬਾਹਰ ਮੋਟਰ ਸਾਈਕਲ ਸਵਾਰਾਂ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਬਾਅਦ 'ਚ ਪੁਲਿਸ ਨੇ ਸੂਟਰਾਂ ਦਾ ਪਿੱਛਾ ਕੀਤਾ ਤੇ ਪੰਜ ਘੰਟੇ ਬਾਅਦ ਵਾਰਦਾਤ ਵਾਲੀ ਥਾਂ ਤੋਂ ਸੱਤ ਕਿਲੋਮੀਟਰ ਦੂਰ ਮੁਕਾਬਲੇ ਮਗਰੋਂ ਜ਼ਖ਼ਮੀ ਹਾਲਤ 'ਚ ਦੋਵਾਂ ਸ਼ੂਟਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਇਸ ਦੌਰਾਨ ਉਨ੍ਹਾਂ ਦਾ ਇਕ ਸਾਥੀ ਭੱਜਣ 'ਚ ਕਾਮਯਾਬ ਹੋ ਗਿਆ। ਦੋਵਾਂ ਸ਼ੂਟਰਾਂ ਦੀ ਪਛਾਣ ਸਾਹਿਲਪ੍ਰੀਤ ਸਿੰਘ ਤੇ ਜਸਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਅੰਮ੍ਰਿਤਸਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਓਧਰ ਇਸ ਹਮਲੇ ਤੋਂ ਬਾਅਦ ਸੋਸ਼ਲ ਮੀਡੀਆ 'ਤੇ ਇਕ ਪੋਸਟ ਪਾ ਕੇ ਲੋਡਾ ਵਿਰੋਧੀ ਡੋਨੀ ਬੱਲ, ਪ੍ਰਭ ਦਾਸੂਵਾਲ ਤੇ ਉਸ ਦੇ ਸਾਥੀਆਂ ਨੇ ਹਮਲੇ ਦੀ ਜ਼ਿੰਮੇਵਾਰੀ ਲੈ ਲਈ ਹੈ।

ਐੱਸਐੱਸਪੀ ਅਭਿਮੰਨਿਊ ਰਾਟਾ ਨੇ ਦੱਸਿਆ ਕਿ ਆੜ੍ਹਤੀ ਰਾਮ ਗੋਪਾਲ ਸ਼ਰਮਾ (50) ਐਤਵਾਰ ਸਵੇਰੇ ਕਰੀਬ 11 ਵਜੇ ਆਪਣੀ ਆੜ੍ਹਤ ਦੇ ਕੋਲ ਹੀ ਚੱਲ ਰਹੀ ਉਸਾਰੀ ਦਾ ਕੰਮਕਾਜ ਵੇਖ ਰਹੇ ਸਨ। ਇਸੇ ਦੌਰਾਨ ਮੋਟਰਸਾਈਕਲ 'ਤੇ ਸਵਾਰ ਦੋ ਅਣਪਛਾਤੇ ਨੌਜਵਾਨ ਆਏ ਤੇ ਆਉਂਦਿਆਂ ਹੀ ਆੜ੍ਹਤੀ 'ਤੇ ਤਾਬੜ-ਤੋੜ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਦੱਸਿਆ ਜਾ ਰਿਹਾ ਹੈ ਕਿ ਉਨ੍ਹਾਂ ਅੱਧਾ ਦਰਜਨ ਦੇ ਕਰੀਬ ਰਾਊਂਡ ਫਾਇਰ ਕੀਤੇ। ਤਿੰਨ ਗੋਲੀਆਂ ਰਾਮ ਗੋਪਾਲ ਸ਼ਰਮਾ ਨੂੰ ਲੱਗੀਆਂ। ਹਮਲਾਵਰ



ਵਾਰਦਾਤ ਨੂੰ ਅੰਜਾਮ ਦੇ ਕੇ ਫ਼ਰਾਰ ਹੋ ਗਏ। ਜ਼ਖ਼ਮੀ ਹਾਲਤ 'ਚ ਪਰਿਵਾਰਕ ਮੈਂਬਰ ਆੜ੍ਹਤੀ ਨੂੰ ਤਰਨਤਾਰਨ ਦੇ ਨਿੱਜੀ ਹਸਪਤਾਲ ਲੈ ਕੇ ਆਏ, ਪਰ ਉਨ੍ਹਾਂ ਦੀ ਜਾਨ ਨਾ ਬਚਾਈ ਜਾ ਸਕੀ।

ਐੱਸਐੱਸਪੀ ਨੇ ਦੱਸਿਆ ਕਿ ਸੂਚਨਾ ਮਿਲਣ 'ਤੇ ਪੁਲਿਸ ਨੇ ਇਲਾਕੇ 'ਚ ਅਲਰਟ ਜਾਰੀ ਕਰ ਦਿੱਤਾ ਤੇ ਥਾਣਾ ਹਰੀਕੇ ਦੇ ਇੰਚਾਰਜ ਇੰਸਪੈਕਟਰ ਰਣਜੀਤ ਸਿੰਘ ਨੇ ਆਪਣੀ ਟੀਮ ਨਾਲ ਸ਼ੂਟਰਾਂ ਦਾ ਪਿੱਛਾ ਸ਼ੁਰੂ ਕਰ ਦਿੱਤਾ। ਗੋਲੀਆਂ ਚਲਾਉਣ ਵਾਲੇ ਦੋਵੇਂ 5 ਬਦਮਾਸ਼ ਬਾਈਕ 'ਤੇ ਭੇਜੇ ਸਨ ਪਰ ਪਿੰਡ ਰੇ ਮੇਟੇਨੇ ਕੇ ਮੌਡ ਕੋਲ ਉਨ੍ਹਾਂ ਦਾ ਸਾਥੀ ਸਵਿਫਟ ਕਾਰ ਲੈ ਕੇ ਖੜ੍ਹਾ ਬਾਈਕ ਉੱਥੇ ਹੀ ਸੁੱਟ ਦਿੱਤੀ ਤੇ ਕਾਰ 'ਚ ਬੈਠ ਕੇ ਪਿੰਡ ਅਲੀਪੁਰ ਵੱਲ ਭੱਜ ਗਏ। ਪਿੰਡ ਅਲੀਪੁਰ ਦੇ ਲਿੰਕ ਰੋਡ ਵੱਲੋਂ ਕੱਚੇ ਰਸਤੇ 'ਤੇ ਜੀ ਕਾਰ ਦੀ ਰਫ਼ਤਾਰ ਮੱਠੀ ਹੋਈ ਤਾਂ ਪੁਲਿਸ ਨੇ 5 ਉਨ੍ਹਾਂ ਨੂੰ ਘੇਰ ਲਿਆ। ਪੁਲਿਸ ਨੇ ਉਨ੍ਹਾਂ ਨੂੰ ਹੀ ਸਰੰਡਰ ਕਰਨ ਲਈ ਕਿਹਾ ਪਰ ਉਨ੍ਹਾਂ ਪੁਲਿਸ 'ਤੇ ਗੋਲੀਆਂ ਚਲਾ ਦਿੱਤੀਆਂ।

### ਸ਼ੋਸ਼ਲ ਮੀਡੀਆ 'ਤੇ ਜ਼ਿੰਮੇਵਾਰੀ ਲੈਂਦੀ ਪੋਸਟ ਵਾਇਰਲ

ਆੜ੍ਹਤੀ ਰਾਮ ਗੋਪਾਲ ਸ਼ਰਮਾ ਦੀ ਹੱਤਿਆ ਤੋਂ ਬਾਅਦ ਸ਼ੋਸ਼ਲ ਮੀਡੀਆ 'ਤੇ ਇਕ ਪੋਸਟ ਵਾਇਰਲ ਹੋਈ। ਜਿਸ 'ਚ ਲਿਖਿਆ ਗਿਆ ਹੈ, 'ਜੋ ਹਰੀਕੇ ਵਿਖੇ ਕਤਲ ਹੋਇਆ ਹੈ, ਉਸਦੀ ਜ਼ਿੰਮੇਵਾਰੀ ਮੈਂ ਡੋਨੀ ਬੱਲ, ਮੇਰੇ ਛੋਟੇ ਭਰਾ ਪ੍ਰਭ ਦਾਸੂਵਾਲ, ਕੌਸ਼ਲ ਚੌਧਰੀ ਲੈਂਦੇ ਹਾਂ। ਇਹ ਲੰਡ ਹਰੀਕੇ ਦਾ ਖਾਸ ਬੰਦਾ ਸੀ ਅਤੇ ਉਸਦੇ ਸਾਰੇ ਕੰਮ ਸੰਭਾਲਦਾ, ਫਿਰੌਤੀ ਲਈ ਨੰਬਰ ਦਿੰਦਾ ਤੇ ਸੈਟਲਮੈਂਟਾਂ ਕਰਵਾਉਂਦਾ ਸੀ। ਨਾਲ ਹੀ ਹਥਿਆਰ ਸੰਭਾਲਦਾ ਤੇ ਸਪਲਾਈ ਕਰਦਾ ਸੀ। ਇਸ ਨਾਲ ਹੀ ਇਹ ਵੀ ਲਿਖਿਆ ਹੈ, 'ਅਸੀਂ ਕੋਈ ਨਜਾਇਜ਼ ਕੰਮ ਨਹੀਂ ਕਰਦੇ, ਅਸੀਂ ਆਪਣੇ ਭਰਾ ਗੁਰਦੀਪ ਸਰਪੰਚ ਦਾ ਬਦਲਾ ਲੈ ਲਿਆ ਹੈ। ਸਾਨੂੰ ਪਤਾ ਕਿ ਸਾਡੇ ਦੋ ਛੋਟੇ ਭਰਾ ਪੁਲਿਸ ਨੇ ਫੜ੍ਹਲੇ ਆ। ਪੁਲਿਸ ਆਪਣੀ ਬਣਦੀ ਕਾਰਵਾਈ ਕਰੇ, ਜੇ ਕਿਸੇ ਵੀਰ ਦਾ ਪੁਲਿਸ ਨੁਕਸਾਨ ਕਰਦੀ ਆ ਤਾਂ ਉਸਦਾ ਜਿੰਮੇਵਾਰ ਪੁਲਿਸ ਪ੍ਰਸ਼ਾਸਨ ਹੋਵੇਗਾ।'

# ਕੇਜਰੀਵਾਲ ਸਰਕਾਰ ਨੇ ਸਰਕਾਰੀ ਖਜ਼ਾਨੇ ਨੂੰ 2026 ਕਰੋੜ ਦਾ ਘਾਟਾ ਪਾਇਆ



## ਸ਼ਰਾਬ ਘੁਟਾਲੇ ਬਾਰੇ ਕੈਗ ਦੀ ਰਿਪੋਰਟ

**ਨਵੀਂ ਦਿੱਲੀ:** ਕੰਪਟਰੋਲਰ ਅਤੇ ਆਡੀਟਰ ਜਨਰਲ (ਕੈਗ) ਨੇ ਦਿੱਲੀ ਸਰਕਾਰ ਦੀ ਹੁਣ ਰੱਦ ਕੀਤੀ ਜਾ ਚੁੱਕੀ ਆਬਕਾਰੀ ਨੀਤੀ ਵਿੱਚ ਵੱਡੀਆਂ ਖਾਮੀਆਂ ਹੋਣ ਦਾ ਦਾਅਵਾ ਕੀਤਾ ਹੈ, ਜਿਨ੍ਹਾਂ ਨਾਲ ਸਰਕਾਰੀ ਖਜ਼ਾਨੇ ਨੂੰ 2,026 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਕਥਿਤ ਸ਼ਰਾਬ ਘਪਲੇ ਦੇ ਵਿੱਤੀ ਅਸਰ ਨੂੰ ਗਿਣਿਆ ਗਿਆ ਹੈ। ਵਿਧਾਨ ਸਭਾ ਚੋਣਾਂ ਦੌਰਾਨ ਇਹ ਮਸਲਾ ਸਾਹਮਣੇ ਆਉਣ ਮਗਰੋਂ ਆਮ ਆਦਮੀ ਪਾਰਟੀ ਅਤੇ ਭਾਜਪਾ ਦਰਮਿਆਨ ਸ਼ਬਦੀ ਜੰਗ ਭਖ਼ ਗਈ ਹੈ।

ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਘਾਟੇ ਵਿੱਚ ਕੰਮ ਕਰ ਰਹੇ ਕਈ ਬੋਲੀਕਾਰਾਂ ਨੂੰ ਹਾਲੇ ਵੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਰਕਾਰ ਅਧੀਨ ਕਥਿਤ ਲਾਇਸੈਂਸ. ਦਿੱਤੇ ਗਏ ਹਨ। ਦੱਸਿਆ ਗਿਆ ਹੈ ਕਿ ਨੀਤੀ ਲਾਗੂ ਕਰਨ ਦੇ ਨਤੀਜੇ ਵਜੋਂ ਮਾਲੀਏ ਦਾ ਨੁਕਸਾਨ ਹੋਇਆ, ਜਿਸ ਦਾ ਨੁਕਸਾਨ ਆਮ ਲੋਕਾਂ ਨੂੰ ਸਹਿਣਾ ਪਿਆ। ਜਦਕਿ ਕੁਝ 'ਆਪ' ਨੇਤਾਵਾਂ ਨੂੰ ਕਥਿਤ ਤੌਰ 'ਤੇ ਫਾਇਦਾ ਹੋਇਆ।

ਰਿਪੋਰਟ ਵਿਚ ਮਨੀਸ਼ ਸਿਸੋਦੀਆ, ਜੋ ਉਸ ਸਮੇਂ ਐਕਸਾਈਜ਼ ਵਿਭਾਗ ਦੇ ਮੁਖੀ ਸਨ ਤੇ ਮੰਤਰੀਆਂ ਦੇ ਗਰੁੱਪ 'ਤੇ ਉਂਗਲ ਉਠਾਉਂਦੇ ਹੋਏ ਉਨ੍ਹਾਂ 'ਤੇ ਇਕ ਮਾਹਿਰਾਂ ਦੇ ਪੈਨਲ ਦੀਆਂ ਸਿਫ਼ਾਰਸ਼ਾਂ ਨਜ਼ਰਅੰਦਾਜ਼ ਕਰਨ ਦਾ ਦੋਸ਼ ਲਾਇਆ ਗਿਆ ਹੈ। ਰਿਪੋਰਟ ਅਨੁਸਾਰ ਸਪੱਸ਼ਟ ਉਲੰਘਣਾ ਦੇ ਬਾਵਜੂਦ ਲਾਇਸੈਂਸ ਜਾਰੀ ਕੀਤੇ ਗਏ ਅਤੇ ਉਲੰਘਣਾ ਕਰਨ ਵਾਲਿਆਂ ਨੂੰ ਜੁਰਮਾਨਾ ਨਹੀਂ ਲਗਾਇਆ ਗਿਆ ਸੀ।

## ਲੁੱਟ ਦਾ 'ਆਪਦਾ' ਮਾਡਲ ਸਾਹਮਣੇ ਆਇਆ: ਨੱਢਾ

ਨਵੀਂ ਦਿੱਲੀ: ਭਾਜਪਾ ਪ੍ਰਧਾਨ ਜੇਪੀ ਨੱਢਾ ਨੇ ਦਾਅਵਾ ਕੀਤਾ ਕਿ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ 'ਤੇ ਕੈਗ ਦੀ ਰਿਪੋਰਟ ਨੇ ਜਾਣਬੁੱਝ ਕੇ ਕੀਤੀ ਗਈ 'ਗਲਤੀ ਨੂੰ ਸਾਹਮਣੇ ਲਿਆਂਦਾ ਹੈ ਜਿਸ ਨਾਲ ਸਰਕਾਰੀ ਖਜ਼ਾਨੇ ਨੂੰ 2,026 ਕਰੋੜ ਰੁਪਏ ਦਾ ਨੁਕਸਾਨ ਹੋਇਆ। ਉਨ੍ਹਾਂ ਐਕਸ 'ਤੇ ਪੋਸਟ ਕੀਤਾ, 'ਸੱਤਾ ਦੇ ਨਸ਼ੇ 'ਚ ਚੂਰ, ਕੁਸ਼ਾਸ਼ਨ 'ਚ ਡੁੱਬੇ। ਲੁੱਟ ਦਾ 'ਆਪ'ਦਾ' ਮਾਡਲ ਪੂਰੀ ਤਰ੍ਹਾਂ ਸਾਹਮਣੇ ਆਇਆ ਅਤੇ ਉਹ ਵੀ ਸ਼ਰਾਬ ਜਿਹੀ ਚੀਜ਼ 'ਤੇ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੂੰ ਸੱਤਾ 'ਚੋਂ ਬਾਹਰ ਕਰਨ ਤੇ ਉਸ ਦੇ ਗਲਤ ਕੰਮਾਂ ਲਈ ਸਜ਼ਾ ਦਿੱਤੇ ਜਾਣ 'ਚ ਬਸ ਕੁਝ ਹੀ ਹਫ਼ਤੇ ਬਾਕੀ ਹਨ।



## 'ਆਪ' ਨੇ ਗਲਤੀਆਂ ਲੁਕਾਉਣ ਲਈ ਰਿਪੋਰਟ ਲੁਕਾਈ: ਅਨੁਰਾਗ



**ਨਵੀਂ ਦਿੱਲੀ:** ਭਾਰਤੀ ਜਨਤਾ ਪਾਰਟੀ ਨੇ ਅੱਜ ਦਾਅਵਾ ਕੀਤਾ ਕਿ ਕੰਪਟਰੋਲਰ ਤੇ ਆਡੀਟਰ ਜਨਰਨ (ਕੈਗ) ਨੇ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ ਕਾਰਨ 2,026 ਕਰੋੜ ਰੁਪਏ ਦਾ ਨੁਕਸਾਨ ਹੋਣ ਦਾ ਅਨੁਮਾਨ ਜ਼ਾਹਿਰ ਕੀਤਾ ਹੈ ਅਤੇ ਹਾਕਮ ਧਿਰ ਆਮ ਆਦਮੀ ਪਾਰਟੀ ਨੇ ਆਪਣੀਆਂ ਗਲਤੀਆਂ ਲੁਕਾਉਣ ਲਈ ਰਿਪੋਰਟ ਵਿਧਾਨ ਸਭਾ 'ਚ ਪੇਸ਼ ਨਹੀਂ ਕੀਤੀ। ਭਾਜਪਾ ਆਗੂ ਅਨੁਰਾਗ ਠਾਕੁਰ ਨੇ ਪੱਤਰਕਾਰ ਸੰਮੇਲਨ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੈਗ ਰਿਪੋਰਟ 'ਚ ਇਸ ਨੀਤੀ ਬਾਰੇ 10 ਅਹਿਮ ਸਿੱਟੇ ਕੱਢੇ ਗਏ ਹਨ ਜਿਸ ਨੂੰ 'ਆਪ' ਸਰਕਾਰ ਨੇ ਵਿਵਾਦ ਵਿਚਾਲੇ ਰੱਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਇਸ ਨੀਤੀ 'ਤੇ ਚੁੱਕੇ ਗਏ ਸਵਾਲਾਂ ਦਾ ਜਵਾਬ ਦੇਣਾ ਪਵੇਗਾ। ਠਾਕੁਰ ਨੇ ਕਿਹਾ, 'ਉਨ੍ਹਾਂ ਨੂੰ ਦੱਸਦਾ ਪਵੇਗਾ ਕਿ ਪੈਸਾ ਕਿਸ ਦੀ ਜੇਬ 'ਚ ਗਿਆ।'

# ਵਿਦੇਸ਼ੀ ਲੇਖਕਾਂ ਦੀ ਨਜ਼ਰ ਵਿਚ ਕੁੰਭ ਮੇਲੇ ਦਾ ਮਹੱਤਵ

**ਭਾਰਤੀ ਸੱਭਿਆਚਾਰ ਅਤੇ ਅਧਿਆਤਮਿਕਤਾ ਦੇ ਅਨੋਖੇ ਪ੍ਰਤੀਕ ਕੁੰਭ ਮੇਲੇ 'ਤੇ ਭਾਰਤੀਆਂ ਦੀ ਤਰ੍ਹਾਂ ਕਈ ਵਿਦੇਸ਼ੀ ਲੇਖਕ ਵੀ ਫਿਦਾ ਰਹੇ ਹਨ ਅਤੇ ਉਨ੍ਹਾਂ ਨੇ ਬੇਹੱਦ ਸ਼ਰਧਾ ਅਤੇ ਸਨਮਾਨ ਦੇ ਭਾਵ ਨਾਲ ਕੁੰਭ 'ਤੇ ਆਪਣੀਆਂ ਟਿੱਪਣੀਆਂ ਲਿਖੀਆਂ ਹਨ।**

**ਐਲਬਨ ਗਿੰਸਬਰਗ:** ਅਮਰੀਕੀ ਕਵੀ ਅਤੇ ਲੇਖਕ ਐਲਨ 1962 ਵਿਚ ਪ੍ਰਯਾਗ ਵਿਚ ਲੱਗੇ ਮਹਾਕੁੰਭ ਵਿਚ ਆਏ ਸਨ। ਇਥੇ ਆਉਣ ਤੋਂ ਪਹਿਲਾਂ ਤੱਕ ਉਹ ਭਾਰਤ ਦੇ ਪ੍ਰਸ਼ੰਸਕਾਂ ਵਿਚੋਂ ਨਹੀਂ ਸਨ, ਨਾ ਹੀ ਭਾਰਤੀ ਸੱਭਿਅਤਾ ਅਤੇ ਸੰਸਕ੍ਰਿਤੀ ਨੂੰ ਕੋਈ ਉੱਚਾ ਮਾਣ ਦਿੰਦੇ ਸਨ। ਪਰ ਕੁੰਭ ਦਾ ਵਿਸ਼ਾਲ ਸੰਗਮ ਦੇਖ ਕੇ ਉਹ ਭਾਰਤ ਦੀ ਅਧਿਆਤਮਿਕਤਾ ਅਤੇ ਸੰਸਕ੍ਰਿਤੀ ਦੀ ਵਿਸ਼ਾਲਤਾ ਦੇ ਮੁਰੀਦ ਬਣ ਗਏ। ਉਨ੍ਹਾਂ ਨੇ ਕੁੰਭ ਨੂੰ ਸਮੂਹਿਕ ਚੇਤਨਾ ਦਾ ਅਨੋਖਾ ਪ੍ਰਦਰਸ਼ਨ ਦੱਸਿਆ ਹੈ। ਗਿੰਸਬਰਗ ਦੋ-ਚਾਰ ਦਿਨਾਂ ਲਈ ਕੁੰਭ ਵਿਚ ਰਹਿਣ ਲਈ ਇਥੇ ਪਹੁੰਚੇ ਸਨ, ਪਰ ਉਨ੍ਹਾਂ ਦਾ ਸਾਧੂ ਅਤੇ ਸੰਨਿਆਸੀਆਂ ਦੀ ਸੰਗਤ ਵਿਚ ਦਿਲ ਕੁਝ ਇਸ ਤਰ੍ਹਾਂ ਲੱਗਿਆ ਕਿ ਉਹ ਪੂਰੇ ਕੁੰਭ ਮੇਲਾ ਦੌਰਾਨ ਪ੍ਰਯਾਗਰਾਜ ਵਿਚ ਹੀ ਰਹੇ।

**ਰੌਬਰਟ ਵਾਇਨਰ :** ਬਰਤਾਨਵੀ ਪੱਤਰਕਾਰ ਅਤੇ ਕਾਲਮ ਨਵੀਸ ਰੌਬਰਟ ਵਾਇਨਰ ਨੇ ਕੁੰਭ ਮੇਲੇ ਨੂੰ ਇਕ ਚਮਤਕਾਰੀ ਘਟਨਾਕ੍ਰਮ ਕਿਹਾ ਹੈ। ਉਨ੍ਹਾਂ ਨੇ ਕੁੰਭ ਦੀ ਤੁਲਨਾ ਦੁਨੀਆ ਦੀਆਂ ਸਭ ਤੋਂ ਵੱਡੀਆਂ ਮਨੁੱਖੀ ਸਭਾਵਾਂ ਨਾਲ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਅਰਾਜਕਤਾ ਵਿਚ ਵਿਵਸਥਾ ਦਾ ਪ੍ਰਤੀਕ ਹੈ। ਰੌਬਰਟ ਵਾਇਨਰ, ਕਿਉਂਕਿ ਪੱਤਰਕਾਰ ਸਨ, ਇਸ ਲਈ ਉਨ੍ਹਾਂ ਨੇ ਸਾਧੂਆਂ ਅਤੇ ਵਿਸ਼ੇਸ਼ ਕਰਕੇ ਨਾਗਾ ਸਾਧੂਆਂ 'ਤੇ ਅਨੇਕ ਲੰਮੀਆਂ-ਲੰਮੀਆਂ ਸਟੋਰੀਆਂ ਵੀ ਕੀਤੀਆਂ ਹਨ, ਜੋ ਮੁੱਖ ਤੌਰ 'ਤੇ ਉਨ੍ਹਾਂ ਦੀ ਜੀਵਨ ਸ਼ੈਲੀ ਅਤੇ ਅਧਿਆਤਮਿਕ ਫ਼ੱਕਰਪਨ ਨਾਲ ਸੰਬੰਧਿਤ ਹਨ।



**ਡੈਨ ਐਕਰਮੈਨ :** ਅਮਰੀਕੀ ਲੇਖਕ ਅਤੇ ਨਿਬੰਧਕਾਰ ਡੈਨ ਅਕਰਮੈਨ ਨੇ ਕੁੰਭ ਮੇਲੇ ਨੂੰ ਵਿਸ਼ਵ ਦਾ ਸਭ ਤੋਂ ਵੱਡਾ ਆਤਮਾ ਦਾ ਸੰਮੇਲਨ ਕਿਹਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਏਨਾ ਵਿਰਾਟ ਅਤੇ ਦਿਲ ਨੂੰ ਖਿੱਚ ਪਾਉਣ ਵਾਲਾ ਆਯੋਜਨ ਹੈ ਕਿ ਇਸ ਨੂੰ ਪੂਰੀ ਤਰ੍ਹਾਂ ਨਾਲ ਜਾਨਣ ਸਮਝਣ ਲਈ ਇਕ ਨਹੀਂ, ਸਗੋਂ ਕਈ ਵਾਰ ਇਥੇ ਆਉਣ ਅਤੇ ਇਸ ਵਿਚ ਆਤਮਸਾਤ ਹੋ ਜਾਣ ਦੀ ਜ਼ਰੂਰਤ ਹੈ।

**ਰੂਡਯਾਰਡ ਕਿਪਲਿੰਗ :** ਬਾਕੀ ਵਿਦੇਸ਼ੀ ਲੇਖਕਾਂ ਦੀ ਤਰ੍ਹਾਂ ਉਹ ਮੇਲੇ ਵਿਚ ਜਾ ਕੇ ਰਹਿਣ ਅਤੇ ਉਸ ਵਿਚ ਰਮ ਜਾਣ ਦੀ ਵਿਆਕੁਲਤਾ ਨਹੀਂ ਦਿਖਾਉਂਦੇ ਸਨ। ਪਰ ਉਹ ਕੁੰਭ ਨੂੰ ਦੂਰ ਤੋਂ ਦੇਖਦੇ ਅਤੇ ਮਹਿਸੂਸ ਕਰਦੇ ਸਨ। ਉਨ੍ਹਾਂ ਦਾ ਹੀ ਸਾਧੂਆਂ ਦੇ ਜੀਵਨ ਵਿਸ਼ੇਸ਼ ਕਰਕੇ ਨਾਗਾ ਸਾਧੂਆਂ ਦੇ ਜੀਵਨ ਨਾਲ ਲਗਾਅ ਸੀ ਅਤੇ ਉਨ੍ਹਾਂ ਨੇ ਆਪਣੀਆਂ ਬਹੁਤ ਸਾਰੀਆਂ ਰਚਨਾਵਾਂ ਵਿਚ ਇਨ੍ਹਾਂ ਦਾ ਵਰਣਨ ਕੀਤਾ ਹੈ।

**ਫਰੈਂਕੋਇਸ ਬਰਨੀਅਰ :** 17ਵੀਂ ਸਦੀ ਦੇ ਇਸ ਫਰਾਂਸੀਸੀ ਯਾਤਰੀ ਨੇ ਆਪਣੀ ਪੁਸਤਕ 'ਟ੍ਰੈਵਲਸ ਇਨ ਦ ਮੁਗ਼ਲ ਇੰਪਾਇਰ' ਵਿਚ ਕੁੰਭ ਮੇਲੇ ਦਾ ਜ਼ਕਿਰ ਕੀਤਾ ਹੈ। ਉਨ੍ਹਾਂ ਨੇ ਇਸ ਨੂੰ ਭਾਰਤ ਦੀ ਮਹਾਨ ਸਮਾਜਿਕ ਅਤੇ ਧਾਰਮਿਕ ਵਖਰੇਵੇਂ ਦੀ ਅਨੋਖੀ ਉਦਾਹਰਣ ਦੱਸਿਆ ਹੈ।

**ਪਾਲ ਬ੍ਰਿਟਨ :** ਬਰਤਾਨਵੀ ਪੱਤਰਕਾਰ ਅਤੇ ਲੇਖਕ ਪਾਲ ਬ੍ਰਿਟਨ ਨੇ ਕੁੰਭ ਮੇਲੇ ਵਿਚ ਹਿੱਸਾ ਲਿਆ ਅਤੇ ਆਪਣੀ ਕਿਤਾਬ 'ਏ ਸਰਚ ਇਨ ਸੀਕ੍ਰੇਟ ਇੰਡੀਆ' ਵਿਚ ਇਸ ਦਾ ਵਿਸਥਾਰ ਨਾਲ ਵਰਣਨ ਕੀਤਾ ਹੈ। ਕਈ ਦੂਜੇ ਜਗਿਆਸੂ ਵਿਦੇਸ਼ੀਆਂ ਦੀ ਤਰ੍ਹਾਂ ਬੰਟਨ ਨੇ ਵੀ ਸਾਧੂਆਂ ਅਤੇ ਯੋਗੀਆਂ ਨਾਲ ਕਾਫ਼ੀ ਲੰਮਾ ਸਮਾਂ ਬਿਤਾਇਆ ਅਤੇ ਕੁੰਭ ਨੂੰ ਭਾਰਤੀ ਅਧਿਆਤਮਿਕਤਾ ਦਾ ਵਧੀਆ ਮੁਕਾਮ ਦੱਸਿਆ ਹੈ।

**ਸੰਕਲਨ : ਨਰਿੰਦਰ ਸ਼ਰਮਾ**

## ਚਿਹਰਾ ਬਦਲਣ ਨਾਲ ਵੀ ਅਕਾਲੀ ਦਲ ਨਹੀਂ ਬਚੇਗਾ: ਦਲ ਖਾਲਸਾ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਦਲ ਖਾਲਸਾ ਨੇ ਦੋਸ਼ ਲਗਾਇਆ ਕਿ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀਆਂ ਨੇ ਇਕ ਵਾਰ ਫਿਰ ਸਿੱਖ ਪੰਥ ਨਾਲ ਧੋਖਾ ਕੀਤਾ ਹੈ। ਸੁਖਬੀਰ ਸਿੰਘ ਬਾਦਲ ਨੇ ਪਾਰਟੀ ਪ੍ਰਧਾਨ ਵਜੋਂ ਜੇ ਵਾਪਸੀ ਕੀਤੀ ਤਾਂ ਵੀ ਪ੍ਰਧਾਨ ਚੁਣੇ ਜਾਣ ਤੋਂ ਬਾਅਦ ਪਾਰਟੀ ਨੂੰ ਰਿਮੋਟ ਕੰਟਰੋਲ ਰਾਹੀਂ ਹੀ ਚਲਾਉਣਗੇ। ਦਲ ਖਾਲਸਾ ਦੇ ਆਗੂਆਂ ਕੰਵਰਪਾਲ ਸਿੰਘ, ਪਰਮਜੀਤ ਸਿੰਘ ਮੰਡ ਅਤੇ ਰਣਬੀਰ ਸਿੰਘ ਨੇ ਕਿਹਾ ਕਿ ਬਾਦਲ ਦਲ ਵਲੋਂ ਮਾਨਤਾ ਰੱਦ ਕਰਨ ਦੀ ਧਮਕੀ ਪਾਰਟੀ ਦੇ ਪੁਨਰਗਠਨ 'ਚ ਬਾਦਲ ਪਰਿਵਾਰ ਦੇ ਦਬਦਬੇ ਨੂੰ ਯਕੀਨੀ ਬਣਾਉਣ ਤੇ ਨਵੇਂ ਢਾਂਚੇ 'ਚ ਬਾਗੀਆਂ ਨੂੰ ਨੁਮਾਇੰਦਗੀ ਦੇਣ ਤੋਂ ਇਨਕਾਰ ਕਰਨ ਦੀ ਇਕ ਸੋਚੀ ਸਮਝੀ ਰਣਨੀਤੀ ਹੈ। ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਦੀ ਫ਼ਸ਼ਿ ਤੋਂ ਆਪਣੇ ਗੁਨਾਹਾਂ ਨੂੰ ਕਬੂਲ ਕੀਤਾ। ਦਲ ਖਾਲਸਾ ਆਗੂਅਆਂ ਨੇ ਕਿਹਾ ਕਿ ਅਕਾਲੀ ਦਲ ਨੇ ਜਥੇਦਾਰਾਂ ਨੂੰ ਕਥਿਤ ਤੌਰ 'ਤੇ ਭਰਮਾਉਣ ਲਈ ਸਾਰੇ ਦਬਾਅ ਤੇ ਪੈਂਤੜੇ ਵਰਤੇ, ਪਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਤਖ਼ਤ ਦੇ ਫ਼ੈਸਲੇ ਨੂੰ ਮਨਵਾਉਣ ਲਈ ਪਹਿਰਾ ਦਿੱਤਾ। ਕੰਵਰਪਾਲ ਸਿੰਘ ਨੇ ਕਿਹਾ ਕਿ ਸਿਰਫ਼ ਸ਼੍ਰੋਮਣੀ ਅਕਾਲੀ ਦਲ ਦਾ ਚਿਹਰਾ ਬਦਲਣ ' ਨਾਲ ਇਸਦੀ ਪੁਨਰ-ਸੁਰਜੀਤੀ ਨਹੀਂ ਹੋਵੇਗੀ।




## ਭਾਰਤ 'ਚ ਬਿਮਾਰੀਆਂ ਦਾ ਕਾਰਨ ਖ਼ਰਾਬ ਖਾਣ-ਪੀਣ

### ਸਿਹਤ ਮਾਹਿਰਾਂ ਦੀ ਰਾਇ

**ਨਵੀਂ ਦਿੱਲੀ :** ਸਿਹਤ ਮਾਹਿਰਾਂ ਨੇ ਕਿਹਾ ਹੈ ਕਿ ਖਰਾਬ ਖ਼ੁਰਾਕ ਆਦਤਾਂ ਕਾਰਨ ਭਾਰਤ 'ਚ ਖਤਰਨਾਕ ਪੋਸ਼ਣ ਸੰਕਟ ਪੈਦਾ ਹੋ ਗਿਆ ਹੈ। ਇਸ ਨੂੰ ਹੱਲ ਕਰਨ ਲਈ ਸੰਤੁਲਤ ਖ਼ੁਰਾਕ ਅਪਣਾਉਣਾ ਮਹੱਤਵਪੂਰਨ ਹੈ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ-ਨੈਸ਼ਨਲ ਇੰਸਟੀਚਿਊਟ ਆਫ਼ ਨਿਊਟ੍ਰੀਸ਼ਨ (ਆਈਸੀਐੱਮਆਰ-ਐਨਆਈਐੱਨ) ਦੀ ਰਿਪੋਰਟ 'ਚ ਕਿਹਾ ਗਿਆ ਹੈ ਕਿ ਭਾਰਤ ਇਸ ਸਮੇਂ ਸਿਹਤ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਭਾਰਤ 'ਚ ਬਿਮਾਰੀਆਂ ਦਾ ਅੱਧਾ ਬੋਝ ਮਾੜੇ ਪੋਸ਼ਣ ਕਾਰਨ ਵੱਧ ਰਿਹਾ ਹੈ। ਖਰਾਬ ਖ਼ੁਰਾਕ ਦੀਆਂ ਆਦਤਾਂ ਕੁੱਲ ਬਿਮਾਰੀਆਂ ਦਾ 56.4 ਪ੍ਰਤੀਸ਼ਤ ਹਨ। ਫਾਸਟ-ਫੂਡ ਚੇਨ ਦੇ ਫੈਲਣ ਅਤੇ ਪੈਕ ਕੀਤੇ ਸਨੈਕਸ ਦੀ ਆਸਾਨ ਉਪਲਬਧਤਾ ਦੇ ਨਾਲ, ਲੋਕ ਨਮਕ, ਖੰਡ ਅਤੇ ਚਰਬੀ ਵਾਲੇ ਭੋਜਨਾਂ ਦਾ ਸੇਵਨ ਕਰ ਰਹੇ ਹਨ। ਗੈਰ-ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਖਤਰਨਾਕ ਤੌਰ 'ਤੇ ਪ੍ਰਚਲਿਤ ਹੋ ਗਈਆਂ ਹਨ। ਆਈਸੀਐੱਮਆਰ-ਐੱਨਆਈਨੇ ਕਿਹਾ ਕਿ ਭਾਰਤ ਇਕ ਵਿਲੱਖਣ ਅਤੇ ਚਿੰਤਾਜਨਕ ਪੋਸ਼ਣ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਲੋਕਾਂ 'ਚ ਪੇਟ ਦਾ ਮੋਟਾਪਾ ਸਮੁੱਚੇ ਮੋਟਾਪੇ



ਨਾਲੋਂ ਬਹੁਤ ਜ਼ਿਆਦਾ ਹੈ। 50 ਪ੍ਰਤੀਸ਼ਤ ਤੋਂ ਵੱਧ ਆਬਾਦੀ ਖ਼ੁਰਾਕ ਸਬੰਧੀ ਵਿਕਾਰਾਂ ਤੋਂ ਪੀੜਤ ਹੈ, ਜਿਸ 'ਚ ਮੋਟਾਪਾ, ਟਾਈਪ -2 ਡਾਇਬਿਟੀਜ਼, ਚਰਬੀ ਜਿਗਰ ਆਦਿ ਸ਼ਾਮਲ ਹਨ। ਹੇਮਲਤਾ ਨੇ ਇਹ ਬਿਆਨ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐੱਮਏ) ਬੈਂਗਲੁਰੂ ਦੇ ਸਹਿਯੋਗ ਨਾਲ ਫਿਜ਼ੀਸ਼ੀਅਨ ਐਸੋਸੀਏਸ਼ਨ ਫਾਰ ਨਿਊਟ੍ਰੀਸ਼ਨ ਇੰਡੀਆ ਵੱਲੋਂ ਕਰਵਾਈ ਮੈਡੀਕਲ ਸਿੱਖਿਆਐੱਨ ਦੀ ਸਾਬਕਾ ਡਾਇਰੈਕਟਰ ਡਾ. ਹੇਮਲਤਾ ਆਰ ਨੇ ਕਿਹਾ ਕਿ ਭਾਰਤ ਇਕ ਵਿਲੱਖਣ ਅਤੇ ਚਿੰਤਾਜਨਕ ਪੋਸ਼ਣ ਸੰਕਟ ਦਾ ਸਾਹਮਣਾ ਕਰ ਰਿਹਾ ਹੈ।

ਲੋਕਾਂ 'ਚ ਪੇਟ ਦਾ ਮੋਟਾਪਾ ਸਮੁੱਚੇ ਮੋਟਾਪੇ ਨਾਲੋਂ ਬਹੁਤ ਜ਼ਿਆਦਾ ਹੈ। 50 ਪ੍ਰਤੀਸ਼ਤ ਤੋਂ ਵੱਧ ਆਬਾਦੀ ਖ਼ੁਰਾਕ ਸਬੰਧੀ ਵਿਕਾਰਾਂ ਤੋਂ ਪੀੜਤ ਹੈ, ਜਿਸ 'ਚ ਮੋਟਾਪਾ, ਟਾਈਪ -2 ਡਾਇਬਿਟੀਜ਼, ਚਰਬੀ ਜਿਗਰ ਆਦਿ ਸ਼ਾਮਲ ਹਨ। ਹੇਮਲਤਾ ਨੇ ਇਹ ਬਿਆਨ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐੱਮਏ) ਬੈਂਗਲੁਰੂ ਦੇ ਸਹਿਯੋਗ ਨਾਲ ਫਿਜ਼ੀਸ਼ੀਅਨ ਐਸੋਸੀਏਸ਼ਨ ਫਾਰ ਨਿਊਟ੍ਰੀਸ਼ਨ ਇੰਡੀਆ ਵੱਲੋਂ ਕਰਵਾਈ ਮੈਡੀਕਲ ਸਿੱਖਿਆ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਦਿੱਤਾ। ਦੇਸ਼ 'ਚ ਹੋਣ ਵਾਲੀਆਂ ਕੁਲ ਮੌਤਾਂ ਵਿੱਚੋਂ 66 ਫੀਸਦੀ ਲਾਗ ਰਹਿਤ ਰੋਗਾਂ (ਐੱਨਸੀਡੀ) ਕਾਰਨ ਹੁੰਦੀਆਂ ਹਨ। ਵਿਕਸਤ ਪੱਛਮੀ ਦੇਸ਼ਾਂ। ਵਿਚ ਜਿੱਥੇ ਐੱਨਸੀਜੀ ਆਮ ਤੌਰ 'ਤੇ ਜਿੰਦਗੀ ਦੇ ਬਾਅਦ ਦੇ ਪੜਾਵਾਂ ਜਾਹਰ ਹੁੰਦੀ ਹੈ, ਭਾਰਤ ਵਿਚ ਇਨ੍ਹਾਂ ਬਿਮਾਰੀਆਂ ਦਾ ਸਾਹਮਣਾ ਬਹੁਤ ਘੱਟ ਉਮਰ ਵਿਚ ਹੀ ਹੋ ਜਾਂਦੀ ਹੈ। ਐਂਨਸੀਡੀ ਤੋਂ ਪੀੜਤ ਦੋ ਤਿਹਾਈ ਭਾਰਤੀ 26-59 ਉਮਰ ਵਰਗ ਵਿਚ ਆਉਂਦੇ ਹਨ। ਗਰਭਵਤੀ ਮਹਿਲਾਵਾਂ ਪ੍ਰੋਸੈਸਡ ਅਨਾਜ ਪਦਾਰਥਾਂ ਤੇ ਚੀਨ ਖਾਣ ਕਰਕੇ ਆਪਣੇ ਬੱਚਿਆਂ ਦੀ ਸਿਹਤ ਨੂੰ ਖਤਰੇ ਵਿਚ ਪਾਉਂਦੀਆਂ ਹਨ।

ਪੰਜਾਬ ਟਾਈਮਜ਼

*18 ਜਨਵਰੀ, ਸ਼ਨਿਚਰਵਾਰ*

# ਪੰਜਾਬ ਦੀ ਕਾਰਗੁਜ਼ਾਰੀ ਦਿੱਲੀ 'ਤੇ ਭਾਰੀ

*ਦਿੱਲੀ ਵਿਧਾਨ ਸਭਾ ਚੋਣਾਂ ਲਈ ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਨੇ ਮੰਗਲਵਾਰ ਨੂੰ ਆਪਣੇ ਨਾਮਜ਼ਦਗੀ ਕਾਗਜ਼ ਦਾਖਲ ਕਰ ਦਿੱਤੇ ਹਨ। ਉਸਦੇ ਮਕਾਬਲੇ ਵਿਚ ਕਾਂਗਰਸ ਦੀ ਅਲਕਾ ਲਾਂਬਾ ਅਤੇ ਭਾਜਪਾ ਦੇ ਰਮੇਸ਼ ਬਿਧੂੜੀ ਮੈਦਾਨ ਵਿਚ ਹਨ। ਵੋਟਾਂ 5 ਫਰਵਰੀ ਨੂੰ ਪੈਣੀਆਂ ਹਨ। ਪਰ ਹੁਣ ਤੋਂ ਹੀ ਚੋਣ ਮੈਦਾਨ ਪੂਰੀ ਤਰ੍ਹਾਂ ਭਖਿਆ ਹੋਇਆ ਹੈ। ਮੁਫ਼ਤ ਦੀਆਂ ਯੋਜਨਾਵਾਂ ਦੇ ਐਲਾਨਾਂ ਦਾ ਬਾਜ਼ਾਰ ਪੂਰੀ ਤਰ੍ਹਾਂ ਗਰਮ ਹੈ। ਇਕ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹਾਂ ਯੋਜਨਾਵਾਂ ਨੂੰ ਮੁਫ਼ਤ ਦੀਆਂ ਰਿਓੜੀਆਂ ਵੰਡਣ ਵਾਲੀ ਗੱਲ ਆਖ ਕੇ ਇਨ੍ਹਾਂ ਦਾ ਵਿਰੋਧ ਕਰਦੇ ਸਨ, ਪਰ ਦਿੱਲੀ ਚੋਣਾਂ ਵਿਚ ਹੁਣ ਭਾਜਪਾ ਨੇ ਵੀ ਕੁਝ ਹੋਰ ਅਜਿਹੇ ਐਲਾਨਾਂ ਦੇ ਨਾਲ-ਨਾਲ ਇਹ ਆਖ ਦਿੱਤਾ ਹੈ ਕਿ 'ਆਪ' ਸਰਕਾਰ ਵਲੋਂ ਪਹਿਲਾਂ ਚਲਾਈਆਂ ਜਾ ਰਹੀਆਂ ਮੁਫ਼ਤ ਦੀਆਂ ਯੋਜਨਾਵਾਂ ਨੂੰ ਉਹ ਵੀ ਉਸੇ ਤਰ੍ਹਾਂ ਜਾਰੀ ਰੱਖੇਗੀ।*

*ਕਾਂਗਰਸ ਨੇ ਇਨ੍ਹਾਂ ਚੋਣਾਂ ਵਿਚ 'ਯੁਵਾ ਉਡਾਣ ਯੋਜਨਾ' ਦਾ ਐਲਾਨ ਕੀਤਾ ਹੈ, ਜਿਸ ਤਹਿਤ ਦਿੱਲੀ ਦੇ ਬੇਰੁਜ਼ਗਾਰ ਸਿੱਖਿਅਤ ਨੌਜਵਾਨ ਲੜਕੇ-ਲੜਕੀਆਂ ਨੂੰ ਇਕ ਸਾਲ ਲਈ ਅਪ੍ਰੈਂਟਸਸ਼ਿਪ ਤਹਿਤ ਹਰ ਮਹੀਨੇ 8500 ਰੁਪਏ ਦਿੱਤੇ ਜਾਣਗੇ। ਇਸ ਤੋਂ ਪਹਿਲਾਂ ਵੀ ਉਸ ਵਲੋਂ ਔਰਤਾਂ ਨੂੰ 2500 ਰੁਪਏ ਮਹੀਨਾ ਦੇਣ ਦਾ ਐਲਾਨ ਕੀਤਾ ਗਿਆ ਸੀ ਅਤੇ ਇਸ ਦੇ ਨਾਲ ਹੀ ਜੀਵਨ ਯੋਜਨਾ ਤਹਿਤ ਦਿੱਲੀ ਵਾਸੀਆਂ ਨੂੰ 25 ਲੱਖ ਰੁਪਏ ਸਿਹਤ ਬੀਮਾ ਦੇਣ ਦਾ ਐਲਾਨ ਵੀ ਉਹ ਕਰ ਚੁੱਕੀ ਹੈ। ਆਮ ਆਦਮੀ ਪਾਰਟੀ ਵਲੋਂ ਪਹਿਲਾਂ ਹੀ ਕਈ ਅਜਿਹੇ ਐਲਾਨ ਕੀਤੇ ਜਾ ਚੁੱਕੇ ਹਨ। ਉਹ ਪਿਛਲੇ 10 ਸਾਲ ਤੋਂ ਪ੍ਰਸ਼ਾਸਨ ਚਲਾ ਰਹੀ ਹੈ ਅਤੇ ਇਹ ਵੀ ਉਮੀਦ ਕਰ ਰਹੀ ਹੈ ਕਿ ਇਸ ਵਾਰ ਵੀ ਲੋਕ ਉਸ ਨੂੰ ਪਹਿਲਾਂ ਵਰਗਾ ਹੀ ਹੁੰਗਾਰਾ ਦੇਣਗੇ। ਇਕ-ਦੂਸਰੇ 'ਤੇ ਦੋਸ਼ ਲਗਾਉਂਦਿਆਂ ਜਿੱਥੇ ਭਾਰਤੀ ਜਨਤਾ ਪਾਰਟੀ ਮੁੱਖ ਮੰਤਰੀ ਦੇ ਨਵੇਂ ਨਿਵਾਸ ਨੂੰ 'ਸ਼ੀਸ਼ ਮਹਿਲ' ਆਖ ਰਹੀ ਹੈ, ਉੱਥੇ ਆਮ ਆਦਮੀ ਪਾਰਟੀ ਪ੍ਰਧਾਨ ਮੰਤਰੀ ਦੇ ਨਿਵਾਸ ਨੂੰ 'ਰਾਜ ਮਹਿਲ' ਦਾ ਨਾਂਅ ਦੇ ਰਹੀ ਹੈ।*

*ਪਿਛਲੇ ਕੁਝ ਦਿਨਾਂ ਤੋਂ ਇਨ੍ਹਾਂ ਪਾਰਟੀਆਂ ਨੇ ਆਪਣਾ ਰੁਖ਼ ਦਿੱਲੀ ਦੀਆਂ ਝੁੱਗੀਆਂ ਵੱਲ ਵੀ ਕੀਤਾ ਹੋਇਆ ਹੈ। ਖ਼ਬਰਾਂ ਅਨੁਸਾਰ ਦਿੱਲੀ ਵਿਚ 20 ਲੱਖ ਤੋਂ ਵੱਧ ਲੋਕ ਇਨ੍ਹਾਂ ਝੁੱਗੀਆਂ ਵਿਚ ਰਹਿੰਦੇ ਹਨ। ਸਭ ਤੋਂ ਜ਼ਿਆਦਾ ਝੁੱਗੀਆਂ 64000 ਤੋਂ ਵੀ ਵਧੇਰੇ ਨਵੀਂ ਦਿੱਲੀ ਵਿਚ ਅਤੇ 52000 ਦੇ ਲਗਭਗ ਚਾਂਦਨੀ ਚੌਕ ਨੇੜੇ ਸਥਿਤ ਹਨ। ਇਨ੍ਹਾਂ ਸਾਰੀਆਂ ਥਾਵਾਂ 'ਤੇ ਇਨ੍ਹਾਂ ਤਿੰਨਾਂ ਪਾਰਟੀਆਂ ਦੇ ਵੱਡੇ ਆਗੂ ਚੋਣਾਂ ਲੜ ਰਹੇ ਹਨ। ਭਾਜਪਾ ਵਲੋਂ ਝੁੱਗੀਆਂ ਵਾਲਿਆਂ ਨੂੰ ਮਕਾਨ ਬਣਾ ਕੇ ਦੇਣ ਦਾ ਵਾਅਦਾ ਵੀ ਕੀਤਾ ਜਾ ਰਿਹਾ ਹੈ। ਜੇਕਰ ਏਨਾ ਕੁਝ ਮੁਫ਼ਤ ਵੰਡਿਆ ਜਾਏਗਾ ਤਾਂ ਇਸ ਦੀ ਪੂਰਤੀ ਲਈ ਪੈਸਾ ਕਿੱਥੋਂ ਆਏਗਾ? ਪਹਿਲਾਂ ਪਹਿਲ ਅਜਿਹੇ ਐਲਾਨ ਦੱਖਣੀ ਭਾਰਤ ਦੇ ਰਾਜਾਂ ਤੋਂ ਸ਼ੁਰੂ ਹੋਏ ਸਨ, ਜਿਨ੍ਹਾਂ ਨੂੰ ਖ਼ਾਸ ਤੌਰ 'ਤੇ ਤਾਮਿਲਨਾਡੂ ਦੇ ਸਿਆਸਤਦਾਨਾਂ ਨੇ ਸ਼ੁਰੂ ਕੀਤਾ ਸੀ। ਕਿਸੇ ਵੀ ਪੈੜ੍ਹ ਸਰਕਾਰ ਦਾ ਫਰਜ਼ ਸਮਾਜ ਦੇ ਹਰ ਖੇਤਰ ਨੂੰ ਆਪਣੇ ਵਿੱਤ ਮੁਤਾਬਿਕ ਕਲਿਆਣਕਾਰੀ ਯੋਜਨਾਵਾਂ ਨਾਲ ਜੋੜਨਾ ਹੋ ਸਕਦਾ ਹੈ ਪਰ ਕੁਝ ਇਕ ਵਰਗਾਂ ਜਾਂ ਜਮਾਤਾਂ ਨੂੰ ਵੱਖਰੇ ਰੱਖ ਕੇ ਅਜਿਹਾ ਕਰਨਾ, ਜਿੱਥੇ ਸਮਾਜ ਲਈ ਨੁਕਸਾਨਦੇਹ ਸਾਬਿਤ ਹੋ ਸਕਦਾ ਹੈ, ਉੱਥੇ ਸਮੁੱਚੇ ਆਰਥਿਕ ਢਾਂਚੇ ਵਿਚ ਵੀ ਇਸ ਨਾਲ ਵੱਡਾ ਵਿਗਾੜ ਪੈਦਾ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ। ਦਿੱਲੀ ਵਿਚ 'ਆਪ' ਸਰਕਾਰ ਨੂੰ ਪਿਛਲੇ 10 ਸਾਲਾਂ ਵਿਚ ਕੀਤੇ ਗਏ ਕੰਮਾਂ ਦੇ ਆਧਾਰ 'ਤੇ ਹੀ ਵੋਟ ਮੰਗਣੇ ਚਾਹੀਦੇ ਹਨ।*

*ਇਸੇ ਤਰ੍ਹਾਂ ਕਾਂਗਰਸ ਨੇ ਵੀ ਰਾਜਧਾਨੀ ਦੇ ਖੇਤਰ ਵਿਚ 15 ਸਾਲ ਤੱਕ ਹਕੂਮਤ ਚਲਾਈ ਹੈ, ਉਸ ਸਮੇਂ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਦੇ ਕੀਤੇ ਕਾਰਜ ਵੀ ਗਿਣਾਉਣਯੋਗ ਕਹੇ ਜਾ ਸਕਦੇ ਹਨ। ਸਰਕਾਰਾਂ ਨੂੰ ਅਜਿਹੇ ਕੰਮ ਕਰਨੇ ਚਾਹੀਦੇ ਹਨ, ਜਿਨ੍ਹਾਂ ਦਾ ਸਮੁੱਚਾ ਪ੍ਰਭਾਵ ਸਾਰੇ ਵਰਗਾਂ 'ਤੇ ਚੰਗਾ ਪਵੇ। ਵੋਟਾਂ ਲਈ ਅੰਨ੍ਹੇਵਾਹ ਐਲਾਨ ਕਰਨ ਤੋਂ ਬਾਅਦ ਸਮਾਜ ਨੂੰ ਹੀ ਇਸ ਦਾ ਖਮਿਆਜ਼ਾ ਭੁਗਤਣਾ ਪੈਂਦਾ ਹੈ, ਕਿਉਂਕਿ ਅੱਜ ਦੇ ਵੋਟਰ ਲਈ ਵੀ ਇਹ ਜ਼ਰੂਰੀ ਹੋਵੇਗਾ ਕਿ ਉਹ ਉਸ ਉਮੀਦਵਾਰ ਨੂੰ ਪਹਿਲ ਦੇਵੇ, ਜੋ ਇਕ ਚੰਗਾ ਆਗੂ ਤੇ ਯੋਗ ਪ੍ਰਸ਼ਾਸਕ ਸਾਬਤ ਹੋ ਸਕੇ ਅਤੇ ਸੰਬੰਧਿਤ ਸਰਕਾਰ ਵਿਚ ਵੀ ਆਪਣਾ ਬਿਹਤਰ ਯੋਗਦਾਨ ਪਾਉਣ ਦੇ ਸਮਰੱਥ ਹੋਵੇ। ਨਿਸਚੇ ਹੀ ਸਿਆਸੀ ਪਾਰਟੀਆਂ ਵਲੋਂ ਲਗਾਤਾਰ ਦਿੱਤੇ ਅਜਿਹੇ ਬਿਆਨਾਂ ਅਤੇ ਐਲਾਨਾਂ ਨਾਲ ਉਨ੍ਹਾਂ ਦੀ ਵਿਸ਼ਵਾਸਯੋਗਤਾ ਘਟਦੀ ਹੈ।*

*ਆਮ ਆਦਮੀ ਪਾਰਟੀ ਨੇ ਜਦੋਂ 2022 ਵਿਚ ਵਿਧਾਨ ਸਭਾ ਦੀਆਂ ਚੋਣਾਂ ਲੜੀਆਂ ਸਨ ਤਾਂ ਇਸਦਾ ਮੁੱਖ ਨਾਹਰਾ ਪੰਜਾਬ ਵਿਚ 'ਦਿੱਲੀ ਮਾਡਲ' ਦੀ ਸਥਾਪਨਾ ਸੀ। ਜਿਸਨੂੰ ਲਗਭਗ ਤਿੰਨ ਸਾਲ ਗੁਜ਼ਰ ਜਾਣ ਤੋਂ ਬਾਅਦ ਵੀ ਸਥਾਪਿਤ ਨਹੀਂ ਕੀਤਾ ਜਾ ਸਕਿਆ। ਔਰਤਾਂ ਲਈ ਹਜ਼ਾਰ ਰੁਪਏ ਮਹੀਨਾਵਾਰ ਅਜੇ ਵੀ ਸਿਰਫ ਐਲਾਨ ਹੀ ਹੈ। ਨੌਜਵਾਨਾਂ ਲਈ ਨੌਕਰੀਆਂ ਸਿਰਫ਼ ਕਾਗ਼ਜ਼ੀ ਪ੍ਰਚਾਰ ਤੱਕ ਸੀਮਤ ਹਨ। ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਲੋਂ ਪੀ.ਸੀ.ਐੱਸ ਦੀਆਂ ਨੌਕਰੀਆਂ ਲਈ ਅਰਜ਼ੀਆਂ ਮੰਗੀਆਂ ਗਈਆਂ ਹਨ, ਪਰ ਕਮਿਸ਼ਨ ਦਾ ਨਾ ਕੋਈ ਚੇਅਰਮੈਨ ਹੈ ਅਤੇ ਨਾ ਹੀ ਪੂਰੇ ਮੈਂਬਰ। ਜਿਸਦਾ ਸਾਫ ਮਤਲਬ ਹੈ ਕਿ ਇਹ ਨੌਕਰੀਆਂ ਵੀ ਜਲਦੀ ਸਿਰੇ ਲਗਦੀਆਂ ਨਹੀਂ ਦਿਸ ਰਹੀਆਂ।*

*ਅਜੇਹੀ ਹਾਲਤ ਵਿਚ ਵਿਰੋਧੀਆਂ ਸਾਹਮਣੇ ਹੁਣ 'ਪੰਜਾਬ ਮਾਡਲ' ਪੇਸ਼ ਕਰਦਿਆਂ ਆਮ ਆਦਮੀ ਪਾਰਟੀ ਵਿਸ਼ਵਾਸਹੀਣ ਨਜ਼ਰ ਆ ਰਹੀ ਹੈ। ਕਥਿਤ 'ਸ਼ਰਾਬ ਘੁਟਾਲਾ' ਅਤੇ 'ਸ਼ੀਸ਼ ਮਹਿਲ' ਦਾ ਮੁੱਦਾ ਵੱਖਰੀ ਸਿਰਦਰਦੀ ਬਣੀ ਖੜ੍ਹੇ ਹਨ। ਅਗਲੇ ਦਿਨਾਂ ਦਾ ਚੋਣ ਪ੍ਰਚਾਰ ਕਿਸ ਤਰ੍ਹਾਂ ਦੀ ਕਰਵਟ ਲੈਂਦਾ ਹੈ। ਇਹ ਵੇਖਣਾ ਦਿਲਚਸਪ ਹੋਵੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਦੁੱਧ ਮੀਂਗਣਾ ਪਾ ਕੇ?

*'ਪੀ.ਲੀ ਵੇਲ' ਕਦ ਲਹੇ ਗੀ ਦਰਖਤ ਉੱਤੋਂ ਖਬਰਾਂ ਸੁਣਨ ਲੋਕੀਂ ਨੀਝਾਂ ਲਾਇ ਕੇ ਜੀ।*
*ਗਿੱਲਾ ਪੀਹਣ ਹੁਣ ਉਸੇ ਨੇ ਪਾ ਲਿਆ ਏ ਬੈਠਾ ਵਰ੍ਹਿਆਂ ਤੋਂ ਕਬਜ਼ਾ ਜਮਾਇ ਕੇ ਜੀ।*
*ਚਾਲੇ ਜੂੰਆਂ ਦੀ 'ਜਾਂਦਾ' ਏ ਰੋਗ ਕਹਿੰਦੇ 'ਆਉਂਦਾ' ਘੋੜੇ ਦੇ ਵਾਂਗ ਜੋ ਧਾਇ ਕੇ ਜੀ।*
*'ਦਲ ਦਾ ਰੋਗ' ਵੀ ਇਸ ਤਰ੍ਹਾਂ ਦੂਰ ਹੋਣਾ ਖੁਆਰ ਹੋਇ ਜੋ ਮਿਲਣਗੇ ਆਇ ਕੇ ਜੀ।*
*ਪੰਥ ਆ ਗਿਆ 'ਆਪਣੀ ਆਈ' ਉੱਤੇ ਜਾਪੇ ਆਏ ਗਾ 'ਘਰੇ ਪਹੁੰਚਾਏ' ਕੇ ਜੀ।*
*ਕੰਮ ਬੱਕਰੀ ਵਾ.ਲਾ 'ਭਰਦਾਨ' ਕਰਿਆ ਦਿੰਦੀ ਦੁੱਧ ਜੋ 'ਮੀਂਗਣਾ ਪਾਇ' ਕੇ ਜੀ।*

# ਸੱਤਾ, ਸਮਾਜ, ਅਤੇ ਕਿਸਾਨੀ ਅੰਦੋਲਨ

***ਮੌਜੂਦਾ ਸਮੇਂ ਖਨੌਰੀ ਅਤੇ ਸ਼ੰਭੂ ਬਾਰਡਰਾਂ 'ਤੇ ਚੱਲ ਰਿਹਾ ਕਿਸਾਨ ਮੋਰਚਾ ਜਿੱਥੇ ਦਿੱਲੀ ਦੇ ਬਾਰਡਰਾਂ ਤੋਂ ਕਿਤੇ ਦੂਰ ਦਿਖਾਈ ਦੇ ਰਿਹਾ ਹੈ ਉੱਥੇ ਹੀ ਇਹ ਕਿਸਾਨੀ ਮੰਗਾਂ ਦੀ ਪੂਰਤੀ ਦੀ ਥਾਂ ਡੱਲੇਵਾਲ ਦੇ ਮਰਨ ਵਰਤ ਉੱਤੇ ਵਧੇਰੇ ਕੇਂਦਰਿਤ ਹੋ ਗਿਆ ਜਾਪਦਾ ਹੈ।***



**ਡਾ. ਮੇਹਰ ਮਾਣਕ**

ਪੰਜਾਬ ਭਾਰਤ ਦਾ ਖੇਤੀ ਪ੍ਰਧਾਨ ਸੂਬਾ ਜਿਸ ਦੀ ਦੋ ਤਿਹਾਈ ਵੱਸੋਂ ਇਸ ਉੱਤੇ ਹੀ ਨਿਰਭਰ ਕਰਦੀ ਹੈ। ਇਥੋਂ ਦੇ ਬਾਸ਼ਿੰਦੇ ਜਿਥੇ ਮਿਹਨਤੀ ਅਤੇ ਸਿਰੜੀ ਹਨ ਉੱਥੇ ਹੀ ਇਹ ਆਪਣੀ ਭੂਗੋਲਿਕ ਸਥਿਤੀ ਕਾਰਨ ਕਿਰਤ ਅਤੇ ਉਸ ਦੀ ਰਾਖੀ ਲਈ ਹਮੇਸ਼ਾ ਚੇਤੰਨ ਅਤੇ ਸੰਘਰਸ਼ਸ਼ੀਲ ਰਹੇ ਹਨ। ਇਸ ਕਰਕੇ ਇਥੋਂ ਦਾ ਵੱਖ ਵੱਖ ਰੂਪਾਂ ਵਿੱਚ ਅੰਦੋਲਨਾਂ ਦਾ ਇੱਕ ਲੰਮਾ ਇਤਿਹਾਸ ਰਿਹਾ ਹੈ। ਆਪਣੇ ਵਸੇਬੇ ਕਾਰਨ ਖੇਤੀ ਅਤੇ ਖੇਤਾਂ ਨਾ.ਲ ਇਨ੍ਹਾਂ ਦਾ ਹਮੇਸ਼ਾ ਹੀ ਲਗਾਓ ਰਿਹਾ ਹੈ ਇਸ ਕਰਕੇ ਇਹ ਆਪਣੀ ਮੁਕਤੀ ਖਾਤਰ ਸਾਮਰਾਜ ਦੇ ਜੋਟੀਦਾਰ ਜਗੀਰਦਾਰਾਂ ਦੇ ਖਿਲਾਫ ਸੰਘਰਸ਼ ਵਿੱਚ ਨਿੱਤਰੇ। ਤੇਜਾ ਸਿੰਘ ਸੁਤੰਤਰ ਦੀ ਅਗਵਾਈ ਵਿੱਚ ਪੈਪਸੂ ਖੇਤਰ 'ਚ ਲੜੇ ਮੁਜ਼ਾਰਾ ਘੋ.ਲ ਵਰਗੇ ਇਸ ਦੀਆਂ ਪ੍ਰਤੱਖ ਉਦਾਹਰਨਾ ਹਨ ਜਿਸ ਕਾਰਨ ਅਜ਼ਾਦੀ ਤੋਂ ਤੁਰੰਤ ਬਾਅਦ ਸਰਕਾਰ ਨੂੰ ਜ਼ਮੀਨੀ ਸੁਧਾਰਾਂ ਦਾ ਬੀੜਾ ਚੁੱਕਣਾ ਪਿਆ ਤਾਂ ਕਿ ਭੁੱਖਮਰੀ ਦੀ ਦਰਪੇਸ਼ ਸਮੱਸਿਆ ਨੂੰ ਹੱਲ ਕਰਨ ਵੱਲ ਵਧਿਆ ਜਾ ਸਕੇ। ਇਸੇ ਮਨਸ਼ਾ ਸਦਕਾ 1960 ਵਿਆਂ ਵਿਚਲੀ 'ਹਰੀ ਕ੍ਰਾਂਤੀ' ਦੇ ਮਾਡਲ ਦੀ ਆਮਦ ਹੁੰਦੀ ਹੈ ਜਿਸ ਤਹਿਤ ਨਵੀਆਂ ਖਾਦਾ, ਬੀਜਾਂ, ਤਕਨੀਕਾਂ ਦੇ ਨਾ.ਲ ਹੀ ਮੁਢਲੇ ਜ਼ਰੂਰੀ ਢਾਂਚੇ ਦੀ ਉਸਾਰੀ ਤਹਿਤ ਮੰਡੀਕਰਨ ਦੀ ਪ੍ਰਬਲ ਉਸਾਰੀ ਦੀ ਪ੍ਰਕ੍ਰਿਆ ਸ਼ੁਰੂ ਹੁੰਦੀ ਹੈ। ਬਦਲੇ ਹਾਲਾਤਾਂ, ਨਵੀਆਂ ਤਕਨੀਕਾਂ ਅਤੇ ਕਿਸਾਨਾਂ ਦੀ ਅਣਥੱਕ ਮਿਹਨਤ ਸਦਕਾ ਟੀਚਾ ਪੂਰਾ ਕਰ ਲਿਆ ਜਾਂਦਾ ਹੈ ਅਤੇ ਖੁਸ਼ਹਾਲੀ ਦੇ ਗੀਤ ਗਾਏ ਜਾਂਦੇ ਹਨ। ਪਰ ਇਹ ਵਕਤ ਬਹੁਤਾ ਦੇਰ ਨਹੀਂ ਰਹਿੰਦਾ ਕਿਉਂਕਿ ਇਹ ਵਕਤੀ ਤੌਰ ਉੱਤੇ ਮੁਨਾਫ਼ਿਆਂ ਤਹਿਤ ਉਸਰਿਆ ਉਹ ਮਾਡਲ ਸੀ ਜਿਸ ਦੇ ਸਿੱਟੇ ਇੱਕ ਵਕਤ ਤੋਂ ਬਾਅਦ ਆਪਣੇ ਨਾਂਹ ਪੱਖੀ ਰੰਗ ਦਿਖਾਉਣ ਲੱਗ ਪਏ ਅਤੇ ਕਿਸਾਨੀ ਅਰਥਚਾਰਾ ਸੰਕਟ ਵੱਲ ਵਧਣ ਲੱਗਿਆ ਜਿਸ ਵਿੱਚ ਖਾਸ ਤੌਰ 'ਤੇ ਛੋਟੇ ਕਿਸਾਨ ਸਨ। ਇਸ 'ਹਰੀ ਕ੍ਰਾਂਤੀ' ਨੇ ਕਿਸਾਨਾਂ ਨੂੰ ਮੁੱਖ ਰੱਖ ਵਿੱਚ ਦੋ ਖੇਮਿਆਂ ਵਿੱਚ ਵੰਡ ਦਿੱਤਾ। ਇੱਕ ਖੇਮਾ ਜਿਸ ਨੂੰ ਕਿ 'ਹਰੀ ਕ੍ਰਾਂਤੀ' ਦਾ ਫ਼ਾਇਦਾ ਲੈਣ ਵਾਲੀ ਧਿਰ ਧਨੀ ਕਿਸਾਨੀ ਕਿਹਾ ਜਾਂਦਾ ਹੈ ਉਸ ਦੀ ਨੁਮਾਇੰਦਗੀ ਕਰਨ ਵਾ.ਲੀ ਭਾਰਤੀ ਕਿਸਾਨ ਯੂਨੀਅਨ ਸਾਹਮਣੇ ਆਉਂਦੀ ਹੈ ਅਤੇ ਦੂਜੇ ਬੰਨੇ ਛੋਟੇ ਕਿਸਾਨਾਂ ਦੀ ਰਹਿਨੁਮਾਈ ਕਰਦੀਆਂ ਕੌਮਨਿਸਟ ਧਿਰਾਂ ਨਾ.ਲ ਸਬੰਧਿਤ ਵੱਖ ਵੱਖ ਕਿਸਾਨ ਜਥੇਬੰਦੀਆਂ ਜਿਵੇਂ ਆਲ ਇੰਡੀਆ ਕਿਸਾਨ ਸਭਾ, ਕਿਰਤੀ ਕਿਸਾਨ ਯੂਨੀਅਨ, ਕਿਸਾਨ ਸਭਾ ਪੰਜਾਬ, ਪੰਜਾਬ ਕਿਸਾਨ ਯੂਨੀਅਨ ਆਦਿ ਆਪਣੀ ਜਮਾਤੀ ਨਜ਼ਰੀਏ ਵਾਲੀ ਵਿਚਾਰਧਾਰਾ ਤਹਿਤ ਸਰਗਰਮੀਆਂ ਕਰਦੀਆਂ ਹਨ। ਧਨੀ ਅਤੇ ਦਰਮਿਆਨੀ ਕਿਸਾਨੀ ਦੀ ਨੁਮਾਇੰਦਗੀ ਕਰਦੀ ਭਾਰਤੀ ਕਿਸਾਨ ਯੂਨੀਅਨ ਭਾਰਤ ਦੇ ਵੱਖ ਵੱਖ ਖੇਤਰਾਂ ਵਿੱਚ ਸਰਗਰਮ ਆਪਣੀਆਂ ਭਰਾਤਰੀ ਜਥੇਬੰਦੀਆਂ ਨਾ.ਲ ਸ਼ੇਤਕਾਰੀ ਸੰਗਠਨ ਦੇ ਆਗੂ ਸ਼ਰਦ ਜੋਸ਼ੀ ਦੀ ਅਗਵਾਈ ਵਿੱਚ ਕਿਸਾਨੀ ਦੇ ਸੰਕਟ ਦਾ ਹੱਲ 'ਖੁੱਲ੍ਹੀ ਮੰਡੀ' ਦੀ ਵਕਾਲਤ ਰਾਹੀਂ ਤਲਾਸ਼ਦੇ ਹਨ ਅਤੇ ਕੌਮਨਿਸਟ ਧਿਰਾਂ ਦੀਆਂ ਕਿਸਾਨ ਜਥੇਬੰਦੀਆਂ 'ਖੁੱਲ੍ਹੀ ਮੰਡੀ' ਦੀ ਆਮਦ ਨੂੰ ਕਿਸਾਨੀ ਮੁਕਤੀ ਦੇ ਮਾਰਗ ਦੀ ਥਾਂ ਸਾਮਰਾਜੀ ਗ਼ਲਬੇ ਦੇ ਰੂਪ ਵਿੱਚ ਵੇਖਦੇ ਸਨ।

ਵਕਤ ਗੁਜ਼ਰਨ ਨਾ.ਲ ਸਰਕਾਰੀ ਨੀਤੀਆਂ ਕਾਰਨ ਕਿਸਾਨੀ ਦਾ ਸੰਕਟ ਦਿਨ ਬ ਦਿਨ ਵੱਧਦਾ ਗਿਆ। ਖੇਤੀ ਅੰਦਰ ਲਾਗਤਾਂ ਵਧਦੀਆਂ ਗਈਆਂ ਅਤੇ ਆਮਦਨੀਆ ਘਟਦੀਆਂ ਗਈਆਂ, ਕਿਸਾਨ ਕਰਜ਼ਈ ਹੁੰਦਾ ਚਲਾ ਗਿਆ ਜਿਸ ਕਾਰਨ ਸਮਾਜਕ ਅਤੇ ਮਾਨਸਿਕ ਦਬਾਓ ਵੱਧਣ ਲੱਗੇ ਜਿਸ ਦਾ ਸਿੱਟਾ ਆਤਮਘਾਤ ਜਿਹੀ ਮਾਰੂ ਪ੍ਰਵਿਰਤੀਆਂ ਦੀ ਆਮਦ ਵਿੱਚ ਨਿਕਲਿਆ। ਇਸ ਸੰਕਟ ਨੇ ਤਕਰੀਬਨ ਸਾਰੇ ਪੇਂਡੂ ਤਬਕਿਆਂ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਬਹੁਤ ਸਾਰੇ ਪ੍ਰਸਿੱਧ ਅਰਥ ਸ਼ਾਸਤਰੀਆਂ ਅਤੇ ਸਮਾਜ ਵਿਗਿਆਨੀਆਂ ਨੇ ਪਣਪੇ ਇਸ ਮਾਰੂ ਰੁਝਾਨ ਨੂੰ ਗਹਿਰਾਈ ਨਾ.ਲ ਸਮਝਣ ਲਈ ਅਧਿਐਨ ਕੀਤੇ ਅਤੇ ਉਨ੍ਹਾਂ ਨੇ ਪੇਂਡੂ ਅਰਥਚਾਰੇ ਦੇ ਨਿਘਾਰ ਕਾਰਨ ਪਣਪੇ ਆਤਮਘਾਤੀ ਰੁਝਾਨ ਨੂੰ ਠੱਲ੍ਹ ਪਾਉਣ ਲਈ ਵਕਤ ਵਕਤ 'ਤੇ ਸਬੰਧਿਤ ਸਰਕਾਰਾਂ ਨੂੰ ਸੰਭਵ ਉਪਰਾਲੇ ਕਰਨ ਦੀ ਤਾਕੀਦ ਵੀ ਕੀਤੀ ਪਰ ਬੁਧੀਜੀਵੀਆਂ ਦੇ ਸੁਝਾਵਾਂ ਵੱਲ ਕਦੇ ਕਿਸੇ ਨੇ ਸੰਜੀਦਗੀ ਨਾ.ਲ ਗੌਰ ਨਾ ਕੀਤਾ।

ਪੰਜਾਬ ਦੀ ਵਿਰਾਸਤ ਵਿੱਚ ਆਤਮਘਾਤੀ ਪ੍ਰਵਿਰਤੀਆਂ ਦਾ ਕੋਈ ਥਾਂ ਨਹੀਂ। ਪਸਰੇ ਆਤਮਘਾਤੀ ਰੁਝਾਨ, ਸਰਕਾਰਾਂ ਦੀ ਅਣਦੇਖੀ, ਖੇਤੀ ਨੂੰ ਸੰਕਟ ਵਿੱਚੋਂ ਕੱਢਣ ਲਈ ਘੜੀ ਨਵੀਂ ਖੇਤੀ ਨੀਤੀ ਤਹਿਤ ਕਾਰਪੋਰੇਟ ਸੈਕਟਰ ਦੀ ਆਮਦ, ਬਦਲੇ ਹਾਲਾਤਾਂ ਅਤੇ ਬਦਲੇ ਸਮੀਕਰਨਾਂ ਨੇ ਕਿਸਾਨੀ ਖੇਤਰ ਨਾ.ਲ ਸਬੰਧਿਤ ਵੱਖ ਵੱਖ ਪਰਤਾਂ ਅਤੇ ਖੇਤਰਾਂ ਵਿੱਚ ਕੰਮ ਕਰਦੀਆਂ ਕਿਸਾਨ ਜਥੇਬੰਦੀਆਂ ਨੂੰ ਇੱਕ ਪਲੇਟ ਫਾਰਮ 'ਤੇ ਲਿਆ ਖੜ੍ਹਾ ਕਰ ਦਿੱਤਾ ਜਿਸ ਦਾ ਸਿੱਟਾ ਇੱਕ ਜ਼ਬਰਦਸਤ ਕਿਸਾਨ ਅੰਦੋਲਨ ਦੀ ਆਮਦ ਵਿੱਚ ਨਿਕਲਿਆ। ਭਾਰਤ ਦੇ ਵੱਖ ਵੱਖ ਪ੍ਰਾਂਤਾਂ ਵਿੱਚ ਫੈਲੀ ਬੇਚੈਨੀ ਨੇ ਇਸ ਨੂੰ ਹੋਰ ਮਜ਼ਬੂਤ ਕਰ ਦਿੱਤਾ ਜਿਸ ਦਾ ਸਿੱਟਾ ਸੰਨ 2020 ਦੇ ਦਿੱਲੀ ਦੇ ਘਿਰਾਓ ਵਿੱਚ ਨਿਕਲਿਆ। ਇਹ ਧਰਨਾ ਤਕਰੀਬਨ ਇੱਕ ਸਾਲ ਚੱਲਿਆ ਅਤੇ ਆਖਰ ਕੇਂਦਰ ਸਰਕਾਰ ਨੂੰ ਤਿੰਨੇ ਕਾਨੂੰਨਾਂ ਦੀ ਵਾਪਸ ਲੈਣੇ ਪਏ ਅਤੇ ਹੋਰ ਮੰਗਾਂ ਨੂੰ ਵੀ ਅਸੂਲਾਂ ਤੌਰ 'ਤੇ ਪ੍ਰਵਾਨ ਕੀਤਾ। ਇਹ ਦੁਨੀਆਂ ਦੇ ਇਤਿਹਾਸ ਵਿੱਚ ਪਹਿਲਾ ਅਜਿਹਾ ਧਰਨਾ ਸੀ ਜਿਸ ਨੇ ਆਪਣੀ ਰਾਜਧਾਨੀ ਨੂੰ ਮੰਗਾਂ ਮੰਨਣ ਤੱਕ ਸਫਲਤਾਪੂਰਵਕ ਸ਼ਾਂਤਮਈ ਤਰੀਕੇ ਨਾਲ ਮੰਗਾਂ ਦੀ ਪ੍ਰਵਾਨਗੀ ਤੱਕ ਘੇਰੀ ਰੱਖਿਆ।



ਸਯੁੰਕਤ ਕਿਸਾਨ ਮੋਰਚਾ ਚੋਣਾਂ ਕਾਰਨ ਆਏ ਵਕਤੀ ਖਿੰਡਾਅ ਕਾਰਨ ਬਾਅਦ ਵਿੱਚ ਇਕੱਠਾ ਹੋ ਗਿਆ ਪਰ ਸਯੁੰਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਨੇ ਆਪਣੀ ਵੱਖਰੀ ਸਰਗਰਮੀ ਜਾਰੀ ਰੱਖਦਿਆਂ ਆਪਣੇ ਵੱਲੋਂ ਖਨੌਰੀ ਅਤੇ ਸ਼ੰਭੂ ਬਾਰਡਰਾਂ 'ਤੇ 23 ਦਸੰਬਰ 2023 ਤੋਂ ਮੋਰਚਾ ਲਾ ਲਿਆ ਅਤੇ ਦਿੱਲੀ ਵੱਲ ਵਧਣ ਦੀ ਵਾਰ ਕੋਸ਼ਿਸ਼ ਕੀਤੀ ਪਰ ਕੇਂਦਰ ਸਰਕਾਰ ਬੀਤੇ ਦੀਆਂ ਘਟਨਾਵਾਂ ਤੋਂ ਸਬਕ ਲੈ ਕੇ ਚੌਕਸੀ ਕਾਰਨ ਕਿਸਾਨਾਂ ਨੂੰ ਹਰਿਆਣਾ ਦੇ ਬਾਰਡਰਾਂ ਤੇ ਹੀ ਰੋਕਣ ਲਈ ਸਫਲ ਰਹੀ। ਹੁਣ ਤੱਕ 400 ਤੋਂ ਵੱਧ ਕਿਸਾਨ ਫੱਟੜ ਹੋ ਚੁੱਕੇ ਹਨ, ਕਈਆਂ ਦੀਆਂ ਅੱਖਾਂ ਚੱਲੀਆਂ ਗਈਆਂ, ਇੱਕ ਨੌਜਵਾਨ ਮਾਰਿਆ ਗਿਆ ਤੇ ਆਖਰ ਕਿਸਾਨ ਆਗੂ ਸ੍ਰੀ ਜਗਜੀਤ ਸਿੰਘ ਡੱਲੇਵਾਲ ਨੇ ਆਪਣਾ ਮਰਨ ਵਰਤ ਸ਼ੁਰੂ ਕਰ ਦਿੱਤਾ ਜਿਸ ਨੂੰ ਕਿ ਹੁਣ ਤਕਰੀਬਨ ਡੇਢ ਮਹੀਨਾ ਹੋ ਚੁੱਕਿਆ ਹੈ। ਕੇਂਦਰ ਸਰਕਾਰ ਇਸ ਵੱਲ ਕੋਈ ਤਵੱਜੋ ਨਹੀਂ ਦੇ ਰਹੀ ਉਹ ਸਾਰਾ ਕੁੱਝ ਪੰਜਾਬ ਸਰਕਾਰ ਤੇ ਸਿੱਟ ਰਹੀ ਹੈ ਅਤੇ ਇਸੇ ਤਰ੍ਹਾਂ ਕੇਂਦਰ ਸਰਕਾਰ ਪੰਜਾਬ ਦੀ ਹੱਦ ਅੰਦਰ ਚੱਲ ਰਹੇ ਮੋਰਚੇ ਨੂੰ ਪੰਜਾਬ ਸਰਕਾਰ ਦੇ ਪੱਲੇ ਪਾ ਆਪਣੇ ਆਪ ਨੂੰ ਫਾਰਗ ਮਹਿਸੂਸ ਕਰ ਰਹੀ ਹੈ।

ਸੰਯੁਕਤ ਕਿਸਾਨ ਮੋਰਚਾ ਖਨੌਰੀ ਮੋਰਚੇ ਨੂੰ ਜਗਜੀਤ ਸਿੰਘ ਡੱਲੇਵਾਲ ਦੀ ਜਥੇਬੰਦੀ ਵੱਲੋਂ ਉਨ੍ਹਾਂ ਨੂੰ ਵਿਸ਼ਵਾਸ ਵਿੱਚ ਨਾ ਲਏ ਜਾਣ ਅਤੇ ਡੱਲੇਵਾਲ ਦੀ ਜਥੇਬੰਦੀ ਵੱਲੋਂ ਸ਼ੁਰੂ ਕੀਤਾ ਮੋਰਚਾ ਮੰਨਦਾ ਹੈ। ਇਸ ਤੋਂ ਇਲਾਵਾ ਉਸ ਦਾ ਮੰਗਾਂ ਮਨਵਾਉਣ ਲਈ ਜਥੇਬੰਦਕ ਲਾਮਬੰਦੀਆਂ ਦੀਆਂ ਬਣਤਰਾਂ ਅਤੇ ਦਾਅ ਪੇਚਾਂ ਬਾਰੇ ਵੀ ਮੱਤਭੇਦ ਹੈ। ਚੱਲ ਰਹੇ ਮੋਰਚੇ ਦੀ ਵਿਸ਼ਾਲਤਾ ਦੀ ਸ਼ਿਰਕਤ ਲਈ ਡੱਲੇਵਾਲ ਅਤੇ ਪੰਧੇਰ ਵਿਚਕਾਰ ਵੀ ਮੱਤਭੇਦ ਵੇਖਣ ਨੂੰ ਮਿਲ ਰਹੇ ਹਨ। ਇਸ ਤੋਂ ਇਲਾਵਾ ਸੰਯੁਕਤ ਕਿਸਾਨ ਮੋਰਚਾ ਆਪਣੀਆਂ ਵੱਖਰੀਆਂ ਸਰਗਰਮੀਆਂ ਰਾਹੀਂ ਕੇਂਦਰ ਸਰਕਾਰ ਤੇ ਦਬਾਅ ਬਣਾ ਰਿਹਾ ਹੈ। ਉਸ ਨੇ 9 ਜਨਵਰੀ ਦੀ ਮੋਗਾ ਵਿੱਖੇ ਕੀਤੀ 'ਮਹਾਂ ਪੰਚਾਇਤ' ਰਾਹੀਂ ਸਿੱਧ ਕਰ ਦਿੱਤਾ ਹੈ ਕਿ ਉਹ ਕਿਸਾਨੀ ਦੀ ਸਭ ਤੋਂ ਵੱਡੀ ਧਿਰ ਹੈ ਅਤੇ ਨਾ.ਲ ਹੀ ਉਸ ਨੇ ਆਪਣੀ ਸਟੇਜ ਤੋਂ ਸ੍ਰੀ ਡੱਲੇਵਾਲ ਨੂੰ ਮਿਲ ਕੇ ਵਿਸ਼ਾਲ ਏਕਤਾ ਲਈ ਯਤਨ ਕਰਨ ਦੀ ਗੱਲ ਵੀ ਰੱਖੀ ਅਤੇ ਸੰਯੁਕਤ ਕਿਸਾਨ ਮੋਰਚਾ ਦੇ ਇੱਕ ਵਫਦ ਨੇ 13 ਜਨਵਰੀ ਨੂੰ ਖਨੌਰੀ ਬਾਰਡਰ 'ਤੇ ਪਹੁੰਚ ਕੇ ਵਿਸ਼ਾਲ ਏਕਤਾ ਲਈ ਯਤਨ ਵੀ ਕੀਤਾ ਜਿਸ ਦੀ ਅਗਲੀ ਮੀਟਿੰਗ 18 ਜਨਵਰੀ ਨੂੰ ਰੱਖੀ ਗਈ ਤਾਂ ਕਿ ਏਕਤਾ ਲਈ ਗੱਲ ਕਿਸੇ ਤਣ ਪੱਤਣ ਲੱਗ ਸਕੇ ਕਿਉਂਕਿ ਮੌਜੂਦਾ ਦੂਜੇ ਦੌਰ ਦੇ ਕਿਸਾਨ ਅੰਦੋਲਨ ਦੇ ਦੋ ਖੇਮਿਆਂ ਵਿੱਚ ਵੰਡੇ ਜਾਣ ਦਾ ਜਿੱਥੇ ਸਭ ਤੋਂ ਵੱਧ ਫਾਇਦਾ ਸਤ੍ਹਾ 'ਤੇ ਕਾਬਜ਼ ਧਿਰਾਂ ਨੂੰ ਹੋ ਰਿਹਾ ਹੈ ਉੱਥੇ ਹੀ ਇਹ ਕਿਤੇ ਨਾ ਕਿਤੇ ਕਿਸਾਨਾਂ ਅੰਦਰ ਨਿਰਾਸ਼ਤਾ ਦਾ ਆਲਮ ਵੀ ਪੈਦਾ ਕਰ ਰਿਹਾ ਹੈ।

ਪਿਛਲੇ ਦੋ ਦਹਾਕਿਆਂ ਵਿੱਚ ਦੋ ਲੱਖ ਕਿਸਾਨ ਜੋ ਕਿ ਛੋਟੇ ਤਬਕੇ ਨਾ.ਲ ਸਬੰਧਿਤ ਸਨ,ਖੇਤੀ ਸੈਕਟਰ ਤੋਂ ਬਾਹਰ ਹੋ ਚੁੱਕੇ ਹਨ। ਪੰਜਾਬ ਦੇ ਪੇਂਡੂ ਖੇਤਰ ਵਿੱਚ ਬਹੁ ਗਿਣਤੀ ਛੋਟੇ ਕਿਸਾਨਾਂ ਦੀ ਹੈ ਜੋ ਕਿ ਆਪਣੇ ਆਪ ਨੂੰ ਜੜਹੀਣ ਮਹਿਸੂਸ ਕਰ ਰਹੀ ਹੈ। ਹੋਰ ਤਾਂ ਹੋਰ ਉਪਜਾਊ ਜ਼ਮੀਨਾਂ ਉੱਤੇ ਗੈਰ ਕਾਸ਼ਤਕਾਰਾਂ ਦਾ ਕਬਜ਼ਾ ਵਧ ਰਿਹਾ ਹੈ। ਪੰਜਾਬ ਸਰਕਾਰ ਦੀ ਆਪਣੀ ਇੱਕ ਇਸੇ ਸਾਲ ਦੀ ਰਿਪੋਰਟ ਵਿੱਚ ਕਿਹਾ ਗਿਆ ਕਿ 53611 ਏਕੜ ਜ਼ਮੀਨ ਗੈਰ ਖੇਤੀ ਕੰਮਾਂ ਅਧੀਨ ਚਲੀ ਗਈ ਹੈ। ਇਸ ਤੋਂ ਇਲਾਵਾ ਨੌਜਵਾਨਾਂ ਦਾ ਬਹੁਤ ਵੱਡਾ ਤਬਕਾ ਢੁਕਵੇਂ ਰੁਜ਼ਗਾਰ ਦੀ ਅਣਹੋਂਦ ਕਾਰਨ ਨਿਰਾਸ਼ਤਾ ਵਸ ਜਾਂ ਤਾਂ ਪ੍ਰਵਾਸ ਕਰ ਰਿਹਾ ਹੈ ਜਾਂ ਨਸ਼ਿਆਂ ਦਾ ਸ਼ਿਕਾਰ ਹੋ ਰਿਹਾ ਹੈ। ਇਸ ਤਰ੍ਹਾਂ ਮਸਲਾ ਪੇਂਡੂ ਖੇਤਰ ਦੇ ਅਰਥਚਾਰੇ ਦੇ ਵਿਆਪਕ ਸੰਕਟ ਦਾ ਹੈ ਜਿਸ ਸਬੰਧੀ ਰਾਜਸੀ ਸੂਝ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਮੁੱਖ ਲੋੜ ਹੈ। ਬਿਨ੍ਹਾਂ ਸ਼ੱਕ ਸਤ੍ਹਾ ਪੂੰਜੀ ਦੀ ਤਾਕਤ ਨਾਲ ਚੱਲਦੀ ਹੈ ਪਰ ਜਮਹੂਰੀ ਸਮਾਜਾਂ ਅੰਦਰ 'ਮਨੁੱਖੀ ਸਮਾਜਿਕ ਸਰਮਾਏ' ਦੀ ਤਾਕਤ ਨੂੰ ਘਟਾ ਕੇ ਨਹੀਂ ਵੇਖਣਾ ਚਾਹੀਦਾ। ਇਸ ਕਰਕੇ ਕੇਂਦਰ ਸਰਕਾਰ ਨੂੰ ਵਕਤੀ 'ਪੂੰਜੀ ਸਰਮਾਏ' ਦੀ ਮਦਦ ਦੀ ਝਾਕ ਅਤੇ ਟੇਕ ਰੱਖਣ ਦੀ ਥਾਂ 'ਮਨੁੱਖੀ ਸਮਾਜਿਕ ਸਰਮਾਏ' ਦੀ ਸਾਰਥਿਕਤਾ ਨੂੰ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਇਸ ਤੋਂ ਇਲਾਵਾ ਪੰਜਾਬ ਅਤੇ ਕੇਂਦਰ ਸਰਕਾਰ ਦੋਵਾਂ ਨੂੰ ਪੱਲਾ ਝਾੜ ਕੇ ਸੁਰਖ਼ਰੂ ਹੋਣ ਦੀ ਥਾਂ ਆਪਸ ਵਿੱਚ ਮਿਲ ਬੈਠ ਕੇ ਇਸ ਮਸਲੇ ਦਾ ਸਾਰਥਿਕ ਹੱਲ ਲੱਭਣਾ ਚਾਹੀਦਾ ਹੈ।

ਇਸ ਆਰਥਿਕ ਸਮਾਜਿਕ ਮਸਲੇ ਉੱਤੇ ਚੱਲ ਰਹੇ ਅੰਦੋਲਨ ਸਬੰਧੀ ਸੁਪਰੀਮ ਕੋਰਟ ਨੇ ਜਿੱਥੇ ਮਾਹਿਰਾਂ ਦੀ ਕਮੇਟੀ ਬਣਾ ਕੇ ਇਸ ਮਸਲੇ ਨੂੰ ਹੱਲ ਕਰਨ ਦਾ ਉਪਰਾਲਾ ਕੀਤਾ ਹੈ ਉਸ ਦੇ ਨਾ.ਲ ਹੀ ਉਸ ਨੇ ਸ੍ਰੀ ਡੱਲੇਵਾਲ ਨੂੰ ਹਰ ਤਰ੍ਹਾਂ ਦੀ ਮੈਡੀਕਲ ਸਹਾਇਤਾ ਦੇਣ ਉੱਤੇ ਜ਼ੋਰ ਦਿੱਤਾ ਹੈ। ਇਸ ਤਰ੍ਹਾਂ ਖਨੌਰੀ ਮੋਰਚਾ ਆਪਣੇ ਆਪ ਵਿੱਚ ਬੜਾ ਹੀ ਰੌਚਿਕ ਰੁੱਖ ਅਖਤਿਆਰ ਕਰ ਚੁੱਕਿਆ ਹੈ। ਹੁਣ ਇਹ ਅੰਦੋਲਨ ਪੇਂਡੂ ਅਰਥਚਾਰੇ ਦੇ ਸੰਕਟ ਦੇ ਹੱਲ ਦੀ ਥਾਂ, ਡੱਲੇਵਾਲ ਸਾਹਿਬ ਦਾ ਕੀ ਬਣੇਗਾ, ਉੱਤੇ ਜ਼ਿਆਦਾ ਕੇਂਦਰਿਤ ਹੋ ਗਿਆ ਜਾਪਦਾ ਹੈ। ਬਿਨਾਂ ਸ਼ੱਕ ਸ੍ਰੀ ਡੱਲੇਵਾਲ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ ਅਤੇ ਕਿਸੇ ਦਾ ਵੀ ਜਾਨੀ ਨੁਕਸਾਨ ਨਹੀਂ ਹੋਣਾ ਚਾਹੀਦਾ ਪਰ ਬੁਨਿਆਦੀ ਤੌਰ 'ਤੇ ਮਸਲਾ ਤਾਂ ਪੇਂਡੂ ਅਰਥਚਾਰੇ ਦੀ ਸਥਿਤੀ ਨੂੰ ਸਮਝ ਕੇ ਉਸ ਦੇ ਉਸਾਰੂ ਹੱਲ ਦਾ ਹੈ ਜੋ ਕਿ ਕਿਤੇ ਨਾ ਕਿਤੇ ਗੌਣ ਹੁੰਦਾ ਦਿਖਾਈ ਦੇ ਰਿਹਾ ਹੈ। ਸਰਕਾਰਾਂ ਦੀ ਇਸ ਮਸਲੇ 'ਤੇ ਚੁੱਪ ਪ੍ਰੇਸ਼ਾਨ ਕਰਨ ਵਾ.ਲੀ ਹੈ।ਇਸ ਕਰਕੇ ਜਿੱਥੇ ਸਾਰੀਆਂ ਕਿਸਾਨ ਧਿਰਾਂ ਨੂੰ ਸੰਜੀਦਗੀ ਨਾ.ਲ ਇਕੱਠੇ ਹੋਣ ਦੀ ਲੋੜ ਹੈ ਉੱਥੇ ਹੀ ਦੋਹਾਂ ਸਰਕਾਰਾਂ ਲਈ ਬੁਨਿਆਦੀ ਮਸਲੇ ਨੂੰ ਗੰਭੀਰਤਾ ਨਾ.ਲ ਸੰਬੋਧਨ ਹੋਣ ਦੀ ਜਰੂਰਤ ਹੈ ਤਾਂ ਕਿ ਪੇਂਡੂ ਅਰਥਚਾਰੇ 'ਚ ਆ ਰਹੇ ਨਿਘਾਰ ਨੂੰ ਰੋਕ ਕੇ ਕਿਸੇ ਢੁਕਵੀਂ ਸਾਰਥਿਕ ਨੀਤੀ ਰਾਹੀਂ ਇਸ ਨੂੰ ਖੁਸ਼ਹਾਲੀ ਦੀਆਂ ਲੀਹਾਂ ਉਤੇ ਪਾਇਆ ਜਾ ਸਕੇ।

# ਭ੍ਰਿਸ਼ਟਾਚਾਰੀ ਨਿਜ਼ਾਮ ਵਿਚ ਪੱਤਰਕਾਰਾਂ ਦੀ ਸੁਰੱਖਿਆ ਦਾ ਸਵਾਲ

***ਮਾਓਵਾਦੀ ਲਹਿਰ ਦੇ ਗੜ੍ਹ ਬਸਤਰ ਵਿਚ ਇਕ ਪੱਤਰਕਾਰ ਦੇ ਕਤਲ ਕਾਂਡ ਨਾਲ ਪੱਤਰਕਾਰਾਂ ਦੀ ਸੁਰੱਖਿਆ ਦਾ ਮੁੱਦਾ ਮੁੜ ਭਖ ਗਿਆ ਹੈ। ਕੀ ਮਹਿਜ਼ ਪੱਤਰਕਾਰਾਂ ਦੀ ਸੁਰੱਖਿਆ ਦੀ ਮੰਗ ਕਰਨ ਨਾਲ ਉਹ ਹਾਲਾਤ ਬਦਲ ਜਾਣਗੇ ਜੋ ਪੱਤਰਕਾਰਾਂ ਨੂੰ ਆਪਣੀ ਡਿਊਟੀ ਕਰਨ ਤੋਂ ਰੋਕਦੇ ਹਨ ਅਤੇ ਜੋ ਬਹੁਤ ਸਾਰੇ ਪੱਤਰਕਾਰਾਂ ਲਈ ਸਵੈ-ਸੈਂਸਰਸ਼ਿੱਪ ਅਪਣਾ ਲੈਣ ਦਾ ਕਾਰਨ ਬਣਦੇ ਹਨ? ਨਾਗਰਿਕਾਂ 'ਚ ਪ੍ਰੈੱਸ ਦੀ ਆਜ਼ਾਦੀ ਬਾਰੇ ਜਾਗਰੂਕਤਾ ਕਿਉਂ ਜ਼ਰੂਰੀ ਹੈ? ਇਨ੍ਹਾਂ ਸਵਾਲਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਲੇਖ ਵਿਚ ਕੀਤੀ ਹੈ। - ਸੰਪਾਦਕ***

ਪਿਛਲੇ ਦਿਨੀਂ ਛੱਤੀਸਗੜ੍ਹ ਦੇ ਬਸਤਰ ਖੇਤਰ ਵਿਚ ਪੱਤਰਕਾਰ ਮੁਕੇਸ਼ ਚੰਦਰਾਕਰ ਦੇ ਵਹਿਸ਼ੀਆਨਾ ਕਤਲ ਨੇ ਪੱਤਰਕਾਰ ਭਾਈਚਾਰੇ ਸਮੇਤ ਮੀਡੀਆ ਦੀ ਆਜ਼ਾਦੀ ਦੇ ਹਮਾਇਤੀ ਹਰ ਇਨਸਾਫ਼ਪਸੰਦ ਨੂੰ ਝੰਜੋੜਿਆ ਹੈ। ਕਾਤਲਾਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਜ਼ੋਰਦਾਰ ਮੰਗ ਉੱਠਣਾ ਸੁਭਾਵਿਕ ਹੈ ਪਰ ਅਜਿਹੇ ਘਿਣਾਉਣੇ ਕਾਰਿਆਂ ਨੂੰ ਅੰਜਾਮ ਦੇਣ ਵਾਲੇ ਸਮਾਜ ਵਿਰੋਧੀ ਅਨਸਰਾਂ ਦੀ ਪੁਸ਼ਤਪਨਾਹੀ ਕਰਨ ਵਾਲੀਆਂ ਤਾਕਤਾਂ ਦੀ ਨਿਸ਼ਾਨਦੇਹੀ ਕੀਤੇ ਬਗੈਰ ਨਿਆਂ ਦੀ ਮੰਗ ਮਾਇਨੇ ਨਹੀਂ ਰੱਖਦੀ। ਇਸ ਕਤਲ ਦੀ ਨਿਖੇਧੀ ਕਰਨ ਵਾਲਿਆਂ 'ਚ ਹੁਕਮਰਾਨ ਭਾਜਪਾ ਦਾ ਮੌਜੂਦਾ ਮੁੱਖ ਮੰਤਰੀ ਤੇ ਹੋਰ ਆਗੂ ਵੀ ਸ਼ਾਮਲ ਹਨ ਜਿਨ੍ਹਾਂ ਦੇ ਮੀਡੀਆ ਅਤੇ ਵਿਚਾਰਾਂ ਦੀ ਆਜ਼ਾਦੀ ਪ੍ਰਤੀ ਫਾਸ਼ੀਵਾਦੀ ਰਵੱਈਏ ਤੋਂ ਕੁਲ ਦੁਨੀਆ ਬਖ਼ੂਬੀ ਵਾਕਫ਼ ਹੈ। ਇਸ ਕਤਲ ਉੱਪਰ ਮਗਰਮੱਛ ਵਾਲੇ ਹੰਝੂ ਵਹਾਉਣ ਵਾਲੇ ਪਾਖੰਡੀਆਂ ਵਿਚ 'ਮੁੱਖਧਾਰਾ'

ਬੂਟਾ ਸਿੰਘ ਮਹਿਮੂਦਪੁਰ

ਮੀਡੀਆ ਸਭ ਤੋਂ ਅੱਗੇ ਹੈ, ਜੋ ਬਸਤਰ ਵਿਚ ਭਾਰਤੀ ਰਾਜ ਵੱਲੋਂ ਆਦਿਵਾਸੀਆਂ ਦੀ ਨਸਲਕੁਸ਼ੀ ਅਤੇ ਇਨਕਲਾਬਪਸੰਦਾਂ ਦੇ ਕਰੂਰ ਕਤਲੇਆਮ ਵਿਚ ਭਾਈਵਾਲ ਹੈ ਅਤੇ ਜੋ ਭਾਜਪਾ ਸਰਕਾਰ ਦੀ ਨਕਸਲਵਾਦ ਦਾ ਸਫ਼ਾਇਆ ਕਰਨ ਦੀ 'ਇਤਿਹਾਸਕ ਪ੍ਰਾਪਤੀ' ਦਾ ਡੰਕਾ ਵਜਾ ਰਿਹਾ ਹੈ। ਪੱਤਰਕਾਰ ਦੇ ਕਤਲ ਦੇ ਸਨਸਨੀਖ਼ੇਜ਼ ਖ਼ੁਲਾਸੇ ਇਨ੍ਹਾਂ ਧੰਦੇਬਾਜ਼ ਗਿਰਝਾਂ ਲਈ ਮੁਨਾਫ਼ੇ ਬਟੋਰਨ ਦਾ ਜ਼ਰੀਆ ਹਨ। ਪਰ ਇਸ ਪੱਖ ਬਾਰੇ ਉਹ ਚੁੱਪ ਹਨ ਕਿ ਜ਼ਮੀਨੀ ਰਿਪੋਰਟਿੰਗ ਕਰਨ ਵਾਲੇ ਇਕ ਹੋਣਹਾਰ ਪੱਤਰਕਾਰ ਨੇ ਆਖ਼ਿਰਕਾਰ 'ਮੁੱਖਧਾਰਾ' ਮੀਡੀਆ ਦੀ ਵੰਗਾਰ ਕਰਨੀ ਛੱਡ ਕੇ ਯੂਟਿਊਬ ਪੱਤਰਕਾਰੀ ਕਰਨ ਦਾ ਰਾਹ ਕਿਉਂ ਚੁਣਿਆ।

ਬਸਤਰ ਦੇ (ਬੀਜਾਪੁਰ ਜ਼ਿਲ੍ਹੇ) ਦੇ ਬਾਸਾਗੁੜਾ ਦਾ ਜੰਮਪਲ ਮੁਕੇਸ਼ ਚੰਦਰਾਕਰ ਹਾਸ਼ੀਏ 'ਤੇ ਧੱਕੇ ਭਾਈਚਾਰੇ ਵਿਚ ਜੰਮਿਆ-ਪਲਿਆ ਸੀ ਜਿਨ੍ਹਾਂ ਦੇ ਜੀਵਨ-ਗੁਜ਼ਾਰੇ ਦਾ ਇੱਕੋਇਕ ਵਸੀਲਾ ਜੰਗਲ ਦੀ ਜ਼ਮੀਨ ਵੀ ਭਾਰਤੀ ਹੁਕਮਰਾਨ ਕਾਰਪੋਰੇਟ ਸਰਮਾਏਦਾਰੀ ਦੇ ਖਣਨ ਪ੍ਰੋਜੈਕਟਾਂ ਲਈ ਖੋਹ ਰਹੇ ਹਨ। 2005 'ਚ ਕੇਂਦਰ ਦੀ ਕਾਂਗਰਸ ਸਰਕਾਰ ਅਤੇ ਛੱਤੀਸਗੜ੍ਹ ਦੀ ਭਾਜਪਾ ਸਰਕਾਰ ਵੱਲੋਂ ਮਿਲ ਕੇ ਬਣਾਏ ਕਾਤਲ ਗਰੋਹ 'ਸਲਵਾ ਜੁਡਮ' ਵੱਲੋਂ ਬਸਤਰ ਵਿਚ ਜੋ ਸਾੜਸਤੀ ਅਤੇ ਕਤਲੇਆਮ ਕੀਤਾ ਗਿਆ ਉਸ ਕਾਰਨ ਮੁਕੇਸ਼ ਦੇ ਪਰਿਵਾਰ ਨੂੰ ਉਜਾੜੇ ਦਾ ਸੰਤਾਪ ਝੱਲਣਾ ਪਿਆ ਅਤੇ ਉਸਦੀ ਵਿਧਵਾ ਮਾਂ ਆਪਣੇ ਦੋ ਬੱਚਿਆਂ ਸਮੇਤ ਸਰਕਾਰ ਵੱਲੋਂ ਬਣਾਏ ਕਥਿਤ ਸ਼ਰਣਾਰਥੀ ਕੈਂਪਾਂ ਵਿਚ ਰਹਿਣ ਲਈ ਮਜਬੂਰ ਹੋ ਗਈ। ਬੇਹੱਦ ਔਖੇ ਹਾਲਾਤ ਵਿਚ ਪੜ੍ਹ-ਲਿਖ ਕੇ ਮੁਕੇਸ਼ ਨੇ ਬਸਤਰ ਦੇ ਲੋਕਾਂ ਦੇ ਦੁੱਖ-ਤਕਲੀਫ਼ਾਂ ਨੂੰ ਬਾਹਰਲੀ ਦੁਨੀਆ ਤੱਕ ਪਹੁੰਚਾਉਣ ਲਈ ਪੱਤਰਕਾਰੀ ਕਰਨੀ ਸ਼ੁਰੂ ਕੀਤੀ। ਛੱਤੀਸਗੜ੍ਹ ਦੀ ਰਾਜਧਾਨੀ ਰਾਇਪੁਰ ਅਤੇ ਦਿੱਲੀ ਵਿਚ ਬੈਠੇ ਵੱਡੇ ਮੀਡੀਆ ਸਮੂਹ ਉਸਦਾ ਰੱਜ ਕੇ ਸ਼ੋਸ਼ਣ ਕਰਦੇ ਸਨ। ਆਲੀਸ਼ਾਨ ਸਟੂਡੀ" ਵਿਚ ਬੈਠੇ ਅੱਯਾਸ਼ ਪੱਤਰਕਾਰੀ ਕਰਨ ਵਾਲੇ ਐਂਕਰ ਉਸ ਦੀਆਂ ਬੇਹੱਦ ਸਖ਼ਤ ਮਿਹਨਤ ਅਤੇ ਖ਼ਤਰੇ ਮੁੱਲ ਲੈ ਕੇ ਤਿਆਰ ਕੀਤੀਆਂ ਜ਼ਮੀਨੀ ਰਿਪੋਰਟਾਂ ਨੂੰ ਪ੍ਰਤੀ ਰਿਪੋਰਟ 150 ਤੋਂ ਲੈ ਕੇ 300 ਰੁਪਏ ਦੀ ਨਿਗੂਣੀ ਅਦਾਇਗੀ ਬਦਲੇ ਆਪਣਾ ਨਾਮ ਚਮਕਾਉਣ ਲਈ ਵਰਤਦੇ ਰਹੇ ਅਤੇ ਉਸਦੇ ਨਾਂ ਦੀ ਬਾਈਲਾਈਨ ਹਟਾ ਕੇ ਰਿਪੋਰਟਾਂ ਆਪਣੇ ਖ਼ਾਤੇ ਪਾ ਲੈਂਦੇ ਸਨ। ਦਸ ਸਾਲ ਲੰਮੇ ਇਸ ਕੌੜੇ ਤਜਰਬੇ 'ਚੋਂ ਗੁਜ਼ਰ ਕੇ ਉਸਨੇ ਨਿਗੂਣੇ ਵਸੀਲਿਆਂ ਨਾਲ ਆਪਣਾ ਯੂਟਿਊਬ ਚੈਨਲ 'ਬਸਤਰ ਜੰਕਸ਼ਨ' ਸ਼ੁਰੂ ਕੀਤਾ ਅਤੇ ਸਖ਼ਤ ਮਿਹਨਤ ਦੀ ਬਦੌਲਤ ਇਕ ਲੱਖ ਪੈਂਹਠ ਹਜ਼ਾਰ ਸਬਸਕ੍ਰਾਈਬਰ ਬਣਾ ਲਏ। ਉਸਨੇ ਆਦਿਵਾਸੀ ਇਲਾਕਿਆਂ ਵਿਚ ਹਕੂਮਤੀ ਜਬਰ, ਮੁਕਾਬਲਿਆਂ ਦੇ ਨਾਂ ਹੇਠ ਕਤਲਾਂ, ਸਰਕਾਰ ਵੱਲੋਂ ਆਦਿਵਾਸੀਆਂ ਦੀਆਂ ਜ਼ਮੀਨਾਂ ਗ਼ੈਰਕਾਨੂੰਨੀ ਤਰੀਕੇ ਨਾਲ ਹਥਿਆਉਣ, ਇਸ ਉਜਾੜੇ ਵਿਰੁੱਧ ਜੰਗਲ ਦੇ ਮੂਲਵਾਸੀਆਂ ਦੇ ਜਾਨ-ਹੂਲਵੇਂ ਸੰਘਰਸ਼ਾਂ, ਕਥਿਤ ਵਿਕਾਸ ਦੇ ਨਾਂ ਹੇਠ ਭ੍ਰਿਸ਼ਟ ਸਰਕਾਰੀ ਤੰਤਰ ਅਤੇ ਠੇਕੇਦਾਰਾਂ ਵੱਲੋਂ ਮਿਲ ਕੇ ਕੀਤੇ ਜਾ ਰਹੇ ਮਹਾਂ-ਘੁਟਾਲਿਆਂ, ਬਸਤਰ ਵਿਚ ਮੁੱਢਲੀ ਸਿੱਖਿਆ ਅਤੇ ਸਿਹਤ ਦੀ ਸਥਿਤੀ, ਮਾਓਵਾਦੀ ਲਹਿਰ ਦੇ ਵੱਖ-ਵੱਖ ਪੱਖਾਂ ਉੱਪਰ ਜੋ ਰਿਪੋਰਟਾਂ ਕੀਤੀਆਂ, ਉਸ ਨਾਲ ਉਸਨੇ ਆਪਣੀ ਵਿਸ਼ੇਸ਼ ਪਛਾਣ ਬਣਾ ਲਈ। ਉਸਦਾ ਜੰਗਲ ਨਾਲ ਡੂੰਘਾ ਰਿਸ਼ਤਾ ਸੀ, ਅਜਿਹਾ ਪੱਤਰਕਾਰ ਹੀ ਜੰਗਲ ਦੇ ਬਾਸ਼ਿੰਦਿਆਂ ਦੇ ਮਸਲਿਆਂ ਨੂੰ ਸਹੀ ਰੂਪ 'ਚ ਜ਼ੁਬਾਨ ਦੇ ਸਕਦਾ ਹੈ। ਮੁਕੇਸ਼ ਉਨ੍ਹਾਂ ਸੱਤ ਪੱਤਰਕਾਰਾਂ ਵਿਚ ਸ਼ੁਮਾਰ ਸੀ, ਜਿਨ੍ਹਾਂ ਅਪ੍ਰੈਲ 2021 'ਚ ਮਾਓਵਾਦੀ ਛਾਪਾਮਾਰਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਵੱਲੋਂ ਅਗਵਾ ਕੀਤੇ 'ਕੋਬਰਾ ਕਮਾਂਡੋ' ਨੂੰ ਰਿਹਾ ਕਰਵਾਇਆ ਸੀ, ਜਦੋਂ ਮਾਓਵਾਦੀਆਂ ਨੂੰ ਮਾਰ ਮੁਕਾਉਣ ਦੇ ਦਮਗੱਜੇ ਮਾਰਨ ਵਾਲੇ ਪੁਲਿਸ ਅਧਿਕਾਰੀ ਵੀ ਆਪਣੇ ਮੁਲਾਜ਼ਮ ਦੀ ਬੰਦਖ਼ਲਾਸੀ ਕਰਾਉਣ ਲਈ ਬੇਵੱਸ ਮਹਿਸੂਸ ਕਰ ਰਹੇ ਸਨ।

ਜ਼ਮੀਨੀ ਹਕੀਕਤ ਦੀ ਸੱਚੀ ਰਿਪੋਰਟਿੰਗ ਕਰਨ ਵਾਲੇ ਪੱਤਰਕਾਰ ਹਾਕਮ ਜਮਾਤੀ ਸਿਆਸਤਦਾਨਾਂ, ਰਾਜ-ਪ੍ਰਸ਼ਾਸਨ ਅਤੇ ਕਾਲੇ ਕਾਰੋਬਾਰੀਆਂ ਦੇ ਨਾਪਾਕ ਗੱਠਜੋੜ ਨੂੰ ਬਹੁਤ ਚੁਭਦੇ ਹਨ ਅਤੇ ਉਹ ਪੱਤਰਕਾਰਾਂ ਦੀ ਜ਼ੁਬਾਨਬੰਦੀ ਕਰਨ ਲਈ ਸੱਤਾ ਅਤੇ ਪੈਸੇ ਸਮੇਤ ਹਰ ਹਰਬਾ ਵਰਤਦੇ ਹਨ। ਮੁਕੇਸ਼ ਲਗਾਤਾਰ ਖ਼ਤਰੇ ਮੁੱਲ ਲੈ ਕੇ ਰਿਪੋਰਟਿੰਗ ਕਰ ਰਿਹਾ ਸੀ ਅਤੇ ਉਸ ਨੂੰ ਵੀ ਅਕਸਰ ਧਮਕੀਆਂ ਮਿਲਦੀਆਂ ਰਹਿੰਦੀਆਂ ਸਨ। ਸਿਲਗੇਰ ਵਿਚ ਚੱਲ ਰਹੇ ਪੱਕੇ ਆਦਿਵਾਸੀ ਮੋਰਚੇ ਦੀ ਰਿਪੋਰਟਿੰਗ ਕਰਨ ਤੋਂ ਰੋਕਣ ਲਈ ਉਸ ਨੂੰ ਪੁਲਿਸ ਅਧਿਕਾਰੀਆਂ ਵੱਲੋਂ 30 ਵਾਰ ਸਿਲਗੇਰ ਜਾਣ ਤੋਂ ਰੋਕਿਆ ਗਿਆ ਜਿੱਥੇ ਧੱਕੇ ਨਾਲ ਸੁਰੱਖਿਆ ਬਲਾਂ ਦਾ ਕੈਂਪ ਸਥਾਪਤ ਕੀਤੇ ਜਾਣ ਦਾ ਵਿਰੋਧ ਕਰ ਰਹੇ ਆਦਿਵਾਸੀਆਂ ਉੱਪਰ ਅੰਨ੍ਹੇਵਾਹ ਗੋਲੀਆਂ ਚਲਾ ਕੇ ਸੁਰੱਖਿਆ ਬਲਾਂ ਵੱਲੋਂ ਤਿੰਨ ਆਦਿਵਾਸੀਆਂ ਨੂੰ ਕਤਲ ਕਰ ਦਿੱਤਾ ਗਿਆ ਸੀ। ਅਜੇ ਕੁਝ ਸਮਾਂ ਪਹਿਲਾਂ ਹੀ ਬਸਤਰ ਦੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਉਸ ਨੂੰ ਧਮਕੀ ਦਿੱਤੀ ਸੀ ਕਿ ਉਸਨੇ ਕਥਿਤ ਮੁਕਾਬਲੇ ਦੇ ਸਰਕਾਰੀ ਬਿਰਤਾਂਤ ਵਿਰੁੱਧ ਸਥਾਨਕ ਆਦਿਵਾਸੀਆਂ ਦੇ ਪੱਖ ਨੂੰ ਉਜਾਗਰ ਕਿਉਂ ਕੀਤਾ ਸੀ।

ਹੁਣ 'ਮੁੱਖਧਾਰਾ' ਮੀਡੀਆ ਵੱਲੋਂ ਉਸ ਠੇਕੇਦਾਰ ਵੱਲੋਂ ਕੀਤੇ 120 ਕਰੋੜ ਰੁਪਏ ਦੇ



ਸੜਕ ਘੁਟਾਲੇ ਬਾਰੇ ਇਕ ਤੋਂ ਬਾਅਦ ਇਕ ਸਨਸਨੀਖ਼ੇਜ਼ ਰਿਪੋਰਟਾਂ ਪੇਸ਼ ਕੀਤੀਆਂ ਜਾ ਰਹੀਆਂ ਹਨ ਜਿਸਦੇ ਗੈਂਗ ਨੇ ਮੁਕੇਸ਼ ਨੂੰ ਬੁਲਾ ਕੇ ਅਤੇ ਬਹੁਤ ਹੀ ਕਰੂਰਤਾ ਨਾਲ ਉਸਦਾ ਕਤਲ ਕਰਕੇ ਲਾਸ਼ ਆਪਣੇ ਕਾਰੋਬਾਰੀ ਕੰਪਲੈਕਸ ਦੇ ਅੰਦਰ ਸੈਪਟਿਕ ਟੈਂਕ ਵਿਚ ਦਬਾ ਦਿੱਤੀ ਸੀ। ਇਹ ਰਿਪੋਰਟਾਂ ਉਨ੍ਹਾਂ ਹੁਕਮਰਾਨ ਤਾਕਤਾਂ ਬਾਰੇ ਚੁੱਪ ਹਨ ਜਿਨ੍ਹਾਂ ਨਾਲ ਮਿਲ ਕੇ ਅਤੇ ਜਿਨ੍ਹਾਂ ਦੀ ਰਾਜਕੀ ਪੁਸ਼ਤਪਨਾਹੀ ਨਾਲ ਅਜਿਹੇ ਠੇਕੇਦਾਰ ਪੂਰੀ ਤਰ੍ਹਾਂ ਬੇਖ਼ੌਫ਼ ਹੋ ਕੇ ਘੁਟਾਲੇ-ਦਰ-ਘੁਟਾਲੇ ਕਰਦੇ ਹਨ। ਭਾਰਤ ਵਿਚ ਆਮ ਕਰਕੇ ਅਤੇ ਬਸਤਰ ਵਿਚ ਖ਼ਾਸ ਕਰਕੇ 'ਵਿਕਾਸ' ਆਪਣੇ ਆਪ ਵਿਚ ਹੀ ਅਜਿਹਾ ਮਹਾਂ ਘੁਟਾਲਾ ਹੈ ਜਿਸ ਦੀ ਵਿਆਪਕਤਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਆਦਿਵਾਸੀਆਂ ਦੀ ਜ਼ਿੰਦਗੀ ਅਤੇ ਮੁਲਕ ਦੇ ਹਿਤਾਂ ਦੀ ਕੀਮਤ 'ਤੇ ਜੰਗਲੀ-ਪਹਾੜੀ ਖੇਤਰਾਂ ਉੱਪਰ ਥੋਪਿਆ ਕਥਿਤ ਵਿਕਾਸ ਮਾਡਲ ਭਿਆਨਕ ਤਬਾਹੀ ਮਚਾ ਰਿਹਾ ਹੈ। ਵਡਮੁੱਲੇ ਕੁਦਰਤੀ ਵਸੀਲੇ ਕੌਡੀਆਂ ਦੇ ਭਾਅ ਕਾਰਪੋਰੇਟਾਂ ਨੂੰ ਸੌਂਪੇ ਜਾ ਰਹੇ ਹਨ। ਆਦਿਵਾਸੀਆਂ ਦੀ ਆਵਾਜ਼ ਨੂੰ ਹਕੂਮਤੀ ਦਹਿਸ਼ਤਵਾਦ ਦੇ ਜ਼ੋਰ ਕੁਚਲਿਆ ਜਾ ਰਿਹਾ ਹੈ। ਸੜਕਾਂ ਅਤੇ ਹੋਰ ਕਥਿਤ ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਹਾਕਮ ਜਮਾਤੀ ਸਿਆਸਤਦਾਨ, ਸਰਕਾਰੀ ਅਧਿਕਾਰੀ ਅਤੇ ਠੇਕੇਦਾਰ ਮਿਲ ਕੇ ਸਰਕਾਰੀ ਖ਼ਜ਼ਾਨੇ ਨੂੰ ਗਿਰਝਾਂ ਵਾਂਗ ਨੋਚ ਰਹੇ ਹਨ। ਹੁਣ ਪੁਲਿਸ ਦੀ ਜਾਂਚ ਅਤੇ ਮੀਡੀਆ ਰਿਪੋਰਟਾਂ ਮੁਕੇਸ਼ ਨੂੰ ਕਤਲ ਕਰਾਉਣ ਵਾਲੇ ਠੇਕੇਦਾਰ ਵੱਲੋਂ 52 ਕਿਲੋਮੀਟਰ ਲੰਮੀ ਸੜਕ ਨੂੰ ਬਣਾਉਣ ਵਿਚ ਕੀਤੇ ਘੁਟਾਲੇ ਦੀ ਤਾਂ ਬਥੇਰੀ ਚਰਚਾ ਕਰ ਰਹੀਆਂ ਹਨ ਪਰ ਇਸ ਬਾਰੇ ਚੁੱਪ ਹਨ ਕਿ ਇਹ ਸੜਕ ਸਰਕਾਰ ਤੇ ਪੁਲਿਸ-ਪ੍ਰਸ਼ਾਸਨ ਦੀ ਨਿਗਰਾਨੀ ਹੇਠ ਬਣੀ ਸੀ ਅਤੇ ਪਾਸ ਵੀ ਉਨ੍ਹਾਂ ਨੇ ਕੀਤੀ ਸੀ। ਘੁਟਾਲੇ ਦੀ ਮੂੰਹ ਬੋਲਦੀ ਤਸਵੀਰ ਉਸੇ ਸੜਕ ਉੱਪਰੋਂ ਜ਼ਿਲ੍ਹਾ ਪ੍ਰਸ਼ਾਸਨ-ਪੁਲਿਸ ਅਤੇ ਸਪੈਸ਼ਲ ਫੋਰਸਾਂ ਦੇ ਅਧਿਕਾਰੀਆਂ ਦੇ ਲਾਮ-ਲਸ਼ਕਰ ਅਕਸਰ ਹੀ ਲੰਘਦੇ ਸਨ ਪਰ ਮੁਕੇਸ਼ ਵੱਲੋਂ ਘੁਟਾਲਾ ਬੇਪਰਦ ਕੀਤੇ ਜਾਣ 'ਤੇ ਸਰਕਾਰ ਨੂੰ ਇਸ ਦੀ ਜਾਂਚ ਕਰਾਉਣੀ ਪਈ ਸੀ। ਜੇ ਮੁਕੇਸ਼ ਇਸ ਸੜਕ ਬਾਰੇ ਰਿਪੋਰਟਿੰਗ ਨਾ ਕਰਦਾ, ਕੀ ਸਰਕਾਰ ਜਾਂ ਪ੍ਰਸ਼ਾਸਨ ਇਸਦੀ ਜਾਂਚ ਕਰਦੇ? ਹਰਗਿਜ਼ ਨਹੀਂ। ਅਜਿਹੀਆਂ ਹੋਰ ਅਣਗਿਣਤ ਸੜਕਾਂ ਦੀ ਕਿੰਨੀ ਕੁ ਜਾਂਚ ਕਰਾਈ ਜਾ ਰਹੀ ਹੈ! ਭਾਜਪਾ ਸ਼ਾਸਤ ਰਾਜਾਂ ਵਿਚ ਹਾਈਵੇਅ ਅਤੇ ਫਲਾਈਓਵਰਾਂ ਦੇ ਟੁੱਟਣ ਦੇ ਕਿੱਸੇ ਆਏ ਦਿਨ ਸਾਹਮਣੇ ਆਉਂਦੇ ਰਹਿੰਦੇ ਹਨ, ਉਨ੍ਹਾਂ ਬਾਬਤ ਕਿਸੇ ਵੀ ਘੁਟਾਲੇਬਾਜ਼ ਵਿਰੁੱਧ ਅੱਜ ਤੱਕ ਕੋਈ ਕਾਰਵਾਈ ਨਹੀਂ ਹੋਈ। ਹੁਣ ਭਾਜਪਾ ਦੇ ਆਗੂ ਉਪਰੋਕਤ ਠੇਕੇਦਾਰ ਦੇ ਕਾਂਗਰਸ ਨਾਲ ਸੰਬੰਧ ਨੂੰ ਉਛਾਲ ਕੇ ਜਵਾਬਦੇਹੀ ਤੋਂ ਬਚਣਾ ਚਾਹੁੰਦੇ ਹਨ, ਪਰ ਸਭ ਨੂੰ ਪਤਾ ਹੈ ਕਿ ਚਾਹੇ ਭਾਜਪਾ ਦੀ ਰਮਨ ਸਿੰਘ ਸਰਕਾਰ ਸੀ ਜਾਂ ਕਾਂਗਰਸ ਦੀ ਭੂਪੇਸ਼ ਬਘੇਲ ਸਰਕਾਰ, ਕਾਤਲ ਠੇਕੇਦਾਰ ਸੱਤਾਧਾਰੀਆਂ ਅਤੇ ਪੁਲਿਸ-ਪ੍ਰਸ਼ਾਸਨਿਕ ਅਧਿਕਾਰੀਆਂ ਸਾਰਿਆਂ ਦਾ ਚਹੇਤਾ ਸੀ ਅਤੇ ਤਤਕਾਲੀ ਸਰਕਾਰਾਂ ਦੀ ਰਾਜਸੀ ਛਤਰਛਾਇਆ ਹੇਠ ਹੀ ਮਾਮੂਲੀ ਰਸੋਈਏ ਤੋਂ ਵੱਡਾ ਕਾਰੋਬਾਰੀ ਬਣਿਆ ਸੀ। ਇਸ ਨਾਪਾਕ ਗੱਠਜੋੜ ਤੋਂ ਧਿਆਨ ਹਟਾਉਣ ਲਈ ਠੇਕੇਦਾਰ ਨਾਲ ਮੁਕੇਸ਼ ਦੇ ਲੈਣ-ਦੇਣ ਦੀ ਘੁਸਰ-ਮੁਸਰ ਸ਼ੁਰੂ ਕਰਵਾ ਦਿੱਤੀ ਗਈ ਹੈ। ਜੇ ਇਹ ਸੱਚ ਵੀ ਹੋਵੇ ਤਾਂ ਵੀ ਹਾਕਮ ਜਮਾਤੀ ਸਿਆਸਤਦਾਨਾਂ ਅਤੇ ਕਾਰੋਬਾਰੀ ਮਾਫ਼ੀਆ ਦਾ ਗੱਠਜੋੜ ਆਪਣੀ ਮੁਜਰਮਾਨਾ ਭੂਮਿਕਾ ਤੋਂ ਬਰੀ ਨਹੀਂ ਹੋ ਜਾਂਦਾ।

ਇਸ ਹੌਲਨਾਕ ਕਤਲ ਕਾਂਡ ਦੇ ਹਵਾਲੇ ਨਾਲ ਇਕ ਵਾਰ ਫਿਰ ਪੱਤਰਕਾਰਾਂ ਦੀ ਸੁਰੱਖਿਆ ਨੂੰ ਲੈ ਕੇ ਕਾਫ਼ੀ ਚਰਚਾ ਹੋ ਰਹੀ ਹੈ, ਜਿਨ੍ਹਾਂ ਨੂੰ ਰਾਜਨੀਤਕ ਮਾਫ਼ੀਆ/ਸਰਕਾਰਾਂ ਅਤੇ ਕਾਰੋਬਾਰੀ ਮਾਫ਼ੀਆ ਤੇ ਇਨ੍ਹਾਂ ਨਾਲ ਮਿਲੇ ਅਧਿਕਾਰੀਆਂ ਦੇ ਦਬਾਅ ਅਤੇ ਧਮਕੀਆਂ ਕਾਰਨ ਬਹੁਤ ਹੀ ਅਸੁਰੱਖਿਅਤ ਹਾਲਾਤ ਵਿਚ ਕੰਮ ਕਰਨਾ ਪੈਂਦਾ ਹੈ। ਇਹ ਮੁੱਦਾ ਪਹਿਲੀ ਵਾਰ ਨਹੀਂ ਉੱਠਿਆ ਹੈ। ਇਹ ਜੱਗ ਜ਼ਾਹਰ ਹਕੀਕਤ ਹੈ ਕਿ ਜ਼ਮੀਨੀਂ ਪੱਧਰ 'ਤੇ ਕੰਮ ਕਰਦੇ ਪੱਤਰਕਾਰਾਂ ਦੇ ਕੰਮ ਕਰਨ ਦੇ ਹਾਲਾਤ ਬਹੁਤ ਖ਼ਤਰਨਾਕ ਹਨ। ਵੱਡੇ ਮੀਡੀਆ ਸਮੂਹਾਂ ਅੰਦਰ ਮੋਟੀਆਂ ਤਨਖ਼ਾਹਾਂ 'ਤੇ ਕੰਮ ਕਰਨ ਵਾਲੇ ਪੱਤਰਕਾਰਾਂ ਅਤੇ ਉਪਰੋਕਤ ਪੱਤਰਕਾਰਾਂ ਦੇ ਹਾਲਾਤ ਪੂਰੀ ਤਰ੍ਹਾਂ ਵੱਖੋ-ਵੱਖਰੇ ਹਨ। ਖੁੱਲ੍ਹੀ ਮੰਡੀ ਦੇ ਆਰਥਕ ਮਾਡਲ ਨੇ ਮੀਡੀਆ ਦੇ ਵੱਡੇ ਹਿੱਸੇ ਨੂੰ ਪੂਰੀ ਤਰ੍ਹਾਂ ਕੰਟਰੋਲ ਕਰ ਲਿਆ ਹੈ ਅਤੇ ਇਸਦੇ ਤਹਿਤ ਪੱਤਰਕਾਰਾਂ ਦੀ ਬਿਲਕੁਲ ਹੀ ਵੱਖਰੀ ਕਿਸਮ ਹੋਂਦ ਵਿਚ ਆ ਗਈ ਹੈ, ਜਿਨ੍ਹਾਂ ਲਈ ਪੱਤਰਕਾਰੀ ਸਿਰਫ਼ ਤੇ ਸਿਰਫ਼ ਪੈਸਾ ਬਣਾਉਣ ਦੀ ਮਸ਼ੀਨ ਹੈ, ਜੋ ਕਾਰਪੋਰੇਟ ਮੀਡੀਆ ਸਮੂਹਾਂ ਦੀਆਂ ਮੋਟੀਆਂ ਤਨਖ਼ਾਹਾਂ ਉੱਪਰ ਪਲਦੀ ਹੈ ਅਤੇ ਕਾਰਪੋਰੇਟ ਪੱਖੀ ਤੇ ਹਕੂਮਤੀ ਬਿਰਤਾਂਤ ਨੂੰ ਮੀਡੀਆ ਰਿਪੋਰਟਾਂ ਬਣਾ ਕੇ ਪਰੋਸਦੀ ਹੈ। ਇਸ ਹਿੱਸੇ ਦਾ ਉਨ੍ਹਾਂ ਮੁੱਲਾਂ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਜਿਨ੍ਹਾਂ ਨੂੰ ਪੱਤਰਕਾਰੀ ਕਿਹਾ ਜਾਂਦਾ ਹੈ। ਇਨ੍ਹਾਂ ਦੇ ਹਿਤ ਸੱਤਾ, ਕਾਰਪੋਰੇਟ ਕਾਰੋਬਾਰਾਂ ਅਤੇ ਹੋਰ ਪਿਛਾਖੜੀ ਤਾਕਤਾਂ ਨਾਲ ਟਕਰਾਉਣ ਦੀ ਬਜਾਏ ਉਨ੍ਹਾਂ ਨਾਲ ਸਾਂਝੇ ਹਨ ਅਤੇ ਹਕੂਮਤ ਤਾਂ ਸਗੋਂ ਇਨ੍ਹਾਂ ਦੀ ਸੁਰੱਖਿਆ ਲਈ ਵਿਸ਼ੇਸ਼ ਤੌਰ 'ਤੇ ਮਿਹਰਬਾਨ ਹੁੰਦੀ ਹੈ। ਇਹ ਤਾਂ ਮੁਕੇਸ਼ ਵਰਗਿਆਂ ਨੂੰ ਪੱਤਰਕਾਰ ਵੀ ਨਹੀਂ ਮੰਨਦੇ।

ਬਸਤਰ, ਕਸ਼ਮੀਰ ਜਾਂ ਕਿਸੇ ਵੀ ਪਿਛੜੇ ਹੋਏ ਪੇਂਡੂ ਇਲਾਕੇ ਦੇ ਪੱਤਰਕਾਰਾਂ ਦੀ ਸੁਰੱਖਿਆ ਦਾ ਸਵਾਲ ਵੱਡੇ ਸ਼ਹਿਰਾਂ ਜਾਂ ਨਾਮਵਰ ਮੀਡੀਆ ਸਮੂਹਾਂ ਲਈ ਕੰਮ ਕਰਦੇ ਸਮਰਪਿਤ ਸੰਜੀਦਾ ਪੱਤਰਕਾਰਾਂ ਤੋਂ ਵੀ ਵੱਖਰਾ ਹੈ। ਜੇ ਪੱਤਰਕਾਰ ਆਦਿਵਾਸੀ, ਦਲਿਤ, ਮੁਸਲਮਾਨ, ਕਸ਼ਮੀਰੀ ਜਾਂ ਕਿਸੇ ਹੋਰ ਹਾਸ਼ੀਏ ਵਾਲੇ ਸਮਾਜੀ ਸਮੂਹ 'ਚੋਂ ਹੈ (ਜਿਵੇਂ ਕਿ ਔਰਤਾਂ) ਤਾਂ ਉਸਦੀ ਸਥਿਤੀ ਹੋਰ ਵੀ ਨਿਤਾਣੀ ਹੋ ਜਾਂਦੀ ਹੈ। ਉਨ੍ਹਾਂ ਦੀ ਆਵਾਜ਼ ਨੂੰ ਸੁਣਨ ਵਾਲਾ ਕੋਈ ਨਹੀਂ ਹੁੰਦਾ। ਨਿਧੜਕ ਪੱਤਰਕਾਰ ਗੌਰੀ ਲੰਕੇਸ਼ ਨੂੰ ਹਿੰਦੂਤਵੀ ਦਹਿਸ਼ਤੀ ਗਰੋਹ ਵੱਲੋਂ ਸਰੇਆਮ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਜੂਨ 2015 'ਚ ਉੱਤਰ ਪ੍ਰਦੇਸ਼ ਵਿਚ ਖਣਨ ਮਾਫ਼ੀਆ ਨੇ ਪੱਤਰਕਾਰ ਜੋਗਿੰਦਰ ਸਿੰਘ ਨੂੰ ਉਸਦੇ ਘਰ ਵਿਚ ਹੀ ਤੇਲ ਪਾ ਕੇ ਜਿਉਂਦਾ ਸਾੜ ਦਿੱਤਾ ਸੀ। ਪੰਜਾਬ ਵਿਚ ਬਾਦਲਾਂ ਦੇ ਰਾਜ ਵਿਚ ਖਣਨ ਮਾਫ਼ੀਆ ਵਿਰੁੱਧ ਰਿਪੋਰਟਿੰਗ ਕਰਨ ਵਾਲਾ 'ਹਿੰਦੁਸਤਾਨ ਟਾਈਮਜ਼' ਦਾ ਪੱਤਰਕਾਰ ਜਸਦੀਪ ਸਿੰਘ ਮਲਹੋਤਰਾ ਵੀ ਸਤੰਬਰ 2013 'ਚ ਸ਼ੱਕੀ ਸੜਕ ਹਾਦਸੇ 'ਚ ਮਾਰਿਆ ਗਿਆ ਸੀ। ਗੁਜਰਾਤ ਕਤਲੇਆਮ ਦਾ ਪਰਦਾਫਾਸ਼ ਕਰਨ ਵਾਲੀ ਉੱਘੀ ਪੱਤਰਕਾਰ ਰਾਣਾ ਅਯੂਬ ਨੂੰ ਕਤਲ ਦੀਆਂ ਧਮਕੀਆਂ ਅਤੇ ਕਿਰਦਾਰਕੁਸ਼ੀ ਦੇ ਸਾਏ ਹੇਠ ਕੰਮ ਕਰਨਾ ਪੈ ਰਿਹਾ ਹੈ। ਸਿਦੀਕ ਕੱਪਨ ਨੂੰ ਉੱਤਰ ਪ੍ਰਦੇਸ਼ ਵਿਚ ਹੋਏ ਬਲਾਤਕਾਰ ਕਾਂਡ ਦੀ ਰਿਪੋਰਟਿੰਗ ਕਰਨ ਜਾਂਦੇ ਸਮੇਂ ਗ੍ਰਿਫ਼ਤਾਰ ਕਰਕੇ ਮਹੰਤ ਅਦਿੱਤਿਆਨਾਥ ਦੀ ਸਰਕਾਰ ਦੇ ਇਸ਼ਾਰੇ 'ਤੇ ਚਾਰ ਸਾਲ ਬਿਨਾਂ ਜ਼ਮਾਨਤ ਯੂਏਪੀਏ ਤਹਿਤ ਜੇਲ੍ਹ ਵਿਚ ਬੰਦ ਰੱਖਿਆ ਗਿਆ। ਝਾਰਖੰਡ ਵਿਚ ਕਥਿਤ ਵਿਕਾਸ ਪ੍ਰੋਜੈਕਟਾਂ ਅਤੇ ਹਕੂਮਤੀ ਜਬਰ ਵਿਰੁੱਧ ਕਲਮ ਚਲਾਉਣ ਵਾਲਾ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸੰਬੰਧਾਂ ਦੇ ਝੂਠੇ ਦੋਸ਼ ਤਹਿਤ ਜੇਲ੍ਹ ਵਿਚ ਬੰਦ ਹੈ। ਕਸ਼ਮੀਰ ਦੇ ਕਈ ਜ਼ਹੀਨ ਪੱਤਰਕਾਰ ਕਈ ਕਈ ਸਾਲ ਤੋਂ ਜੇਲ੍ਹਾਂ ਵਿਚ ਸੜ ਰਹੇ ਹਨ ਅਤੇ ਬਾਕੀ ਹਕੂਮਤੀ ਦਹਿਸ਼ਤ ਦੇ ਆਲਮ 'ਚ ਸਵੈ-ਸੈਂਸਰਸ਼ਿਪ ਤਹਿਤ ਕੰਮ ਕਰ ਰਹੇ ਹਨ। ਸੱਤਾ ਅਤੇ ਹੋਰ ਜਰਵਾਣਿਆਂ ਵੱਲੋਂ ਪੱਤਰਕਾਰਾਂ ਦੀ ਜ਼ੁਬਾਨਬੰਦੀ ਦੀਆਂ ਬੇਸ਼ੁਮਾਰ ਕਹਾਣੀਆਂ ਹਨ। ਅਸਲ ਸਵਾਲ ਮੀਡੀਆ ਦੀ ਆਜ਼ਾਦੀ ਦਾ ਹੈ। ਇਸ ਪ੍ਰਤੀ ਸਮਾਜ ਦੀ ਜਾਗਰੂਕਤਾ ਅਤੇ ਸੰਵੇਦਨਸ਼ੀਲਤਾ ਹੀ ਪੱਤਰਕਾਰੀ ਦੀ ਸੁਰੱਖਿਆ ਦੀ ਜ਼ਾਮਨੀਂ ਬਣ ਸਕਦੀ ਹੈ।

---

## ਰੱਜੀਆਂ ਰੂਹਾਂ

ਆਪਣੇ ਦੋਸਤ ਕੋਲ ਅਜੇ ਬੈਠਿਆ ਹੀ ਸੀ ਕਿ ਜੇਬ ਵਿਚੋਂ ਮੋਬਾਈਲ ਨਾ ਮਿਲਿਆ। ਸਰਦੀਆਂ ਦੇ ਦਿਨੀਂ ਵਰਦਾਨ ਬਣਦਿਆਂ ਬਾਕੀ ਜੇਬਾਂ ਫਰੋਲੀਆਂ ਤਾਂ ਫ਼ਿਕਰ ਵਧ ਗਿਆ। ਗੱਲ ਕੇਵਲ ਯੰਤਰ ਦੀ ਨਹੀਂ ਸੀ, ਬੰਦੇ ਦੀ ਸਾਰੀ ਦੁਨੀਆ ਤਾਂ ਇਸ ਵਿਚ ਸਿਮਟੀ ਹੁੰਦੀ ਹੈ। ਘਰ ਜਾ ਕੇ ਆਉਂਦਾ ਹਾਂ।...

'ਚਾਹ ਆ ਗਈ, ਪੀ ਕੇ ਹੀ ਜਾਇ", ਫ਼ਿਕਰ ਨਾ ਕਰੋ...ਲੱਭ ਜਾਵੇਗਾ।' ਜਦੋਂ ਦੋਸਤ ਨੇ ਇਹ ਗੱਲ ਕਹੀ ਤਾਂ ਯਾਦ ਆਇਆ, ਫੋਨ ਘਰ ਵੀ ਨਹੀਂ ਹੋ ਸਕਦਾ ਕਿਉਂਕਿ ਰਸਤੇ ਵਿਚ ਤਾਂ ਮੈਂ ਇੱਕ ਥਾਂ ਤਸਵੀਰ ਖਿੱਚੀ ਸੀ। ਸ਼ੀਸ਼ੇ ਵਿਚੋਂ ਗੱਡੀ ਅੰਦਰ ਝਾਤੀ ਮਾਰਦਾ ਹਾਂ, ਮੋਬਾਈਲ ਨਹੀਂ ਦਿਸਦਾ। ਜਦੋਂ ਡਰਾਇਵਰ ਵਾਲੀ ਤਾਕੀ ਖੋਲ੍ਹਦਾ ਹਾਂ ਤਾਂ ਮਾਸੂਮ ਜਿਹੀ ਬੱਚੀ ਹੱਥ ਵਿਚ ਮੇਰਾ ਮੋਬਾਈਲ ਫੋਨ ਲੈ ਕੇ ਮੈਨੂੰ ਦਿਖਾਉਂਦਿਆਂ ਪੁੱਛਦੀ ਹੈ, 'ਇਹ ਤੁਹਾਡਾ ਹੈ ਅੰਕਲ?' ਦੇਖ ਕੇ ਕੁੜੀ ਨੂੰ ਕਲਾਵੇ ਵਿਚ ਲੈਂਦਾ ਹਾਂ; 'ਹਾਂ ਹਾਂ' ਕਹਿੰਦਿਆਂ ਪੁੱਛਦਾ ਹਾਂ, 'ਬੇਟੀ ਕਿੱਥੋਂ ਮਿਲਿਆ ਹੈ ਇਹ?'

'ਅੰਕਲ ਜੀ, ਗੱਡੀ ਦੇ ਹੇਠਾਂ ਡਿਗਿਆ ਪਿਆ ਸੀ, ਮੈਂ ਦੇਖ ਰਹੀ ਸੀ, ਕੋਈ ਅੰਕਲ ਇਸ ਨੂੰ ਚਲਾਏਗਾ ਤਾਂ ਮੈਂ ਉਸ ਨੂੰ ਪੁੱਛ ਕੇ ਦੇ ਦੇਵਾਂਗੀ।'

ਮੇਰਾ ਦੋਸਤ ਅਖ਼ਬਾਰ ਦਾ ਨੁਮਾਇੰਦਾ ਹੈ, ਮੈਂ ਕੁੜੀ ਨੂੰ ਬਾਹੋਂ ਫੜ ਕੇ ਉਸ ਕੋਲ ਲੈ ਗਿਆ, 'ਫੋਟੋ ਖਿੱਚੋ ਜੀ, ਇਸ ਨਿਰਛਲ ਉਮਰ ਨੇ ਖ਼ਬਰ ਬਣਾਈ ਹੈ।'

'ਬੇਟੀ, ਤੂੰ ਇਹ ਕੀ ਸੋਚ ਕੇ ਵਾਪਸ ਕੀਤਾ ਹੈ?'

ਜਵਾਬ ਵਿਚ ਉਹ ਕਹਿੰਦੀ ਹੈ, 'ਮੇਰੀ ਮਾਂ ਨੇ ਸਿਖਾਇਐ, ਕਿਸੇ ਦੀ ਕੋਈ ਚੀਜ਼ ਚੁਰਾਣੀ ਨਹੀਂ।'

ਉਹ ਬਾਹਰ ਨਿਕਲਦੀ ਹੈ, ਸ਼ੁਕਰ ਹੋਇਆ, ਬਾਹਰ ਮੇਲੇ ਦੀ ਭੀੜ ਵਿਚ ਗੁਆਚਣ ਤੋਂ ਪਹਿਲਾਂ ਉਸ ਨੂੰ ਮੇਰੀ ਆਵਾਜ਼ ਸੁਣ ਗਈ।

'ਆਹ ਲੈ ਤੇਰੀ ਇਮਾਨਦਾਰੀ ਦਾ ਇਨਾਮ।' ਮੈਂ 100 ਰੁਪਿਆ ਉਸ ਦੇ ਹੱਥ 'ਤੇ ਧਰਦਾ ਹਾਂ। ਉਹ ਨਾਂਹ ਕਰਦੀ ਹੈ ਪਰ ਮੈਂ ਪੈਸੇ ਉਸ ਦੀ ਮੁੱਠੀ ਵਿਚ ਘੁੱਟ ਦਿੰਦਾ ਹਾਂ, ਪਿਆਰਦਾ ਹਾਂ, ਸ਼ਾਬਾਸ਼ ਕਹਿੰਦਾ ਹਾਂ...ਭੀੜ 'ਚ ਲੋਪ ਹੋ ਰਹੀ ਤਾਰੀਖ਼ ਦੀ ਇਸ ਨਿੱਕੀ ਨਾਇਕਾ ਨੂੰ ਹਸਰਤ ਨਾਲ ਤੱਕਦਾ ਹਾਂ।...

ਗੱਲ ਇੱਥੇ ਮੁੱਕਦੀ ਨਹੀਂ ਸਗੋਂ ਅੱਗੇ ਤੁਰਦੀ ਹੈ। ਉੱਪਰ ਜ਼ਿਕਰ ਕੀਤਾ ਹੈ, ਰਸਤੇ ਵਿਚ ਤਸਵੀਰ ਖਿੱਚੀ ਸੀ। ਇਹ ਤਸਵੀਰ ਪਰੌਂਠਿਆਂ ਦੀ ਰੇਹੜੀ ਲਾ ਕੇ ਲੋਕਾਂ ਨੂੰ ਨਾਸ਼ਤਾ ਕਰਾਉਣ ਵਾਲੇ ਇੱਕ ਨੌਜਵਾਨ ਦੀ ਸੀ।

ਇਸ ਨਾਲ ਜੁੜੀ ਕਹਾਣੀ ਦਿਲ ਨੂੰ ਟੁੰਬਣ ਵਾਲੀ ਹੈ। ਮੇਰੀ ਜੀਵਨ ਸਾਥਣ ਦਾ ਅਦਾਕਾਰਾ ਵਜੋਂ ਪੰਜਾਬੀ ਫਿਲਮਾਂ ਵਿਚ ਕਾਫ਼ੀ ਨਾਂ ਹੈ ਪਰ ਘਰ ਹੋਣ ਸਮੇਂ ਉਹ ਘਰ ਦੁਆਲੇ ਦੀਆਂ ਗਲੀਆਂ ਸਾਫ਼ ਕਰਨ ਲਈ ਬਹੁਕਰ ਚੁੱਕ ਲੈਂਦੀ ਹੈ। ਇੱਕ ਦਿਨ ਸੰਭਰਦਿਆਂ, ਆਪਣੇ ਟਿਕਾਣੇ ਵੱਲ ਰੇਹੜੀ ਲੈ ਕੇ ਜਾ ਰਿਹਾ ਇਹ ਨੌਜਵਾਨ ਉਸ ਨੇ ਰੋਕ ਲਿਆ। ਇਸ ਨੌਜਵਾਨ ਨੇ ਆਪਣੀ ਰੇਹੜੀ 'ਤੇ ਮੋਟੇ ਅੱਖਰਾਂ ਨਾਲ ਲਿਖ ਕੇ ਲਾਇਆ ਹੋਇਆ ਸੀ: ਕੋਈ ਭੁੱਖਾ ਗਰੀਬ ਬੰਦਾ ਇਥੋਂ ਮੁਫ਼ਤ ਭੋਜਨ ਖਾ ਸਕਦਾ ਹੈ। ਮੇਰੀ ਜੀਵਨ ਸਾਥਣ ਨੇ ਇਸ ਨੌਜਵਾਨ ਤੋਂ ਜੋ ਸੁਣਿਆ, ਉਸ ਤੋਂ ਉਹ ਕਾਫ਼ੀ ਪ੍ਰਭਾਵਿਤ ਸੀ। ਅਗਲੇ ਦਿਨ ਮੈਨੂੰ ਕੁਝ ਪੈਸੇ ਦਿੰਦਿਆਂ ਬੋਲੀ, 'ਉਸ ਮੋੜ 'ਤੇ ਜਿਹੜਾ ਭਾਈ ਪਰੌਂਠੇ ਬਣਾਉਂਦਾ, ਆਪਣੇ ਵੱਲੋਂ ਲੋੜਵੰਦਾਂ ਲਈ ਭੋਜਨ ਦੀ ਸੇਵਾ ਹੈ ਇਹ।' ਅਜਿਹਾ ਕਰਨ ਸਮੇਂ ਜਦੋਂ ਉਸ ਨੌਜਵਾਨ ਨਾਲ ਗੱਲਬਾਤ ਤੁਰੀ ਤਾਂ ਉਸ ਦੱਸਿਆ ਕਿ ਉਹ ਲੰਮਾਂ ਸਮਾਂ ਕਿਸੇ ਹੋਟਲ 'ਤੇ ਕੰਮ ਕਰਦਾ ਰਿਹਾ ਸੀ ਪਰ ਹੁਣ ਉਸ ਨੇ ਆਪਣਾ ਕੰਮ ਸ਼ੁਰੂ ਕਰ ਲਿਆ ਹੈ। ਉਸ ਦੀ ਮਾਂ ਕਾਫ਼ੀ ਚਿਰ ਪਹਿਲਾਂ ਮਰ ਚੁੱਕੀ ਹੈ, ਬਜ਼ੁਰਗ ਨਾਨੀ ਉਸ ਕੋਲ ਰਹਿੰਦੀ ਹੈ ਜਿਸ ਦੀ ਉਹ ਸੇਵਾ-ਸੰਭਾਲ ਅਤੇ ਪੁੱਜ ਕੇ ਸਤਿਕਾਰ ਵੀ ਕਰਦਾ ਹੈ। ਇੱਕ ਦਿਨ ਹੋਇਆ ਇਹ ਕਿ ਜਦੋਂ ਉਹ ਗਾਹਕਾਂ ਲਈ ਪਰੌਂਠੇ ਲਾਹ ਰਿਹਾ ਸੀ ਤਾਂ ਮਾਂ ਧੀ (ਦੋ ਬੀਬੀਆਂ) ਉਹਦੇ ਵੱਲ ਤੱਕਦੀਆਂ ਰਹੀਆਂ। ਜਦੋਂ ਕੋਈ ਗਾਹਕ ਨਾ ਰਿਹਾ, ਉਹ ਉਸ ਕੋਲ ਆ ਕੇ ਕਹਿਣ ਲੱਗੀਆਂ, 'ਵੇ ਵੀਰ, ਮੇਰਾ ਮੁੰਡਾ ਹਸਪਤਾਲ ਦਾਖ਼ਲ ਐ, ਉਹਨੂੰ ਵੀ ਤੇ ਸਾਨੂੰ ਵੀ ਭੁੱਖ ਬੜੀ ਲੱਗੀ ਐ, ਪੰਜ ਪਰੌਂਠੇ ਚਾਹੀਦੇ ਪਰ ਸਾਡੇ ਕੋਲ 50 ਰੁਪਏ ਹੀ ਹਨ।' ਉਹ 20 ਰੁਪਏ ਦਾ ਪਰੌਂਠਾ ਵੇਚਦਾ ਹੈ।...ਉਹਨੇ 6 ਪਰੌਂਠੇ ਬਣਾ ਕੇ ਦੇ ਦਿੱਤੇ ਅਤੇ 50 ਰੁਪਏ ਵੀ ਨਹੀਂ ਲਏ।...ਉਸ ਦੀਆਂ ਅੱਖਾਂ ਆਪ-ਮੁਹਾਰੇ ਚੋ ਪਈਆਂ। ਉਸ ਦਿਨ ਉਸ ਨੂੰ ਪਹਿਲੀ ਵਾਰ ਅਹਿਸਾਸ ਹੋਇਆ, ਜਿਵੇਂ ਉਹ ਦਿਨ ਉਸ ਨੇ ਭਰ ਕੇ ਜੀਅ ਲਿਆ ਹੋਵੇ। ਉਸ ਦੱਸਿਆ ਕਿ ਜਦੋਂ ਉਹਨੇ ਇਹ ਵਾਰਤਾ ਆਪਣੀ ਨਾਨੀ ਨਾਲ ਸਾਂਝੀ ਕੀਤੀ ਸੀ ਤਾਂ ਨਾਨੀ ਨੇ ਸ਼ਾਬਾਸ਼ ਦਿੱਤੀ, 'ਪੁੱਤਰ ਕੋਈ ਫ਼ਰਕ ਨਹੀਂ ਪੈਣ ਲੱਗਾ, ਆਪਣਾ 2 ਕਿੱਲੋ ਆਟਾ ਈ ਲੱਗ ਜਾਇਆ ਕਰੂ, ਗਰੀਬ-ਗੁਰਬੇ ਨੂੰ ਮੁਫ਼ਤ ਭੋਜਨ ਛਕਾਇਆ ਕਰ। ਇਸ ਤੋਂ ਵੱਡਾ ਪੁੰਨ ਕੋਈ ਨ੍ਹੀਂ ਹੁੰਦਾ।' ਬੱਸ ਉਸ ਦਿਨ ਤੋਂ ਉਹਨੇ ਰੇਹੜੀ ਦੇ ਦੋ ਪਾਸੇ ਲਿਖ ਕੇ ਲਾ ਦਿੱਤਾ।

ਇਸ ਨੌਜਵਾਨ ਦੀ ਇਸ ਕਰਨੀ ਨੇ ਉਸ ਅੱਗੇ ਮੇਰਾ ਸਿਰ ਝੁਕਾ ਦਿੱਤਾ ਸੀ। ਜਦੋਂ ਵੀ ਮੈਂ ਉਸ ਰੇਹੜੀ ਅੱਗਿਓਂ ਲੰਘਦਾ ਹਾਂ, ਸਿਜਦਾ ਤਾਂ ਹੋ ਹੀ ਜਾਂਦਾ ਹੈ, ਨਾਲ ਇਹ ਖਿਆਲ ਵੀ ਆਉਂਦੈ ਕਿ ਮਨੁੱਖਤਾ ਪੱਖੋਂ ਕਾਰਪੋਰੇਟਾਂ ਦੇ 5 ਜਾਂ 7 ਸਿਤਾਰਾ ਹੋਟਲ ਤਾਂ ਇਸ ਰੇਹੜੀ ਦੇ ਗਿੱਟਿਆਂ ਤੱਕ ਵੀ ਨਹੀਂ ਆਉਂਦੇ।

ਮਿਲਦੀ-ਜੁਲਦੀ ਕਹਾਣੀ ਇਹ ਵੀ ਹੈ ਕਿ ਕੁਝ ਸਾਲ ਪਹਿਲਾਂ ਮੇਰੇ ਨਾਲ ਸੈਰ ਨੂੰ ਜਾ ਰਹੀਆਂ ਹੋਸਟਲ ਦੀਆਂ ਲੜਕੀਆਂ ਨੇ ਵਾਧੂ ਬਰਤਨ ਸ਼ਹਿਰ ਦੇ ਬਾਹਰ ਸਿਕਲੀਗਰਾਂ ਦੀਆਂ ਝੁੱਗੀਆਂ ਕੋਲ ਇਹ ਸੋਚ ਕੇ ਰੱਖ ਦਿੱਤੇ ਕਿ ਇਨ੍ਹਾਂ ਦੇ ਕੰਮ ਆ ਜਾਣਗੇ। ਵਾਪਸੀ 'ਤੇ ਝੁੱਗੀਆਂ ਦਾ ਇੱਕ ਬਜ਼ੁਰਗ ਸਾਡੇ ਅੱਗੇ ਆ ਖੜ੍ਹਿਆ, ਕਹਿਣ ਲੱਗਾ, 'ਮੈਂ ਤੁਹਾਨੂੰ ਦੇਖ ਲਿਆ ਸੀ, ਥੈਲੇ ਵਿਚ ਪਾਏ ਭਾਂਡੇ ਵੀ ਦੇਖ ਲਏ, ਸਾਡੇ ਕੋਲ ਭਾਂਡੇ ਹੈਨ ਵੇ...ਤੁਸੀਂ ਇਹ ਲੈ ਜਾ", ਕਿਸੇ ਹੋਰ ਜੀਆਂ ਨੂੰ ਦੇ ਦੇਵਣਾ।'

***-ਸਵਰਨ ਸਿੰਘ ਭੰਗੂ***

# ਦਿੱਲੀ ਵਿਧਾਨ ਸਭਾ ਚੋਣਾਂ – ਰਾਜ ਮਹਿਲ ਬਨਾਮ ਸ਼ੀਸ਼ ਮਹਿਲ

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦੇਸ਼ ਦੀ ਰਾਜਧਾਨੀ ਦਿੱਲੀ ਸਥਿਤ ਨਿਵਾਸ, ਚਰਚਾ ਵਿਚ ਹਨ। ਚਰਚਾ ਵਿਚ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਵੀ ਹਨ। ਇਹ ਚੋਣਾਂ ਦਿੱਲੀ ਵਿਧਾਨ ਸਭਾ ਦੀ ਸਥਾਪਨਾ ਤੋਂ ਬਾਅਦ ਸਤਵੀਂ ਵਾਰ ਹੋ ਰਹੀਆਂ ਹਨ।

ਚੋਣ ਪ੍ਰਚਾਰ, ਕੂੜ ਪ੍ਰਚਾਰ, 5 ਫਰਵਰੀ 2025 ਦੀਆਂ ਚੋਣਾਂ ਲਈ ਇਸ ਕਦਰ ਵਧ ਚੁੱਕਾ ਹੈ ਕਿ ਭਾਜਪਾ ਕਹਿ ਰਹੀ ਹੈ ਕਿ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਸ਼ੀਸ਼ ਮਹਿਲ ਨਿਵਾਸ 'ਚ ਸੋਨੇ ਦਾ ਟਾਇਲਟ ਲੱਗਿਆ ਹੋਇਆ ਹੈ।



**ਗੁਰਮੀਤ ਸਿੰਘ ਪਲਾਹੀ**
**ਫੋਨ: +91-98158-02070**

ਅਤੇ ਆਪ ਆਗੂ ਸੰਜੇ ਸਿੰਘ ਕਹਿ ਰਹੇ ਹਨ ਕਿ ਪ੍ਰਧਾਨ ਮੰਤਰੀ ਮੋਦੀ ਦੇ 2700 ਕਰੋੜ 'ਚ ਜੋ ਰਾਜ ਮਹਿਲ ਬਣਿਆ ਹੈ ਉਸ 'ਚ 300 ਕਰੋੜ ਦੀ ਕਲੀਨ ਵਿਛੀ ਹੈ। 10-10 ਲੱਖ ਦੇ ਪੈਨ, 6700 ਜੋੜੇ ਜੁੱਤੇ ਹਨ, 12-12 ਕਰੋੜ ਦੀਆਂ ਗੱਡੀਆਂ, 5000 ਸੂਟ, 200 ਕਰੋੜ ਦੇ ਝੂਮਰ ਹਨ। ਭਾਜਪਾ ਅਤੇ ਕੇਜਰੀਵਾਲ ਵਿਚਲੀ ਇਹ ਸ਼ਬਦੀ ਜੰਗ ਇਸ ਗੱਲ ਦਾ ਸੰਕੇਤ ਹੈ ਕਿ ਦੋਵੇਂ ਮੁੱਖ ਧਿਰਾਂ ਕਿਸੇ ਵੀ ਹਾਲਤ ਵਿਚ ਦਿੱਲੀ 'ਤੇ ਕਾਬਜ਼ ਹੋਣਾ ਚਾਹੁੰਦੀਆਂ ਹਨ। ਦੇਸ਼ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ 'ਆਪ' ਕਨਵੀਨਰ ਸਾਬਕਾ ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਦਾ 'ਅਕਸ' ਇਸ ਵਕਤ ਦਾਅ 'ਤੇ ਲੱਗਿਆ ਹੋਇਆ ਹੈ। ਪਰ ਇਸ ਸ਼ਕਤੀ ਹਥਿਆਉਣ ਦੀ ਜੰਗ ਵਿਚ ਲੋਕ ਮੁੱਦੇ ਗਾਇਬ ਹਨ।

70 ਮੈਂਬਰੀ ਵਿਧਾਨ ਸਭਾ ਲਈ ਮੁੱਖ ਮੁਕਾਬਲਾ ਭਾਵੇਂ ਆਪ, ਭਾਜਪਾ ਅਤੇ ਕਾਂਗਰਸ ਦਰਮਿਆਨ ਹੈ, ਪਰ ਬਸਪਾ, ਸਪਾ ਆਦਿ ਹੋਰ ਛੋਟੀਆਂ ਸਿਆਸੀ ਪਾਰਟੀਆਂ ਵੀ ਆਪਣਾ ਰੰਗ ਵਿਖਾਉਣਗੀਆਂ। ਲਾਰਿਆਂ, ਵਾਅਦਿਆਂ, ਨੋਟਾਂ ਦੀ ਵਰਤੋਂ ਵੋਟਰਾਂ ਨੂੰ ਭਰਮਾਉਣ ਲਈ ਮੋਦੀ ਅਤੇ ਉਸਦੇ ਰਣਨੀਤੀਕਾਰ, ਕੇਜਰੀਵਾਲ ਅਤੇ ਉਸਦੇ ਪੈਰੋਕਾਰਾਂ ਵੱਲੋਂ ਵੱਡੇ ਜਾਲ ਵਿਛਾਏ ਜਾ ਰਹੇ ਹਨ।

ਦਿੱਲੀ ਦੇ ਵੋਟਰ ਸਦਾ ਅਚੰਭੇ ਕਰਨ ਲਈ ਜਾਣੇ ਜਾਂਦੇ ਹਨ। 2014 'ਚ ਭਾਜਪਾ ਨੂੰ ਦਿੱਲੀ ਦੇ ਵੋਟਰਾਂ ਨੇ ਪਾਰਲੀਮੈਂਟ ਵਿਚ ਵੱਡੀ ਜਿੱਤ ਦਿੱਤੀ ਅਤੇ ਸਾਲ ਦੇ ਵਿਚ ਵਿਚ ਹੀ ਜਦੋਂ ਫਰਵਰੀ 2015 'ਚ ਵਿਧਾਨ ਸਭਾ ਚੋਣਾਂ ਹੋਈਆਂ, 'ਆਪ' ਨੇ ਭਾਜਪਾ ਨੂੰ ਕਰਾਰੀ ਹਾਰ ਦਿੱਤੀ। 2019 'ਚ ਭਾਜਪਾ ਪਾਰਲੀਮੈਂਟ ਚੋਣਾਂ ਦਿੱਲੀ 'ਚ ਫਿਰ ਜਿੱਤ ਗਈ, ਪਰ ਫਰਵਰੀ 2020 'ਚ ਫਿਰ ਆਪ ਕੋਲੋਂ ਵਿਧਾਨ ਸਭਾ ਚੋਣਾਂ 'ਚ ਬੁਰੀ ਤਰ੍ਹਾਂ ਹਾਰ ਗਈ। ਹੁਣ ਵੀ ਭਾਵੇਂ ਦਿੱਲੀ 'ਚ ਤਿਕੋਨੀ ਟੱਕਰ ਹੈ, ਪਰ ਮੁੱਖ ਮੁਕਾਬਲਾ ਭਾਜਪਾ ਅਤੇ ਆਪ ਵਿਚਕਾਰ ਹੈ।

ਵਿਧਾਨ ਸਭਾ ਚੋਣਾਂ ਸਾਲ-2020 ਵਿਚ 'ਆਪ' ਨੂੰ 53.6 ਫ਼ੀਸਦੀ ਅਤੇ ਬੀ.ਜੇ.ਪੀ. ਨੂੰ 38.5 ਫ਼ੀਸਦੀ ਵੋਟਾਂ ਮਿਲੀਆਂ। 2022 'ਚ ਦਿੱਲੀ ਮਿਊਂਸਪਲ ਕਾਰਪੋਰੇਸ਼ਨ ਚੋਣਾਂ 'ਚ ਭਾਜਪਾ 39 ਫ਼ੀਸਦੀ ਅਤੇ ਆਪ 42 ਫ਼ੀਸਦੀ ਵੋਟ ਪ੍ਰਾਪਤ ਕਰ ਗਈ। ਜਦਕਿ ਲੋਕ ਸਭਾ-2024 ਦੀਆਂ 7 ਸੀਟਾਂ ਦਿੱਲੀ ਵਿਚ ਭਾਜਪਾ ਹਥਿਆ ਗਈ। ਹਾਲਾਂਕਿ ਕਾਂਗਰਸ ਅਤੇ ਆਪ ਨੇ ਇੱਕਠਿਆਂ ਇਹ ਚੋਣਾਂ ਲੜੀਆਂ ਸਨ। ਫਰਵਰੀ 2025 ਦੀਆਂ ਵਿਧਾਨ ਸਭਾ ਚੋਣਾਂ 'ਚ ਮੁੜ ਆਪ ਅਤੇ ਕਾਂਗਰਸ ਇਕੱਲਿਆਂ ਹੀ ਚੋਣ ਲੜ ਰਹੀਆਂ ਹਨ।

ਰਾਜਧਾਨੀ ਦਿੱਲੀ 'ਚ ਪਹਿਲੀ ਵਾਰ 1993 ਵਿਧਾਨ ਸਭਾ ਬਣੀ। ਭਾਜਪਾ ਨੂੰ ਦਿੱਲੀ 'ਚ 27 ਸਾਲਾਂ ਤੋਂ ਸੱਤਾ ਦਾ ਇੰਤਜ਼ਾਰ ਹੈ। ਜਦਕਿ ਆਪ 10 ਸਾਲਾਂ ਤੋਂ ਲਗਾਤਾਰ ਸੱਤਾਧਾਰੀ ਹੈ, ਹਾਲਾਂਕਿ ਭਾਜਪਾ ਵੱਖੋਂ-ਵੱਖਰੇ ਹਥਕੰਡੇ ਵਰਤ ਕੇ 'ਆਪ' ਨੂੰ ਦਿੱਲੀ 'ਤੇ ਸਹੀ ਢੰਗ ਨਾਲ ਰਾਜ ਨਹੀਂ ਕਰਨ ਦੇ ਰਹੀ। ਭਾਜਪਾ ਵਲੋਂ ਹਰ ਹਰਬਾ ਵਰਤ ਕੇ 'ਆਪ' ਨੇਤਾਵਾਂ ਉਤੇ ਨਿਰੰਤਰ ਕੇਸ ਦਰਜ ਕੀਤੇ, ਕਰਵਾਏ ਜਾ ਰਹੇ ਹਨ। 'ਆਪ' ਦੇ ਨੇਤਾਵਾਂ ਨੂੰ ਲਗਾਤਾਰ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ।

ਦਿੱਲੀ 'ਚ ਆਪ ਕੋਲੋਂ ਰਾਜ-ਭਾਗ ਖੋਹਣ ਲਈ ਭਾਜਪਾ ਲਗਾਤਾਰ ਹਮਲਾਵਰ ਹੈ। ਰਾਜਧਾਨੀ ਦਿੱਲੀ ਨੂੰ ਸੱਤਾ ਖੋਹਣ ਦੇ ਢੰਗ-ਤਰੀਕਿਆਂ ਦੀ ਪ੍ਰਯੋਗਸ਼ਾਲਾ ਬਣਾ ਦਿੱਤਾ ਗਿਆ ਹੈ। ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਵਲੋਂ ਜਦੋਂ ਇਕ ਲੰਮੀ ਸੁਣਵਾਈ ਤੋਂ ਬਾਅਦ ਫ਼ੈਸਲਾ ਦਿੱਤਾ ਗਿਆ ਕਿ ਚੁਣੀ ਹੋਈ ਸਰਕਾਰ ਦੇ ਅਧਿਕਾਰਾਂ ਵਿਚ ਕਟੌਤੀ ਦਾ ਅਧਿਕਾਰ ਉਪ ਰਾਜਪਾਲ ਕੋਲ ਨਹੀਂ ਹੈ ਤਾਂ ਭਾਜਪਾ ਦੀ ਕੇਂਦਰ ਸਰਕਾਰ ਨੇ ਨਵੇਂ ਨੋਟੀਫੀਕੇਸ਼ਨ ਜਾਰੀ ਕਰਕੇ ਇਹ ਯਕੀਨੀ ਬਣਾਇਆ ਕਿ ਕੇਜਰੀਵਾਲ ਦੀ ਸਰਕਾਰ ਆਪਣੀਆਂ ਘੋਸ਼ਿਤ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਨਾ ਕਰ ਸਕੇ। ਨਤੀਜਾ ਇਹ ਨਿਕਲਿਆ ਕਿ ਚੁਣੀ ਹੋਈ ਸਰਕਾਰ ਦੇ ਕੋਲ ਇਕ ਸੇਵਾਦਾਰ ਦੀ ਨਿਯੁੱਕਤੀ ਦੇ ਹੱਕ ਵੀ ਨਹੀਂ ਹਨ।

ਦਿੱਲੀ ਵਿਚ ਭਾਜਪਾ ਪਿਛਲੀਆਂ ਛੇ ਚੋਣਾਂ ਤੋਂ ਆਪਣੀ ਸਰਕਾਰ ਨਹੀਂ ਬਣਾ ਸਕੀ। ਦਿੱਲੀ ਵਿਚ ਉਸ ਕੋਲ 30 ਤੋਂ 32 ਫ਼ੀਸਦੀ ਵੋਟਾਂ ਹਨ। ਇਸ ਸਮੇਂ ਦੌਰਾਨ ਆਪ ਜਾਂ ਕਾਂਗਰਸ ਨੇ ਜਦੋਂ ਵੀ ਜਿੱਤ ਪ੍ਰਾਪਤ ਕੀਤੀ, ਭਾਜਪਾ ਵੋਟ ਇਸ ਪ੍ਰਤੀਸ਼ਤ ਤੋਂ ਵੱਧ ਨਹੀਂ ਕਰ ਸਕੀ।

'ਆਪ' ਜਿਸ ਵਲੋਂ ਦਿੱਲੀ ਤੋਂ ਬਾਅਦ ਪੰਜਾਬ ਜਿੱਤਿਆ। ਹਰਿਆਣਾ, ਗੁਜਰਾਤ ਤੱਕ ਵੀ ਉਸ ਵਲੋਂ ਚੋਣਾਂ ਲੜੀਆਂ ਗਈਆਂ, ਪਰ ਇਸ ਵਾਰ ਉਸ ਲਈ ਦਿੱਲੀ ਚੋਣਾਂ ਸੌਖਿਆਂ ਜਿੱਤਣੀਆਂ ਸੰਭਵ ਨਹੀਂ, ਕਿਉਂਕਿ ਦਿੱਲੀ ਦਾ ਮੱਧ ਵਰਗ ਪੁੱਛ ਰਿਹਾ ਹੈ ਕਿ ਜੇਕਰ 'ਆਪ' ਨੂੰ ਦਿੱਲੀ 'ਚ ਬਹੁਮਤ ਦੇ ਦਿੱਤੀ



ਅਤੇ ਰਾਜਪਾਲ ਨੇ ਉਸ ਨੂੰ ਫਿਰ ਵੀ ਕੰਮ ਨਾ ਕਰਨ ਦਿੱਤਾ ਤਾਂ ਫਿਰ ਕੀ ਹੋਏਗਾ? ਕਿਉਂਕਿ ਦਿੱਲੀ ਦੀਆਂ ਸੜਕਾਂ ਖ਼ਰਾਬ ਹਨ। ਲਗਾਤਾਰ ਹਵਾ ਪ੍ਰਦੂਸ਼ਨ ਇਥੇ ਵੱਧ ਰਿਹਾ ਹੈ। ਕੀਤੇ ਹੋਏ ਵਾਅਦਿਆਂ ਮੁਤਾਬਕ ਨਾ ਦਿੱਲੀ 'ਚ ਨਵੇਂ ਹਸਪਤਾਲ ਬਣੇ ਹਨ ਅਤੇ ਨਾ ਹੀ ਕੂੜਾ-ਪ੍ਰਬੰਧਨ ਠੀਕ ਹੋ ਸਕਿਆ, ਨਾ ਠੀਕ ਢੰਗ ਨਾਲ ਪਾਣੀ ਦੀ ਉਪਲੱਬਧਤਾ ਹੋ ਸਕੀ ਹੈ।

ਦਿੱਲੀ ਵਾਲੇ ਵੋਟਰਾਂ ਦੀ ਇੱਕ ਵੱਖਰੀ ਪਛਾਣ ਅਤੇ ਖ਼ਾਸੀਅਤ ਹੈ। ਕੁਝ ਇੱਕੋ ਜਾਤ-ਬਰਾਦਰੀ ਵਾਲੇ ਪ੍ਰਵਾਸੀ ਹਨ, ਜਿਨ੍ਹਾਂ ਦੀਆਂ ਮੰਗਾਂ ਵੱਖਰੀਆਂ ਹਨ। ਕੁਝ ਮੱਧ ਵਰਗੀ ਲੋਕ ਹਨ। ਇੱਕ ਵੱਖਰੀ ਤਰ੍ਹਾਂ ਦੀ ਭੀੜ ਨੂੰ ਵੋਟਾਂ ਤੋਂ ਪਹਿਲਾਂ ਪਾਰਟੀਆਂ, ਵੱਖੋ-ਵੱਖਰੇ ਲਾਲਚ ਦੇ ਕੇ ਭਰਮਾਉਣ ਦਾ ਯਤਨ ਕਰਦੀਆਂ ਹਨ। ਕਿਧਰੇ ਬੇਟੀਆਂ, ਔਰਤਾਂ ਲਈ ਪੈਨਸ਼ਨ ਦਾ ਲਾਲਚ ਹੈ, ਕਿਧਰੇ ਬਜ਼ੁਰਗਾਂ ਲਈ ਮੁਫ਼ਤ ਬੀਮਾ ਯੋਜਨਾ। ਪਾਰਟੀਆਂ ਇੱਕ ਤੋਂ ਵੱਧ ਇੱਕ ਭਰਮਾਊ ਨਾਹਰਾ ਦਿੰਦੀਆਂ ਹਨ।

ਅਸਲ ਵਿਚ ਆਮ ਲੋਕਾਂ ਦੀ ਮੰਗ ਰੋਟੀ, ਕੱਪੜਾ, ਮਕਾਨ, ਸਿਹਤ ਸਹੂਲਤਾਂ, ਸਿੱਖਿਆ ਸਹੂਲਤਾਂ, ਰੁਜ਼ਗਾਰ, ਚੰਗਾ ਵਾਤਾਵਰਨ, ਬਣਨੀ ਚਾਹੀਦੀ ਹੈ। ਸਿਆਸੀ ਪਾਰਟੀਆਂ ਦੇ ਆਪਣੇ ਚੋਣ ਮੈਨੀਫੈਸਟੋ ਇਨ੍ਹਾਂ ਵਾਅਦਿਆਂ ਨਾਲ ਭਰੇ ਵੀ ਦਿਸਦੇ ਹਨ, ਪਰ ਇਹ ਚੋਣਾਂ ਜਿੱਤਣ ਤੋਂ ਬਾਅਦ ਧਰੇ-ਧਰਾਏ ਰਹਿ ਜਾਂਦੇ ਹਨ। ਇਹ ਸਾਰੇ ਵਾਅਦੇ ਦੇਸ਼ ਦੇ ਦਿਲ, ਦਿੱਲੀ 'ਤੇ ਰਾਜ ਕਰਨ ਲਈ ਕਾਂਗਰਸ ਦੀ ਮੁੱਖ ਮੰਤਰੀ ਬਣੀ ਸ਼ੀਲਾ ਦੀਕਸ਼ਤ ਨੇ ਕਾਂਗਰਸ ਵਲੋਂ ਦਿੱਤੇ ਸਨ, ਜਿਸਨੇ ਲੰਮਾ ਸਮਾਂ ਦਿੱਲੀ ਸੰਭਾਲੀ। ਉਹ 1998 'ਚ ਪਹਿਲੀ ਵੇਰ ਮੁੱਖ ਮੰਤਰੀ ਬਣੀ ਸੀ। ਉਸ ਤੋਂ ਬਾਅਦ ਕਾਂਗਰਸ ਦੇ ਦਿੱਲੀ 'ਚ ਪੈਰ ਨਾ ਲੱਗੇ, ਕਿਉਂਕਿ ਕਾਂਗਰਸ ਚੋਣ ਮੈਨੀਫੈਸਟੋ ਵਾਲੇ ਵਾਅਦੇ ਪੂਰੇ ਨਾ ਕਰ ਸਕੀ। ਇਸ ਵਾਰ ਦਿੱਲੀ ਦੀ ਕਾਂਗਰਸ, ਸ਼ੀਲਾ ਦੀਕਸ਼ਤ ਦੇ ਸਪੁੱਤਰ ਸੰਦੀਪ ਦੀਕਸ਼ਤ ਉਤੇ ਵਿਧਾਨ ਸਭਾ ਦੀ ਖੇਡ, ਖੇਡ ਰਹੀ ਹੈ। ਇਹ ਜਾਣਦਿਆਂ ਹੋਇਆਂ ਵੀ ਕਿ ਕਾਂਗਰਸ ਦਿੱਲੀ 'ਚ ਰਾਜ-ਭਾਗ 'ਤੇ ਕਾਬਜ ਨਹੀਂ ਹੋ ਸਕਦੀ, ਕਿਉਂਕਿ ਉਸਦਾ ਦਿੱਲੀ 'ਚ ਲੋਕ-ਅਧਾਰ ਖਿਸਕ ਚੁੱਕਾ ਹੈ, ਪਰ ਉਹ ਇਸ ਆਸ ਵਿਚ ਹੈ ਕਿ ਉਸਦੀ ਵੋਟ ਫ਼ੀਸਦੀ ਵਧੇਗੀ, ਉਂਜ ਕਾਂਗਰਸ ਚਾਹੇਗੀ ਕਿ ਭਾਜਪਾ ਦੀ ਥਾਂ 'ਆਪ' ਹੀ ਦਿੱਲੀ ਤਖ਼ਤ ਸੰਭਾਲੇ, ਕਿਉਂਕਿ ਉਹ ਇੰਡੀਆ ਗੱਠਜੋੜ ਦੀ ਮੈਂਬਰ ਹੈ, ਹਾਲਾਂਕਿ 'ਆਪ' ਨੇ ਕਾਂਗਰਸ ਉਤੇ ਇੰਡੀਆ ਗੱਠਜੋੜ 'ਚ ਤਿੱਖੇ ਹਮਲੇ ਕੀਤੇ ਹਨ। ਇਥੇ ਇਹ ਵੀ ਵਰਨਣ ਕਰਨਾ ਜ਼ਰੂਰੀ ਹੈ ਕਿ ਸਪਾ, ਬੈਨਰਜੀ ਅਤੇ ਸੀਪੀਐਮ ਵਲੋਂ ਵੀ ਕੇਜਰੀਵਾਲ ਨੂੰ ਹੀ ਸਮਰਥਨ ਦਿੱਤਾ ਗਿਆ ਹੈ।

ਦਿੱਲੀ ਚੋਣਾਂ 'ਚ 'ਆਪ' ਕਦੇ ਵੀ ਨਹੀਂ ਚਾਹੇਗੀ ਕਿ ਉਸਦੀ ਹਾਰ ਹੋਵੇ, ਇਥੋਂ ਤੱਕ ਕਿ ਉਹ ਮੌਜੂਦਾ ਬਹੁਮੱਤ ਸੀਟਾਂ ਆਪਣੇ ਨਾਂਅ ਕਰਨ 'ਤੇ ਜ਼ੋਰ ਲਗਾਏਗੀ। 'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਦਾ ਅਕਸ ਦਾਅ 'ਤੇ ਹੈ, ਕਿਉਂਕਿ ਉਸਨੇ ਲੋਕਾਂ ਤੋਂ ਵੋਟਾਂ ਇਸ ਅਧਾਰ 'ਤੇ ਮੰਗੀਆਂ ਹਨ ਕਿ ਉਹ ਇੱਕ ਇਮਾਨਦਾਰ ਸਿਆਸਤਦਾਨ ਹੈ, ਪਰ ਭਾਜਪਾ ਉਸਨੂੰ ਬੇਈਮਾਨ ਸਿੱਧ ਕਰਨਾ ਚਾਹੁੰਦੀ ਹੈ। ਉਂਜ ਵੀ ਜੇਕਰ ਕੇਜਰੀਵਾਲ ਦੀ ਪਾਰਟੀ 'ਆਪ' ਦਿੱਲੀ 'ਚ ਹਾਰਦੀ ਹੈ ਤਾਂ ਅੱਗੋਂ ਇਸਦਾ ਅਸਰ ਸਿੱਧਾ ਪੰਜਾਬ ਉਤੇ ਪਏਗਾ ਅਤੇ ਕੇਜਰੀਵਾਲ ਦਾ ਵੱਡਾ ਰਾਸ਼ਟਰੀ ਨੇਤਾ ਬਨਣ ਦਾ ਸੁਪਨਾ ਖੇਰੂੰ-ਖੇਰੂੰ ਹੋ ਜਾਏਗਾ।

ਭਾਜਪਾ ਹਰ ਹੀਲੇ ਦਿੱਲੀ 'ਤੇ ਕਾਬਜ਼ ਹੋਣ ਦੀ ਤਾਕ 'ਚ ਹੈ। ਮਹਾਂਰਾਸ਼ਟਰ ਅਤੇ ਹਰਿਆਣਾ 'ਚ ਸਿਆਸੀ ਦਾਅ ਖੇਡ ਕੇ ਜਿਵੇਂ ਉਸਨੇ ਰਾਜਭਾਗ ਸੰਭਾਲਿਆ ਹੈ, ਉਹ ਚਾਹੇਗੀ ਕਿ ਦਿੱਲੀ ਉਸਦੇ ਹੱਥ ਆ ਜਾਏ। ਪ੍ਰਧਾਨ ਮੰਤਰੀ ਨੇ ਦਿੱਲੀ 'ਤੇ ਕਾਬਜ਼ ਹੋਣ ਲਈ ਡਬਲ ਇੰਜਨ ਸਰਕਾਰ ਦੇ ਫ਼ਾਇਦੇ ਗਿਣਾਉਣੇ ਸ਼ੁਰੂ ਕਰ ਦਿੱਤੇ ਹਨ। ਨਵੀਆਂ ਸਕੀਮਾਂ ਦਿੱਲੀ ਵਾਲਿਆਂ ਲਈ ਦੇਣ ਦੇ ਵਾਇਦੇ ਕੀਤੇ ਹਨ।

ਸਿਆਸੀ ਪੰਡਿਤ ਇਹ ਅੰਦਾਜ਼ੇ ਲਾ ਰਹੇ ਹਨ ਕਿ ਭਾਜਪਾ ਦੀ ਆਰ.ਐਸ.ਐਸ. ਦੇ ਯਤਨਾਂ ਨਾਲ ਵੋਟ ਟਿਕਾਊ ਹੈ ਅਤੇ ਆਪ ਅਤੇ ਕਾਂਗਰਸ ਦਾ ਵੋਟ ਬੈਂਕ ਮੁੱਖ ਤੌਰ 'ਤੇ ਘੱਟ ਗਿਣਤੀਆਂ ਅਤੇ ਦਲਿਤ ਹਨ। ਭਾਜਪਾ ਆਸ ਕਰੇਗੀ ਕਿ ਜਿਵੇਂ ਉਸਨੇ ਮਹਾਂਰਾਸ਼ਟਰ ਅਤੇ ਹਰਿਆਣਾ 'ਚ ਕਾਂਗਰਸ ਦੀ ਵੋਟ ਬੈਂਕ 'ਤੇ ਸੰਨ ਲਾਈ ਹੈ, ਉਹ ਇਥੇ ਵੀ ਇਹੋ ਕਿਸਮ ਦੀ ਸੰਨ ਲਾਉਣ 'ਚ ਕਾਮਯਾਬ ਹੋ ਜਾਏਗੀ ਅਤੇ ਉਸਦੀ ਵੋਟ ਬੈਂਕ ਵਿਚ 10 ਤੋਂ 12 ਫ਼ੀਸਦੀ ਦਾ ਵਾਧਾ ਹੋ ਜਾਵੇਗਾ ਅਤੇ ਉਹ ਚੋਣ ਜਿੱਤ ਜਾਏਗੀ। ਉਸਨੂੰ ਇਹ ਵੀ ਆਸ ਹੈ ਕਿ ਜੇਕਰ ਕਾਂਗਰਸ ਆਪਣੀ ਵੋਟ ਬੈਂਕ 'ਚ ਵਾਧਾ ਕਰਦੀ ਹੈ ਤਾਂ ਇਹ ਵੋਟ ਬੈਂਕ 'ਆਪ' ਦੀ ਹੀ ਟੁੱਟੇਗੀ ਤੇ ਇਸਦਾ ਫ਼ਾਇਦਾ ਭਾਜਪਾ ਨੂੰ ਹੋਵੇਗਾ।

ਦਿੱਲੀ 2025 ਵਿਧਾਨ ਸਭਾ ਚੋਣਾਂ 'ਚ ਸਫ਼ਲਤਾ ਰਾਸ਼ਟਰੀ ਅਤੇ ਸਥਾਨਕ ਮੰਗਾਂ 'ਤੇ ਵੀ ਨਿਰਭਰ ਹੋਏਗੀ। ਕਾਰਪੋਰੇਸ਼ਨ ਅਤੇ ਰਾਸ਼ਟਰੀ ਲੋਕ ਸਭਾ ਚੋਣਾਂ 'ਚ ਵੋਟਰ ਜਿਨ੍ਹਾਂ ਉਮੀਦਵਾਰਾਂ ਨੂੰ ਚੁਣਦੇ ਹਨ, ਬਿਨ੍ਹਾਂ ਸ਼ੱਕ ਉਸਦਾ ਅਧਾਰ ਵੱਖਰਾ ਗਿਣਿਆ ਜਾਂਦਾ ਹੈ, ਪਰ ਪਾਰਟੀਆਂ ਨਾਲ ਜੁੜੀ ਵੋਟ ਇਨ੍ਹਾਂ ਚੋਣਾਂ ਵੇਲੇ ਵੀ ਬਹੁਤੀਆਂ ਹਾਲਤਾਂ 'ਚ ਨਹੀਂ ਖਿਸਕਦੀ। ਇਸ ਸਮੇਂ ਆਪ ਦਿੱਲੀ 'ਚ ਹੋਰ ਵੱਡੀ ਤਾਕਤ ਅਤੇ ਬਹੁਮਤ ਪ੍ਰਾਪਤ ਕਰਨ ਦੀ ਲੜਾਈ ਲੜ ਰਹੀ ਹੈ ਅਤੇ ਭਾਜਪਾ ਕੇਜਰੀਵਾਲ ਦਾ ਅਕਸ ਛੋਟਾ ਕਰਨ ਦੇ ਆਹਰ 'ਚ ਦਿੱਲੀ ਜਿੱਤਣ ਲਈ ਯਤਨਸ਼ੀਲ ਹੈ। ਉਂਜ ਭਾਜਪਾ ਨੂੰ ਇਸ ਗੱਲ ਵਿਚ ਵੀ ਤਸੱਲੀ ਮਿਲੇਗੀ ਜੇਕਰ 'ਆਪ' ਦੀਆਂ ਸੀਟਾਂ ਵਿਧਾਨ ਸਭਾ ਵਿਚ ਘੱਟਦੀਆਂ ਹਨ।

ਪਰ ਜੇਕਰ 'ਆਪ' ਵੱਡੇ ਬਹੁਮਤ ਨਾਲ ਫਿਰ ਦਿੱਲੀ ਵਿਧਾਨ ਸਭਾ ਚੋਣਾਂ 'ਚ ਜੇਤੂ ਰਹਿੰਦੀ ਹੈ ਤਾਂ ਇਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸਿਆਸੀ ਕੱਦ-ਬੁੱਤ ਲਈ ਇੱਕ ਵੱਡਾ ਝਟਕਾ ਹੋਏਗਾ।

# ਸਕੂਲ ਸਿੱਖਿਆ ਦੀ ਹਾਲਤ ਬੇਹੱਦ ਚਿੰਤਾਜਨਕ

ਨਵੀਂ ਕੌਮੀ ਸਿੱਖਿਆ ਨੀਤੀ ਦੇ ਦਮਗਜਿਆਂ ਦੇ ਸ਼ੋਰ ਵਿੱਚ ਸਕੂਲਾਂ ਵਿੱਚ ਲਗਾਤਾਰ ਘਟ ਰਹੇ ਦਾਖਲਿਆਂ ਦੇ ਅੰਕੜੇ ਸਿੱਖਿਆ ਢਾਂਚੇ ਦਾ ਮੂੰਹ ਚਿੜਾ ਰਹੇ ਹਨ। ਇਹ ਕਿਸੇ ਇਕ ਸੂਬੇ ਦੀ ਕਹਾਣੀ ਨਹੀਂ ਹੈ।ਦੇਸ਼ ਭਰ ਵਿੱਚ ਸਕੂਲਾਂ 'ਚ ਦਾਖਲਾ ਲੈਣ ਵਾਲੇ ਵਿਦਿਆਰਥੀਆ ਦੀ ਗਿਣਤੀ 'ਚ ਲਗਾਤਾਰ ਗਿਰਾਵਟ ਦੀਆਂ ਰਿਪੋਰਟਾਂ ਨੇ ਵਿੱਦਿਅਕ ਵਿਕਾਸ ਅਤੇ ਸਮਾਜਿਕ ਤਰੱਕੀ ਦੇ ਚਾਹਵਾਨ ਲੋਕਾਂ ਨੂੰ

**ਪਰਮਜੀਤ ਕੌਰ**

ਚਿੰਤਾ 'ਚ ਪਾ ਦਿੱਤਾ ਹੈ। ਤਾਜ਼ਾ ਰਿਪੋਰਟਾਂ ਅਨੁਸਾਰ ਇਕੋ ਸਾਲ ਭਾਵ 2023-24 'ਚ ਹੀ ਦੇਸ਼ ਭਰ ਦੇ ਸਕੂਲਾਂ ਦੀਆਂ ਵੱਖ-ਵੱਖ ਜਮਾਤਾਂ 'ਚ ਦਾਖ਼ਲਾ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ 37 ਲੱਖ ਤੋਂ ਵੱਧ ਦੀ ਗਿਰਾਵਟ ਆਈ ਹੈ। ਜਿਨ੍ਹਾਂ ਸਕੂਲਾਂ ਵਿਚ ਦਾਖ਼ਲਿਆਂ ਦੀ ਗਿਣਤੀ ਘਟੀ ਹੈ, ਉਨ੍ਹਾਂ ਵਿਚ ਸਰਕਾਰੀ ਸਕੂਲਾਂ ਦੀ ਗਿਣਤੀ ਸਭ ਤੋਂ ਵੱਧ ਹੈ। ਸਿੱਖਿਆ ਮੰਤਰਾਲੇ ਦੀ ਏਕੀਕ੍ਰਿਤ ਜ਼ਿਲ੍ਹਾ ਸਿੱਖਿਆ ਸੂਚਨਾ ਪ੍ਰਣਾਲੀ (ਯੂ.ਡੀ.ਆਈ.ਐੱਸ.ਈ. ਪਲੱਸ) ਵਲੋਂ ਕੀਤੇ ਗਏ ਸਰਵੇਖਣ ਦੀ ਰਿਪੋਰਟ ਅਨੁਸਾਰ ਦੇਸ਼ ਭਰ ਦੀ ਸਿੱਖਿਆ ਨੂੰ ਲੈ ਕੇ ਜ਼ਮੀਨੀ ਹਕੀਕਤ ਬੇਹੱਦ ਚਿੰਤਾਜਨਕ ਹੈ। ਇਸ 'ਚ ਇਕ ਹੋਰ ਚਿੰਤਾਜਨਕ ਪੱਖ ਇਹ ਹੈ ਕਿ ਸਕੂਲੀ ਸਿੱਖਿਆ ਤੋਂ ਮੂੰਹ ਮੋੜਨ

> **ਮੌਜੂਦਾ ਸਿੱਖਿਆ ਨੀਤੀ ਨੇ 'ਬਾਬੂ' ਅਤੇ ਬਿਨਾਂ ਮਿਹਨਤ ਕੀਤੇ ਬਹੁਤ ਕੁਝ ਹਾਸਿਲ ਕਰਨ ਵਾਲੀ ਇਕ ਵੱਡੀ ਪੀੜ੍ਹੀ ਤਾਂ ਪੈਦਾ ਕੀਤੀ ਹੈ, ਪਰ ਇਸ ਸਿੱਖਿਆ ਨੇ ਹੱਥਾਂ ਨਾਲ ਮਿਹਨਤ ਕਰਕੇ ਰੋਟੀ ਕਮਾ ਕੇ ਖਾਣ ਵਾਲੇ ਵਰਗ ਨੂੰ ਨਿਰਾਸ਼ ਹੀ ਕੀਤਾ ਹੈ।**

ਵਾਲੇ ਇਨ੍ਹਾਂ ਵਿਦਿਆਰਥੀਆਂ 'ਚ ਲੜਕੀਆਂ ਦੀ ਗਿਣਤੀ ਵਧੇਰੇ ਹੈ। ਇਸ ਤੋਂ ਇਲਾਵਾ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ, ਪੱਛੜੇ ਵਰਗ ਅਤੇ ਗਰੀਬ ਵਰਗ ਨਾਲ ਸੰਬੰਧਿਤ ਵਿਦਿਆਰਥੀਆਂ ਦੀ ਗਿਣਤੀ ਵੀ ਸਭ ਤੋਂ ਵੱਧ ਪਾਈ ਗਈ ਹੈ। ਨਵੇਂ ਦਾਖ਼ਲਿਆਂ 'ਚ ਪ੍ਰਾਇਮਰੀ ਜਮਾਤਾਂ 'ਚ ਹੀ ਬੱਚਿਆਂ ਦੀ ਗਿਣਤੀ ਘਟਦੀ ਮਹਿਸੂਸ ਕੀਤੀ ਗਈ, ਪਰ 9ਵੀਂ ਤੋਂ 12ਵੀਂ ਜਮਾਤ ਤੱਕ ਪਹੁੰਚਦਿਆਂ-ਪਹੁੰਚਦਿਆਂ ਇਹ ਗਿਣਤੀ ਹੋਰ ਵੱਧ ਜਾਂਦੀ ਹੈ। 9ਵੀਂ ਤੋਂ 12ਵੀਂ ਤੱਕ ਦੇ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ 17 ਲੱਖ ਤੋਂ ਵਧੇਰੇ ਹੈ । ਪ੍ਰਾਇਮਰੀ, ਉੱਚ ਪ੍ਰਾਇਮਰੀ ਅਤੇ ਹਾਇਰ ਸੈਕੰਡਰੀ ਤੱਕ ਦੀਆਂ ਜਮਾਤਾਂ 'ਚ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ ਦੀ ਗਿਣਤੀ 'ਚ ਵੀ ਭਾਰੀ ਕਮੀ ਦੇਖੀ ਗਈ ਹੈ।

ਇਸ ਰਿਪੋਰਟ ਅਨੁਸਾਰ ਸਕੂਲਾਂ 'ਚ ਨਵੇਂ ਦਾਖ਼ਲਿਆਂ ਦੇ ਤੌਰ 'ਤੇ ਲਗਾਤਾਰ ਬੀਤੇ ਤਿੰਨ ਸਾਲਾਂ 'ਚ ਕਮੀ ਆਉਂਦੀ ਵੇਖੀ ਜਾ ਰਹੀ ਹੈ। ਇਸ ਸਾਲ ਭਾਵ ਸਾਲ 2023-24 'ਚ ਆਈ ਇਹ ਕਮੀ ਬੀਤੇ ਦੋ ਸਾਲਾਂ 'ਚ ਸਭ ਤੋਂ ਵੱਧ ਹੈ।



ਨਵੇਂ ਦਾਖ਼ਲਿਆਂ 'ਚ ਲੜਕਿਆਂ ਦੇ ਮੁਕਾਬਲੇ ਲੜਕੀਆਂ ਦੀ ਗਿਣਤੀ 'ਚ ਵਾਧਾ ਦਰਜ ਕੀਤਾ ਗਿਆ ਹੈ। ਇਹ ਵੀ ਕਿ ਘੱਟ-ਗਿਣਤੀ ਵਰਗ ਦੇ ਭਾਈਚਾਰੇ 'ਚ ਵੀ ਨਵੇਂ ਦਾਖ਼ਲ ਹੋਣ ਵਾਲੇ ਵਿਦਿਆਰਥੀਆਂ 'ਚ ਕਮੀ ਪਾਈ ਗਈ ਹੈ। ਇਨ੍ਹਾਂ ਵਰਗਾਂ 'ਚ ਗ਼ੈਰ-ਹਿੰਦੂ ਭਾਵ ਮੁਸਲਿਮ ਭਾਈਚਾਰੇ ਦਾ ਪ੍ਰਤੀਸ਼ਤ ਹੋਰਨਾਂ ਸਾਰੇ ਵਰਗਾਂ ਨਾਲੋਂ ਜ਼ਿਆਦਾ ਹੈ। ਰਾਜਾਂ ਦੇ ਅਨੁਪਾਤ ਨਾਲ ਵੇਖੀਏ ਤਾਂ ਉੱਤਰ ਪ੍ਰਦੇਸ਼, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਉੱਤਰਾਖੰਡ ਤੇ ਰਾਜਸਥਾਨ ਆਦਿ ਰਾਜਾਂ 'ਚ ਸਥਿਤੀ ਥੋੜ੍ਹੀ ਜ਼ਿਆਦਾ ਚਿੰਤਾਜਨਕ ਹੈ, ਜਦੋਂ ਕਿ ਪੰਜਾਬ, ਤੇਲੰਗਾਨਾ, ਪੱਛਮੀ ਬੰਗਾਲ,ਰਾਜਸਥਾਨ ਆਦਿ ਦੀ ਸਥਿਤੀ ਥੋੜ੍ਹੀ ਜਿਆਦਾ ਚਿੰਤਾਜਨਕ ਹੈ, ਜਦੋਂ ਕਿ ਪੰਜਾਬ, ਤੇਲੰਗਾਨਾ, ਪੱਛਮੀ ਬੰਗਾਲ, ਹਰਿਆਣਾ, ਗੁਜਰਾਤ, ਮਹਾਰਾਸ਼ਟਰ ਅਤੇ ਤਾਮਿਲਨਾਡੂ ਤੇ ਦਿੱਲੀ ਆਦਿ ਰਾਜਾਂ ਦੀ ਤਸਵੀਰ ਬੜ੍ਹੀ ਬਿਹਤਰ ਦਿਖਾਈ ਦਿੰਦੀ ਹੈ।

ਬਿਨਾਂ ਸ਼ੱਕ ਇਹ ਸਥਿਤੀ ਕਾਫ਼ੀ ਚਿੰਤਾਜਨਕ ਹੈ ਕਿ ਸਿੱਖਿਆ ਦੀ ਨੀਂਹ 'ਤੇ ਉਸਾਰੇ ਜਾਣ ਵਾਲੀ ਦੇਸ਼ ਦੀ ਤਰੱਕੀ ਲਈ ਵੱਡੀ ਪ੍ਰੇਸ਼ਾਨੀ ਪੈਦਾ ਕਰਨ ਵਾਲੀ ਹੈ। ਇਸ ਸਥਿਤੀ 'ਚ ਸਿੱਖਿਆ ਨੀਤੀ 'ਚ ਅਹਿਮ ਸੁਧਾਰ ਕਰਨ ਦੀ ਵੱਡੀ ਲੋੜ ਹੈ। ਬੇਸ਼ੱਕ ਇਸ ਲਈ ਅਨੇਕਾਂ ਕਾਰਨ ਜਵਾਬਦੇਹ ਹੋ ਸਕਦੇ ਹਨ, ਪਰ ਮੌਜੂਦਾ ਸਿੱਖਿਆ ਢਾਂਚੇ ਦਾ ਨਤੀਜਾਮੁਖੀ, ਜਵਾਬਦੇਹ ਅਤੇ ਰੁਜ਼ਗਾਰਮੁਖੀ ਨਾ ਰਹਿਣਾ ਸਭ ਤੋਂ ਵੱਡੇ ਕਾਰਨ ਹਨ। ਨਿੱਜੀ ਸਕੂਲਾਂ ਦੀਆਂ ਵਧਦੀਆਂ ਫ਼ੀਸਾਂ, ਦਾਖ਼ਲਾ ਅਤੇ ਨਵੀਆਂ ਕਿਤਾਬਾਂ ਦਾ ਬੋਝ ਵੀ ਸਿੱਖਿਆ ਲਈ ਦਾਖ਼ਲਿਆਂ 'ਚ ਕਮੀ ਦਾ ਕਾਰਨ ਬਣਦਾ ਹੈ। ਮੌਜੂਦਾ ਸਿੱਖਿਆ ਨੀਤੀ ਨੇ 'ਬਾਬੂ' ਅਤੇ ਬਿਨਾਂ ਮਿਹਨਤ ਕੀਤੇ ਬਹੁਤ ਕੁਝ ਹਾਸਿਲ ਕਰਨ ਵਾਲੀ ਇਕ ਵੱਡੀ ਪੀੜ੍ਹੀ ਤਾਂ ਪੈਦਾ ਕੀਤੀ ਹੈ, ਪਰ ਇਸ ਸਿੱਖਿਆ ਨੇ ਹੱਥਾਂ ਨਾਲ ਮਿਹਨਤ ਕਰਕੇ ਰੋਟੀ ਕਮਾ ਕੇ ਖਾਣ ਵਾਲੇ ਵਰਗ ਨੂੰ ਨਿਰਾਸ਼ ਹੀ ਕੀਤਾ ਹੈ। ਬਿਨਾਂ ਸ਼ੱਕ ਉਨ੍ਹਾਂ ਦੇ ਮਨ 'ਚ ਇਹ ਅਹਿਸਾਸ ਵੱਸ ਗਿਆ ਹੈ ਕਿ ਜੇਕਰ ਪੜ੍ਹ-ਲਿਖ ਕੇ ਵੀ ਮਜ਼ਦੂਰੀ ਕਰਨ ਲਈ ਇੰਨੀ ਭੱਜ-ਨੱਸ ਕਰਨੀ ਪੈਂਦੀ ਹੈ ਤਾਂ ਫਿਰ ਪੜ੍ਹਾਈ ਕਰਨ ਦਾ ਕੀ ਫਾਇਦਾ। ਉਂਜ ਵੀ, ਮੌਜੂਦਾ ਸਿੱਖਿਆ ਨੀਤੀ ਅਤੇ ਸਿੱਖਿਆ ਢਾਂਚੇ ਨੂੰ ਲੈ ਕੇ ਵਿਰੋਧੀ ਸੁਰ ਉੱਠਣ ਲੱਗੇ ਹਨ। ਅਜੇ ਹਾਲ 'ਚ ਕਾਂਗਰਸ ਕਮੇਟੀ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਵੀ ਦੇਸ਼ ਦੇ ਸਿੱਖਿਆ ਢਾਂਚੇ 'ਚ ਇਨਕਲਾਬੀ ਤਬਦੀਲੀਆਂ ਕਰਨ 'ਤੇ ਜ਼ੋਰ ਦਿੱਤਾ ਹੈ। ਅਸੀਂ ਵੀ ਇਹ ਸਮਝਦੇ ਹਾਂ ਕਿ ਸਿੱਖਿਆ ਢਾਂਚੇ ਨੂੰ ਇਸ ਤਰ੍ਹਾਂ ਦਾ ਬਣਾਇਆ ਜਾਣਾ ਚਾਹੀਦਾ ਹੈ ਕਿ ਉਹ 'ਬਾਬੂ' ਪੈਦਾ ਨਾ ਕਰਕੇ, ਰੁਜ਼ਗਾਰ ਦਿਵਾਉਣ ਵਾਲਾ ਬਣੇ, ਤਾਂ ਕਿ ਨੌਜਵਾਨਾਂ ਨੂੰ ਰੁਜ਼ਗਾਰ ਵੀ ਮਿਲੇ ਅਤੇ ਬੇਰੁਜ਼ਗਾਰੀ ਨਾਲ ਪੈਦਾ ਹੋਣ ਵਾਲੀ ਨਿਰਾਸ਼ਾ ਤੋਂ ਵੀ ਬਚਿਆ ਜਾ ਸਕੇ।

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥*

# ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੇ 648ਵੇਂ ਪ੍ਰਕਾਸ਼ ਪੁਰਬ ਦੀ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ

ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦਾ 648ਵਾਂ ਪ੍ਰਕਾਸ਼ ਪੁਰਬ ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ) ਵਿਖੇ ਹਰ ਸਾਲ ਦੀ ਤਰ੍ਹਾਂ 14, 15 ਅਤੇ 16 ਫਰਵਰੀ 2025 ਨੂੰ ਹੇਠ ਲਿਖੇ ਪ੍ਰੋਗਰਾਮ ਅਨੁਸਾਰ, ਪੂਰੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ:



## ਸਮਾਗਮ ਦਾ ਵੇਰਵਾ

**14 ਫਰਵਰੀ 2025, ਸ਼ੁਕਰਵਾਰ**

**ਆਰੰਭ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

**16 ਫਰਵਰੀ 2025, ਐਤਵਾਰ**

**ਭੋਗ ਸ੍ਰੀ ਅਖੰਡ ਪਾਠ ਸਾਹਿਬ**

*ਸਵੇਰੇ 10 ਵਜੇ*

* ਭਾਈ ਭੁਪਿੰਦਰ ਸਿੰਘ ਜੀ ਦਾ ਹਜ਼ੂਰੀ ਰਾਗੀ ਜਥਾ ਗੁਰਬਾਣੀ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕਰੇਗਾ।

* ਹੈੱਡ ਗ੍ਰੰਥੀ ਭਾਈ ਦਿਲਾਵਰ ਸਿੰਘ ਜੀ ਕਥਾ ਰਾਹੀਂ ਸ੍ਰੀ ਗੁਰੂ ਰਵਿਦਾਸ ਜੀ ਦੇ ਜੀਵਨ 'ਤੇ ਝਾਤ ਪਾਉਣਗੇ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

## ਗੁਰਦੁਆਰਾ ਗੁਰੂ ਨਾਨਕ ਦਰਬਾਰ, ਫਿਸ਼ਰਜ਼ (ਇੰਡੀਆਨਾ)

**12200 E. 131st., Street Fishers, IN 46037-6621**

**Cell: 317-792-7121 Ph: 317-773-8446**

# ਕੇਹੀ ਟਰੰਪ ਦੀ ਕਰੇ ਤਾਰੀਫ਼ ਸ਼ਾਇਰ

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਹੀਰ ਦੇ ਹੁਸਨ ਦੀ ਸਿਫ਼ਤ ਕਰਨ ਲੱਗਿਆਂ ਵਾਰਿਸ ਸ਼ਾਹ ਦੇ ਅਲਫਾਜ਼, "ਕੇਹੀ ਹੀਰ ਦੇ ਕਰੇ ਤਾਰੀਫ ਸ਼ਾਇਰ" ਅੱਜ ਅਸੀਂ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਜਾ ਰਹੇ ਰਾਸ਼ਟਰਪਤੀ 'ਤੇ ਢੁਕਾਅ ਰਹੇ ਹਾਂ। ਇਸ ਦੇ ਦੂਹਰੇ ਕਾਰਨਾਂ ਦਾ ਤੁਹਾਨੂੰ ਵਿਚ ਜਿਹੇ ਜਾ ਕੇ ਪਤਾ ਲੱਗੇਗਾ। ਟਰੰਪ ਦੀਆਂ ਬਹੁਪੱਖੀ ਤਾਰੀਫ਼ਾਂ ਅਸੀਂ ਉਸਦੇ ਪਿਛਲੇ ਰਾਸ਼ਟਰਪਤੀ ਕਾਲ ਵਿਚ ਮਹਿਸੂਸ ਕਰ ਚੁੱਕੇ ਹਾਂ। ਉਹ ਅਕਸਰ ਹੀ ਮੌਜ ਵਿਚ ਅਲੋਕਾਰ ਜਿਹੇ ਸ਼ਬਦ ਉਚਰਦਾ ਸੀ ਜੋ ਕਈ ਵਾਰੀ ਨਿਰਾਰਥਕ ਵੀ ਹੁੰਦੇ ਸਨ ਜਿਵੇਂ ਇੱਕ ਸ਼ਬਦ ਸੀ **ਚੋਵਾਏਾਏ** ਜਿਸ ਦਾ ਮਤਲਬ ਉਸ ਦਾ ਤਰਜਮਾਨ ਵੀ ਨਹੀਂ ਸੀ ਦੱਸ ਸਕਿਆ। ਇਹ ਟਰੰਪ ਦਾ ਕ੍ਰਿਸ਼ਮਾ ਹੀ ਸੀ ਕਿ ਪਿਛਲੀਆਂ ਚੋਣਾਂ ਹਾਰਨ ਤੋਂ ਬਾਅਦ ਵੀ ਉਸ ਨੇ ਗੱਦੀ 'ਤੇ ਚੁੰਬੜੇ ਰਹਿਣ ਦਾ ਡਰਾਮਾ ਕੀਤਾ ਤੇ ਫਿਰ ਇਸ ਕਾਲੀ ਕਰਤੂਤ ਪਿਛੋਂ ਆਪਣੀ ਪਾਰਟੀ ਦਾ ਲਾਸਾਨੀ ਲੀਡਰ ਉਭਰ ਕੇ ਭਾਰੀ ਮੱਤ ਨਾਲ ਮੁੜ ਰਾਸ਼ਟਰਪਤੀ ਬਣਿਆ। ਹੁਣ ਉਹ ਅਮਰੀਕਾ ਨੂੰ ਮੁੜ ਮਹਾਨ ਬਣਾਉਣ ਦੇ ਚੱਕਰ ਵਿਚ ਕੈਨੇਡਾ ਨੂੰ ਅਮਰੀਕਾ ਦੀ 51ਵੀਂ ਰਿਆਸਤ ਬਣਾਉਣ ਅਤੇ ਗਰੀਨਲੈਂਡ ਤੇ ਪਾਨਾਮਾ ਨੂੰ ਹਥਿਆਉਣ ਦੀ ਪਲੱਥੇਬਾਜ਼ੀ ਕਰ ਰਿਹਾ ਹੈ। ਟਰੰਪ ਸਾਹਿਬ ਦੀ ਸਭ ਤੋਂ ਵੱਡੀ ਤਾਰੀਫ਼ ਹੈ ਕਿ ਉਹ ਜਦ ਵੀ ਤਾਕਤ ਵਿਚ ਆਉਂਦੇ ਜਾਂ ਆਉਣ ਵਾਲੇ ਹੁੰਦੇ ਹਨ, ਅਮਰੀਕਾ ਤੋਂ ਹੋਰ ਦੇਸ਼ਾਂ ਨੂੰ ਦਰਾਮਦ ਹੋਣ ਵਾਲੀਆਂ ਵਸਤਾਂ 'ਤੇ ਸੀਮਾ ਸ਼ੁਲਕ ਘਟਾਉਣ ਦਾ ਜ਼ੋਰ ਪਾਉਂਦੇ ਹਨ। ਉਹ ਹੋਰ ਦੇਸ਼ਾ ਨੂੰ ਅਮਰੀਕਾ ਤੋਂ ਆਯਾਤੀ ਵਸਤਾਂ 'ਤੇ ਅਜਿਹਾ ਸ਼ੁਲਕ ਘੱਟ ਕਰਨ ਦੀ ਧਮਕੀ ਤੱਕ ਦੇ ਦਿੰਦੇ ਹਨ। ਚਲੋ ਸੀਮਾ ਸ਼ੁਲਕ ਜਿਹੇ ਕਿਤਾਬੀ ਸ਼ਬਦ ਦੀ ਥਾਂ ਕੌਮਾਂਤਰੀ ਮਹਿਸੂਲ ਦੇ ਅਰਥਾਂ ਵਾਲਾ ਦੁਨੀਆਂ ਭਰ ਵਿਚ ਪ੍ਰਚੱਲਤ ਅੰਗ੍ਰੇਜ਼ੀ ਪਦ ਟੈਰਿਫ਼ ਹੀ ਵਰਤ ਲੈਂਦੇ ਹਾਂ ਜੋ ਟਰੰਪ ਦਾ ਮਨ ਭਾਉਂਦਾ ਬੋਲ ਅਤੇ ਸ਼ਸਤਰ ਵੀ ਹੈ। ਚੋਣ ਮੁਹਿੰਮ ਦੌਰਾਨ ਉਸ ਨੇ ਐਵੇਂ ਨਹੀਂ ਕਿਹਾ ਸੀ, "ਟੈਰਿਫ ਡਿਕਸ਼ਨਰੀ ਦਾ ਸਭ ਤੋਂ ਸੁੰਦਰ ਸ਼ਬਦ ਹੈ"। ਸੋ ਟਰੰਪ ਦੀ ਸਭ ਤੋਂ ਵੱਡੀ ਤਾਰੀਫ਼ ਹੈ ਕਿ ਉਹ ਟੈਰਿਫ਼ ਦੀ ਪੈਰਵਾਈ ਨਹੀਂ ਛੱਡਦੇ।

ਟੈਰਿਫ਼ 'ਤੇ ਇਹ ਜ਼ੋਰ ਅੰਤਰਰਾਸ਼ਟਰੀ ਸਬੰਧਾਂ ਦੇ ਪ੍ਰਸੰਗ ਵਿਚ ਅਮਰੀਕੀ ਇਤਿਹਾਸ ਦਾ ਬਹੁਤ ਪੁਰਾਣਾ ਤੇ ਬਹੁ-ਚਰਚਿਤ ਵਿਸ਼ਾ ਰਿਹਾ ਹੈ। ਪਿੱਛੇ ਜਾਈਏ ਤਾਂ 1789 ਵਿਚ ਕਾਂਗਰਸ ਦੀ ਪਹਿਲੀ ਬੈਠਕ ਵਿਚ ਹੀ ਟੈਰਿਫ਼ ਕਾਨੂੰਨ ਪਾਸ ਕਰ ਦਿੱਤਾ ਗਿਆ ਸੀ ਜਿਸ ਦਾ ਮੁੱਖ ਮਕਸਦ ਦੇਸ਼ ਦੇ ਉਦਯੋਗ ਦੀ ਸੁਰੱਖਿਆ ਅਤੇ ਵਪਾਰ ਵਿਸਤਾਰ ਕਰ ਕੇ ਮਾਲਗੁਜ਼ਾਰੀ ਵਧਾਉਣਾ ਸੀ। ਉਨ੍ਹੀਵੀਂ ਸਦੀ ਦੇ ਸ਼ੁਰੂ ਤੱਕ ਅਮਰੀਕੀ ਆਰਥਿਕਤਾ ਨੂੰ ਇਸ ਨੀਤੀ ਦਾ ਚੋਖਾ ਲਾਭ ਪੁੱਜਾ। ਅੰਤਰਰਾਸ਼ਟਰੀ ਆਰਥਿਕ-ਵਪਾਰਕ ਹਾਲਤਾਂ ਦੇ ਉਤਰਾਅ-ਚੜ੍ਹਾਅ ਅਨੁਸਾਰ ਟੈਰਿਫ਼ 'ਤੇ ਜ਼ੋਰ ਵਧਦਾ ਘਟਦਾ ਰਿਹਾ ਪਰ ਹੁਣ ਟਰੰਪ ਨੇ ਦੇਸ਼ ਦੀਆਂ ਨੌਕਰੀਆਂ ਅਤੇ ਉਦਯੋਗ ਬਚਾਉਣ ਦੇ ਬਹਾਨੇ ਇਸ ਨੂੰ ਹੋਰ ਚੁੱਕ ਲਿਆ ਹੈ। ਖੈਰ, ਟੈਰਿਫ਼ ਦੋ-ਧਾਰੀ ਤਲਵਾਰ ਹੁੰਦਾ ਹੈ, ਇਸ ਦੇ ਦੇਸ਼-ਦੇਸ਼ਾਂਤਰੀ ਨਤੀਜੇ ਅਣਕਿਆਸੇ ਹੋ ਸਕਦੇ ਹਨ।

ਸਬੱਬੀਂ ਟੈਰਿਫ਼ ਸ਼ਬਦ ਅੰਤਮ ਤੌਰ 'ਤੇ ਜਾਣੇ-ਪਛਾਣੇ ਲਫਜ਼ 'ਤਾਰੀਫ਼' ਦਾ ਹੀ ਅੰਗ੍ਰੇਜ਼ੀਕ੍ਰਿਤ ਰੁਪਾਂਤਰ ਹੈ ਜੋ ਮੁਢਲੇ ਤੌਰ 'ਤੇ ਅਰਬੀ ਭਾਸ਼ਾ ਦਾ ਹੈ। ਇਸ ਜ਼ਬਾਨ ਵਿਚ ਤਾਰੀਫ਼ ਦਾ ਮੁੱਖ ਅਰਥ ਹੈ, ਪਰਿਭਾਸ਼ਾ, ਪਛਾਣ, ਜਾਣ-ਪਛਾਣ, ਪਰਿਚੈ, ਸ਼ਨਾਖ਼ਤ। ਅੰਗਰੇਜ਼ੀ ਵਿਚ ਇਹ ਸ਼ਬਦ ਟੈਰਿਫ਼ ਦਾ ਰੂਪ ਲੈ ਕੇ ਇਤਾਲਵੀ ਭਾਸ਼ਾ ਰਾਹੀਂ ਆਇਆ। ਮੱਧ ਕਾਲ ਵਿਚ ਸਪੇਨ-ਪੁਰਤਗਾਲ ਦਾ ਇਲਾਕਾ ਅਰਬੀ ਮੂਰਾਂ ਦੇ ਅਧੀਨ ਰਿਹਾ ਹੈ। ਇਸ ਦੌਰਾਨ ਅਨੇਕਾਂ ਅਰਬੀ ਦੇ ਸ਼ਬਦ ਸਪੈਨਿਸ਼, ਪੁਰਤਗੀਜ਼ ਤੇ ਇਤਾਲਵੀ ਭਾਸ਼ਾਵਾਂ ਵਿਚ ਦਾਖਲ ਹੋਏ। ਕੁਝ ਇੱਕ ਦਾ ਅਸੀਂ ਇਨ੍ਹਾਂ ਪੰਨਿਆਂ ਵਿਚ ਜ਼ਿਕਰ ਕਰ ਆਏ ਹਾਂ। ਇਸ ਸਮੇਂ ਦੌਰਾਨ ਭੂ-ਮੱਧਸਾਗਰ ਦਾ ਲੰਬਾ ਚੌੜਾ ਤੱਟਵਰਤੀ ਖਿੱਤਾ ਜਹਾਜ਼ਰਾਨੀ ਰਾਹੀਂ ਹੁੰਦੇ ਕੌਮਾਂਤਰੀ ਵਪਾਰ ਦਾ ਕੇਂਦਰ ਹੁੰਦਾ ਸੀ। ਇਸ ਖਿੱਤੇ ਵਿਚ ਵਿਭਿੰਨ ਦੇਸ਼ਾ ਦੇ ਵਿਭਿੰਨ ਭਾਸ਼ਾਈ ਸੌਦਾਗਰਾਂ ਨੇ ਸਭ ਨੂੰ ਸਮਝ ਆਉਣ ਵਾਲੀ ਇੱਕ ਮਿਲਗੋਭੀ ਜਿਹੀ ਭਾਸ਼ਾ ਸਿਰਜ ਲਈ ਜਿਸ ਨੂੰ ਲਿੰਗੂਆ ਫਰੈਂਕਾ ਕਿਹਾ ਜਾਂਦਾ ਸੀ। ਇਸ ਵਿਚ ਵਧੇਰੇ ਸ਼ਬਦ ਇਤਾਲਵੀ ਭਾਸ਼ਾ ਦੇ ਸਨ ਪਰ ਸਪੈਨਿਸ਼ ਤੇ ਪੁਰਤਗਾਲੀ ਭਾਸ਼ਾ ਦਾ ਵੀ ਕਾਫੀ ਛੱਟਾ ਸੀ।



ਇਸ ਵਿਚ ਭਾਰਤੀ ਵਪਾਰੀਆਂ ਦਾ ਯੋਗਦਾਨ ਸੀ, ਛੀਂਟ (ਇੱਕ ਕੱਪੜਾ)। ਅਰਬੀ ਭਾਸ਼ਾ ਦਾ 'ਤਾਰੀਫ਼ਅ' ਸ਼ਬਦ ਤੁਰਕੀ ਰਾਹੀਂ ਇਤਾਲਵੀ ਵਿਚ ਹੁੰਦਾ ਹੋਇਆ ਇਸ ਮਿਲਗੋਭੀ ਭਾਸ਼ਾ ਵਿਚ ਜਾ ਰਲਿਆ ਕਿਉਂਕਿ ਇਸ ਖਿੱਤੇ ਵਿਚ ਅਰਬੀਆਂ ਦਾ ਬੋਲਬਾਲਾ ਸੀ। ਇਸ ਤੱਟਵਰਤੀ ਖਿੱਤੇ ਦੀਆਂ ਬੰਦਰਗਾਹਾਂ ਵਿਚ ਇਕ ਸੂਚੀ ਲਾਈ ਜਾਂਦੀ ਸੀ ਜਿਸ ਵਿਚ ਤਜਾਰਤੀ ਉਤਪਾਦਾਂ ਦੀ ਕੀਮਤ ਅਤੇ ਸਥਾਨਕ ਸਰਕਾਰ ਵਲੋਂ ਇਸ 'ਤੇ ਲਾਏ ਜਾਂਦੇ ਮਹਿਸੂਲ ਦੀ ਕੀਮਤ ਵੀ ਦੱਸੀ ਹੁੰਦੀ ਸੀ। ਇਹ ਵਪਾਰੀਆਂ ਅਤੇ ਮਲਾਹਾਂ ਲਈ ਸਹੂਲਤ ਸੀ ਜਿਸ ਤੋਂ ਉਨ੍ਹਾਂ ਨੂੰ ਆਪਣੀਆਂ ਪਸੰਦੀਦਾ ਚੀਜ਼ਾਂ ਦੇ ਭਾਅ ਦਾ ਪਤਾ ਲੱਗ ਜਾਂਦਾ ਸੀ। ਉਂਝ ਇਹ ਟੈਕਸ ਰੋਮਨ ਸਾਮਰਾਜ ਦੇ ਵੇਲੇ ਤੋਂ ਹੀ ਭੂ-ਮੱਧਸਾਗਰੀ ਦੇਸ਼ਾਂ ਤੋਂ ਬਾਹਰਲੇ ਦੇਸ਼ਾਂ ਦੇ ਵਪਾਰੀਆਂ ਦੀਆਂ ਵਸਤਾਂ 'ਤੇ ਲਗਦਾ ਰਿਹਾ ਸੀ।

'ਤਾਰੀਫ਼ਅ' ਸ਼ਬਦ ਟੈਰਿਫ਼ ਬਣ ਕੇ ਅੰਗਰੇਜ਼ੀ ਸਮੇਤ ਹੋਰ ਦੁਨੀਆ ਭਰ ਦੀਆਂ ਬੋਲੀਆਂ ਵਿਚ ਦਾਖਿਲ ਹੋ ਗਿਆ। ਕੁਝ ਭਾਸ਼ਾਵਾਂ ਜਿਵੇਂ ਅੰਗਰੇਜ਼ੀ ਵਿਚ 'ਤ' ਧੁਨੀ ਨਹੀਂ ਹੈ ਇਸ ਲਈ ਏਥੇ 'ਤਾਰੀਫ਼ਅ' 'ਟੈਰਿਫ਼' ਦਾ ਰੂਪ ਧਾਰ ਗਿਆ। ਸਮੇਂ ਦੇ ਗੇੜ ਨਾਲ ਇਹ ਸ਼ਬਦ ਦੂਜੇ ਦੇਸ਼ਾਂ ਤੋਂ ਆਯਾਤ-ਨਿਰਯਾਤ 'ਤੇ ਲਾਏ ਜਾਂਦੇ ਮਹਿਸੂਲ ਲਈ ਹੀ ਇੱਕ ਤਰ੍ਹਾਂ ਰੂੜ ਹੋ ਗਿਆ। ਸਾਮਰਾਜੀ ਅਮਰੀਕਾ ਨੂੰ ਇਸ ਲੁਭਾਵਣੇ ਤੇ ਲਾਭਾਵਣੇ ਸ਼ਬਦ ਰਾਹੀਂ ਪ੍ਰਗਟਾਏ ਜਾਂਦੇ ਸੰਕਲਪ ਨੇ ਸਭ ਤੋਂ ਵੱਧ ਖਿੱਚਿਆ ਕਿਉਂਕਿ ਇਸ ਦੁਆਰਾ ਹੋਰ ਦੇਸ਼ਾਂ ਤੋਂ ਆਯਾਤ 'ਤੇ ਕਾਬੂ ਪਾ ਕੇ ਆਪਣੀ ਸਰਦਾਰੀ ਕਾਇਮ ਰੱਖੀ ਜਾ ਸਕਦੀ ਹੈ। ਹੁਣ ਜਾਣ ਲਈਏ ਕਿ ਅਰਬੀ 'ਤਾਰੀਫ਼ਅ' ਸ਼ਬਦ ਜੋ ਕਿ ਅਸਲ ਵਿਚ ਤੁਰਕ ਭਾਸ਼ਾ ਵਿਚ ਬਣੇ 'ਤੈਰਿਫੇ' ਰਾਹੀਂ ਪ੍ਰਚੱਲਤ ਹੋਇਆ, ਨੇ 'ਨਿਰਖ ਸੂਚੀ' ਜਾਂ 'ਕੀਮਤ ਸਾਰਣੀ' ਜਿਹੇ ਅਰਥ ਕਿਵੇਂ ਧਾਰਨ ਕੀਤੇ। 'ਤਾਰੀਫਅ' ਸ਼ਬਦ ਮੁਢਲੇ ਤੌਰ 'ਤੇ ਅਰਬੀ ਸ਼ਬਦ 'ਅਰਫ਼' (ਐਨ਼-ਰੇ-ਫ਼ੇ) ਤੋਂ ਬਣਿਆ ਜਿਸ ਵਿਚ ਜਾਨਣ, ਪਤਾ ਲੱਗਣ, ਵਾਕਿਫ ਹੋਣ ਦੇ ਭਾਵ ਹਨ। ਅਰਬੀ ਵਿਚ ਕਿਸੇ ਸ਼ਬਦ ਜਾਂ ਧਾਤੂ ਅੱਗੇ 'ਤ' ਅਗੇਤਰਲਾ ਦੇਣ ਨਾਲ ਹੋਰ ਸ਼ਬਦ ਬਣ ਜਾਂਦੇ ਹਨ ਜਿਨ੍ਹਾਂ ਦੀ ਵਿਆਕਰਣਕ ਸ਼੍ਰੇਣੀ ਵੀ ਤੇ ਕੁਝ ਕੁਝ ਭਾਵ ਵੀ ਬਦਲ ਜਾਂਦੇ ਹਨ। ਸੋ 'ਜਾਨਣਾ' ਦੇ ਭਾਵਾਂ ਵਾਲੇ 'ਅਰਫ਼' ਸ਼ਬਦ ਦੇ 'ਤਾਰੀਫ਼ਅ' ਵਿਚ ਬਦਲ ਜਾਣ ਨਾਲ ਇਸ ਦੇ ਸ਼ਾਬਦਿਕ ਅਰਥ ਨਿਕਲੇ 'ਜਿਸ ਤੋਂ ਜਾਣਕਾਰੀ ਮਿਲਦੀ ਹੋਵੇ'। ਅਰਥ-ਸੰਕੁਚਨ ਨਾਲ ਅਗਲੇਰਾ ਅਰਥ ਬਣਿਆ 'ਜਿਸ ਤੋਂ ਚੀਜ਼ਾਂ ਦੇ ਭਾਅ ਦਾ ਪਤਾ ਲਗਦਾ ਹੈ', ਨਿਰਖ ਸੂਚੀ, ਕੀਮਤਾਂ ਦਾ ਵੇਰਵਾ। ਹੋਰ ਭਾਸ਼ਾਵਾਂ ਵਿਚ ਇਹ ਸ਼ਬਦ ਦੋ ਵੱਖਰੇ ਪਰ ਜੁੜਵੇਂ ਅਰਥਾਂ ਵਿਚ ਪਾਟ ਗਿਆ ਯਾਨੀ ਪਹਿਲਾ ਚੀਜ਼ਾਂ ਦੇ ਭਾਅ ਅਤੇ ਦੂਜਾ ਆਯਾਤ 'ਤੇ ਲਗਦਾ ਮਹਿਸੂਲ। ਮਸਲਨ ਫਰਾਂਸ ਵਿਚ ਇਸਦਾ ਮਤਲਬ ਹੈ, ਭਾੜੇ ਦੀ ਸੂਚੀ; ਫਰਾਂਸੀਸੀ ਵਿਚ ਟੈਕਸੀ ਦੇ ਕਿਰਾਇਆਂ ਲਈ ਏਹੀ ਸ਼ਬਦ ਹੈ। ਪਰ ਅਮਰੀਕੀਆਂ ਨੇ ਪਹਿਲਾ ਅਰਥ ਸਾਂਭ ਰੱਖਿਆ। ਉਧਰ ਜਨਮਦਾਤੀ ਅਰਬੀ ਭਾਸ਼ਾ ਵਿਚ 'ਤਾਰੀਫਅ' ਦੇ ਹੋਰ ਵੀ ਮਿਲਦੇ ਜੁਲਦੇ ਅਰਥ ਹਨ ਜਿਨ੍ਹਾਂ ਨੂੰ ਆਪਸ ਵਿਚ ਸੌਖਿਆਂ ਹੀ ਜੋੜਿਆ ਜਾ ਸਕਦਾ ਹੈ ਜਿਵੇਂ ਪਰਿਭਾਸ਼ਾ, ਪਛਾਣ, ਜਾਣ-ਪਛਾਣ, ਪਰਿਚੈ, ਵਾਕਫੀਅਤ, ਸੂਚਨਾ। ਅਰਬੀ ਦੇ' ਅਰਫ਼' ਤੋਂ ਹੋਰ ਸ਼ਬਦ ਬਣੇ ਹਨ ਆਰਿਫ (ਜਾਣਕਾਰ), ਤੁਆਰਫ (ਜਾਣ-ਪਛਾਣ), ਮਆਰਫਤ (ਆਤਮ ਗਿਆਨ) ਆਦਿ।

ਇਸਲਾਮੀ ਹਕੂਮਤਾਂ ਦੌਰਾਨ ਫਾਰਸੀ ਰਾਹੀਂ ਹੁੰਦਾ ਹੋਇਆ 'ਤਾਰੀਫ਼ਅ' ਉਰਦੂ, ਪੰਜਾਬੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿਚ ਵੀ ਘੁਲ-ਮਿਲ ਗਿਆ ਪਰ 'ਤਾਰੀਫ਼' ਦੇ ਉਚਾਰਨ ਵਜੋਂ ਤੇ ਇਸ ਦੇ ਮੁੱਖ ਅਰਥ ਹਨ, ਉਸਤਤ, ਵਡਿਆਈ, ਸਲਾਹੁਤਾ, ਗੁਣ। ਤਾਰੀਫ਼ ਦੇ ਟਾਕਰੇ 'ਤੇ ਟੈਰਿਫ ਸ਼ਬਦ ਪਹਿਲਾਂ ਦੱਸੇ ਅਰਥਾਂ ਅਨੁਸਾਰ ਅੱਜ-ਕਲ੍ਹ ਸਾਡੀਆਂ ਭਾਸ਼ਾਵਾਂ ਵਿਚ ਵਰਤਿਆ ਜਾਣ ਲੱਗਾ ਹੈ। ਹਾਂ, ਅੰਗਰੇਜ਼ਾਂ ਦੇ ਰਾਜ ਸਮੇਂ ਭਾਰਤੀ ਅੰਗਰੇਜ਼ੀ ਸਾਹਿਤ ਵਿਚ ਟੈਰਿਫ਼ ਜ਼ਰੂਰ ਚਲਦਾ ਸੀ। ਪੰਜਾਬੀ ਵਿਚ ਆਮ ਬੋਲ ਚਾਲ ਵਿਚ ਇਹ 'ਤਰੀਫ਼' ਵਜੋਂ ਵਰਤਿਆ ਜਾਂਦਾ ਹੈ। ਡੋਗਰ ਜੱਟਾਂ ਦੀਆਂ ਤਰੀਫ਼ਾਂ ਦੇ ਪੁਲ ਬੰਨ੍ਹਦਿਆਂ ਵਾਰਿਸ ਸ਼ਾਹ ਲਿਖਦੇ ਹਨ,

ਡੋਗਰ ਜੱਟ ਈਮਾਨ ਨੂੰ ਵੇਚ ਖਾਂਦੇ, ਧੀਆਂ ਮਾਰਦੇ ਤੇ ਪਾੜ ਲਾਂਵਦੇ ਜੇ।
ਤਰਕ ਕੌਲ ਹਦੀਸ ਦੇ ਨਿਤ ਕਰਦੇ, ਚੋਰੀ ਯਾਰੀਆਂ ਵਿਆਜ ਕਮਾਂਵਦੇ ਜੇ।
ਜੇਹੇ ਆਪ ਥੀਵਣ ਤੇਹੀਆਂ ਔਰਤਾਂ ਨੇ, ਬੇਟੇ ਬੇਟੀਆਂ ਚੋਰੀਆਂ ਲਾਂਵਦੇ ਜੇ।
ਜਿਹੜਾ ਚੋਰ ਤੇ ਰਾਹਜ਼ਨ ਹੋਵੇ ਕੋਈ, ਉਸ ਦੀ ਵੱਡੀ ਤਾਰੀਫ਼ ਸੁਣਾਂਵਦੇ ਜੇ।

ਅਰਫ਼ ਤੋਂ ਜਾਣਕਾਰ ਦੇ ਅਰਥਾਂ ਵਿਚ ਬਣਿਆ 'ਆਰਿਫ਼' ਸ਼ਬਦ ਪੰਜਾਬੀ ਕਵਿਤਾ ਵਿਚ ਕਾਫੀ ਮਿਲਦਾ ਹੈ,

ਆਓ ਫ਼ਕੀਰੋ ਮੇਲੇ ਚਲੀਏ, ਆਰਫ਼ ਦਾ ਸੁਣ ਵਾਜਾ ਰੇ।
ਅਨਹਦ ਸਬਦ ਸੁਣੋ ਬਹੁ ਰੰਗੀ, ਤਜੀਏ ਭੇਖ ਪਿਆਜਾ ਰੇ।
ਅਨਹਦ ਬਾਜਾ ਸਰਬ ਮਿਲਾਪੀ, ਨਿਰਵੈਰੀ ਸਿਰਨਾਜਾ ਰੇ।

ਮੀਆਂ ਮੁਹੰਮਦ ਬਖਸ਼ ਸ਼ੇਖ ਫਰੀਦ ਜੀ ਬਾਰੇ ਫਰਮਾਉਂਦੇ ਹਨ,

ਸ਼ਾਇਰ ਬਹੁਤ ਪੰਜਾਬ ਜ਼ਿਮੀਂ ਦੇ, ਹੋਏ ਦਾਨਸ਼ ਵਾਲੇ।
ਕਾਫ਼ੀ-ਬਾਰਾਂਮਾਹ ਜਿਨ੍ਹਾਂ ਦੇ ਦੋਹੜੇ ਬੈਂਤ ਉਜਾਲੇ।
ਅੱਵਲ ਸ਼ੇਖ ਫ਼ਰੀਦ ਸ਼ਕਰਗੰਜ, ਆਰਫ ਅਹਿਲ ਵਲਾਯਤ।
ਹਿਕ ਹਿਕ ਸੁਖ਼ਨ ਜ਼ਬਾਨ ਉਹਦੀ ਦਾ, ਰਾਹਬਰ ਕਰੇ ਹਦਾਇਤ।

ਹੋਰ ਸੁਣੋ,

ਬੁੱਲ੍ਹਾ ਸ਼ਹੁ ਇਨਾਇਤ ਆਰਫ਼ ਹੈ, ਉਹ ਦਿਲ ਮੇਰੇ ਦਾ ਵਾਰਸ ਹੈ।
ਮੈਂ ਲੋਹਾ ਤੇ ਉਹ ਪਾਰਸ ਹੈ, ਤੁਸੀਂ ਓਸੇ ਦੇ ਸੰਗ ਖੱਸਦੇ ਹੋ।

ਬਹੁਤ ਸਾਰੇ ਪੰਜਾਬੀ ਕਵੀਆਂ ਨੇ ਆਰਿਫ਼ ਸ਼ਬਦ ਨੂੰ ਤਖੱਲਸ ਵਜੋਂ ਵੀ ਵਰਤਿਆ ਹੈ ਜਿਵੇਂ ਸਾਧੂ ਦਇਆ ਸਿੰਘ ਆਰਿਫ, ਕਿਸ਼ਨ ਸਿੰਘ ਆਰਿਫ, ਪਾਲ ਸਿੰਘ ਆਰਿਫ। ਕਈਆਂ ਦਾ ਪਹਿਲਾ ਨਾਂ ਹੀ ਆਰਿਫ਼ ਹੈ ਜਿਵੇਂ ਆਰਿਫ ਲੋਹਾਰ, ਆਰਿਫ਼ ਦੀਨ। ਆਰਿਫਾ ਖਾਨੁਮ ਸ਼ੇਰਵਾਨੀ ਇੱਕ ਧੜੱਲੇਦਾਰ ਪੱਤਰਕਾਰ ਹੈ। 'ਅਰਫ਼' ਤੋਂ ਬਣਿਆ ਪਰਿਚੈ ਦੇ ਅਰਥਾਂ ਵਾਲਾ ਹੋਰ ਸ਼ਬਦ ਹੈ 'ਤੁਆਰਫ਼' ਜੋ ਰਸਮੀ ਪੰਜਾਬੀ ਵਿਚ ਖੂਬ ਪ੍ਰਚੱਲਤ ਹੈ ਪਰ ਪੰਜਾਬੀ ਕਵਿਤਾ ਵਿਚ ਇਹ ਘੱਟ ਹੀ ਫਿੱਟ ਹੋਇਆ ਹੈ। ਪੰਜਾਬ ਦੇ ਉਰਦੂ ਸ਼ਾਇਰ ਸਾਹਿਰ ਲੁਧਿਆਣਵੀ ਦਾ ਸਹਾਰਾ ਲੈਂਦੇ ਹਾਂ,

ਤੁਆਰਫ ਰੋਗ ਹੋ ਜਾਏ ਤੋ ਉਸ ਕੋ ਭੂਲਨਾ ਬੇਹਤਰ।
ਤੁਅੱਲਕ ਬੋਝ ਬਨ ਜਾਏ ਉਸ ਕੋ ਤੋੜਨਾ ਅੱਛਾ।
ਵੋਹ ਅਫਸਾਨਾ ਜਿਸੇ ਅਨਜਾਮ ਤਕ ਲਾਨਾ ਨਾ ਹੋ ਮੁਮਕਿਨ।
ਉਸੇ ਇੱਕ ਖ਼ੂਬਸੂਰਤ ਮੋੜ ਦੇਕਰ ਛੋੜਨਾ ਅੱਛਾ।

ਅਰਫ਼ ਤੋਂ ਮਸ਼ਹੂਰ, ਜਾਣਿਆ ਜਾਂਦਾ, ਦੂਜਾ ਨਾਂ, ਦੇ ਅਰਥਾਂ ਵਾਲਾ ਸ਼ਬਦ ਬਣਿਆ 'ਉਰਫ਼' ਜਿਵੇਂ ਜੀਵਨ ਸਿੰਘ ਉਰਫ਼ ਭਾਈ ਜੈਤਾ। 'ਅਰਫ਼' ਦੇਮ ਅਗੇਤਰ ਲਾ ਕੇ ਮਾਰਫ਼ਤ/ਮਅਰਫ਼ਤ ਸ਼ਬਦ ਵਿਉਤਪਤ ਹੋਇਆ। ਇਸ ਦਾ ਲਫ਼ਜ਼ੀ ਮਾਅਨਾ ਤਾਂ ਗਿਆਨ, ਬੋਧ ਹੀ ਹੈ ਪਰ ਇਹ ਬਹੁਤਾ ਇਸਲਾਮੀ ਖਾਸ ਤੌਰ 'ਤੇ ਸੂਫੀ ਮਤ ਦਾ ਇੱਕ ਰੂਹਾਨੀ ਲਕਬ ਬਣ ਗਿਆ ਹੈ। ਸੂਫੀ ਸੰਪਰਦਾਇ ਵਿਚ ਸਾਧਨਾ ਦੀਆਂ ਚਾਰ ਅਵਸਥਾਵਾਂ ਵਿਚੋਂ ਤੀਜੀ ਵਿਚ ਸਾਧਕ ਆਪਣੇ ਗੁਰੂ ਜਾਂ ਪੀਰ ਦੇ ਉਪਦੇਸ਼ ਅਤੇ ਸਿੱਖਿਆ ਨਾਲ ਗਿਆਨੀ ਹੋ ਜਾਂਦਾ ਹੈ ਜਿਸ ਨੂੰ ਮਾਰਫ਼ਤ ਕਿਹਾ ਜਾਂਦਾ ਹੈ। ਹਾਫਿਜ਼ ਬਰਖ਼ੁਰਦਾਰ ਦੇ ਮਿਰਜ਼ਾਂ ਸਾਹਿਬਾਂ ਵਿਚ ਸਾਹਿਬਾਂ ਦੇ ਬੋਲ ਹਨ,

ਕਲਮਾਂ ਲਿਖਣ ਵਾਲੀਆ ਲੱਖ ਇਸ਼ਕੇ ਦੀ ਗੱਲ।
ਕਲਮਿਓਂ ਇਸ਼ਕ ਅਗੇਤਰਾ ਮਾਰਫ਼ਤ ਜੀਂ ਵੱਲ।
ਬੁੱਤਾਂ ਬਣ ਗਈਆਂ ਢੇਰੀਆਂ ਬੈਠੀ ਮਿਰਜ਼ਾ ਮੁੱਲ।
ਮਿਰਜ਼ਾ ਤੇ ਮੈਂ ਪੀਂਘ ਤੇ ਵਿਚ ਕੁੜਤੀ ਦੀ ਠੱਲ।

ਗੁਰੂ ਅਰਜਨ ਦੇਵ ਨੇ ਇਹ ਸ਼ਬਦ ਆਤਮਕ ਜੀਵਨ ਦੀ ਸੂਝ ਦੇ ਅਰਥਾਂ ਵਿਚ ਵਰਤਿਆ ਹੈ, 'ਮਾਰਫਤਿ ਮਨੁ ਮਾਰਹੁ ਅਬਦਾਲਾ ਮਿਲਹੁ ਹਕੀਕਤਿ ਜਿਤੁ ਫਿਰਿ ਨ ਮਰਾ'। ਇਸ ਦਾ ਇੱਕ ਅਰਥ ਰਾਹੀਂ, ਦੁਆਰਾ, ਜ਼ਰੀਆ ਵੀ ਹੈ। ਆਮ ਭਾਸ਼ਾ ਵਿਚ ਅਸੀਂ ਇਸ ਸ਼ਬਦ ਦੀ ਵਰਤੋਂ ਚਿੱਠੀ ਦੇ ਪਤੇ ਵਿਚ 'ਰਾਹੀਂ' ਦੇ ਅਰਥਾਂ ਵਿਚ ਵਰਤਦੇ ਰਹੇ ਹਾਂ। ਏਥੇ ਭਾਵ ਹੁੰਦਾ ਹੈ ਉਸ ਬੰਦੇ ਰਾਹੀਂ ਜੋ ਨਗਰ ਵਿਚ ਆਮ ਜਾਣਿਆ ਜਾਂਦਾ ਹੋਵੇ। ਇਹ ਸ਼ਬਦ ਡਾਕੀਏ ਦੀ ਸਹੂਲਤ ਲਈ ਲਿਖਿਆ ਜਾਂਦਾ ਹੈ। ਜਿਵੇਂ 'ਮਿਲੇ ਮੋਹਨ ਸਿੰਘ ਮਾਰਫਤ ਜਸਵੰਤ ਸਿੰਘ ਲੰਬੜਦਾਰ, ਪੱਤੀ ਨੀਏ ਵਾਲ ਪਿੰਡ ਬੰਡਾਲਾ, ਜ਼ਿਲਾ ਜਲੰਧਰ'। ਕਬੂਤਰਾਂ ਦੀ ਮਾਰਫਤ ਵੀ ਪੈਗਾਮ ਭੇਜੇ ਜਾਂਦੇ ਰਹੇ ਹਨ।

# ਟਰੰਪਗੀਰੀ-ਅਨੋਖਾ ਲਾਡਲਾ ਖੇਲਨ ਕੋ ਮਾਂਗੇ ਚਾਂਦ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਅਸਦ ਮੁਹੰਮਦ ਖਾਨ ਦੀ ਇਕ ਰਚਨਾ ਹੈ ਜਿਸ ਨੂੰ ਅਨੇਕਾਂ ਗਾਇਕਾਂ ਨੇ ਗਾਇਆ ਹੈ, ਸਮੇਤ ਬੜੇ ਗੁਲਾਮ ਅਲੀ ਖਾਨ, ਟੀਨਾ ਸਾਹਨੀ, ਬਿਲਕੀਸ ਖਾਨੁਮ, ਤਾਹਿਰਾ ਸਈਯਦ ਦੇ। ਰਚਨਾ ਦਾ ਮੁਖੜਾ ਹੈ:

'ਅਨੋਖਾ ਲਾਡਲਾ ਖੇਲਨ ਕੋ ਮਾਂਗੇ ਚਾਂਦ,
ਕੈਸੀ ਅਨੋਖੀ ਬਾਤ ਰੇ'।

ਸਾਨੂੰ ਇਸ ਸੁਰ-ਬੱਧ ਰਚਨਾ ਦੀ ਯਾਦ ਬਾਰ-ਬਾਰ ਆਉਣ ਦਾ ਕਾਰਨ ਅਮਰੀਕਾ ਦੇ ਦੂਸਰੀ ਵਾਰ ਬਣੇ ਪ੍ਰੈਜ਼ੀਡੈਂਟ ਡੌਨਲਡ ਟਰੰਪ ਦੇ ਅਜੀਬੋ-ਗਰੀਬ ਬਿਆਨਾਂ ਕਾਰਨ ਆਈ ਹੈ। ਇਨ੍ਹਾਂ ਬਿਆਨਾਂ ਵਿਚ ਉਸ ਦੇ 'ਰੀਐਲਟਰ-ਰਾਸ਼ਟਰਪਤੀ' ਜਾਂ 'ਪ੍ਰਾਪਰਟੀ ਡੀਲਰ ਪ੍ਰੈਜ਼ੀਡੈਂਟ' ਹੋਣ ਦੀ ਵਧੇਰੇ ਝਲਕ ਪੈਂਦੀ ਹੈ। ਆਖਿਰ ਉਸ ਦਾ ਪਿਛੋਕੜ ਤਾਂ 'ਰੀਅਲ ਐਸਟੇਟ' ਦੇ ਕਾਰੋਬਾਰ ਵਾਲਾ ਹੀ ਤਾਂ ਹੈ। ਭਾਵ ਜ਼ਮੀਨ ਜਾਂ ਇਮਾਰਤਾਂ ਦੀ ਖਰੀਦੋ-ਫਰੋਖਤ ਕਰਨ ਵਾਲਾ ਕਾਰੋਬਾਰ। ਇਹ ਕਾਰੋਬਾਰ ਮਾੜਾ ਨਹੀਂ ਪਰ ਟਰੰਪ ਤਾਂ ਦੂਸਰੇ ਦੇਸ਼ ਹੀ ਖਰੀਦਣ ਜਾਂ ਹੜੱਪਣ ਦੀ ਤਾਕ ਵਿਚ ਹੈ।

ਅਮਰੀਕੀ ਵਿਸਥਾਰਵਾਦੀ ਨੀਤੀਆਂ ਅਧੀਨ ਉਹ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਸੂਬਾ ਬਣਾਉਣਾ ਲੋਚਦਾ ਹੈ, ਜਿਸ ਦਾ 'ਗਵਰਨਰ' ਜਸਟਿਨ ਟਰੂਡੋ ਹੋਵੇਗਾ। ਟਰੂਡੋ ਕੈਨੇਡਾ ਦਾ ਪ੍ਰਧਾਨ ਮੰਤਰੀ ਹੈ, ਬੇਸ਼ਕ ਉਹ ਹੁਣ ਇਸ ਅਹੁਦੇ ਤੋਂ ਅਸਤੀਫਾ ਦੇ ਚੁਕੈ।

ਹੋਰ ਤਾਂ ਹੋਰ, ਟਰੰਪ ਪਨਾਮਾ ਕਨਾਲ ਤੇ ਡੈਨਮਾਰਕ ਦੇ ਗ੍ਰੀਨਲੈਂਡ ਟਾਪੂ ਨੂੰ ਪ੍ਰਾਪਤ ਕਰਨਾ/ਖਰੀਦਣਾ ਚਾਹੁੰਦੈ ਅਤੇ 'ਗਲਫ ਆਫ ਮੈਕਸੀਕੋ' ਦਾ ਨਾਮ ਬਦਲ ਕੇ 'ਗਲਫ ਆਫ ਅਮੈਰਿਕਾ' ਕਰਨ ਦਾ ਮਨਸ਼ਾ ਰਖਦੈ।

ਟਰੰਪ ਨੇ ਇਹ ਵੀ ਤਾੜਨਾ ਕੀਤੀ ਹੈ ਕਿ ਪੱਛਮੀ ਏਸ਼ੀਆ/ਮੱਧ ਪੂਰਬੀ ਖਿਤੇ ਵਿਚ ਹੇਠਲੀ ਉਤੇ ਹੋ ਜਾਊ ਜੇਕਰ ਹਮਾਸ ਨੇ ਉਸ ਦੇ ਰਾਸ਼ਟਰਪਤੀ ਅਹੁਦੇ 'ਤੇ ਬਿਰਾਜਣ ਤਕ (20 ਜਨਵਰੀ) ਗਾਜ਼ਾ ਵਿਚ 7 ਅਕਤੂਬਰ, 2023 ਤੋਂ 100 ਕੁ ਜਣੇ ਬੰਦੀ ਬਣਾ ਕੇ ਰੱਖੇ, ਜਿਨ੍ਹਾਂ ਵਿਚ ਕੁਝ ਅਮਰੀਕੀ ਵੀ ਹਨ, ਨਾ ਮੁਕਤ ਕੀਤੇ। ਉਸ ਦੇ ਇਨ੍ਹਾਂ ਬਿਆਨਾਂ/ਐਲਾਨਾਂ ਨੇ ਵਿਸ਼ਵ ਵਿਚ ਤਰਥੱਲੀ ਜਿਹੀ ਮਚਾ ਦਿਤੀ ਹੈ।

ਕਿਹਾ ਜਾਂਦੈ ਕਿ ਭਾਵੇਂ ਉਸ ਨੇ ਇਕ ਮੀਟਿੰਗ ਵਿਚ ਮਜ਼ਾਕੀਆ ਲਹਿਜ਼ੇ ਵਿਚ ਕੈਨੇਡਾ ਨੂੰ ਅਮਰੀਕਾ ਦੇ 51ਵੇਂ ਪ੍ਰਾਂਤ ਬਣਾਏ ਜਾਣ ਦੀ ਗਲ ਕਹੀ ਸੀ ਪਰ ਇਸ ਦਾ ਕੈਨੇਡਾ ਵਿਚ ਬੜਾ ਬੁਰਾ ਮਨਾਇਆ ਗਿਆ। ਯਾਦ ਰਹੇ ਕਿ ਅਮਰੀਕਾ ਕੈਨੇਡਾ ਨੂੰ ਸਕਿਉਰਿਟੀ ਪ੍ਰਦਾਨ ਕਰਦੈ ਅਤੇ ਕੈਨੇਡਾ ਉਸ ਤੋਂ ਅਨੇਕਾਂ ਵਸਤਾਂ ਤੇ ਸੇਵਾਵਾਂ ਦਰਾਮਦ ਕਰਦੈ। ਭਾਵੇਂ ਕੈਨੇਡਾ ਸਬੰਧੀ ਟਰੰਪ ਨੇ ਸਿਰਫ ਆਰਥਕ ਸ਼ਕਤੀ ਦੀ ਵਰਤੋਂ ਕਰਨ ਦੀ ਗੱਲ ਕਹੀ ਹੈ, ਪਰ ਗਰੀਨ ਲੈਂਡ ਅਤੇ ਪਨਾਮਾ ਕਨਾਲ ਨੂੰ ਪ੍ਰਾਪਤ ਕਰਨ ਲਈ ਤਾਂ ਬਲ ਪ੍ਰਯੋਗ ਕਰਨ ਦੀ ਧਮਕੀ ਵੀ ਦਿਤੀ ਹੈ, ਕਿਉਂਕਿ ਇਹ ਦੋਵੇਂ ਭੂਸਥਲ ਅਤੇ ਸਮੁੰਦਰ ਰਾਹੀਂ ਵਪਾਰ ਦੇ ਜਲ-ਮਾਰਗ ਅਮਰੀਕਾ ਦੀ ਰਾਸ਼ਟਰੀ/ਆਰਥਕ ਸੁਰੱਖਿਆ ਅਤੇ ਕਾਰੋਬਾਰ ਲਈ ਬਹੁਤ ਮਹੱਤਵਪੂਰਨ ਸਮਝੇ ਜਾਂਦੇ ਹਨ। ਉਸ ਅਨੁਸਾਰ ਪਨਾਮਾ ਕਨਾਲ ਅਮਰੀਕਾ ਨੇ ਬਣਾਈ ਸੀ ਪਰ ਹੁਣ ਉਸ ਦੇ ਸਮੁੰਦਰੀ ਜਹਾਜ਼ਾਂ ਉਪਰ ਬਹੁਤ ਵਧੇਰੇ 'ਟੌਲ' ਲਗਾਇਆ ਜਾ ਰਿਹੈ, ਜਿਸ ਲਈ ਉਹ ਇਸ ਦਾ ਕੰਟਰੋਲ ਆਪਣੇ ਕੋਲ ਕਰਨਾ ਚਾਹੁੰਦੈ।

ਜੇ ਕਰ ਵਾਕਿਆ ਹੀ 'ਟਰੰਪਗੀਰੀ ਬਨਾਮ ਅਮਰੀਕੀ ਵਿਸਥਾਰਵਾਦ' ਦੀ ਨੀਤੀ ਡੌਨਲਡ ਟਰੰਫ ਦੁਆਰਾ 20 ਜਨਵਰੀ ਨੂੰ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਉਪਰੰਤ ਅਮਲ ਵਿਚ ਆ ਜਾਂਦੀ ਹੈ ਜਾਂ ਇਸ ਬਾਰੇ ਕੋਈ ਕਾਰਵਾਈ ਸ਼ੁਰੂ ਹੋ ਜਾਂਦੀ ਹੈ ਤਾਂ ਵਿਸ਼ਵ ਵਿਚ ਇਕ ਹੋਰ ਤਣਾਵ ਪੈਦਾ ਹੋ ਜਾਵੇਗਾ ਅਤੇ ਇਹ ਵਧੇਰੇ ਖਤਰਨਾਕ ਹੋਵੇਗਾ, ਕਿਉਂਕਿ ਇਸ ਦਾ ਕਰਤਾ ਵਿਸ਼ਵ ਦਾ 'ਸੁਪਰ ਕੌਪ' ਜਾਂ 'ਸੁਪਰ-ਪਾਵਰ' ਅਮਰੀਕਾ ਹੋਵੇਗਾ।

ਪਹਿਲਾਂ ਹੀ ਸੰਸਾਰ ਵਿਚ ਤਣਾਵ ਜਾਂ ਜੰਗਾਂ ਦੀ ਭਰਮਾਰ ਹੈ। ਰੂਸ-ਯੂਕਰੇਨ ਯੁੱਧ ਨੂੰ 3 ਸਾਲ ਹੋ ਚਲੇ ਹਨ। ਇਸਰਾਈਲ-ਹਮਾਸ/ਫਿਲਸਤੀਨ ਟਕਰਾ ਵੀ ਕਾਫੀ ਲੰਮੇ ਸਮੇਂ ਤੋਂ ਚਲ ਰਿਹੈ, ਪਾਕਿਸਤਾਨ-ਅਫਗਾਨਿਸਤਾਨ ਵਿਚ ਲੜਾਈ ਵਧ ਰਹੀ ਹੈ, ਹੋਰ ਕਈ ਮੁਲਕਾਂ ਵਿਚ ਆਪਸੀ ਖਹਿਬਾਜ਼ੀ ਸਿਖਰਾਂ 'ਤੇ ਹੈ। ਟਰੰਪ ਦੀ ਇਹ ਆਕਰਮਕ ਬਦੇਸ਼ੀ ਨੀਤੀ

*(ਬਾਕੀ ਅਗਲੇ ਸਫੇ 'ਤੇ)*

# ਸੰਪਾਦਕ ਦੀ ਡਾਕ

***ਐਡੀਟਰ ਜੀ,***

'ਪੰਜਾਬ ਟਾਈਮਜ਼' ਨੇ ਆਪਣੀ ਉਮਰ ਦੇ 25 ਵਰ੍ਹੇ ਪੂਰੇ ਕਰ ਲਏ ਹਨ ਅਤੇ ਸਿਲਵਰ ਜੁਬਲੀ ਤੋਂ ਅਗਲੇ ਪੜਾਅ ਵੱਲ ਕਦਮ ਪੁੱਟਣੇ ਸ਼ੁਰੂ ਕਰ ਲਏ ਹਨ। ਇਸ ਗੱਲ ਦੀ ਬਹੁਤ ਖੁਸ਼ੀ ਅਤੇ ਤਸੱਲੀ ਵੀ ਹੈ ਕਿ ਸਾਡੇ ਛੋਟੇ ਵੀਰ ਸਰਦਾਰ ਅਮੋਲਕ ਸਿੰਘ ਦੀ ਗੈਰ-ਹਾਜ਼ਰੀ ਵਿਚ ਵੀ ਆਪਣੀ ਭਰਪੂਰ ਹਾਜ਼ਰੀ ਲੁਆਉਣ ਦੇ ਨਾਲ-ਨਾਲ ਪਾਠਕਾਂ ਨੂੰ ਲੇਖਣੀ ਦੇ ਖੇਤਰ ਵਿਚ ਨਵੀਆਂ ਕਲਮਾਂ ਨਾਲ ਵੀ ਰੂਬਰੂ ਕਰਾ ਰਿਹਾ ਹੈ।

ਨਵੇਂ ਵਰ੍ਹੇ ਦੀ ਇਸ ਦੂਸਰੀ ਐਡੀਸ਼ਨ ਵਿਚ ਕਾਫੀ ਜਾਣਕਾਰੀ ਭਰਪੂਰ ਲੇਖ ਪੜ੍ਹਨ ਨੂੰ ਮਿਲੇ ਹਨ। ਹਮੇਸ਼ਾ ਦੀ ਤਰ੍ਹਾਂ ਬਲਜੀਤ ਬਾਸੀ ਨੇ 'ਸੁਪਾਰੀ ਦੀ ਖੁਮਾਰੀ' ਲੇਖ ਰਾਹੀਂ 'ਸੁਪਾਰੀ' ਸ਼ਬਦ ਦੀ ਉਤਪਤੀ ਦੇ ਨਾਲ ਨਾਲ ਇਸ ਦੀ ਵਿਭਿੰਨ ਰੂਪਾਂ ਵਿਚ ਵਰਤੋਂ ਨੂੰ ਬੜੇ ਰੌਚਕ ਢੰਗ ਨਾਲ ਬਿਆਨਿਆ ਹੈ। ਸਤਿਨਾਮ ਸਿੰਘ ਮਾਣਕ ਦਾ ਲੇਖ 'ਕਿਸਾਨ ਅੰਦੋਲਨ, ਅਕਾਲੀ ਸੰਕਟ, ਚੋਣਾਂ, ਅਮਨ ਕਾਨੂੰਨ ਦੀ ਹਾਲਤ ਅਤੇ ਪੰਜਾਬ' ਪੰਜਾਬ ਦੀਆਂ ਦੁਸ਼ਵਾਰੀਆਂ ਦੀ ਕਹਾਣੀ ਪਾਉਂਦਾ ਪੰਜਾਬ ਪ੍ਰਤੀ ਦਰਦ ਦੇ ਅਹਿਸਾਸ ਨੂੰ ਹੋਰ ਗਹਿਰਾ ਕਰਦਾ ਹੈ। ਬਚਪਨ ਵਿਚ ਆਪਣੇ ਮਾਮਾ ਜੀ ਤੋਂ ਲਾਹੌਰ ਵਿਚ ਗੁਰਦੁਆਰਾ ਸ਼ਹੀਦ ਗੰਜ ਅਤੇ ਮਸਜਿਦ ਬਾਰੇ ਸਿੱਖਾਂ ਅਤੇ ਮੁਸਲਮਾਨਾਂ ਵਿਚ ਝਗੜੇ ਅਤੇ ਤਤਕਾਲੀਨ ਡੀ.ਸੀ. ਵੱਲੋਂ ਉਸ ਦੇ ਨਿਪਟਾਰੇ ਦੀ ਕਹਾਣੀ ਕਈ ਵਾਰ ਸੁਣੀ ਸੀ। ਡਾਕਟਰ ਆਸਾ ਸਿੰਘ ਘੁੰਮਣ ਦੇ ਲੇਖ 'ਬ੍ਰਿਟਿਸ਼ ਲਾਹੌਰ ਦਾ ਇਕਲੌਤਾ ਡੀ.ਸੀ. -ਪਰਨਾਬ ਸਿੰਘ' ਨੇ ਇਸ ਕਹਾਣੀ ਦੀ ਯਾਦ ਤਾਜ਼ਾ ਕਰਾ ਦਿੱਤੀ ਹੈ ਅਤੇ ਨਾਲ ਹੀ ਇਹ ਵੀ ਮਹਿਸੂਸ ਹੋਇਆ ਕਿ ਸਵਰਗਵਾਸੀ ਮਹਿੰਦਰ ਸਿੰਘ ਰੰਧਾਵਾ ਵਰਗਾ ਧੜੱਲੇਦਾਰ, ਹੌਂਸਲੇ ਅਤੇ ਜਜ਼ਬੇ ਵਾਲਾ ਪਹਿਲਾਂ ਵੀ ਕੋਈ ਸਿੱਖ ਆਈ.ਸੀ.ਐਸ. ਅਫਸਰ ਹੋਇਆ ਹੈ।

ਡਾਕਟਰ ਚਮਨ ਲਾਲ ਨੇ 'ਖੇਤੀ ਇਨਕਲਾਬ ਦੀ' ਲੇਖ ਰਾਹੀਂ ਨਿਸ਼ਟਾ ਜੈਨ ਵੱਲੋਂ 2020 ਵਿਚ ਲੱਗੇ ਕਿਸਾਨ ਮੋਰਚੇ 'ਤੇ ਬਣਾਈ ਦਸਤਾਵੇਜ਼ੀ ਫਿਲਮ ਦੀ ਜਾਣਕਾਰੀ ਦਿੱਤੀ ਹੈ। ਇਹ ਪੜ੍ਹ ਕੇ ਖੁਸ਼ੀ ਹੋਈ ਕਿ ਵਿਸ਼ਵ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਕਿਸਾਨ ਮੋਰਚੇ ਦਾ ਇਤਿਹਾਸ ਹੁਣ ਆਮ ਲੋਕਾਈ ਦਸਤਾਵੇਜ਼ੀ ਫਿਲਮ ਰਾਹੀਂ ਦੁਬਾਰਾ ਦੇਖ ਸਕਦੀ ਹੈ। ਸੰਨ 1965-66 ਵਿਚ ਸਮਰਾਲਾ ਹਲਕੇ ਤੋਂ ਸਵਰਗੀ ਅਜਮੇਰ ਸਿੰਘ ਕੰਗ ਵੇਲੇ ਦੀ ਕਾਂਗਰਸ ਸਰਕਾਰ ਵਿਚ ਪਹਿਲੀ ਵਾਰ ਮੰਤਰੀ ਬਣੇ ਤਾਂ ਉਨ੍ਹਾਂ ਨੇ ਸਮਰਾਲੇ ਨੂੰ ਦੋ ਤੋਹਫੇ ਦਿੱਤੇ ਇੱਕ ਲੜਕਿਆਂ ਵਾਸਤੇ ਆਈ.ਟੀ.ਆਈ. ਕਿੱਤਾ ਸਿਖਲਾਈ ਸੈਂਟਰ ਅਤੇ ਦੂਸਰਾ 'ਮਾਲਵਾ ਕਾਲਜ ਬੌਂਦਲੀ, ਸਮਰਾਲਾ'। ਕਾਲਜ ਦੇ ਨਾਲ ਵਿਸ਼ਾਲ ਖੇਡ ਸਟੇਡੀਅਮ ਬਣਾਇਆ ਜਿਸ ਵਿਚ ਉਸੇ ਸਾਲ ਪੰਜਾਬ ਸਟੇਟ ਖੇਡਾਂ ਕਰਵਾਈਆਂ ਜਿਸ ਵਿਚ ਬਤੌਰ ਮਹਿਮਾਨ ਸਰਦਾਰ ਮਿਲਖਾ ਸਿੰਘ ਅਤੇ ਉਨ੍ਹਾਂ ਦੀ ਧਰਮ ਪਤਨੀ ਨਿਰਮਲ ਮਿਲਖਾ ਸਿੰਘ ਨੇ ਸ਼ਿਰਕਤ ਕੀਤੀ। ਉਦੋਂ ਹੀ ਉਨ੍ਹਾਂ ਦੋਵਾਂ ਮਹਾਨ ਖਿਡਾਰੀਆਂ ਦੀ ਜੋੜੀ ਨੂੰ ਪਹਿਲੀ ਵਾਰ ਦੇਖਿਆ ਸੀ। ਨਵਦੀਪ ਸਿੰਘ ਗਿੱਲ ਦੇ ਲੇਖ ਤੋਂ ਨਿਰਮਲ ਮਿਲਖਾ ਸਿੰਘ ਦੀ ਬਹੁ-ਪੱਖੀ ਖਿਡਾਰੀ ਸ਼ਖ਼ਸੀਅਤ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੋਈ। ਜਗਦੀਸ਼ ਕੌਰ ਨੇ ਡਾਕਟਰ ਹਰਜਿੰਦਰ ਸਿੰਘ ਦਿਲਗੀਰ ਵੱਲੋਂ 'ਨਵਾਂ ਤੇ ਵੱਡਾ ਮਹਾਨ ਕੋਸ਼' ਲੇਖ ਛਾਪ ਕੇ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੇ ਲੇਖਕਾਂ ਅਤੇ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕੀਤਾ ਹੈ।

ਅੱਜ-ਕੱਲ੍ਹ ਮੀਡੀਆ ਵਿਚ ਪੰਜਾਬ ਦੇ ਦੋ ਮੁੱਦਿਆਂ, ਪਿਛਲੇ ਸਾਲ ਫਰਵਰੀ ਮਹੀਨੇ ਤੋਂ ਚੱਲ ਰਹੇ ਕਿਸਾਨ ਅੰਦੋਲਨ ਅਤੇ ਬਾਦਲ ਅਕਾਲੀ ਦਲ ਖਾਸ ਕਰਕੇ ਸੁਖਬੀਰ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖਤ ਵੱਲੋਂ ਤਨਖਾਹ ਲਾਉਣਾ, 'ਤੇ ਬਹੁਤ ਚਰਚਾ ਚੱਲ ਰਹੀ ਹੈ। ਹਰਚਰਨ ਸਿੰਘ ਪਰਹਾਰ ਦਾ ਲੇਖ ਇਸੇ ਵਿਸ਼ੇ 'ਤੇ 'ਸ੍ਰੀ ਅਕਾਲ ਤਖਤ ਦੀ ਸਰਬਉਚਤਾ ਅਤੇ ਸੁਖਬੀਰ ਬਾਦਲ ਨੂੰ ਸਜ਼ਾ ਦਾ ਮੁੱਦਾ' 'ਪੰਜਾਬ ਟਾਈਮਜ਼' ਵਿਚ ਛਪਿਆ ਹੈ। ਮੈਂ ਸਾਰੇ ਲੇਖ ਬਾਰੇ ਗੱਲ ਨਹੀਂ ਕਰਾਂਗੀ ਕਿਉਂਕਿ ਇਸ ਤੋਂ ਪਿਛਲੀ ਐਡੀਸ਼ਨ ਵਿਚ ਸ. ਹਜ਼ਾਰਾ ਸਿੰਘ ਦਾ ਜੋ ਲੇਖ ਛਪਿਆ ਸੀ ਇਹ ਲੇਖ ਉਸੇ ਦਾ ਤਕਰੀਬਨ ਦੁਹਰਾਅ ਹੈ ਅਤੇ ਹਜ਼ਾਰਾ ਸਿੰਘ ਹੋਰਾਂ ਨੇ ਬਹੁਤ ਸਿਸਟਮੈਟਿਕ ਢੰਗ ਨਾਲ ਬਾਖੂਬੀ ਸਾਰੇ ਤੱਥਾਂ ਨੂੰ ਬਿਆਨ ਕੀਤਾ ਸੀ। ਇੱਥੇ ਮੈਂ ਸਿਰਫ਼ ਦੋ ਨੁਕਤਿਆਂ ਦਾ ਜ਼ਿਕਰ ਕਰਨਾ ਹੈ। ਪਰਹਾਰ ਨੇ ਆਪਣੇ ਲੇਖ ਵਿਚ ਲਿਖਿਆ ਹੈ 'ਹੁਣ ਚਲਦੇ ਹਾਂ, ਅਕਾਲ ਤਖਤ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਵਿਚ ਚੱਲ ਰਹੇ ਨਵੇਂ ਵਿਵਾਦ ਵੱਲ। ਇਸ ਦੀ ਸ਼ੁਰੂਆਤ ਮਈ, 2007 ਵਿਚ ਸੱਚਾ ਸੌਦਾ ਡੇਰੇ ਦੇ ਮੁਖੀ ਗੁਰਮੀਤ ਰਾਮ ਰਹੀਮ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਫੋਟੋਆਂ ਵਿਚ ਪ੍ਰਚੱਲਤ ਪੁਸ਼ਾਕ ਪਾ ਕੇ ਰੂ ਅਫਜ਼ਾ ਛਕਾਉਣ ਦਾ ਸਵਾਂਗ ਰਚਣ ਨਾਲ ਹੋਈ ਸੀ। ਜਿਸ ਨੂੰ ਮੀਡੀਆ ਦੇ ਇੱਕ ਹਿੱਸੇ ਨੇ ਪਤਾ ਨਹੀਂ ਕਿਸ ਉਦੇਸ਼ ਨਾਲ ਅਜਿਹੀ ਸਨਸਨੀਖੇਜ਼ ਘਟਨਾ ਬਣਾ ਕੇ ਪੇਸ਼ ਕੀਤਾ ਕਿ ਆਮ ਸਿੱਖਾਂ ਦਾ ਵੱਡਾ ਹਿੱਸਾ ਭੜਕ ਕੇ ਮਰਨ-ਮਾਰਨ ਲਈ ਤਿਆਰ ਹੋ ਗਿਆ।' ਪਰਹਾਰ ਜੀ ਆਪਾਂ ਮੰਨ ਲੈਂਦੇ ਹਾਂ ਕਿ ਮੀਡੀਆ ਦਾ ਖਬਰਾਂ ਫੈਲਾਉਣ ਵਿਚ ਬਹੁਤ ਹੱਥ ਹੁੰਦਾ ਹੈ ਅਤੇ ਮੀਡੀਆ ਖ਼ਬਰਾਂ ਨੂੰ ਸਨਸਨੀਖੇਜ਼ ਵੀ ਬਣਾਉਂਦਾ ਹੈ; ਪ੍ਰੰਤੂ ਇਨ੍ਹਾਂ ਸਾਰੀਆਂ ਘਟਨਾਵਾਂ ਦਾ ਸਿਲਸਿਲਾ ਕੀ ਮਹਿਜ਼ ਮੀਡੀਆ ਕਾਰਨ ਵਾਪਰਿਆ? ਉਸ ਬੰਦੇ ਦੀ, ਜਿਹੜਾ ਆਪਣੇ ਆਪ ਨੂੰ ਇਕ ਡੇਰੇ ਦਾ ਮੁਖੀ ਵੀ ਕਹਾਉਂਦਾ ਹੈ ਅਤੇ ਡੇਰੇ ਦਾ ਮੁਖੀ ਇੱਕ ਤਰ੍ਹਾਂ ਨਾਲ ਧਾਰਮਿਕ ਆਗੂ ਹੁੰਦਾ ਹੈ, ਉਸ ਦੀ ਕੋਈ ਜ਼ਿੰਮੇਵਾਰੀ ਨਹੀਂ ਬਣਦੀ ਕਿ ਉਹ ਇਸ ਤਰ੍ਹਾਂ ਦੀ ਕਿਸੇ ਘਟਨਾ ਨੂੰ ਅੰਜ਼ਾਮ ਨਾ ਦੇਵੇ ਜਿਸ ਨਾਲ ਕਿਸੇ ਦੂਸਰੇ ਧਰਮ ਨੂੰ ਮੰਨਣ ਵਾਲਿਆਂ ਦੀਆਂ ਭਾਵਨਾਵਾਂ ਨਾ ਭੜਕਣ? ਹੁਣ ਤਾਂ ਇਸ ਰਚੇ ਗਏ ਬਿਰਤਾਂਤ ਬਾਰੇ ਬਹੁਤ ਖੁਲਾਸੇ ਹੋ ਚੁੱਕੇ ਹਨ, ਇਸ ਦੇ ਪਿੱਛੇ ਮਕਸਦ ਕੀ ਸੀ ਵਗੈਰਾ। ਤੁਹਾਡੇ ਕਹਿਣ ਦਾ ਮਤਲਬ ਹੈ ਜੋ ਕੁਝ ਵੀ ਵਾਪਰਿਆ ਉਸ ਲਈ ਮੀਡੀਆ ਜ਼ਿੰਮੇਵਾਰ ਹੈ ਜਾਂ ਫਿਰ ਮੀਡੀਆ ਨੂੰ ਸੁਣਨ ਵਾਲੇ ਲੋਕ ਪਰ ਡੇਰਾ ਮੁਖੀ ਦਾ ਕੋਈ ਦੋਸ਼ ਨਹੀਂ। ਇਕੱਲਾ ਸਵਾਂਗ ਰਚਾਉਣ ਦਾ ਦੋਸ਼ ਨਹੀਂ ਹੁਣ ਤਾਂ ਉਸ ਡੇਰੇਦਾਰ ਦੀਆਂ ਕਰਤੂਤਾਂ ਦੇ ਹੋਰ ਵੀ ਅਨੇਕਾਂ ਕੱਚੇ ਚਿੱਠੇ ਬਾਹਰ ਆ ਚੁੱਕੇ ਹਨ, ਕੁੱਝ ਕੇਸਾਂ ਵਿਚ ਜੇਲ੍ਹ ਹੋ ਗਈ ਹੈ ਅਤੇ ਕੁੱਝ ਚੱਲ ਰਹੇ ਹਨ। ਖੈਰ ਤੁਹਾਨੂੰ ਉਸ ਨਾਲ ਹਮਦਰਦੀ ਹੈ ਜੀ ਸਦਕੇ। ਬਾਕੀ ਗੁਰੂ ਸਹਿਬਾਨਾਂ ਦੀ ਪੁਸ਼ਾਕ ਕਿਸ ਤਰ੍ਹਾਂ ਦੀ ਹੁੰਦੀ ਸੀ? ਸ਼ਰਧਾਵਾਨਾਂ ਨੇ ਬਹੁਤ ਸਾਰੀਆਂ ਥਾਵਾਂ 'ਤੇ ਸੰਭਾਲ ਕੀਤੀ ਹੋਈ ਹੈ ਅਤੇ ਸਿੱਖ ਇਤਿਹਾਸ ਦੇ ਗੌਣ ਸਰੋਤਾਂ ਵਿਚ ਵੀ ਜ਼ਿਕਰ ਮਿਲ ਜਾਂਦਾ ਹੈ।

ਹਰਚਰਨ ਸਿੰਘ ਪਰਹਾਰ ਨੇ ਅੱਗੇ ਲਿਖਿਆ ਹੈ 'ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ 2017 ਵਿਚ ਅਕਾਲੀਆਂ ਦੇ ਹਾਰ ਜਾਣ ਤੋਂ ਬਾਅਦ 5 ਸਾਲ ਕਾਂਗਰਸ ਦੀ ਸਰਕਾਰ ਰਹੀ, ਹੁਣ 2022 ਤੋਂ ਆਮ ਆਦਮੀ ਦੀ ਸਰਕਾਰ ਹੈ। ਜੇ ਅਕਾਲੀ ਦਲ ਬਾਦਲ ਦੀ ਲੀਡਰਸ਼ਿਪ ਹੀ ਇਸ ਸਭ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਸੀ ਤਾਂ ਫਿਰ ਕੈਪਟਨ ਦੀ ਕਾਂਗਰਸ ਅਤੇ ਹੁਣ 'ਆਪ' ਦੀ ਭਗਵੰਤ ਮਾਨ ਸਰਕਾਰ, ਬਾਦਲਕਿਆਂ ਨੂੰ ਸਜ਼ਾਵਾਂ ਕਿਉਂ ਨਹੀਂ ਦੇ ਸਕੀ? ਕੀ ਜਥੇਦਾਰਾਂ ਨੂੰ 'ਕਾਂਗਰਸ' ਅਤੇ 'ਆਪ' ਲੀਡਰਸ਼ਿਪ ਤੋਂ ਸਪਸ਼ਟੀਕਰਨ ਨਹੀਂ ਲੈਣਾ ਚਾਹੀਦਾ ਸੀ? ਵਾਹ ਪਰਹਾਰ ਜੀ ਵਾਹ! ਕਮਾਲ ਦਾ ਪ੍ਰਸ਼ਨ ਉਠਾਇਆ ਹੈ ਤੁਸੀਂ। ਕੀ ਤੁਸੀਂ ਦੱਸ ਸਕਦੇ ਹੋ ਕਿ ਸ੍ਰੀ ਅਕਾਲ ਤਖਤ ਦੇ ਜਾਂ ਤਖਤਾਂ ਦੇ ਜਥੇਦਾਰ ਕਾਂਗਰਸ ਜਾਂ 'ਆਪ' ਸਰਕਾਰਾਂ ਤੋਂ ਕਿਉਂ ਸਪਸ਼ਟੀਕਰਨ ਮੰਗਦੇ? ਤੁਹਾਨੂੰ ਏਨਾ ਕੁ ਤਾਂ ਪਤਾ ਹੋਣਾ ਚਾਹੀਦਾ ਹੈ ਕਿ ਤੁਹਾਡੇ ਵੱਲੋਂ ਉਪਰ ਦੱਸਿਆ ਮਸਲਾ ਧਾਰਮਿਕ ਭਾਵਨਾਵਾਂ ਦਾ ਮਸਲਾ ਸੀ। ਅਕਾਲੀ ਦਲ ਸਿੱਖਾਂ ਦੀ ਨੁਮਾਇੰਦਗੀ ਕਰਦੀ ਰਾਜਨੀਤਕ ਪਾਰਟੀ ਹੈ ਜਿਸ ਦਾ ਜਨਮ ਗੁਰਦੁਆਰਾ ਸੁਧਾਰ ਲਹਿਰ ਦੀ ਜਦੋ-ਜਹਿਦ ਵਿਚੋਂ ਪੈਦਾ ਹੋਈ ਸ਼੍ਰੋਮਣੀ ਕਮੇਟੀ ਦੀ ਹੋਂਦ ਵਿਚੋਂ ਸ਼੍ਰੋਮਣੀ ਅਕਾਲੀ ਦਲ ਬਣ ਕੇ 1920 ਵਿਚ ਨਿਕਲਿਆ। ਅਕਾਲੀ ਦਲ ਰਾਜਨੀਤਕ ਫਰੰਟ 'ਤੇ ਸਿੱਖਾਂ ਦੀ ਨੁਮਾਇੰਦਗੀ ਕਰਦਾ ਰਿਹਾ ਹੈ ਜਿਸ ਦੀ ਅਗਵਾਈ ਵਿਚ, ਜਿਸ ਦੇ ਸੱਦੇ 'ਤੇ ਸਮੇਂ ਸਮੇਂ ਲੱਗਦੇ ਮੋਰਚਿਆਂ ਵਿਚ ਆਮ ਸਿੱਖਾਂ ਨੇ ਅਕਾਲੀ ਲੀਡਰਾਂ ਦੇ ਕਹਿਣ 'ਤੇ ਜੇਲ੍ਹਾਂ ਭਰੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਸ੍ਰੀ ਅਕਾਲ ਤਖਤ ਅਤੇ ਦੂਸਰੇ ਤਖਤ ਆਪਸ ਵਿਚ ਅੰਤਰ-ਸਬੰਧਤ ਹਨ। ਕਾਂਗਰਸ ਅਤੇ 'ਆਪ' ਸਰਕਾਰਾਂ ਨਾਲ ਤਖਤਾਂ ਦਾ ਇਸ ਕਿਸਮ ਦਾ ਕੀ ਸਬੰਧ ਹੈ? ਕਾਂਗਰਸ ਅਤੇ 'ਆਪ' ਸਰਕਾਰਾਂ ਬੇਸ਼ੱਕ ਪੰਜਾਬੀਆਂ ਦੀਆਂ ਵੋਟਾਂ ਨਾਲ, ਜਿਨ੍ਹਾਂ ਵਿਚ ਸਿੱਖ ਵੋਟਰ ਵੀ ਸ਼ਾਮਲ ਹਨ, ਹੋਂਦ ਵਿਚ ਆਈਆਂ ਹਨ ਪਰ ਉਹ ਸਿੱਖਾਂ ਦੀ ਰਾਜਨੀਤਕ ਨੁਮਾਇੰਦਗੀ ਨਹੀਂ ਕਰਦੀਆਂ ਅਤੇ ਨਾ ਹੀ ਉਹ ਪੰਥ ਦੇ ਨਾਮ 'ਤੇ ਵੋਟਾਂ ਮੰਗਦੀਆਂ ਹਨ। ਕਾਂਗਰਸ ਜਾਂ 'ਆਪ' ਦੇ ਮੰਤਰੀਆਂ ਨੂੰ ਕੀ ਸਰਕਾਰ ਬਣਨ 'ਤੇ ਅਨੰਦਪੁਰ ਸਾਹਿਬ ਜਾ ਕੇ ਅੰਮ੍ਰਿਤ ਛਕਣਾ ਪਿਆ? ਸ਼੍ਰੋਮਣੀ ਅਕਾਲੀ ਦਲ ਦੀ ਜਦੋਂ ਕਾਫੀ ਸਮਾਂ ਪਹਿਲਾਂ ਸਰਕਾਰ ਬਣੀ ਸੀ, ਸ਼ਾਇਦ ਸੁਖਬੀਰ ਸਿੰਘ ਬਾਦਲ ਹੋਰੀਂ ਉਦੋਂ ਪਹਿਲੀ ਵਾਰ ਮਨਿਸਟਰੀ ਵਿਚ ਆਏ ਸੀ ਤਾਂ ਇੱਕ ਵਾਢਿਓਂ ਸਾਰਿਆਂ ਨੇ ਅੰਮ੍ਰਿਤ ਛਕਿਆ ਸੀ; ਭਲਾਂ ਕਿਉਂ? ਕਾਂਗਰਸ ਜਾਂ 'ਆਪ' ਦਾ ਕੋਈ ਵੀ ਮੈਂਬਰ ਵਿਅਕਤੀਗਤ ਰੂਪ ਵਿਚ ਬਤੌਰ ਸਿੱਖ ਤਾਂ ਅਕਾਲ ਤਖਤ ਵਿਚ ਸ਼ਰਧਾ ਰੱਖ ਸਕਦਾ ਹੈ, ਸਬੰਧਤ ਹੋ ਸਕਦਾ ਹੈ ਪਰ ਰਾਜਨੀਤਕ ਪਾਰਟੀ ਦੇ ਤੌਰ 'ਤੇ ਉਨ੍ਹਾਂ ਦਾ ਸ੍ਰੀ ਅਕਾਲ ਤਖਤ ਸਾਹਿਬ ਨਾਲ ਕੋਈ ਸਿੱਧਾ ਸਬੰਧ ਹੋ ਸਕਦਾ ਹੈ, ਮੇਰਾ ਨਹੀਂ ਖਿਆਲ। ਸਿੱਖਾਂ ਦੀ ਨੁਮਾਇੰਦਾ ਪਾਰਟੀ ਹੋਣ ਦੇ ਨਾਤੇ ਸਿੱਖ ਸੰਗਤਾਂ ਨੂੰ ਹੱਕ ਹੈ ਕਿ ਅਕਾਲੀ ਦਲ 'ਤੇ ਉਹ ਕਿੰਤੂ-ਪ੍ਰੰਤੂ ਕਰ ਸਕਣ ਅਤੇ ਸ੍ਰੀ ਅਕਾਲ ਤਖਤ 'ਤੇ ਸ਼ਿਕਾਇਤ ਕਰਨ। ਵੈਸੇ ਤਾਂ ਸਿੱਖ ਸੰਗਤਾਂ ਨੇ ਵੋਟਰਾਂ ਦੇ ਰੂਪ ਵਿਚ ਅਕਾਲੀ ਦਲ ਬਾਦਲ ਨੂੰ ਆਪਣਾ ਰੋਸ ਪੂਰੀ ਤਰ੍ਹਾਂ ਪਰਗਟ ਕਰ ਦਿੱਤਾ ਸੀ ਪਰ ਉਨ੍ਹਾਂ ਨੂੰ ਅਧਿਕਾਰ ਹੈ ਕਿ ਆਪਣਾ ਮਸਲਾ ਸ੍ਰੀ ਅਕਾਲ ਤਖਤ 'ਤੇ ਪੇਸ਼ ਕਰ ਸਕਦੇ ਹਨ। ਜਿਸ ਤਰ੍ਹਾਂ ਹਜ਼ਾਰਾ ਸਿੰਘ ਨੇ ਆਪਣੇ ਲੇਖ ਵਿਚ ਦੱਸਿਆ ਹੈ ਕਿ ਵੱਖ-ਵੱਖ ਸਮਿਆਂ 'ਤੇ ਸ੍ਰੀ ਅਕਾਲ ਤਖਤ ਨੂੰ ਵੱਖ-ਵੱਖ ਧੜਿਆਂ ਵੱਲੋਂ ਵਰਤਿਆ ਜਾਂਦਾ ਰਿਹਾ ਹੈ, ਬਾਦਲ ਅਕਾਲੀ ਦਲ ਵੀ ਵਰਤਦਾ ਰਿਹਾ ਹੈ, ਇਨ੍ਹਾਂ ਮਾਅਨਿਆਂ ਵਿਚ ਅਕਾਲੀ ਦਲ (ਬਾਦਲ) ਨੂੰ ਭੁਗਤਣਾ ਵੀ ਪੈ ਸਕਦਾ ਸੀ ਅਤੇ ਪੈ ਵੀ ਗਿਆ ਹੈ। ਤਕਲੀਫ ਤੁਹਾਨੂੰ ਸ੍ਰੀ ਅਕਾਲ ਤਖਤ ਦੀ ਹੈ ਜਾਂ ਬਾਦਲ ਦਲ ਨੂੰ ਤਨਖਾਹ ਲੱਗਣ ਦੀ? ਨਿਮਾਣੇ ਸਿੱਖ ਦੇ ਤੌਰ 'ਤੇ ਮੇਰਾ ਇਹ ਮੰਨਣਾ ਹੈ ਕਿ ਜੇ ਅਕਾਲੀ ਦਲ (ਬਾਦਲ), ਜਿਸ ਤਰ੍ਹਾਂ ਗੁਨਾਹ ਕਬੂਲ ਕੀਤੇ ਸੀ ਉਸੇ ਤਰ੍ਹਾਂ ਨਿਮਰਤਾ ਨਾਲ ਤਨਖਾਹ ਨੂੰ ਸੁਹਿਰਦਤਾ ਨਾਲ ਨਿਭਾਅ ਵੀ ਲੈਂਦਾ ਤਾਂ ਰੀਵਾਈਵਲ ਦਾ ਮੌਕਾ ਜ਼ਿਆਦਾ ਨਜ਼ਦੀਕ ਹੋਣਾ ਸੀ ਕਿਉਂਕਿ ਸਿੱਖ ਜਗਤ ਵਿਚ ਭੁੱਲ ਬਖਸ਼ਾਉਣ 'ਤੇ ਫਰਾਖਦਿਲੀ ਨਾਲ ਸੰਗਤਾਂ ਮੁਆਫ ਵੀ ਕਰ ਦਿੰਦੀਆਂ ਹਨ ਪਰ ਅਕਾਲੀਅਤ ਤੋਂ ਅਣਜਾਣ ਸਲਾਹੂ ਇਸ ਰਾਹ 'ਤੇ ਤੁਰਨ ਹੀ ਨਹੀਂ ਦਿੰਦੇ ਬਹਾਨਾ ਬਣਾਉਂਦੇ ਹਨ ਇਲੈਕਸ਼ਨ ਕਮਿਸ਼ਨ ਦਾ। ਜੇ ਉਤਰ ਪ੍ਰਦੇਸ਼ ਦਾ ਚੀਫ ਮਨਿਸਟਰ ਯੋਗੀ ਅਦਿੱਤਿਆ ਨਾਥ ਧਾਰਮਿਕ ਮੱਠ ਦਾ ਮੁਖੀ ਹੋ ਸਕਦਾ ਹੈ, ਦੇਸ਼ ਦਾ ਮੁਖੀ ਰਾਮ ਮੰਦਰ ਦਾ ਉਦਘਾਟਨ ਕਰ ਸਕਦਾ ਹੈ ਫਿਰ ਅਕਾਲੀ ਦਲ ਸ੍ਰੀ ਅਕਾਲ ਤਖਤ ਦੀ ਅਗਵਾਈ ਵਿਚ ਦਿੱਤੀ ਸਲਾਹ ਅਨੁਸਾਰ ਅਸਤੀਫੇ ਮਨਜ਼ੂਰ ਕਰਵਾ ਕੇ ਗਰਾਉਂਡ ਪੱਧਰ ਤੋਂ ਮੁੜ ਭਰਤੀ ਕਿਉਂ ਨਹੀਂ ਕਰ ਸਕਦਾ?

***-ਡਾ. ਗੁਰਨਾਮ ਕੌਰ***

## ਸੰਪਾਦਕ ਜੀ,

'ਪੰਜਾਬ ਟਾਈਮਜ਼' ਦੇ ਪਿਛਲੇ ਅੰਕ ਵਿਚ 'ਅਕਾਲ ਤਖਤ ਦੀ ਸਰਵਉੱਤਚਤਾ ਅਤੇ ਸੁਖਬੀਰ ਨੂੰ ਸਜ਼ਾ' ਦੇ ਵਿਸ਼ੇ 'ਤੇ ਸ. ਹਰਚਰਨ ਸਿੰਘ ਪ੍ਰਹਾਰ ਦਾ ਵਿਸਥਾਰਿਤ ਲੇਖ ਪੜ੍ਹਿਆ। ਵਿਦਵਾਨ ਲੇਖਕ ਨੇ ਪਿਛਲੇ ਪੰਜਾਹ ਸਾਲਾਂ ਦੌਰਾਨ ਅਕਾਲ ਤਖਤ 'ਤੇ ਵਾਪਰੇ ਘਟਨਾਕ੍ਰਮ ਦਾ ਜੋ ਨਕਸ਼ਾ ਖਿੱਚਿਆ ਹੈ, ਉਹ ਇਹ ਗੱਲ ਸਾਫ ਕਰਦਾ ਹੈ ਕਿ ਰਾਜਨੀਤੀ ਲਈ ਅਕਾਲ ਤਖਤ ਦੀ ਬੇਦਰੇਗ ਵਰਤੋਂ ਦਾ ਇਤਿਹਾਸ ਕਾਫੀ ਲੰਮਾ ਹੈ। ਲੇਖਕ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਦੁਰਵਰਤੋਂ ਦੇ ਇਸ ਲੰਮੇ ਸਿਲਸਿਲੇ ਨੇ ਸਮੱਸਿਆਵਾਂ ਹੋਰ ਉਲਝਾ ਦਿੱਤੀਆਂ ਦਿੱਤੀ ਹਨ।

ਪਿਛਲੇ ਦਿਨੀਂ 'ਪੰਜਾਬ ਟਾਈਮਜ਼' ਵਿਚ ਮੇਰੇ ਛਪੇ ਲੇਖ ਵਿਚ ਮੈਂ ਮੌਜੂਦਾ ਦੌਰ ਵਿਚ ਅਕਾਲ ਤਖਤ ਦੀ ਸਰਵਉੱਤਾ ਓਹਲੇ ਖੇਲ੍ਹੇ ਜਾ ਰਹੇ ਰਾਜਨੀਤਕ ਖੇਲ੍ਹ ਨੂੰ ਸਿਆਸੀ 'ਰੀਵਾਈਵਲ' ਅਤੇ 'ਸਰਵਾਈਵਲ' ਦੇ ਘੋਲ਼ ਦੇ ਲੰਮੇ ਸਮੇਂ ਤੋਂ ਚੱਲਦੇ ਆ ਰਹੇ ਤਿਕੜਮਬਾਜ਼ ਸਿਲਸਿਲੇ ਦੀ ਗਾਥਾ ਦਾ ਅਗ਼ਲਾ ਕਾਂਡ ਆਖਿਆ ਸੀ। ਪਰ ਉਹ ਗਾਥਾ ਕੀ ਸੀ? ਸ. ਹਰਚਰਨ ਸਿੰਘ ਪ੍ਰਹਾਰ ਨੇ ਮਿਹਨਤ ਨਾਲ ਤੱਥ ਇਕੱਠੇ ਕਰਕੇ ਜੋ ਇਹ ਲਿਖਤ ਲਿਖੀ ਹੈ, ਇਹ ਹੀ ਉਹ ਗਾਥਾ ਹੈ ਜਿਸਦਾ ਇਸ਼ਾਰਾ ਮੈਂ ਆਪਣੇ ਲੇਖ ਵਿਚ ਕੀਤਾ ਸੀ।

ਮੌਜੂਦਾ ਦੌਰ ਵਿਚ ਜੋ ਸਮੱਸਿਆ ਨਜ਼ਰ ਆਉਂਦੀ ਹੈ, ਇਹ ਸਿੱਖ ਸੰਸਥਾਵਾਂ ਦੇ ਵਿਕਾਸ ਨੂੰ ਜਾਣ-ਬੁੱਝ ਕੇ ਰੋਕੇ ਜਾਣ ਦਾ ਨਤੀਜਾ ਹੈ। ਸਿੱਖਾਂ ਨੇ ਆਪਣੀਆਂ ਸੰਸਥਾਵਾਂ ਵਿਚਲੇ ਮਾਮਲੇ ਹੱਲ ਕਰਨ ਲਈ ਸਮੇਂ ਦੇ ਹਾਣ ਦਾ ਕੋਈ ਢੰਗ-ਤਰੀਕਾ ਵਿਕਸਿਤ ਹੀ ਨਹੀਂ ਹੋਣ ਦਿੱਤਾ। ਅਕਾਲ ਤਖਤ ਦੀ ਸੰਸਥਾ ਅਤੇ ਜਥੇਦਾਰਾਂ ਬਾਰੇ ਵੀ ਕੋਈ ਵਿਧੀ-ਵਿਧਾਨ ਤਿਆਰ ਨਹੀਂ ਕੀਤਾ ਜਾ ਸਕਿਆ। ਅਸਲ ਵਿਚ ਤਿਆਰ ਹੋਣ ਹੀ ਨਹੀਂ ਦਿੱਤਾ ਗਿਆ ਤਾਂ ਜੋ ਇਸ ਦੀ ਵਰਤੋਂ ਮਨਮਰਜ਼ੀ ਨਾਲ ਕੀਤੀ ਜਾ ਸਕੇ।

ਸੋ, ਸਿੱਖ ਸੰਸਥਾਵਾਂ ਸਾਹਮਣੇ ਵੱਡੀ ਚੁਣੌਤੀ ਸੰਸਥਾਵਾਂ ਨੂੰ ਲੋਕਤੰਤਰੀ, ਪਾਰਦਰਸ਼ੀ ਅਤੇ ਜਵਾਬਦੇਹੀ ਬਣਾਉਣ ਲਈ ਯੋਗ ਢਾਂਚੇ ਉਸਾਰਨ ਦੀ ਹੈ। ਜੇ ਐਸਾ ਨਾ ਹੋ ਸਕਿਆ, ਸਿੱਖ ਸੰਸਥਾਵਾਂ ਦਾ ਵਿਕਾਰ ਅਤੇ ਸਤਿਕਾਰ ਬਹਾਲ ਰੱਖਣਾ ਮੁਸ਼ਕਿਲ ਹੋਵੇਗਾ। ਧੰਨਵਾਦ।

***-ਹਜ਼ਾਰਾ ਸਿੰਘ ਮਿਸੀਸਾਗਾ***

---

***(ਪਿਛਲੇ ਸਫੇ ਦਾ ਬਾਕੀ)***

ਹੋਰ ਪੁਆੜੇ ਪਾ ਸਕਦੀ ਹੈ।

ਟਰੰਪ ਨੇ ਤਾਂ ਡੈਨਮਾਰਕ ਨੂੰ ਇਹ ਵੀ ਧਮਕੀ ਦਿਤੀ ਹੈ ਕਿ ਜੇ ਉਹ ਗਰੀਨਲੈਂਡ ਨੂੰ ਖਰੀਦੇ ਜਾਣ ਵਿਚ ਰੁਕਾਵਟ ਬਣੇਗਾ ਤਾਂ ਅਮਰੀਕਾ ਉਸ ਉਪਰ 'ਟੈਰਿਫ'(ਦਰਾਮਦੀ-ਬਰਾਮਦੀ ਟੈਕਸ) ਲਗਾ ਦਏਗਾ। ਉਸ ਵਲੋਂ ਗਰੀਨਲੈਂਡ ਖਰੀਦਣ ਲਈ ਫੌਜੀ ਕਾਰਵਾਈ ਕਰਨ ਤੋਂ ਗੁਰੇਜ਼ ਨਾ ਕਰਨ ਦੀ ਗੱਲ ਹੋਰ ਵੀ ਵਧੇਰੇ ਖੌਫਨਾਕ ਹੈ।

ਟੈਰਿਫ ਲਗਾਉਣ ਦੀ ਧਮਕੀ ਉਸ ਨੇ ਕੈਨੇਡਾ ਨੂੰ ਵੀ ਦਿਤੀ ਹੈ। ਬੇਸ਼ਕ ਕੈਨੇਡਾ ਬਾਰੇ ਫੌਜੀ ਸ਼ਕਤੀ ਪ੍ਰਯੋਗ ਤੋਂ ਇਨਕਾਰ ਕੀਤਾ ਹੈ। ਕੈਨੇਡਾ ਦੀਆਂ ਵਸਤਾਂ/ਸੇਵਾਵਾਂ ਦੀ ਅਮਰੀਕਾ ਵਿਚਲੀ ਐਕਸਪੋਰਟ ਉਪਰ 25% ਟੈਰਿਫ ਲਗਾਉਣ ਦੀ ਤਾੜਨਾ ਕੀਤੀ ਹੈ। ਟਰੰਪ ਨੇ ਕਿਹਾ ਕਿ ਅਮਰੀਕਾ ਹਰ ਸਾਲ ਕੈਨੇਡਾ ਦੀ ਸੁਰੱਖਿਆ ਉਪਰ 200 ਬਿਲੀਅਨ ਡਾਲਰ ਖਰਚਦੈ, ਜੋ ਕਿ ਬੇਲੋੜਾ ਬੋਝ ਹੈ। ਉਸ ਨੇ ਹੋਰ ਕਿਹੈ ਕਿ ਅਮਰੀਕਾ ਨੂੰ ਕੈਨੇਡਾ ਦੀਆਂ ਕਾਰਾਂ, ਦੁੱਧ ਜਾਂ ਹੋਰ ਉਤਪਾਦ ਵੀ ਨਹੀਂ ਚਾਹੀਦੇ ਕਿਉਂਕਿ ਇਹ ਸਭ ਅਮਰੀਕਾ ਵਿਚ ਭਾਰੀ ਮਾਤਰਾ/ਮਿਕਦਾਰ ਵਿਚ ਉਪਲਬਧ ਹਨ। ਜੇ ਇਨ੍ਹਾਂ ਸਭ ਉਪਰ 25% ਟੈਰਿਫ ਲਗਾ ਦਿਤਾ ਜਾਵੇ ਤਾਂ ਕੈਨੇਡਾ ਦੀ ਬਰਾਮਦ ਲੜਖੜਾ ਜਾਏਗੀ। ਇਕ ਅਨੁਮਾਨ ਅਨੁਸਾਰ ਕਰੀਬ 3.6 ਬਿਲੀਅਨ ਕੈਨੇਡੀਅਨ ਡਾਲਰ (2.5 ਬਿਲੀਅਨ ਅਮਰੀਕੀ ਡਾਲਰ) ਦੀਆਂ ਵਸਤਾਂ/ਸੇਵਾਵਾਂ ਹਰ ਰੋਜ਼ ਅਮਰੀਕੀ ਬਾਡਰ ਦੇ ਪਾਰ ਜਾਂਦੀਆਂ ਹਨ! ਟਰੰਪ ਨੇ ਅਜਿਹਾਂ ਟੈਰਿਫ ਮੈਕਸੀਕੋ ਤੋਂ ਆਉਂਦੀਆਂ ਵਸਤਾਂ ਉਪਰ ਲਗਾਉਣ ਦੀ ਗੱਲ ਵੀ ਕਹੀ ਹੈ।

ਟਰੰਪ ਦੇ ਕੈਨੇਡਾ ਬਾਰੇ ਬੇਤੁਕੇ ਬਿਆਨਾਂ ਦੀ ਜਸਟਿਨ ਟਰੂਡੋ ਸਮੇਤ ਹੋਰ ਕਈ ਨੇਤਾਵਾਂ ਨੇ ਨਖੇਧੀ ਕੀਤੀ ਹੈ। ਇਕ ਨੇਤਾ ਨੇ ਤਾਂ ਟਰੰਪ ਨੂੰ ਇਥੋਂ ਤਕ ਪੁਛਿਐ ਕਿ ਜੇ ਕੈਨੇਡਾ ਅਮਰੀਕਾ ਦੀ ਅਲਾਸਕਾ ਸਟੇਟ ਖਰੀਦਣ ਬਾਰੇ ਕਹੇ ਤਾਂ ਉਸ ਨੂੰ ਕਿਵੇਂ ਲਗੇਗਾ? ਯਾਦ ਰਹੇ ਕਿ ਅਲਾਸਕਾ ਦੀ ਧਰਤੀ ਅਮਰੀਕਾ ਨੇ ਰੂਸ ਤੋਂ ਖਰੀਦੀ ਸੀ। ਇਕ ਸਰੋਤ ਅਨੁਸਾਰ 1,723,337 ਵਰਗ ਕਿਲੋ ਮੀਟਰ ਦੀ ਥਾਂ ਅਮਰੀਕਾ ਨੇ 1867 ਵਿਚ 7.2 ਮਿਲੀਅਨ ਡਾਲਰ ਨੂੰ ਖਰੀਦੀ ਸੀ। ਬਾਦ ਵਿਚ ਇਹ ਅਲਾਸਕਾ ਸਟੇਟ ਵਜੋਂ ਜਾਣੀ ਜਾਣ ਲਗੀ।

ਅਮਰੀਕਾ ਦੇ ਪ੍ਰਾਪਰਟੀ ਬਿਜ਼ਨਸ ਦੇ ਹੋਰ ਵੀ ਅਨੇਕਾਂ ਪ੍ਰਮਾਣ ਹਨ, ਜਿਨ੍ਹਾਂ ਵਿਚ 1803 ਵਿਚ ਲੂਈਸਿਆਨਾ ਨਾਮ ਦਾ 2,140,000 ਵਰਗ ਕਿਲੋਮੀਟਰ ਫ੍ਰੈਂਚ ਇਲਾਕਾ 15 ਮਿਲੀਅਨ ਡਾਲਰ ਨੂੰ ਖਰੀਦੇ ਜਾਣਾ ਸ਼ਾਮਿਲ ਹੈ।

ਆਖਿਰ ਅਮਰੀਕਾ ਦੀ ਦੂਸਰੇ ਮੁਲਕਾਂ ਦੀ ਧਰਤੀ ਉਪਰ ਅੱਖ ਕਿਉਂ ਹੈ? ਸੰਸਾਰ ਵਿਚ ਆਪਣੀ ਸਰਦਾਰੀ ਹੋਰ ਵਧਾਉਣ ਲਈ। ਭਾਵੇਂ ਇਹ ਸੰਭਵ ਤਾਂ ਨਹੀਂ ਲਗਦਾ ਪਰ ਟਰੰਪ ਵਰਗੇ ਬੰਦੇ ਲਈ ਕੁਝ ਵੀ ਅਟਪਟਾ ਕਰਨਾ ਅਸੰਭਵ ਵੀ ਨਹੀਂ ਲਗਦਾ! ਖੇਤਰਫਲ ਵਜੋਂ ਕੈਨੇਡਾ ਕਰੀਬ 9,985 ਮਿਲੀਅਨ ਵਰਗ ਕਿਲੋ ਮੀਟਰ ਨਾਲ ਵਿਸ਼ਵ ਵਿਚ ਦੂਸਰੇ ਨੰਬਰ 'ਤੇ ਹੈ। ਅਮਰੀਕਾ ਦਾ ਆਪਣਾ ਖੇਤਰਫਲ 9,840,000 ਵਰਗ ਕਿਲੋ ਮੀਟਰ ਹੈ। ਗਰੀਨਲੈਂਡ ਟਾਪੂ ਦਾ ਏਰੀਆ 2,175,600 ਵਰਗ ਕਿਲੋ ਮੀਟਰ ਹੈ। ਆਕਾਰ ਵਜੋਂ ਵਿਸ਼ਵ ਦਾ ਸਭ ਤੋਂ ਵਡਾ ਦੇਸ਼ ਰੂਸ ਹੈ, ਜਿਸ ਦਾ ਖੇਤਰਫਲ 17 ਮਿਲੀਅਨ ਵਰਗ ਕਿਲੋ ਮੀਟਰ ਹੈ। ਜੇ ਟਰੰਪ ਆਪਣੇ ਮਨਸੂਬਿਆਂ ਵਿਚ ਸਫਲ ਹੋ ਜਾਂਦੈ, ਜੋ ਕਿ ਲਗਦਾ ਨਹੀਂ, ਤਾਂ ਫਿਰ ਸਿਰਫ ਅਮਰੀਕਾ ਅਤੇ ਕੈਨੇਡਾ ਮਿਲ ਕੇ ਹੀ ਰੂਸ ਨੂੰ ਇਲਾਕੇ ਵਜੋਂ ਮਾਤ ਦੇ ਜਾਣਗੇ! ਤੇ ਟਰੰਪ ਦਾ ਅਮਰੀਕਾ ਨੂੰ ਹੋਰ ਵਡੇਰਾ ਦੇਸ ਬਨਾਉਣ ਦਾ ਸੁਪਨਾ ਪੂਰਾ ਹੋ ਜਾਵੇਗਾ। ਆਖਿਰ ਅਮਰੀਕਾ ਵਿਚ 20 ਮਿਲੀਅਨ ਵਰਗ ਕਿਲੋ ਮੀਟਰ ਭੋਇੰ-ਖੇਤਰ ਹੋਰ ਜੋੜਨ ਦਾ ਸਿਹਰਾ ਉਸ ਸਿਰ ਬਝੇਗਾ!

ਖੈਰ, ਸੁਪਨੇ ਕਈ ਵਾਰ ਸੁਪਨੇ ਵੀ ਰਹਿ ਜਾਂਦੇ ਹਨ। ਦਿਨ ਵੇਲੇ ਦੇਖੇ ਗਏ ਸੁਪਨਿਆਂ ਵਾਂਗ। ਪਰ ਅਜੋਕੇ ਸਮਿਆਂ ਵਿਚ ਜਾਗਦੇ ਹੋਇਆਂ ਵੀ ਸੁਪਨੇ ਦੇਖਣ ਜਾਂ ਜਾਗਦੇ ਰਖਣ ਵਾਲੇ ਸੁਪਨੇ ਦੇਖਣ ਤੇ ਜਾਂ ਅਹਿਜੇ ਸੁਪਨੇ ਦੇਖਣ ਜੋ ਸੌਣ ਹੀ ਨਾ ਦੇਣ ਦੀ ਬੜੀ ਗੱਲ ਚਲਦੀ ਰਹਿੰਦੀ ਐ। ਇਨ੍ਹਾਂ ਤੋਂ ਇਲਾਵਾ ਸ਼ੇਖਚਿੱਲੀ ਦੇ ਸੁਪਨੇ ਵੀ ਹੁੰਦੇ ਹਨ।

ਪਰ ਸਾਡਾ ਟਰੰਪ ਸ਼ੇਖਚਿੱਲੀ ਤਾਂ ਨਹੀਂ, ਉਸ ਦਾ ਕੋਈ ਭਰੋਸਾ ਨਹੀਂ ਉਹ ਕੀ ਕਰੇ।

ਅਸੀਂ 'ਸਾਡਾ' ਇਸ ਲਈ ਕਿਹੈ ਕਿਉਂਕਿ ਉਹ ਸਾਡੇ ਪ੍ਰਧਾਨ ਮੰਤਰੀ ਜੀ ਦਾ ਲੰਗੋਟੀਆ ਯਾਰ ਐ।

10 ਜਨਵਰੀ ਨੂੰ ਅਮਰੀਕਾ ਦੀ ਅਦਾਲਤ ਨੇ ਮਨੋਨੀਤ ਰਾਸ਼ਟਰਪਤੀ ਡੌਨਲਡ ਟਰੰਪ ਨੂੰ 'ਹਸ਼ ਮਨੀ' ਕੇਸ ਵਿਚ ਮੁਜਰਮ ਠਹਿਰਾਇਆ ਪਰ ਸਜ਼ਾ ਨਾ ਸੁਨਾਉਣ ਦੀ ਸਜ਼ਾ ਸੁਣਾਈ! 78 ਸਾਲਾ ਟਰੰਪ ਉਪਰ ਘੋਰ ਅਪਰਾਧਾਂ (ਫੈਲਨੀ) ਦੇ 34 ਕੇਸ ਸਨ। ਇਨ੍ਹਾਂ ਵਿਚ ਇਕ ਪੌਰਨ ਸਟਾਰ ਨਾਲ ਨਾਜਾਇਜ਼ ਸਬੰਧਾਂ ਦੇ ਮਾਮਲੇ ਨੂੰ ਪੈਸੇ ਦੇ ਕੇ ਉਸ ਸਟਾਰ ਦਾ ਮੂੰਹ ਬੰਦ ਕਰਵਾਉਣ ਦਾ ਕੇਸ ਵੀ ਸ਼ਾਮਲ ਸੀ। ਇਸ ਕੇਸ ਵਿਚ ਮੈਨਹੱਟਨ ਦੀ ਅਦਾਲਤ ਦੇ ਜੱਜ ਜੁਆਨ.ਐਮ.ਮਰਚੇਨ ਨੇ ਟਰੰਪ ਨੂੰ ਦੋਸ਼ੀ ਤਾਂ ਕਰਾਰ ਦਿਤਾ ਪਰ ਨਾ ਤਾਂ ਕੋਈ ਜੁਰਮਾਨਾ ਕੀਤਾ, ਨਾ ਹੀ ਜੇਲ ਭੇਜਣ ਦੀ ਸਜ਼ਾ ਸੁਣਾਈ (ਜੋ 4 ਸਾਲ ਤਕ ਦੀ ਹੋ ਸਕਦੀ ਹੈ) ਅਤੇ ਨਾ ਹੀ ਕਿਸੇ ਕਿਸਮ ਦੀ ਹੋਰ ਕੋਈ ਪਾਬੰਦੀ ਲਗਾਈ। ਯਾਣੀ ਸਜ਼ਾ ਬਿਨ ਸਜ਼ਾ! ਹੁਣ 20 ਜਨਵਰੀ ਨੂੰ ਜਨਾਬ ਡੋਨਲਡ ਟਰੰਪ ਜਦ ਵਾਈਟ ਹਾਊਸ ਵਿਚ ਬਿਰਾਜਣਗੇ ਤਾਂ ਉਹ ਅਮਰੀਕਾ ਦੇ ਪਹਿਲੇ 'ਫੈਲਨ-ਪ੍ਰੈਜ਼ੀਡੈਂਟ'(ਘੋਰ ਅਪਰਾਧੀ ਰਾਸ਼ਟਰਪਤੀ) ਹੋਣ ਦਾ ਨਾਮਨਾ ਖੱਟਣਗੇ!

## ਵਕਤ ਦੀ ਕਰਵਟ


ਮਾਣ ਕਰੀਂ ਨਾ ਮਿੱਤਰਾ, ਕੁਰਸੀਆਂ ਦਾ
ਅੱਜ ਤੇਰੇ ਥੱਲੇ, ਕੱਲ ਮੇਰੇ ਥੱਲੇ
ਵਕਤ ਚੰਦਰਾ ਪਲਟੀਆਂ ਮਾਰ ਜਾਂਦਾ
ਅੱਜ ਤੇਰੇ ਵੱਲੇ, ਕੱਲ ਮੇਰੇ ਵੱਲੇ।
ਮਾੜੇ ਵਕਤ ਹਰੇਕ 'ਤੇ ਆਂਵਦੇ ਨੇ
ਕਦੇ ਤੂੰ ਝੱਲੇ, ਕਦੇ ਮੈ ਝੱਲੇ
ਦੁੱਖ ਹੁੰਦੇ ਆ ਤਿਤਲੀਆਂ ਵਾਂਗ ਸੱਜਣਾ
ਕਦੇ ਤੇਰੇ ਪੱਲੇ, ਕਦੇ ਮੇਰੇ ਪੱਲੇ।
ਇਹ ਵਕਤ ਨਾ ਕਿਸੇ ਦਾ, ਸਕਾ ਹੋਇਆ
ਇਹੋ ਨਾਲ ਚੱਲੇ, ਤੇ ਨਾਲੇ ਚਾਲ ਚੱਲੇ
ਇਹ ਵਕਤ ਜਦ ਕਿਸੇ 'ਤੇ ਵਾਰ ਕਰਦਾ
ਵਿਰਲਾ ਵਾਰ ਜਰਦਾ, ਤੇ ਟਾਵਾਂ ਝਾਲ ਝੱਲੇ।
ਇਹ ਕਦੇ ਨਾ ਕਿਸੇ ਦੀ,ਹੋਈ ਮਾਇਆ
ਕਦੇ ਤੇਰੇ ਗੱਲੇ, ਕਦੇ ਮੇਰੇ ਗੱਲੇ
ਹਾਲੇ ਪੁੱਛ ਨਾ ਸਾਨੂੰ ,ਹਾਲ ਯਾਰਾ
ਹਾਲੇ ਫੱਟ ਤਾਜੇ , ਹਾਲੇ ਜਖਮ ਅੱਲੇ।
ਸਾਨੂੰ ਯਾਰੀ ਨਾ ਆਈ, ਰਾਸ ਓਹਦੀ
ਕਦੇ ਪਾਏ ਛੱਲੇ ਤੇ, ਕਦੇ ਲਾਹੇ ਛੱਲੇ
ਸਾਡੀ ਵਿੱਚ ਵਿਛੋੜਿਆਂ ਲੰਘ ਚੱਲੀ
ਕਦੇ ਉਹ ਕੱਲੀ, ਤੇ ਕਦੇ ਯਾਰ ਕੱਲੇ।
ਇਹ ਘੋਲ ਹੈ ਮਿੱਤਰਾ ਜਿੰਦ ਸਾਡੀ
ਕਦੇ ਤੂੰ ਥੱਲੇ, ਤੇ ਕਦੇ ਮੈਂ ਥੱਲੇ
ਡਾਣਸੀਵਾਲੀਆ ਜ਼ਿੰਦਗੀ ਲਹਿਰ ਵਰਗੀ
ਕਦੇ ਥੱਲੇ ਥੱਲੇ, ਤੇ ਕਦੇ ਬੱਲੇ ਬੱਲੇ

***-ਕੁਲਵੀਰ ਸਿੰਘ ਡਾਨਸੀਵਾਲ***

# ਨਵੇਂ ਚੀਨੀ ਵਾਇਰਸ ਤੋਂ ਸਾਵਧਾਨ

***ਭਾਰਤ ਵਿੱਚ ਮਨੁੱਖੀ ਮੈਟਾਪਨੀਓਮੋਵਾਇਰਸ ਫੈਲ ਰਿਹਾ ਹੈ - ਸੰਕਰਮਣ ਅਤੇ ਸਾਹ ਦੇ ਵਾਇਰਸ ਬਜ਼ੁਰਗਾਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਂਦੇ ਹਨ। 5 ਸਾਲ ਤੋਂ ਘੱਟ ਅਤੇ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਅਤੇ ਸਾਹ ਅਤੇ ਦਮੇ ਦੇ ਮਰੀਜ਼ਾਂ ਨੂੰ ਸਾਵਧਾਨ ਰਹਿਣ ਦੀ ਲੋੜ ਹੈ। ਵਾਇਰਸ ਦੇ ਫੈਲਣ ਦੀ ਦਰ ਕਰੋਨਾ ਨਾਲੋਂ ਘੱਟ ਪਰ ਫੈਲਣ ਦਾ ਤਰੀਕਾ ਇਕੋ ਜਿਹਾ - ਸਰਕਾਰ ਪੂਰੀ ਤਰ੍ਹਾਂ ਚੌਕਸ ਹੈ ਪਰ ਨਾਗਰਿਕਾਂ ਦਾ ਸਹਿਯੋਗ ਜ਼ਰੂਰੀ ਹੈ।***

ਵਿਸ਼ਵ ਪੱਧਰ 'ਤੇ ਦੁਨੀਆ ਦਾ ਹਰ ਦੇਸ਼ ਬੜੀ ਮੁਸ਼ਕਲ ਨਾਲ ਕੋਰੋਨਾ ਮਹਾਮਾਰੀ ਤੋਂ ਛੁਟਕਾਰਾ ਪਾ ਕੇ ਸਥਿਰ ਹੋ ਰਿਹਾ ਹੈ ਪਰ ਇਸ ਦੇ ਵੱਖ-ਵੱਖ ਰੂਪ ਪਿੱਛੇ ਨਹੀਂ ਛੱਡ ਰਹੇ ਹਨ। ਇੱਕ ਪਾਸੇ ਜਿੱਥੇ ਡੋਨਾਲਡ ਟਰੰਪ ਦੇ 20 ਜਨਵਰੀ 2025 ਨੂੰ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਦੀਆਂ ਸੰਭਾਵਨਾਵਾਂ ਅਤੇ ਉਨ੍ਹਾਂ ਦੀਆਂ ਰਣਨੀਤੀਆਂ ਤੋਂ ਪੂਰੀ ਦੁਨੀਆ ਪ੍ਰਭਾਵਿਤ ਹੋਣ ਦੀ ਸੰਭਾਵਨਾ 'ਤੇ ਪੂਰੀ ਦੁਨੀਆ ਨਜ਼ਰ ਰੱਖ ਰਹੀ ਹੈ, ਉਥੇ ਹੀ ਦੂਜੇ ਪਾਸੇ ਇੱਕ ਨਵੇਂ ਸੰਕਰਮਣ ਦੇ ਵਧਦੇ ਸੰਕਰਮਣ ਕਾਰਨ 11 ਜਨਵਰੀ, 2025 ਤੱਕ ਭਾਰਤ ਵਿੱਚ 11 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ, ਇਸ ਲਈ ਹਰ ਕੋਈ ਚਿੰਤਤ ਹੈ। ਝਾਰਖੰਡ ਨੇ ਵੀ ਆਪਣੇ ਰਾਜ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਕਿਉਂਕਿ ਕੋਵਿਡ ਮਹਾਂਮਾਰੀ ਦੀ ਮਾਰ ਪੂਰੀ ਦੁਨੀਆ ਨੇ ਝੱਲੀ ਹੈ, ਸਾਰੇ ਦੇਸ਼ਾਂ ਨੇ ਆਪਣੇ ਸਿਹਤ ਢਾਂਚੇ ਨੂੰ ਬਹੁਤ ਮਜ਼ਬੂਤ ਕੀਤਾ ਹੈ, ਜਿਨ੍ਹਾਂ ਵਿੱਚੋਂ ਭਾਰਤ ਵੀ ਇੱਕ ਹੈ, ਪਰ ਸਭ ਤੋਂ ਵੱਡੀ ਜ਼ਿੰਮੇਵਾਰੀ ਸਾਡੇ ਨਾਗਰਿਕਾਂ ਦੀ ਹੈ ਕਿ ਜੇਕਰ ਕਿਸੇ ਮਰੀਜ਼ ਦਾ ਪਤਾ ਲੱਗਦਾ ਹੈ ਤਾਂ ਤੁਰੰਤ ਸਿਹਤ ਵਿਭਾਗ ਨੂੰ ਸੂਚਿਤ ਕੀਤਾ ਜਾਵੇ। ਅਤੇ ਜੇਕਰ ਬੱਚੇ ਅਤੇ



**ਕਿਸ਼ਨ ਸਨਮੁੱਖਦਾਸ ਭਗਨਾਨੀ**

ਬਜ਼ੁਰਗ ਭੀੜ-ਭੜੱਕੇ ਵਾਲੇ ਖੇਤਰਾਂ ਵਿੱਚ ਜਾਣ ਤੋਂ ਪਰਹੇਜ਼ ਕਰਦੇ ਹਨ, ਮਾਸਕ ਪਹਿਨਦੇ ਹਨ ਅਤੇ ਸਰਕਾਰ ਦੁਆਰਾ ਜਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹਨ, ਤਾਂ ਅਸੀਂ ਇਸ ਮਹਾਂਮਾਰੀ ਨਾਲ ਜ਼ੋਰਦਾਰ ਢੰਗ ਨਾਲ ਲੜ ਸਕਦੇ ਹਾਂ ਅਤੇ ਇਸ ਨੂੰ ਜੜ੍ਹ ਤੋਂ ਖਤਮ ਕਰ ਸਕਦੇ ਹਾਂ। ਕਿਉਂਕਿ 5 ਸਾਲ ਤੋਂ ਘੱਟ ਅਤੇ 65 ਸਾਲ ਤੋਂ ਵੱਧ ਉਮਰ ਦੇ ਲੋਕਾਂ ਅਤੇ ਸਾਹ ਅਤੇ ਦਮੇ ਦੇ ਮਰੀਜ਼ਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ, ਅੱਜ ਅਸੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਇਸ ਲੇਖ ਰਾਹੀਂ ਚਰਚਾ ਕਰਾਂਗੇ, ਭਾਰਤ ਵਿੱਚ ਫੈਲਣ ਵਾਲੇ ਮਨੁੱਖੀ ਮੈਟਾਪਨੀਓਮੋਵਾਇਰਸ - ਇਨਫੈਕਸ਼ਨ ਅਤੇ ਸਾਹ ਦੇ ਵਾਇਰਸ ਦਾ ਨਿਸ਼ਾਨਾ ਬਜ਼ੁਰਗ ਅਤੇ ਬੱਚੇ - ਸਰਕਾਰ ਅਲਰਟ ਪਰ ਸਾਵਧਾਨ ਰਹਿਣ ਦੀ ਲੋੜ ਹੈ।

ਦੋਸਤੋ, ਜੇਕਰ ਅਸੀਂ ਮਨੁੱਖੀ ਮੈਟਾਪਨੀਓਮੋਵਾਇਰਸ ਦੀ ਪੂਰੀ ਤਰ੍ਹਾਂ ਨਾਲ ਗੱਲ ਕਰੀਏ ਤਾਂ ਇਹ ਇੱਕ ਸੰਕਰਮਣ ਅਤੇ ਸਾਹ ਸੰਬੰਧੀ ਵਾਇਰਸ ਹੈ।ਇਸ ਵਿੱਚ ਮਰੀਜ਼ ਖਾਂਸੀ, ਬੁਖਾਰ, ਸਾਹ ਲੈਣ ਵਿੱਚ ਤਕਲੀਫ਼ ਅਤੇ ਨੱਕ ਵਗਦਾ ਹੈ, ਐਚਐਮਪੀਵੀ ਇੱਕ ਆਰਐਨਏ ਵਾਇਰਸ ਹੈ, ਜੋ ਆਮ ਤੌਰ 'ਤੇ ਜ਼ੁਕਾਮ ਵਰਗੇ ਲੱਛਣਾਂ ਦਾ ਕਾਰਨ ਬਣਦਾ ਹੈ।ਠੰਡੇ ਮੌਸਮ ਵਿਚ ਇਸ ਦਾ ਖਤਰਾ ਜ਼ਿਆਦਾ ਹੁੰਦਾ ਹੈ।ਅਮਰੀਕਾ ਦੇ ਰੋਗ ਨਿਯੰਤਰਣ ਅਤੇ ਰੋਕਥਾਮ ਕੇਂਦਰਾਂ ਦੇ ਅਨੁਸਾਰ, ਇਹ ਵਾਇਰਸ ਨਿਉਮੋਵਾਇਰੀਡੇ ਵਾਇਰਸ ਪਰਿਵਾਰ ਨਾਲ ਸਬੰਧਤ ਹੈ, ਜਿਸ ਵਿੱਚ ਸਾਹ ਲੈਣ ਵਾਲੇ ਸਿੰਸੀਟੀਅਲ ਵਾਇਰਸ ਵੀ ਸ਼ਾਮਲ ਹਨ।ਸਾਹ ਸੰਬੰਧੀ ਸਿੰਸੀਟੀਅਲ ਵਾਇਰਸ ਫੇਫੜਿਆਂ ਅਤੇ ਸਾਹ ਦੀ ਨਾਲੀ ਵਿੱਚ ਲਾਗ ਦਾ ਕਾਰਨ ਬਣਦਾ ਹੈ।ਇਹ ਇੰਨਾ ਆਮ ਹੈ ਕਿ 2 ਸਾਲ ਤੱਕ ਦੀ ਉਮਰ ਦੇ ਜ਼ਿਆਦਾਤਰ ਬੱਚੇ ਇਸ ਵਾਇਰਸ ਤੋਂ ਪ੍ਰਭਾਵਿਤ ਹੁੰਦੇ ਹਨ। ਕੋਰੋਨਾ ਯਾਨੀ ਕੋਵਿਡ-19 ਮਹਾਮਾਰੀ ਲਈ ਜ਼ਿੰਮੇਵਾਰ ਵਾਇਰਸ, ਜੋ ਕਿ ਕੋਰੋਨਾ ਵਾਇਰਸ ਪਰਿਵਾਰ ਨਾਲ ਸਬੰਧਤ ਹੈ। ਮਨੁੱਖੀ ਮੈਟਾਪਨੀਓਮੋਵਾਇਰਸ ਅਤੇ ਕੋਰੋਨਾ ਵੱਖ-ਵੱਖ ਵਾਇਰਲ ਪਰਿਵਾਰਾਂ ਤੋਂ ਆਉਂਦੇ ਹਨ, ਪਰ ਦੋਵਾਂ ਦੇ ਲੱਛਣ ਲਗਭਗ ਇੱਕੋ ਜਿਹੇ ਹਨ। ਮਨੁੱਖੀ ਮੈਟਾਪਨੀਓਮੋਵਾਇਰਸ ਨਾਲ ਜੁੜੇ ਆਮ ਲੱਛਣਾਂ ਵਿੱਚ ਸ਼ਾਮਲ ਹਨ ਖੰਘ, ਬੁਖਾਰ, ਨੱਕ ਬੰਦ ਹੋਣਾ, ਅਤੇ ਸਾਹ ਲੈਣ ਵਿੱਚ ਤਕਲੀਫ਼, ਜੋ ਕਿ ਯੂਐਸ ਸੀਡੀਐਸ ਦੇ ਅਨੁਸਾਰ, ਕੋਵਿਡ -19 ਤਾਪਮਾਨ ਦੇ ਪ੍ਰਭਾਵ ਕਾਰਨ ਮੌਸਮੀ ਸੀ, ਪਰ ਤਾਪਮਾਨ ਹੁੰਦਾ ਹੈ ਬਹੁਤਾ ਫਰਕ ਨਹੀਂ ਪੈਂਦਾ, ਜਿਸ ਕਾਰਨ ਇਹ ਵੱਖ-ਵੱਖ ਮੌਸਮਾਂ ਵਿੱਚ ਫੈਲ ਰਿਹਾ ਹੈ। ਅਮਰੀਕਾ ਵਿੱਚ, ਇਸ ਦੇ ਕੇਸ ਸਰਦੀਆਂ ਤੋਂ ਬਸੰਤ ਦੇ ਮੌਸਮ ਵਿੱਚ ਸਿਖਰ 'ਤੇ ਹੁੰਦੇ ਹਨ। ਮਨੁੱਖੀ ਮੈਟਾਪਨੀਓਮੋਵਾਇਰਸ ਵਾਇਰਸ ਦੀ ਪ੍ਰਸਾਰਣ ਦਰ ਕੋਰੋਨਾ ਵਾਇਰਸ ਨਾਲੋਂ ਘੱਟ ਹੈ ਪਰ ਇਸ ਦੇ ਫੈਲਣ ਦਾ ਤਰੀਕਾ ਲਗਭਗ ਇੱਕੋ ਜਿਹਾ ਹੈ। ਬੂੰਦਾਂ: ਜਦੋਂ ਕੋਈ ਸੰਕਰਮਿਤ ਵਿਅਕਤੀ ਖੰਘਦਾ ਹੈ, ਛਿੱਕਦਾ ਹੈ ਜਾਂ ਗੱਲ ਕਰਦਾ ਹੈ, ਤਾਂ ਕੁਝ ਬੂੰਦਾਂ ਸਿੱਧੇ ਸੰਪਰਕ ਵਿੱਚ ਫੈਲ ਜਾਂਦੀਆਂ ਹਨ: ਕਿਸੇ ਸੰਕਰਮਿਤ ਵਿਅਕਤੀ ਦੇ ਨਾਲ ਸਿੱਧੇ ਜਾਂ ਸਰੀਰਕ ਸੰਪਰਕ ਦੁਆਰਾ ਫੈਲ ਸਕਦਾ ਹੈ, ਖਾਸ ਕਰਕੇ ਜੇਕਰ ਕੋਈ ਵਿਅਕਤੀ ਉਸਦੇ ਚਿਹਰੇ, ਅੱਖਾਂ ਜਾਂ ਮੂੰਹ ਨੂੰ ਛੂਹਦਾ ਹੈ ਚੀਜ਼ਾਂ ਦੀ: ਇਹ ਦਰਵਾਜ਼ੇ ਦੇ ਹੈਂਡਲ ਜਾਂ ਮੋਬਾਈਲ ਫੋਨ ਵਰਗੀਆਂ



ਦੂਸ਼ਿਤ ਚੀਜ਼ਾਂ ਨੂੰ ਛੂਹਣ ਨਾਲ ਲਾਗ ਦੇ ਜੋਖਮ ਨੂੰ ਵਧਾਉਂਦਾ ਹੈ।ਹਵਾ ਵਿੱਚ ਮੌਜੂਦਗੀ: ਵਾਇਰਸ ਦੇ ਛੋਟੇ ਕਣ ਹਵਾ ਵਿੱਚ ਰਹਿ ਸਕਦੇ ਹਨ, ਖਾਸ ਤੌਰ 'ਤੇ ਭੀੜ-ਭੜੱਕੇ ਵਾਲੇ ਜਾਂ ਖਰਾਬ ਪ੍ਰਸਾਰਿਤ ਸਥਾਨਾਂ ਵਿੱਚ ਇਸਦਾ ਸਭ ਤੋਂ ਵੱਧ ਅਸਰ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਅਤੇ 65 ਸਾਲ ਤੋਂ ਵੱਧ ਉਮਰ ਦੇ ਬਜ਼ੁਰਗਾਂ 'ਤੇ ਹੋਵੇਗਾ, ਖਾਸ ਤੌਰ 'ਤੇ ਇੱਕ ਦੌਰਾਨ।10 ਸਾਲ ਤੋਂ ਪਹਿਲਾਂ ਪੈਦਾ ਹੋਇਆ ਬੱਚਾ, ਭਾਵ ਪ੍ਰੀ-ਮੈਚਿਓਰ ਬੱਚੇ ਵਿੱਚ। ਨਾਲ ਹੀ, ਜਿਨ੍ਹਾਂ ਲੋਕਾਂ ਦੀ ਪ੍ਰਤੀਰੋਧਕ ਸਮਰੱਥਾ ਕਮਜ਼ੋਰ ਹੈ ਜਾਂ ਸਾਹ ਦੀਆਂ ਬਿਮਾਰੀਆਂ ਜਿਵੇਂ ਕਿ ਦਮੇ।

ਦੋਸਤੋ, ਜੇਕਰ ਇਸ ਵਾਇਰਸ ਤੋਂ ਨਾ ਡਰਨ, ਸਾਵਧਾਨੀ ਵਰਤਣ ਅਤੇ ਟੈਸਟ ਕਰਨ ਦੀ ਗੱਲ ਕਰੀਏ ਤਾਂ ਚੀਨ ਵਿੱਚ ਹਿਊਮਨ ਮੈਟਾਪਨੀਓ ਮੋਵਾਇਰਸ ਦੇ ਤੇਜ਼ੀ ਨਾਲ ਫੈਲਣ ਨਾਲ ਇਹ ਡਰ ਹੋਰ ਵੀ ਵਧ ਗਿਆ ਹੈ ਕਿ ਇਹ ਕੋਰੋਨਾ ਵਾਇਰਸ ਵਰਗੀ ਮਹਾਂਮਾਰੀ ਦਾ ਰੂਪ ਧਾਰਨ ਕਰ ਸਕਦਾ ਹੈ, ਭਾਰਤ ਵੀ ਇਸ ਨੂੰ ਪਾਲ ਰਿਹਾ ਹੈ। ਇਸ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਤਾਜ਼ਾ ਘਟਨਾਕ੍ਰਮ ਵਿੱਚ, ਭਾਰਤ ਸਰਕਾਰ ਨੇ ਕਿਹਾ ਹੈ ਕਿ ਭਾਰਤ ਇਸ ਵਾਇਰਸ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ ਅਤੇ ਘਬਰਾਉਣ ਦੀ ਕੋਈ ਲੋੜ ਨਹੀਂ ਹੈ, ਜਦਕਿ ਤੇਲੰਗਾਨਾ ਸਰਕਾਰ ਨੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਹਾਲਾਂਕਿ, ਰਾਜ ਵਿੱਚ 11 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ ਦੂਰ ਇਸ ਲਈ, ਸਾਡੇ ਸਾਰਿਆਂ ਲਈ ਇਨ੍ਹਾਂ ਚੀਜ਼ਾਂ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ।

(1) ਖੰਘਣ ਜਾਂ ਛਿੱਕਣ ਵੇਲੇ ਮੂੰਹ ਅਤੇ ਨੱਕ ਨੂੰ ਰੁਮਾਲ ਜਾਂ ਟਿਸ਼ੂ ਨਾਲ ਢੱਕੋ, (2) ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਧੋਵੋ ਜਾਂ ਅਲਕੋਹਲ-ਅਧਾਰਤ ਸੈਨੀਟਾਈਜ਼ਰ ਦੀ ਵਰਤੋਂ ਕਰੋ। (3) ਭੀੜ ਵਾਲੀਆਂ ਥਾਵਾਂ ਤੋਂ ਬਚੋ ਅਤੇ ਫਲੂ ਤੋਂ ਪ੍ਰਭਾਵਿਤ ਲੋਕਾਂ ਤੋਂ ਦੂਰੀ ਬਣਾਈ ਰੱਖੋ।(4) ਜੇਕਰ ਤੁਹਾਨੂੰ ਬੁਖਾਰ, ਖੰਘ ਜਾਂ ਛਿੱਕ ਆਉਂਦੀ ਹੈ ਤਾਂ ਜਨਤਕ ਥਾਵਾਂ 'ਤੇ ਜਾਣ ਤੋਂ ਬਚੋ।(5) ਲੋੜੀਂਦੀ ਮਾਤਰਾ ਵਿੱਚ ਪਾਣੀ ਪੀਓ ਅਤੇ ਪੌਸ਼ਟਿਕ ਭੋਜਨ ਖਾਓ।(6) ਸਾਰੀਆਂ ਥਾਵਾਂ 'ਤੇ ਲੋੜੀਂਦੀ ਹਵਾਦਾਰੀ ਨੂੰ ਯਕੀਨੀ ਬਣਾਓ। (7) ਬਿਮਾਰ ਹੋਣ 'ਤੇ ਘਰ ਰਹੋ ਅਤੇ ਦੂਜਿਆਂ ਨਾਲ ਸੰਪਰਕ ਸੀਮਤ ਕਰੋ। ਦੋਸਤੋ, ਜੇਕਰ ਲੱਛਣ ਦਿਖਾਈ ਦੇਣ ਤਾਂ ਮਨੁੱਖੀ ਮੈਟਾਪਨੀਓਮੋਵਾਇਰਸ ਵਾਇਰਸ ਦੀ ਜਾਂਚ ਕੀਤੀ ਜਾ ਸਕਦੀ ਹੈ।ਕੋਰੋਨਾ ਵਾਇਰਸ ਦੀ ਤਰ੍ਹਾਂ, ਇਹ ਟੈਸਟ ਸਰਕਾਰੀ ਹਸਪਤਾਲਾਂ ਜਾਂ ਪ੍ਰਾਈਵੇਟ ਲੈਬਾਂ ਵਿੱਚ ਵੀ ਕੀਤਾ ਜਾ ਸਕਦਾ ਹੈ। ਨਮੂਨਾ ਪ੍ਰਕਿਰਿਆ, ਨੈਸੋਫੈਰਨਜੀਅਲ ਸਵੈਬ: ਨੱਕ ਵਿੱਚ ਸੂਤੀ ਮੁਕੁਲ ਪਾ ਕੇ ਨਮੂਨਾ ਲੈਣਾ। ਗਲੇ ਦਾ ਫੰਬਾ: ਖੂਨ ਦਾ ਨਮੂਨਾ ਗਲੇ ਵਿੱਚ ਪਾਉਣਾ: ਕੁਝ ਮਾਮਲਿਆਂ ਵਿੱਚ, ਖੂਨ ਦੀ ਜਾਂਚ ਵੀ ਕੀਤੀ ਜਾ ਸਕਦੀ ਹੈ। ਥੁੱਕ: ਜੇਕਰ ਮਰੀਜ਼ ਨੂੰ ਥੁੱਕ ਹੈ, ਤਾਂ ਉਸ ਨੂੰ ਜਾਂਚ ਲਈ ਵੀ ਭੇਜਿਆ ਜਾ ਸਕਦਾ ਹੈ।

ਦੋਸਤੋ, ਜੇਕਰ ਅਸੀਂ ਮਨੁੱਖੀ ਮੈਟਾਪਨੀਓਮੋਵਾਇਰਸ ਇਨਫੈਕਸ਼ਨ ਨੂੰ ਕੋਵਿਡ-19 ਦੇ ਨਜ਼ਰੀਏ ਤੋਂ ਸਮਝਣ ਦੀ ਗੱਲ ਕਰੀਏ, ਤਾਂ ਕੋਵਿਡ-19 ਮਹਾਮਾਰੀ ਕਾਰਨ ਦੁਨੀਆ ਭਰ ਵਿੱਚ ਇੱਕ ਲੰਮਾ ਤਾਲਾਬੰਦੀ ਹੋ ਗਈ ਅਤੇ ਲੱਖਾਂ ਲੋਕਾਂ ਦੀ ਮੌਤ ਵੀ ਹੋਈ।ਲਗਭਗ 4 ਸਾਲਾਂ ਬਾਅਦ ਇਸ ਮਹਾਮਾਰੀ ਤੋਂ ਠੀਕ ਹੋਣ ਤੋਂ ਬਾਅਦ ਅਸੀਂ ਅਜੇ ਸੁੱਖ ਦਾ ਸਾਹ ਲਿਆ ਹੀ ਸੀ ਕਿ ਹੁਣ ਇੱਕ ਹੋਰ ਵਾਇਰਸ ਨੇ ਪੂਰੀ ਦੁਨੀਆ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਦਰਅਸਲ, ਰਿਪੋਰਟਾਂ ਸੁਝਾਅ ਦਿੰਦੀਆਂ ਹਨ ਕਿ ਮਾਰੂ ਕੋਵਿਡ -19 ਮਹਾਂਮਾਰੀ ਦੇ ਫੈਲਣ ਤੋਂ ਚਾਰ ਸਾਲਾਂ ਬਾਅਦ ਚੀਨ ਇੱਕ ਹੋਰ ਮਹਾਂਮਾਰੀ ਨਾਲ ਲੜ ਰਿਹਾ ਹੈ। ਇਸ ਮਹਾਮਾਰੀ ਦਾ ਕਾਰਨ ਹਿਊਮਨ ਮੇਟਾਪਨੀਓਮੋਵਾਇਰਸ ਨਾਂ ਦਾ ਵਾਇਰਸ ਹੈ, ਇਸ ਵਾਇਰਸ ਕਾਰਨ ਕਈ ਦੇਸ਼ ਇਸ ਦੇ ਫੈਲਣ 'ਤੇ ਨਜ਼ਰ ਰੱਖ ਰਹੇ ਹਨ। ਮੈਡੀਕਲ ਸੰਸਥਾਵਾਂ ਨੇ ਐਚਐਮਪੀਵੀ, ਇੱਕ ਸਾਹ ਸੰਬੰਧੀ ਵਾਇਰਸ ਬਾਰੇ ਚਿੰਤਾਵਾਂ ਜ਼ਾਹਰ ਕੀਤੀਆਂ ਹਨ ਜੋ ਕਈ ਏਸ਼ੀਆਈ ਦੇਸ਼ਾਂ ਨੂੰ ਪ੍ਰਭਾਵਤ ਕਰ ਰਿਹਾ ਹੈ। ਹਾਲ ਹੀ ਵਿੱਚ ਖੋਜੇ ਗਏ ਕੇਸਾਂ ਵਿੱਚ ਰਾਇਨੋਵਾਇਰਸ ਅਤੇ ਮਨੁੱਖੀ ਮੈਟਾਪਨੀਓਮੋਵਾਇਰਸ ਸ਼ਾਮਲ ਹਨ, 14 ਸਾਲ ਤੋਂ ਘੱਟ ਉਮਰ ਦੇ ਲੋਕਾਂ ਵਿੱਚ, ਖਾਸ ਕਰਕੇ ਚੀਨ ਦੇ ਉੱਤਰੀ ਪ੍ਰਾਂਤਾਂ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਦੇ ਅਨੁਸਾਰ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਵੇਰਵਿਆਂ ਦਾ ਅਧਿਐਨ ਕਰਦੇ ਹਾਂ ਅਤੇ ਇਸਦਾ ਵਿਸ਼ਲੇਸ਼ਣ ਕਰਦੇ ਹਾਂ, ਤਾਂ ਅਸੀਂ ਪਾਵਾਂਗੇ ਕਿ ਭਾਰਤ ਵਿੱਚ ਮਨੁੱਖੀ ਮੈਟਾਪਨੀਓਮੋਵਾਇਰਸ ਫੈਲ ਰਿਹਾ ਹੈ - ਸੰਕਰਮਣ ਅਤੇ ਸਾਹ ਸੰਬੰਧੀ ਵਾਇਰਸ ਬਜ਼ੁਰਗਾਂ ਅਤੇ ਬੱਚਿਆਂ ਨੂੰ ਨਿਸ਼ਾਨਾ ਬਣਾਉਂਦੇ ਹਨ - 5 ਸਾਲ ਤੋਂ ਘੱਟ ਉਮਰ ਦੇ ਅਤੇ 65 ਸਾਲ ਤੋਂ ਵੱਧ ਉਮਰ ਦੇ ਲੋਕ ਅਤੇ ਸਾਹ ਦੇ ਵਾਇਰਸ ਅਤੇ ਦਮੇ ਦੇ ਮਰੀਜ਼ਾਂ ਨੂੰ ਸੁਚੇਤ ਰਹਿਣ ਦੀ ਲੋੜ ਹੈ ਵਾਇਰਸ ਦੇ ਫੈਲਣ ਦੀ ਦਰ ਕੋਰੋਨਾ ਨਾਲੋਂ ਘੱਟ ਹੈ ਪਰ ਫੈਲਣ ਦਾ ਤਰੀਕਾ ਇੱਕੋ ਹੈ - ਸਰਕਾਰ ਪੂਰੀ ਤਰ੍ਹਾਂ ਚੌਕਸ ਹੈ ਪਰ ਨਾਗਰਿਕਾਂ ਦਾ ਸਹਿਯੋਗ ਜ਼ਰੂਰੀ ਹੈ।

*-ਕੰਪਾਈਲਰ ਲੇਖਕ - ਟੈਕਸ ਮਾਹਿਰ ਕਾਲਮਨਵੀਸ ਸਾਹਿਤਕ ਅੰਤਰਰਾਸ਼ਟਰੀ ਲੇਖਕ ਚਿੰਤਕ ਕਵੀ ਸੰਗੀਤ ਮਾਧਿਅਮ ਸੀਏ (ਏ.ਟੀ.ਸੀ) ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ।*

# ਕੇਹੋ ਜਿਹਾ ਹੋਵੇ ਲੇਖਕ?

ਆਮ ਕਰਕੇ ਲੇਖਕਾਂ ਮੁਆਮਲੇ ਚ ਮੇਰੀ ਰਾਏ ਬੜੀ ਰੁੱਖੀ ਰਹਿੰਦੀ ਹੈ। ਹਾਲਾਂਕਿ ਮੈਂ ਮਾਰਕਸਵਾਦੀ ਨਹੀਂ, ਪਰ ਲੇਖਕਾਂ ਦੇ ਸਮਾਜ ਨਾਲੋਂ ਟੁੱਟ ਜਾਣ ਦੀ ਗੱਲ ਮੈਨੂੰ ਪਸੰਦ ਨਹੀਂ ਆਉਂਦੀ। ਉਹ ਸਾਰੇ ਲੇਖਕ, ਜਿਨ੍ਹਾਂ ਦੀ ਲਿਖਤ ਮਹਿਬੂਬ ਦੇ ਹੁਲਾਰਿਆਂ ਤੇ ਪਿਆਰ ਦੀਆਂ ਜਿਸਮਾਨੀ ਫਰੇਬਾਂ ਨੂੰ ਰੂਹਾਨੀਅਤ ਦੇ ਅਮਲ ਚ ਢਾਲ ਕੇ ਹਵਸ ਪੂਰਤੀ ਤੱਕ



**ਪਰਮਿੰਦਰ ਸਿੰਘ ਸ਼ੌਂਕੀ**

ਸਿਮਟ ਕੇ ਰਹਿ ਜਾਂਦੀ ਹੈ, ਮੈਨੂੰ ਸੱਚਮੁੱਚ ਭੈੜੇ ਲੱਗਦੇ ਹਨ। ਮੇਰੀ ਜਾਚੇ ਲੇਖਕ ਕਾਫਕਾ ਦੇ ਕਥਨ ਵਾਂਗ ਜਦ ਤੱਕ ਦਿਮਾਗ ਚ ਹਥੌੜੇ ਨਾ ਮਾਰੇ, ਉਹ ਕਾਹਦਾ ਲੇਖਕ ਹੋਇਆ।

ਓਰਹਾਨ ਪਾਮੁਕ ਆਖਦਾ - ਤੁਰਕੀ ਦਾ ਇੱਕ ਨਾਮਵਾਰ ਲੇਖਕ ਹੁੰਦੇ ਹੋਏ ਰਾਜਨੀਤੀ ਤੋਂ ਬਚ ਪਾਉਣਾ ਅਸੰਭਵ ਹੈ। ਬੇਸ਼ੱਕ ਤੁਸੀਂ ਸਿਰਫ ਗੁਲਾਬ ਤੇ ਤਿਤਲੀਆਂ ਬਾਰੇ ਹੀ ਕਿਉਂ ਨਾ ਲਿਖਦੇ ਹੋਵੋ।

ਸਾਡੇ ਇੱਥੇ ਗੁਰੂ ਬਾਬਾ ਨਾਨਕ ਇਸ ਦੀ ਉੱਚਤਮ ਉਦਾਹਰਨ ਹਨ। ਬਗੈਰ ਕਿਸੇ ਲਾਗ-ਲਪੇਟ ਦੇ ਜਦ ਉਹ ਨੀਚਾਂ ਨਾਲ ਖੜ੍ਹ ਜਾਂਦੇ ਹਨ, ਉੱਥੇ ਹਰ ਇਕ ਚੀਜ਼ ਸੈਕੰਡਰੀ ਹੋ ਜਾਂਦੀ ਹੈ।ਮੈਨੂੰ ਇਹ ਸੈਕੰਡਰੀ ਕਰਨਾ ਸੋਹਣਾ ਲੱਗਦਾ. ਮੈਂ ਬਾਬੇ ਹੁਰਾਂ ਤੋਂ ਸਿੱਖਿਆ, ਸ਼ਬਦ ਜਦ ਤੱਕ ਜੀਵਨ ਦੀ ਤੋਰ ਨੂੰ ਇੱਕ ਉਦੇਸ਼ ਵੱਲ ਨਾ ਲੈ ਤੁਰੇ ਉਹ ਅਰਥ ਮੁਕਤ ਹੀ ਰਹਿੰਦਾ। ਬੇਲੋੜਾ, ਨੀਰਸ।

ਨੀਰਸਤਾ ਕਿਸ ਨੂੰ ਪਸੰਦ ਹੋ ਸਕਦੀ ਹੈ? ਇਹ ਪਸੰਦ ਹੋਣ ਵਾਲੀ ਸ਼ੈਅ ਥੋੜ੍ਹਾ. ਬੰਦਾ ਜਦ ਨੀਰਸ ਹੋ ਜਾਂਦਾ, ਮਰ ਹੀ ਤੇ ਜਾਂਦਾ।

ਸਾਡਾ ਲੇਖਣ ਦਰਅਸਲ ਨੀਰਸ ਹੈ।ਇਸ ਚ ਉਦੇਸ਼, ਫਲਸਫਾ, ਮਕਸਦ, ਨਿਸ਼ਾਨਾ ਤੇ ਅਜਿਹੇ ਹੋਰ ਕਈ ਨਪੁੰਸਕ ਸ਼ਬਦਾਂ ਦੇ ਬੋਝ ਹੇਠ ਦੱਬਿਆ ਹੋਇਆ ਜੋ ਤੱਤ ਬਾਕੀ ਹੈ, ਉਹ ਦਰਅਸਲ ਨੀਰਸਤਾ ਹੀ ਹੈ. ਇਸੇ ਲਈ ਸਾਡੇ ਲੇਖਕਾਂ ਨੂੰ ਸਮਾਜ ਦਾ ਉਹ ਤਬਕਾ ਮੰਨਿਆ ਜਾਂਦਾ ਹੈ, ਜਿਸ ਨੂੰ ਪਲੈਟੋ ਆਪਣੇ ਘੇਰੇ ਚੋਂ ਬਾਹਰ ਰੱਖਣਾ ਚਾਹੁੰਦਾ. ਪਲੈਟੋ ਕਵੀਆਂ ਨਾਲ ਨਫ਼ਰਤ ਥੋੜ੍ਹਾ ਕਰਦਾ ਸੀ, ਦਰਅਸਲ ਉਹ ਉਨ੍ਹਾਂ ਦੀ ਲਿਖਤ ਚ ਆਈ ਨੀਰਸਤਾ ਤੋਂ ਅੱਕ ਚੁੱਕਾ ਸੀ।

ਸਾਡੇ ਲੇਖਕ ਪਲੈਟੋ ਦੇ ਭਜਾਏ ਉਹੀ ਕਵੀ ਹੀ ਹਨ। ਸਮੱਸਿਆ ਇਹ ਹੈ ਕਿ ਸਾਡੇ ਕੋਲ ਹੁਣ ਕੋਈ ਪਲੈਟੋ ਵੀ ਨਹੀਂ ਹੈ ਜੋ ਇਨ੍ਹਾਂ ਨੂੰ ਭਜਾ ਭਜਾ ਕੇ ਮਾਰ ਸੁੱਟਦਾ।

ਓਰਹਾਨ ਜਿਸ ਤੁਰਕੀ ਦੀ ਗੱਲ ਕਰਦਾ, ਉੱਥੇ ਨੀਰਸਤਾ ਮੌਤ ਹੈ। ਇਸੇ ਲਈ ਉੱਥੇ ਲੇਖਕ ਜੋ ਲਿਖਦੇ ਹਨ, ਸੱਤਾ ਉਸ ਨੂੰ ਵੇਖਦੀ ਹੈ. ਗੰਭੀਰਤਾ ਨਾਲ ਲੈਂਦੀ ਹੈ।

ਪੰਜਾਬੀ ਦਾ ਉਹ ਕਿਹੜਾ ਲੇਖਕ ਸੀ/ਹੈ ਜਿਸ ਨੂੰ ਸੱਤਾ ਨੇ ਕਦੀ ਗੰਭੀਰਤਾ ਨਾਲ ਲਿਆ ਹੈ? ਜਿਸ ਬਾਰੇ ਸੱਤਾ ਨੇ ਕਿਹਾ ਕਿ ਇਹ ਸਾਡੇ ਲਈ ਖਤਰਨਾਕ ਹੈ। ਜਿਹੜਾ ਲੇਖਕ ਸੱਤਾ ਲਈ ਖ਼ਤਰਨਾਕ ਹੀ ਨਹੀਂ, ਉਹ ਅਸਲ ਚ ਅਜੇ ਦਰਅਸਲ ਲੇਖਕ ਬਣਿਆ ਹੀ ਨਹੀਂ।

ਸੋਲਜੇਨਿਤਨਸਿਨ ਜਿਵੇਂ ਕਹਿੰਦਾ ਨਾ, ਲੇਖਕ ਤਾਂ ਸੱਤਾ ਦੇ ਬਰਾਬਰ ਦੀ ਇੱਕ ਵੱਖਰੀ ਸੱਤਾ ਹੁੰਦਾ। ਸਾਡੇ ਇਹੋ ਜਾ ਕੁਝ ਹੈ ਨਹੀਂ।

ਅਸੀਂ ਜੋ ਹਾਂ, ਉਹ ਅਸਲ ਵਿੱਚ ਲੇਖਕ ਹੋਣ ਦੀ ਸਭ ਤੋਂ ਘਟੀਆ ਵੰਨਗੀ ਦੇ ਸਮਾਂ-ਕਾਲ ਦੇ ਅੰਸ਼ ਹਾਂ।

ਸਾਡੇ ਕਿਸੇ ਵੀ ਲੇਖਕ ਚ ਸਾਡੇ ਸਮਾਜ ਨੂੰ ਬਦਲਣ ਦਾ ਮਾਦਾ ਨਹੀਂ।

ਬਦਕਿਸਮਤੀ ਨਾਲ ਇਸ ਸੱਚ ਦੇ ਬਾਵਜੂਦ ਅਸੀਂ ਲੇਖਕਾਂ ਦੇ ਨਾਮ ਤੇ ਪ੍ਰਚੱਲਿਤ ਹੋ ਚੁੱਕੀ ਇੱਕ ਵੱਡੀ ਤਾਦਾਦ ਦੇ ਸਨਮੁੱਖ ਰਹਿੰਦੇ ਤੇ ਵਿਚਰਦੇ ਹਾਂ। ਜਿਹੜੀ ਸਾਹਿਤ ਤੇ ਲੇਖਣ ਦੇ ਨਾਮ ਤੇ ਸਾਡਾ ਸ਼ੋਸ਼ਣ ਕਰਦੀ ਰਹਿੰਦੀ ਹੈ।

ਅਸੀਂ ਸੋਸ਼ਣ ਨੂੰ ਮਾਨਣ ਦੇ ਦੌਰ ਵਿੱਚ ਜੀਅ ਰਹੇ ਹਾਂ।

# ਜ਼ਿੰਦਗੀ ਵਿਚ ਹੋਵੇ ਦਰਿਆ ਜਿਹੀ ਰਵਾਨੀ



**ਹਰਪ੍ਰੀਤ ਕੌਰ ਸੰਧੂ**
9041073310

ਦਰਿਆ ਵਿੱਚ ਪਤਾ ਨਹੀਂ ਕਿੰਨੀਆਂ ਨਹਿਰਾਂ ਨਾਲੇ ਆ ਕੇ ਮਿਲਦੇ ਹਨ ਪਰ ਉਹ ਦਰਿਆ ਦਾ ਰੂਪ ਹੀ ਹੋ ਜਾਂਦੇ ਹਨ। ਦਰਿਆ ਕਦੇ ਉਹਨਾਂ ਨੂੰ ਆਪਣੇ ਤੋਂ ਵੱਖ ਨਹੀਂ ਕਰਦਾ ਨਾ ਹੀ ਸਮਝਦਾ ਹੈ। ਜੋ ਉਸ ਨਾਲ ਰਲ ਗਿਆ ਉਹ ਉਸਦਾ ਹੀ ਹੋ ਗਿਆ। ਠੀਕ ਇਸੇ ਤਰ੍ਹਾਂ ਜ਼ਿੰਦਗੀ ਵਿੱਚ ਵੀ ਹੋਣਾ ਚਾਹੀਦਾ ਹੈ। ਜੋ ਕੋਈ ਵੀ ਤੁਹਾਡੇ ਨਾਲ ਮਿਲਦਾ ਹੈ ਹੈ ਉਸ ਦੀ ਚੰਗਿਆਈ ਬੁਰਿਆਈ ਹਰ ਚੀਜ਼ ਨੂੰ ਅੱਖੋਂ ਪਰੋਖੇ ਕਰਕੇ ਉਸਨੂੰ ਨਾਲ ਲੈ ਕੇ ਤੁਰਨਾ ਜਰੂਰੀ ਹੈ। ਕਿਸੇ ਬੰਦੇ ਵਿੱਚ ਗੁਣ ਹੋਣ ਤਾਂ ਨਾਲ ਔਗੁਣ ਵੀ ਜਰੂਰ ਹੋਣਗੇ। ਸਿਰਫ ਉਸਦੇ ਔਗੁਣਾਂ ਕਰਕੇ ਉਸਨੂੰ ਆਪਣੇ ਤੋਂ ਦੂਰ ਕਰ ਦੇਣਾ ਸਹੀ ਨਹੀਂ। ਉਸਨੂੰ ਆਪਣੇ ਨਾਲ ਰੱਖਣਾ ਉਸ ਦੇ ਗੁਣਾਂ ਕਰਕੇ ਜ਼ਰੂਰੀ ਹੈ। ਨਜ਼ਰ ਅੰਦਾਜ਼ ਕਰ ਦੇਣਾ ਸਾਨੂੰ ਸਿੱਖਣਾ ਪਵੇਗਾ। ਇਸ ਤੋਂ ਬਿਨਾਂ ਜ਼ਿੰਦਗੀ ਜੀਣੀ ਬਹੁਤ ਮੁਸ਼ਕਿਲ ਹੈ।

ਦਰਿਆ ਵਿੱਚ ਲੋਕ ਪੂਜਾ ਦੀ ਸਮੱਗਰੀ ਵੀ ਤਾਰਦੇ ਹਨ। ਕਈ ਲੋਕ ਕੂੜਾ ਕਰਕਟ ਵੀ ਸਿੱਟ ਦਿੰਦੇ ਹਨ। ਦਰਿਆ ਕੋਈ ਸ਼ਿਕਾਇਤ ਨਹੀਂ ਕਰਦਾ। ਉਹ ਹਰ ਚੀਜ਼ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦਾ ਹੈ ਕਿਉਂਕਿ ਉਸ ਨੂੰ ਆਪਣੀ ਰਵਾਨੀ ਦਾ ਪਤਾ ਹੁੰਦਾ ਹੈ। ਇਸੇ ਲਈ ਸ਼ਾਇਰ ਲਿਖਦਾ ਹੈ।

ਹਮ ਤੋਂ ਦਰਿਆ ਹੈ ਹਮੇਂ ਆਪਣਾ ਹੁਨਰ ਮਾਲੂਮ ਹੈ

ਜਿਸ ਤਰਫ ਵੀ ਚਲ ਪੜੇਗੇ ਰਾਸਤਾ ਹੋ ਜਾਏਗਾ।

ਠੀਕ ਇਸੇ ਤਰ੍ਹਾਂ ਮਨੁੱਖੀ ਜੀਵਨ ਵਿੱਚ ਵੀ ਇੱਕ ਰਵਾਨੀ ਹੋਣੀ ਬੜੀ ਜਰੂਰੀ ਹੈ। ਮਜਬੂਤ ਸ਼ਖਸੀਅਤਾਂ ਆਪਣੀ ਰਵਾਨੀ ਨਾਲ ਹੀ ਮਜ਼ਬੂਤ ਹੁੰਦੀਆਂ ਹਨ। ਉਹਨਾਂ ਦੀ ਪਛਾਣ ਉਹਨਾਂ ਦੀ ਰਵਾਨੀ ਕਰਕੇ ਹੀ ਹੁੰਦੀ ਹੈ। ਜੋ ਕੰਢਿਆਂ ਤੇ ਬੈਠ ਕੇ ਸ਼ਿਕਾਇਤਾਂ ਕਰਦੇ ਹਨ ਉਹ ਦਰਿਆਵਾਂ ਦੇ ਨਾਲ ਨਹੀਂ ਤੁਰ ਸਕਦੇ। ਜੇ ਅੱਗੇ ਵਧਣਾ ਹੈ ਤਾਂ ਸਭ ਨੂੰ ਨਾਲ ਲੈ ਕੇ ਵਧਣਾ ਪਵੇਗਾ।

ਜੇਕਰ ਬੀਤੇ ਵਿੱਚ ਹੀ ਉਲਝੇ ਰਹੋਗੇ ਤਾਂ ਅੱਗੇ ਕਦੇ ਨਹੀਂ ਵਧੋਗੇ। ਜੋ ਬੀਤ ਚੁੱਕਾ ਹੈ ਉਸ ਨੂੰ ਭੁੱਲ ਕੇ ਅੱਗੇ ਵਧਣਾ ਹੀ ਜ਼ਿੰਦਗੀ ਹੈ। ਦਰਿਆ ਦੀ ਰਵਾਨੀ ਸਾਨੂੰ ਇਹੀ ਸਿੱਖਿਆ ਦਿੰਦੀ ਹੈ ਕਿ ਸਾਨੂੰ ਚਲਦੇ ਰਹਿਣਾ ਚਾਹੀਦਾ ਹੈ। ਜ਼ਿੰਦਗੀ ਵਿੱਚ ਸਭ ਤੋਂ ਵੱਡੀ ਚੀਜ਼ ਲਗਾਤਾਰਤਾ ਹੈ। ਜ਼ਿੰਦਗੀ ਵਿੱਚ ਆਪਣੇ ਉਦੇਸ਼ ਨੂੰ ਪ੍ਰਾਪਤ ਕਰਨ ਦਾ ਜੇ ਕੋਈ ਤਰੀਕਾ ਹੈ ਤਾਂ ਉਹ ਇਹ ਹੈ ਕਿ ਅਸੀਂ ਆਪਣੇ ਯਤਨਾਂ ਵਿੱਚ ਲਗਾਤਾਰਤਾ ਬਣਾਈ ਰੱਖੀਏ।

ਨਿੱਕੀਆਂ ਨਿੱਕੀਆਂ ਗੱਲਾਂ ਵਿੱਚ ਨਾ ਉਲਝੇ ਰਹੋ। ਦਰਿਆ ਵਾਂਗ ਹਰ ਚੀਜ਼ ਨੂੰ ਆਪਣੇ ਵਿੱਚ ਸਮੋ ਲਓ ਤੇ ਵਧਦੇ ਰਹੋ।

ਜ਼ਿੰਦਗੀ ਵੀ ਕੁਝ ਅਜਿਹੀ ਹੀ ਹੋਣੀ ਚਾਹੀਦੀ ਹੈ। ਜ਼ਿੰਦਗੀ ਦੇ ਰਾਹ ਵਿੱਚ ਕਿੰਨੀਆਂ ਵੀ ਰੁਕਾਵਟਾਂ ਕਿਉਂ ਨਾ ਆਉਣ ਅੱਗੇ ਵਧਦੇ ਰਹਿਣਾ ਹੀ ਇਸ ਦਾ ਕਰਮ ਹੈ। ਤਮਾਮ ਰੁਕਾਵਟਾਂ ਨੂੰ ਹੱਦਾ ਬੰਨਿਆਂ ਨੂੰ ਲੰਘ ਕੇ ਅੱਗੇ ਵਧਣਾ ਹੀ ਜ਼ਿੰਦਗੀ ਹੈ। ਮਾਕੂਲ ਹਾਲਾਤ ਹਮੇਸ਼ਾ ਮਿਲਣ ਇਹ ਜਰੂਰੀ ਨਹੀਂ ਹੁੰਦਾ। ਸਭ ਕੁਝ ਤੁਹਾਡੇ ਹੱਕ ਵਿੱਚ ਹੋਵੇ ਇਹ ਲਾਜ਼ਮੀ ਨਹੀਂ ਹੈ। ਤੁਹਾਡੇ ਖਿਲਾਫ ਵੀ ਬਹੁਤ ਕੁਝ ਹੋਵੇਗਾ। ਬਹੁਤ ਕੁਝ ਹੋਵੇਗਾ ਜੋ ਤੁਹਾਨੂੰ ਪਸੰਦ ਨਾ ਹੋਵੇ ਪਰ ਇਸ ਸਭ ਦੇ ਬਾਵਜੂਦ ਵੀ ਅੱਗੇ ਵਧਣਾ ਇਹੀ ਜ਼ਿੰਦਗੀ ਹੈ।

**ਜੇਕਰ ਬੀਤੇ ਵਿੱਚ ਹੀ ਉਲਝੇ ਰਹੋਗੇ ਤਾਂ ਅੱਗੇ ਕਦੇ ਨਹੀਂ ਵਧੋਗੇ। ਜੋ ਬੀਤ ਚੁੱਕਾ ਹੈ ਉਸ ਨੂੰ ਭੁੱਲ ਕੇ ਅੱਗੇ ਵਧਣਾ ਹੀ ਜ਼ਿੰਦਗੀ ਹੈ।**

# ਪਿਆਰ ਦਾ ਪਾਤਰ: ਸੁਰਜੀਤ ਪਾਤਰ

**ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦਾ ਉਹ ਪ੍ਰਧਾਨ ਰਿਹਾ ਅਤੇ ਫੇਰ 2017 ਵਿਚ ਉਸ ਨੂੰ ਪੰਜਾਬ ਕਲਾ ਪਰਿਸ਼ਦ ਦਾ ਚੇਅਰਮੈਨ ਬਣਾ ਦਿੱਤਾ ਗਿਆ। ਇਨ੍ਹਾਂ ਸਾਲਾਂ ਵਿਚ ਉਸ ਨੂੰ ਹੋਰ ਨੇੜਿਓਂ ਤੱਕਣ ਦਾ ਮੌਕਾ ਮਿਲਿਆ।**



ਡਾ.ਲਖਵਿੰਦਰ ਸਿੰਘ ਜੌਹਲ
ਫੋਨ: 94171-94812

ਸੁਰਜੀਤ ਪਾਤਰ ਪੰਜਾਬੀ ਸਾਹਿਤ ਦੀ ਉਹ ਸਰਬ ਪ੍ਰਮਾਣਿਤ ਸ਼ਖ਼ਸੀਅਤ ਸੀ, ਜਿਸ ਨੂੰ ਹਰ ਕੋਈ ਸਤਿਕਾਰ ਦਿੰਦਾ ਸੀ, ਪਿਆਰ ਕਰਦਾ ਸੀ ਤੇ ਉਸ ਤੋਂ ਅਗਵਾਈ ਲੈਂਦਾ ਸੀ। ਉਸ ਨੂੰ ਪੰਜਾਬੀ ਕਵਿਤਾ ਦੀਆਂ ਸਾਰੀਆਂ ਆਧੁਨਿਕ ਲਹਿਰਾਂ ਅਤੇ ਪ੍ਰਵਿਰਤੀਆਂ ਨਾਲ ਮੇਚ ਕੇ ਵੇਖੀਏ ਤਾਂ ਉਹ ਆਪਣੀ ਲੇਖਣੀ ਅਤੇ ਆਪਣੀ ਪੇਸ਼ਕਾਰੀ ਦੇ ਹਰਮਨ ਪਿਆਰੇ ਅੰਦਾਜ਼ ਕਰਕੇ, ਇੱਕ ਬੇਜੋੜ ਕਵੀ ਅਤੇ ਪਾਰਗਾਮੀ ਸੁਭਾਅ ਵਾਲੀ ਅਜਿਹੀ ਸੂਖਮ ਸ਼ਖ਼ਸੀਅਤ ਸੀ, ਜੋ ਚੰਗਾੜ ਭਰੇ ਸੰਘਣੇ ਜੰਗਲ ਵਿੱਚ ਵੀ ਸ਼ਾਂਤ ਵਗਦੇ ਦਰਿਆ ਵਰਗੀ ਸੀ। 'ਹਵਾ 'ਚ ਲਿਖੇ ਹਰਫ਼' ਤੋਂ 'ਇਹ ਬਾਤ ਨਿਰੀ ਏਨੀ ਹੀ ਨਹੀਂ' ਤੱਕ ਫੈਲਿਆ ਹੋਇਆ ਉਹਨਾਂ ਦਾ ਸਾਹਿਤ ਸੰਸਾਰ, ਸ਼ਬਦਾਂ ਅਤੇ ਸੁਰਾਂ ਦਾ ਅਦਭੁਤ ਸੁਮੇਲ ਹੈ।

'ਬੁੱਢੀ ਜਾਦੂਗਰਨੀ', 'ਪੁਲ', 'ਘਰਾਂ ਨੂੰ ਪਰਤਣਾ' ਤੇ 'ਘਰਰ ਘਰਰ' ਵਰਗੀਆਂ ਦਮਦਾਰ ਕਵਿਤਾਵਾਂ ਦਾ ਇਹ ਰਚੇਤਾ, ਜਦੋਂ ਗ਼ਜ਼ਲੀਅਤਾ ਅਤੇ ਪ੍ਰਗੀਤਿਕਤਾ ਨੂੰ ਆਪਣੀ ਲੇਖਣੀ ਦੀ ਮੁੱਖ ਸੁਰ ਬਣਾਉਂਦਾ ਹੈ, ਤਾਂ ਉਸ ਦੀ ਰਚਨਾ ਪੰਜਾਬੀਆਂ ਦੀ ਰੂਹ ਦਾ ਰਾਗ ਪ੍ਰਤੀਤ ਹੁੰਦੀ ਹੈ।ਜਿਸ ਵਿੱਚ ਪੰਜਾਬੀਅਤ ਦੀ ਨਿਸ਼ਕਾਮਤਾ ਝਲਕਦੀ ਦਿਸਦੀ ਹੈ:-

ਹਮੇਸ਼ਾ ਲੋਚਿਆ ਬਣਨਾ
ਤੁਹਾਡੇ ਪਿਆਰ ਦੇ ਪਾਤਰ
ਕਦੇ ਨਾ ਸੋਚਿਆ ਆਪਾਂ ਕਿ
ਆਹ ਬਣਦੇ ਜਾਂ ਔਹ ਬਣਦੇ

ਅਜਿਹੀਆਂ ਸਰਲ ਸਾਦੇ ਸੁਭਾਅ ਵਾਲੀਆਂ ਗ਼ਜ਼ਲਾਂ ਲਿਖਣ ਵਾਲਾ ਸੁਰਜੀਤ ਪਾਤਰ ਜਦੋਂ ਸਮਾਜ, ਸੱਭਿਆਚਾਰ ਅਤੇ ਵਿਵਸਥਾ ਦੀਆਂ ਗਹਿਰੀਆਂ ਪਰਤਾਂ ਨੂੰ ਆਪਣੇ ਸੂਖ਼ਮ ਅੰਦਾਜ਼ ਨਾਲ ਕਲਮਬੱਧ ਕਰਦਾ ਹੈ ਤਾਂ ਕਾਵਿ ਰਸੀਆਂ ਦਾ ਧਿਆਨ ਖਿੱਚਦਾ ਹੋਇਆ ਮਕਬੂਲੀਅਤ ਦੇ ਚਰਮ ਤੱਕ ਪਹੁੰਚਦਾ ਹੈ।


ਕੋਲੰਬੀਆ ਦੇ ਵਿਸ਼ਵ ਕਵਿਤਾ ਉਤਸਵ ਵਿਚ ਭਾਰਤੀ ਕਵਿਤਾ ਦੀ ਪ੍ਰਤੀਨਿਧਤਾ ਕਰਨਾ, ਚੀਨ ਵਿਚ ਜਾਣ ਵਾਲੇ ਭਾਰਤੀ ਲੇਖਕਾਂ ਦੇ ਵਫ਼ਦ ਵਿਚ ਸ਼ਾਮਿਲ ਹੋਣਾ, ਨਿਊਯਾਰਕ ਦੀ ਲਿਟਰੇਚਰ ਕਾਨਫ਼ਰੰਸ ਵਿਚ ਭਾਰਤੀ ਕਵੀ ਵਜੋਂ ਸ਼ਾਮਿਲ ਹੋਣਾ, ਜਰਮਨ ਦੇ ਪੁਸਤਕ ਮੇਲੇ ਵਿਚ ਪੰਜਾਬੀ ਕਵੀ ਵਜੋਂ ਹਾਜ਼ਰੀ ਭਰਨੀ, ਆਬੂਧਾਬੀ ਦੇ ਵਿਸ਼ਵ ਪੁਸਤਕ ਮੇਲੇ ਵਿਚ ਭਾਰਤੀ ਸਾਹਿਤਕਾਰ ਵਜੋਂ ਉਸ ਨੂੰ ਬੁਲਾਏ ਜਾਣਾ, ਸੁਰਜੀਤ ਪਾਤਰ ਦੇ ਵੱਡੇ ਹਾਸਿਲ ਸਨ।

ਦੁਆਬੇ ਦੇ ਪਿੰਡ ਪੱਤੜ ਕਲਾਂ ਵਿੱਚ 14 ਜਨਵਰੀ, 1945 ਨੂੰ ਪੈਦਾ ਹੋਇਆ ਪਾਤਰ ਰੋਟੀ ਰੋਜ਼ੀ ਲਈ ਲੁਧਿਆਣਾ ਵਾਸੀ ਹੋ ਗਿਆ ਸੀ। ਐੱਮ.ਏ. ਪੰਜਾਬੀ ਵਿਚ ਗੋਲਡ ਮੈਡਲ ਪ੍ਰਾਪਤ ਕਰਨ ਵਾਲਾ ਪਾਤਰ, ਐੱਮ.ਫਿਲ, ਪੀਐੱਚ.ਡੀ. ਤੱਕ ਪੜ੍ਹਿਆ ਅਤੇ ਫੇਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਉਸ ਨੂੰ ਆਨਰੇਰੀ ਡੀ.ਲਿਟ ਦੀ ਡਿਗਰੀ ਵੀ ਪ੍ਰਦਾਨ ਕੀਤੀ। ਪਰ ਅਜਿਹੀਆਂ ਡਿਗਰੀਆਂ ਅਤੇ ਸਨਮਾਨਾਂ ਤੋਂ ਬਹੁਤ ਉੱਚਾ ਪਾਤਰ ਸ਼ਾਇਰੀ ਦਾ ਅਜਿਹਾ ਦਰਿਆ ਸੀ, ਜਿਸ ਦੀ ਰਵਾਨੀ ਕਵਿਤਾ ਨੂੰ ਤੁਰਨਾ ਸਿਖਾਉਂਦੀ ਸੀ।

ਉਸ ਦੀ ਰਚਨਾਕਾਰੀ ਗ਼ਜ਼ਲਾਂ, ਗੀਤਾਂ, ਕਵਿਤਾਵਾਂ, ਨਾਟਕਾਂ ਅਤੇ ਵਾਰਤਕ ਦਾ ਉਹ ਖ਼ਜ਼ਾਨਾ ਹਨ, ਜਿਸ ਦੀ ਚਮਕ ਵਰਤਮਾਨ ਦੇ ਨਾਲ-ਨਾਲ ਭਵਿੱਖ ਨੂੰ ਵੀ ਰੁਸ਼ਨਾ ਦੇਣ ਦੀ ਸਮਰੱਥਾ ਰੱਖਦੀ ਹੈ। ਉਹ ਜਦੋਂ ਆਪਣੀਆਂ ਗ਼ਜ਼ਲਾਂ ਨਾਲ ਇਕਸੁਰ ਹੋ ਕੇ ਦਰਸ਼ਕਾਂ/ਸਰੋਤਿਆਂ ਸਾਹਮਣੇ ਹਾਜ਼ਰ ਹੁੰਦਾ ਤਾਂ ਸਮਾਂ ਠਹਿਰ ਜਾਂਦਾ ਸੀ। ਉਸ ਨਾਲ ਮੇਰੀ ਪਹਿਲੀ ਮੁਲਾਕਾਤ 1972 ਵਿੱਚ ਹੋਈ ਸੀ... ਫੇਰ ਦੂਰਦਰਸ਼ਨ ਦੇ ਅਨੇਕਾਂ ਪ੍ਰੋਗਰਾਮਾਂ ਨਾਲ ਸੁਰਜੀਤ ਪਾਤਰ ਦਾ ਜੜਾਓ ਰਿਹਾ। ਕਦੇ ਸੂਰਜ ਦਾ ਸਿਰਨਾਵਾਂ, ਕਦੇ ਕਾਵਿਸ਼ਾਰ, ਕਦੇ ਲੋਕ ਰੰਗ ਤੇ ਫੇਰ ਰੂਬਰੂ ਉਨ੍ਹਾਂ ਪ੍ਰੋਗਰਾਮਾਂ ਵਿਚ ਸ਼ਾਮਿਲ ਹੈ, ਜਿਨ੍ਹਾਂ ਦਾ ਕਦੇ ਉਹ ਸੰਚਾਲਕ ਰਿਹਾ ਅਤੇ ਕਦੇ ਪ੍ਰਤੀਭਾਗੀ।ਇਹ ਸਾਲ ਮੈਨੂੰ ਉਸ ਦੇ ਨੇੜੇ ਨੇੜੇ ਵਿਚਰਨ ਦਾ ਮੌਕਾ ਦਿੰਦੇ ਰਹੇ।

ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ ਦਾ ਉਹ ਪ੍ਰਧਾਨ ਰਿਹਾ ਅਤੇ ਫੇਰ 2017 ਵਿਚ ਉਸ ਨੂੰ ਪੰਜਾਬ ਕਲਾ ਪਰਿਸ਼ਦ ਦਾ ਚੇਅਰਮੈਨ ਬਣਾ ਦਿੱਤਾ ਗਿਆ। ਇਨ੍ਹਾਂ ਸਾਲਾਂ ਵਿਚ ਉਸ ਨੂੰ ਹੋਰ ਨੇੜਿਓਂ ਤੱਕਣ ਦਾ ਮੌਕਾ ਮਿਲਿਆ। ਉਸ ਦੀ ਅਗਵਾਈ ਵਿਚ ਪੰਜਾਬ ਕਲਾ ਪਰਿਸ਼ਦ ਦੇ ਸਕੱਤਰ ਦੇ ਅਹੁਦੇ ਉੱਤੇ ਰਹਿੰਦਿਆਂ ਉਸ ਦੀ ਸ਼ਖ਼ਸੀਅਤ ਦੇ ਉਹ ਗਹਿਰੇ ਰੰਗ ਵੀ ਅਤਿ ਨੇੜੇ ਤੋਂ ਵੇਖਦਿਆਂ ਅਨੁਭਵ ਦੀ ਜੋ ਅਮੀਰੀ, ਮੈਂ ਇਨ੍ਹਾਂ ਸਾਲਾਂ ਵਿਚ ਗ੍ਰਹਿਣ ਕੀਤੀ, ਉਹ ਮੇਰਾ ਬੇਹੱਦ ਵਡਮੁੱਲਾ ਸਰਮਾਇਆ ਹੈ। ਪੇਚੀਦਾ ਤੋਂ ਪੇਚੀਦਾ ਮਸਲਿਆਂ ਨੂੰ ਮਿੱਠੀ ਮੁਸਕਾਨ ਨਾਲ ਟਾਲ ਦੇਣਾ, ਉਸ ਦਾ ਮੀਰੀ ਗੁਣ ਸੀ। ਤਲਖ਼ੀ ਭਰੇ ਮਾਹੌਲ ਵਿੱਚ ਵੀ ਚਾਰ ਚੁਫ਼ੇਰੇ ਭੁੜਕ ਰਹੀਆਂ ਮਿਰਚਾਂ ਨੂੰ ਮਿਸ਼ਰੀ ਬਣਾ ਦੇਣ ਦੀ ਕਲਾ ਉਸ ਨੂੰ ਆਉਂਦੀ ਸੀ। ਉਹ ਅਸਹਿਮਤੀ ਨੂੰ ਸਹਿਮਤੀ, ਅਸਹਿਜਤਾ ਨੂੰ ਸਹਿਜਤਾ, ਅਤੇ ਤਲਖ਼ੀ ਨੂੰ ਤਰਲਤਾ ਵਿਚ ਬਦਲਣ ਵਾਲੀ ਸ਼ਖ਼ਸੀਅਤ ਸੀ...।

ਭਾਸ਼ਾ ਵਿਭਾਗ ਪੰਜਾਬ, ਪੰਜਾਬ ਸਾਹਿਤ ਅਕਾਦਮੀ ਚੰਡੀਗੜ੍ਹ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ, ਪੰਜਾਬੀ ਅਕਾਦਮੀ ਦਿੱਲੀ ਅਤੇ ਭਾਰਤੀ ਸਾਹਿਤ ਅਕਾਦਮੀ ਦੇ ਪੁਰਸਕਾਰਾਂ ਦੇ ਨਾਲ-ਨਾਲ ਉਸ ਨੂੰ 'ਪੰਚਨਦ' ਅਤੇ 'ਸਰਸਵਤੀ ਪੁਰਸਕਾਰ' ਵਰਗੇ ਕੌਮੀ ਪੁਰਸਕਾਰ ਵੀ ਮਿਲ ਚੁੱਕੇ ਸਨ। ਦੇਸ਼ ਦਾ ਵਕਾਰੀ ਪੁਰਸਕਾਰ ਪਦਮਸ਼੍ਰੀ ਪੁਰਸਕਾਰ ਵੀ ਉਸ ਦੀ ਝੋਲੀ ਵਿਚ ਸੀ।... ਸਾਹਿਤਕ ਮੰਚਾਂ ਉੱਤੇ ਉਹ ਸ਼ਿਵ ਕੁਮਾਰ ਦਾ ਜਾਨਸ਼ੀਨ ਸੀ, ਕਵਿਤਾ ਦੀ ਸਰਬੰਗਤਾ ਵਿਚ ਉਹ ਪ੍ਰੋ. ਮੋਹਣ ਸਿੰਘ ਦਾ ਪੂਰਕ ਸੀ, ਪ੍ਰਗਤੀਵਾਦੀ ਧਾਰਾ ਵਿਚ ਉਹ ਪਾਸ਼ ਦਾ ਸਮਾਨੰਤਰੀ ਸੀ ਅਤੇ ਨਵੀ ਪੰਜਾਬੀ ਕਵਿਤਾ ਵਿਚ ਉਹ ਅਜਿਹਾ ਬੇਜੋੜ ਕਵੀ ਸੀ, ਜਿਸ ਦੀ ਕਿਸੇ ਵੀ ਸਮਾਗਮ ਵਿਚ ਹਾਜ਼ਰੀ ਦਿਨ ਦੇ ਸੂਰਜ ਅਤੇ ਰਾਤ ਦੇ ਚੰਦਰਮਾ ਵਰਗੀ ਸੀ...। ਉਸ ਦੀ ਬਹੁਤ ਪਿਆਰੀ ਗ਼ਜ਼ਲ ਨੂੰ ਯਾਦ ਕਰਦਿਆਂ ਇਉਂ ਲੱਗ ਰਿਹਾ ਹੈ, ਜਿਵੇਂ ਉਹ ਕਹਿ ਰਿਹਾ ਹੋਵੇ... ਉਦਾਸ ਨਾ ਹੋਣਾ... ਆਸ ਦਾ ਪੱਲਾ ਫੜੀ ਰੱਖਣਾ...



ਜੇ ਆਈ ਪਤਝੜ ਤਾਂ ਫੇਰ ਕੀ ਹੈ
ਤੂੰ ਅਗਲੀ ਰੁੱਤ ਵਿਚ ਯਕੀਨ ਰੱਖੀਂ
ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ
ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ...

ਕਿਸੇ ਵੀ ਸ਼ੀਸ਼ੇ 'ਚ ਅਕਸ ਆਪਣਾ
ਗੰਧਲਦਾ ਤੱਕ ਨਾ ਉਦਾਸ ਹੋਈਂ
ਸੱਜਣ ਦੀ ਨਿਰਮਲ ਨਦਰ 'ਚ ਹਰਦਮ
ਤੂੰ ਧਿਆਨ ਆਪਣੇ ਨੂੰ ਲੀਨ ਰੱਖੀਂ

ਇਸ ਤਰ੍ਹਾਂ ਦੀ ਆਸ ਭਰਪੂਰ ਅਰਥਵਾਨ ਸ਼ਾਇਰੀ ਲਿਖਣ ਵਾਲੇ ਪਾਤਰ ਨੂੰ ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ ਅਤੇ ਵਿਕਾਸ ਦੇ ਚੌਖਟੇ ਵਿੱਚ ਰੱਖ ਕੇ ਨਿਹਾਰੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਜਦੋਂ ਜਦੋਂ ਵੀ ਪੰਜਾਬੀ ਕਵਿਤਾ ਨਵਾਂ ਵਿਚਾਰ ਅਤੇ ਨਵਾਂ ਅੰਦਾਜ਼ ਲੈ ਕੇ ਆਈ ਤਾਂ ਪ੍ਰੋ. ਪੂਰਨ ਸਿੰਘ, ਪਾਸ਼ ਅਤੇ ਲਾਲ ਸਿੰਘ ਦਿਲ ਦੇ ਰੂਪ ਵਿੱਚ ਬੇਹੱਦ ਪ੍ਰਵਾਨ ਹੋਈ। ਪਰ ਇਸ ਦੇ ਨਾਲ ਹੀ ਜਦੋਂ ਜਦੋਂ ਨਵੀਂ ਪੰਜਾਬੀ ਕਵਿਤਾ ਲੈਅ-ਬੱਧ ਪ੍ਰਗੀਤਕਤਾ ਅਤੇ ਵਿਚਾਰਾਂ ਦੇ ਖੁੱਲ੍ਹੇਪਨ ਦਾ ਸਮਤੋਲ ਲੈ ਕੇ ਹਾਜ਼ਰ ਹੋਈ, ਤਾਂ ਬਾਵਾ ਬਲਵੰਤ, ਮੋਹਣ ਸਿੰਘ, ਅੰਮ੍ਰਿਤਾ ਪ੍ਰੀਤਮ ਅਤੇ ਹਰਭਜਨ ਸਿੰਘ ਰਾਹੀਂ ਆਪਣਾ ਸਨਮਾਨਯੋਗ ਸਥਾਨ ਹਾਸਿਲ ਕਰਨ ਵਿੱਚ ਵੀ ਸਫਲ ਰਹੀ। ...ਤੇ ਫੇਰ ਸ਼ਿਵ ਕੁਮਾਰ, ਸੰਤ ਰਾਮ ਉਦਾਸੀ ਅਤੇ ਸੁਰਜੀਤ ਪਾਤਰ ਪੰਜਾਬੀ ਕਵਿਤਾ ਦੇ ਅਜੇਹੇ ਅਪਵਾਦ ਹਨ, ਜਿਨ੍ਹਾਂ ਦੀ ਸੁਰੀਲੀ ਆਵਾਜ਼ ਅਤੇ ਪੇਸ਼ਕਾਰੀ ਦੇ ਅੰਦਾਜ਼ ਨੇ, ਉਨ੍ਹਾਂ ਦੀ ਕਵਿਤਾ ਵਿਚਲੀ ਪ੍ਰਗੀਤਕਤਾ, ਲੈਅ-ਬੱਧਤਾ ਅਤੇ ਰਵਾਨੀ ਨੂੰ ਸਟੇਜੀ ਮੁਹਾਰਤ ਦਾ ਤਾਜ ਪਹਿਨਾ ਕੇ ਮਕਬੂਲੀਅਤ ਦੀਆਂ ਸਿਖ਼ਰਾਂ ਉੱਤੇ ਪਹੁੰਚਾ ਦਿੱਤਾ। ਸੁਰਜੀਤ ਪਾਤਰ ਦੀ ਮਕਬੂਲੀਅਤ ਦੇ ਇਸ ਸਿਖਰ ਨੂੰ, ਨਵੀਂ ਪੰਜਾਬੀ ਕਵਿਤਾ ਦੀ ਸਿਰਜਣਾਤਮਿਕਤਾ ਨਾਲ ਮੇਚ ਕੇ ਵੇਖਣਾ, ਨਵੀਂ ਸਮੀਖਿਆਕਾਰੀ ਲਈ ਇਕ ਵੰਗਾਰ ਹੋਵੇਗਾ।

# ਕਾਮਨਵੈਲਥ ਗੇਮਜ਼ ਗੋਲਡ ਮੈਡਲਿਸਟ ਹਾਕੀ ਖਿਡਾਰਨ ਮਨਜਿੰਦਰ ਕੌਰ

**ਜਾਈਆਂ ਖੇਡ ਮੈਦਾਨ ਦੀਆਂ-6**



ਨਵਦੀਪ ਸਿੰਘ ਗਿੱਲ

ਹਾਕੀ ਖੇਡ ਵਿੱਚ ਪੁਰਸ਼ਾਂ ਦੇ ਮੁਕਾਬਲਿਆਂ ਵਿੱਚ ਪੰਜਾਬੀਆਂ ਨੇ ਹਮੇਸ਼ਾਂ ਹੀ ਝੰਡੇ ਗੱਡੇ ਹਨ। ਔਰਤਾਂ ਦੇ ਮੁਕਾਬਲੇ ਪੁਰਸ਼ਾਂ ਵਿੱਚ ਪੰਜਾਬ ਨੇ ਕਈ ਸੰਸਾਰ ਜੇਤੂ ਖਿਡਾਰੀ ਪੈਦਾ ਕੀਤੇ ਹਨ ਪਰ ਫਿਰ ਵੀ ਕੁਝ ਕੁ ਮਹਿਲਾ ਖਿਡਾਰਨਾਂ ਅਜਿਹੀਆਂ ਹੋਈਆਂ ਹਨ ਜਿਹੜੀਆਂ ਹਾਕੀ ਦੀ ਖੇਡ ਵਿੱਚ ਪੰਜਾਬ ਨੂੰ ਸੰਸਾਰ ਪ੍ਰਸਿੱਧੀ ਉਤੇ ਲੈ ਕੇ ਗਈਆਂ ਹਨ। ਅਜਿਹੀ ਹੀ ਹਾਕੀ ਖਿਡਾਰਨ ਮਨਜਿੰਦਰ ਕੌਰ ਹੈ ਜਿਸ ਦਾ ਜਨਮ 17 ਜੁਲਾਈ 1975 ਨੂੰ ਹੋਇਆ।

ਰਾਸ਼ਟਰੀ ਪੱਧਰ ਤੇ ਪੰਜਾਬ ਅਤੇ ਉੱਤਰੀ ਰੇਲਵੇ ਵੱਲੋਂ ਖੇਡਣ ਵਾਲੀ ਮਨਜਿੰਦਰ ਫਾਰਵਰਡ ਪੰਕਤੀ ਵਿੱਚ ਖੇਡਦੀ ਹੋਈ ਭਾਰਤੀ ਟੀਮ ਦੇ ਹਮਲਿਆਂ ਦੀ ਮੋਢੀ ਹੁੰਦੀ ਹੈ। ਅੰਤਰਰਾਸ਼ਟਰੀ ਮੱਧਰ ਤੇ 1991 ਤੋ ਮੱਲਾਂ ਮਾਰਨ ਵਾਲੀ ਮਨਜਿੰਦਰ 16 ਸਾਲ ਦੀ ਉਮਰ ਵਿੱਚ ਹੀ ਆਪਣੀ ਖੇਡ ਦੀ ਸਿਖਰ ਉਤੇ ਸੀ। ਇੱਕ ਦਹਾਕੇ ਤੋ ਉੱਪਰ ਹਾਕੀ ਤੇ ਰਾਜ ਕਰਨ ਵਾਲੀ ਮਨਜਿੰਦਰ ਇੱਕ ਵਿਸ਼ਵ ਕੱਪ, ਤਿੰਨ ਏਸ਼ਿਆਈ ਖੇਡਾਂ, ਦੋ-ਦੋ ਏਸ਼ੀਆ ਕੱਪ ਤੇ ਰਾਸ਼ਟਰਮੰਡਲ ਖੇਡਾਂ ਤੋਂ ਇਲਾਵਾ ਹੋਰ ਅਨੇਕਾਂ ਟੂਰਨਾਮੈਂਟ ਵਿਚ ਭਾਰਤ ਦੀ ਨੁਮਾਇੰਦਗੀ ਕਰ ਚੁੱਕੀ ਹੈ। ਐਫ.ਆਈ.ਐਚ. ਇੰਟਰ ਨੈਸ਼ਨਲ ਕੱਪ, ਅੰਤਰ ਮਹਾਂਦੀਪੀ ਕੱਪ ਖੇਡ ਚੁੱਕੀ ਮਨਜਿੰਦਰ 1998 ਵਿੱਚ ਯੂਰੋਪ ਤੇ ਅਮਰੀਕਾ ਦੇ ਟੂਰ ਤੇ ਭਾਰਤੀ ਟੀਮ ਦੀ ਕਪਤਾਨੀ ਵੀ ਕਰ ਚੁੱਕੀ ਹੈ। 1993 ਦੇ ਏਸ਼ੀਆ ਕੱਪ ਵਿੱਚ ਸਿੰਘਾਪੁਰ ਖਿਲਾਫ ਹੈਟ ਟਰਿੱਕ ਮਾਰਨ ਵਾਲੀ ਮਨਜਿੰਦਰ ਪਹਿਲੀ ਭਾਰਤੀ ਖਿਡਾਰਨ ਹੈ ਜਿਸ ਨੇ ਏਸ਼ੀਆ ਕੱਪ ਦੇ ਇਤਿਹਾਸ ਵਿੱਚ ਹੈਟ ਟਰਿੱਕ ਲਗਾਈ ਹੋਵੇ।



ਮਨਜਿੰਦਰ ਨੇ ਪਹਿਲੀ ਵੱਡੀ ਪ੍ਰਾਪਤੀ 1998 ਦੀਆਂ ਬੈਂਕਾਕ ਏਸ਼ਿਆਈ ਖੇਡਾਂ ਵਿੱਚ ਹਾਸਲ ਕੀਤੀ ਜਦੋਂ ਮਨਜਿੰਦਰ ਦੀ ਬਦੌਲਤ ਭਾਰਤ ਨੇ ਚਾਂਦੀ ਦਾ ਤਮਗਾ ਜਿੱਤਿਆ। ਇਨ੍ਹਾਂ ਖੇਡਾਂ ਵਿੱਚ ਮਨਜਿੰਦਰ ਦੀ ਸਟਿੱਕ ਨੇ 4 ਗੋਲ ਵੀ ਕੀਤੇ। 1999 ਦੇ ਏਸ਼ੀਆ ਕੱਪ ਵਿੱਚ ਮਨਜਿੰਦਰ ਦੇ ਤਿੰਨ ਗੋਲਾਂ ਦੀ ਬਦੌਲਤ ਭਾਰਤ ਨੇ ਚਾਂਦੀ ਦਾ ਤਮਗ਼ਾ ਹਾਸਲ ਕੀਤਾ।ਲੰਬੇ ਸਮੇਂ ਤੋਂ ਖਿਤਾਬੀ ਜਿੱਤਾਂ ਨੂੰ ਤਰਸ ਰਹੀ ਭਾਰਤੀ ਮਹਿਲਾ ਹਾਕੀ ਟੀਮ ਨੇ 2002 ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚ ਸੋਨੇ ਦਾ ਤਮਗਾ ਜਿੱਤਿਆ।ਭਾਰਤੀ ਮਹਿਲਾ ਹਾਕੀ ਦੀਆਂ ਸੁਨਹਿਰੀ ਪ੍ਰਾਪਤੀਆਂ ਵਿੱਚੋਂ ਇਹ ਸਭ ਤੋਂ ਸਿਖਰਲੀ ਪ੍ਰਾਪਤੀ ਹੈ। ਇਸ ਇਤਿਹਾਸਕ ਜਿੱਤ ਵਿੱਚ ਮਨਜਿੰਦਰ ਕੌਰ ਭਾਰਤੀ ਟੀਮ ਦੀ ਮੁੱਖ ਖਿਡਾਰਨ ਸੀ। ਰਾਸ਼ਟਰਮੰਡਲ ਖੇਡਾਂ ਦੀ ਜਿੱਤ ਤੋ ਬਾਅਦ ਐਨ. ਆਈ. ਐਸ. ਪਟਿਆਲੇ ਵਿਖੇ ਮਨਜਿੰਦਰ ਅਤੇ ਭਾਰਤੀ ਟੀਮ ਦੇ ਕੋਚ ਗੁਰਦਿਆਲ ਸਿੰਘ ਭੰਗੂ ਨੂੰ ਮਿਲਣ ਦਾ ਮੌਕਾ ਮਿਲਿਆ ਸੀ ਤਾਂ ਉਦੋਂ ਉਨ੍ਹਾਂ ਦੱਸਿਆ ਕਿ ਮਨਜਿੰਦਰ ਨਿੱਜੀ ਖੇਡ ਤੋਂ ਇਲਾਵਾ ਵਿਰੋਧੀ ਟੀਮ ਉੱਪਰ ਹਮਲਿਆਂ ਵਿਚ ਬਹੁਤ ਸਹਾਈ ਹੁੰਦੀ ਹੈ।





ਕੌਮਾਂਤਰੀ ਪੱਧਰ ਉਤੇ ਮਨਜਿੰਦਰ 2002 ਵਿੱਚ ਚੈਂਪੀਅਨ ਚੈਲੇਂਜ ਟੂਰਨਾਮੈਂਟ ਵਿੱਚ ਭਾਰਤ ਲਈ ਕਾਂਸੀ ਦਾ ਤਮਗ਼ਾ ਜਿੱਤ ਚੁੱਕੀ ਹੈ। ਰਾਸ਼ਟਰੀ ਪੱਧਰ ਤੇ ਵੀ ਮਨਜਿੰਦਰ ਆਪਣੀਆਂ ਟੀਮਾਂ ਨੂੰ ਵੱਡੀਆਂ ਜਿੱਤਾਂ ਦੁਆ ਚੁੱਕੀ ਹੈ।

ਤਿੰਨ ਸੀਨੀਅਰ ਨੈਸ਼ਨਲ ਜਿੱਤਣ ਵਾਲੀ ਮਨਜਿੰਦਰ ਰੇਲਵੇ ਨੂੰ ਫੈਡਰੇਸ਼ਨ ਕੱਪ ਅਤੇ ਇੰਟਰ ਰੇਲਵੇ ਚੈਂਪੀਅਨਸ਼ਿਪ ਵੀ ਜਿਤਾ ਚੁੱਕੀ ਹੈ। ਮਨਜਿੰਦਰ ਤੋਂ ਬਾਅਦ ਭਾਰਤੀ ਮਹਿਲਾ ਹਾਕੀ ਵਿੱਚ ਪੰਜਾਬ ਦੀ ਅਜਿਹੀ ਫਾਰਵਰਡ ਨਹੀਂ ਆਈ ਜਿਸ ਨੇ ਇੰਨੀਆਂ ਪ੍ਰਾਪਤੀਆਂ ਖੱਟੀਆਂ ਹੋਣ।

-0-

# ਗੁਣਾਚੌਰੀਆ: ਗੀਤਕਾਰੀ ਤੋਂ ਫ਼ਿਲਮਾਂ ਤੱਕ

ਮਨਜੀਤ ਕੌਰ 'ਸੱਪਲ'



ਜਸਵੀਰ ਗੁਣਾਚੌਰੀਆ ਇਕ ਪ੍ਰਸਿੱਧ ਗੀਤਕਾਰ ਹੈ ਜਿਸ ਨੇ ਆਪਣੀ ਕਲਮ ਸਦਕਾ ਪੰਜਾਬੀ ਸੰਗੀਤ ਖੇਤਰ ਵਿਚ ਚੰਗੀ ਪਛਾਣ ਬਣਾਈ। ਪਿਛਲੇ ਕਈ ਸਾਲਾਂ ਤੋਂ ਵਿਦੇਸ਼ ਰਹਿੰਦਿਆਂ ਉਸ ਨੇ ਪਰਵਾਸੀ ਜੀਵਨ ਨੂੰ ਬਹੁਤ ਨੇੜੇ ਹੋ ਕੇ ਸਮਝਿਆ ਹੈ। ਹੁਣ ਗੀਤਕਾਰ ਤੋਂ ਫ਼ਿਲਮ ਲੇਖਕ ਬਣ ਕੇ ਜਸਬੀਰ ਗੁਣਾਚੌਰੀਆ ਨੇ ਆਪਣੀਆਂ ਭਾਵਨਾਵਾਂ ਨੂੰ ਸਾਂਝਾ ਕਰਨ ਲਈ ਪੰਜਾਬੀ ਪਰਦੇ ਵੱਲ ਕਦਮ ਵਧਾਇਆ ਹੈ। ਆਉਣ ਵਾਲੇ ਦਿਨਾਂ ਵਿਚ ਉਸ ਦੀ ਫ਼ਿਲਮ 'ਵੱਡਾ ਘਰ' ਪੰਜਾਬੀ ਸਿਨਮਾ ਘਰਾਂ ਦਾ ਸ਼ਿੰਗਾਰ ਬਣੇਗੀ। ਗੀਤਕਾਰ ਜਸਵੀਰ ਗੁਣਾਚੌਰੀਆ ਨੇ ਦੱਸਿਆ ਕਿ ਇਹ ਪੰਜਾਬ ਦੇ ਉਹਨਾਂ ਲੋਕਾਂ ਨਾਲ ਜੁੜੀ ਕਹਾਣੀ ਹੈ ਜਿਹੜੇ ਪਿਛਲੇ ਕਈ ਸਾਲਾਂ ਤੋਂ ਵਿਦੇਸ਼ੀ ਮੁਲਕਾਂ ਵਿਚ ਬੈਠੇ ਹਨ ਅਤੇ ਉਹਨਾਂ ਦੇ ਪੰਜਾਬ ਵਿਚ ਉਸਾਰੇ ਮਹਿਲਾਂ ਵਰਗੇ ਘਰ ਵੀਰਾਨ ਪਏ ਹਨ। ਪੰਜ-ਸੱਤ ਸਾਲਾਂ ਬਾਅਦ ਕਦੇ ਸਬੱਬੀਂ ਮਹੀਨੇ ਵੀਹ ਦਿਨਾਂ ਵਾਸਤੇ ਜਦ ਇਹ ਲੋਕ ਪਿੰਡ ਆਉਂਦੇ ਹਨ ਤਾਂ ਇਹ ਵੱਡੇ ਘਰ ਅਨੇਕਾਂ ਸਵਾਲਾਂ ਦੇ ਜਵਾਬ ਮੰਗਦੇ ਹਨ। ਇਹ ਫ਼ਿਲਮ ਜਿੱਥੇ ਸਾਡੀ ਅੱਜ ਦੀ ਨੌਜਵਾਨ ਪੀੜ੍ਹੀ ਦੀ ਵਿਚਾਰਧਾਰਾ ਅਤੇ ਸੱਭਿਆਚਾਰ ਦੀ ਗੱਲ ਕਰੇਗੀ। ਉੱਥੇ ਬਜ਼ੁਰਗਾਂ ਦੇ ਦਿਨ-ਬ-ਦਿਨ ਘਟਦੇ ਜਾ ਰਹੇ ਮਾਣ ਸਤਿਕਾਰ ਦੇ ਅਹਿਮ ਮੁੱਦਿਆਂ 'ਤੇ ਵੀ ਚਾਨਣਾ -ਪਾਵੇਗੀ। ਵਿਦੇਸ਼ੀ ਸੱਭਿਆਚਾਰ ਨੇ ਜਿੱਥੇ ਸਾਨੂੰ ਪੈਸਾ, ਸੁੱਖ ਸਹੂਲਤਾਂ ਦੇ ਕੇ ਤੇ ਚੰਗੀ ਜ਼ਿੰਦਗੀ ਜਿਉਣ ਦਾ ਬਲ ਸਿਖਾਇਆ ਹੈ ਉੱਥੇ ਇਹ ਇਕ ਤਰਾਸਦੀ ਰਹੀ ਹੈ ਕਿ ਅਸੀਂ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਬੇਗਾਨੇ ਮੁਲਕਾਂ ਜੋਗੇ ਰਹਿ ਗਏ ਹਾਂ। ਇਹ ਵੀ ਇਕ ਸਚਾਈ ਹੈ ਕਿ ਪੰਜਾਬ ਹੁਣ ਪੰਜਾਬ ਵਿਚ



ਨਹੀਂ ਬਲਕਿ ਵਿਦੇਸ਼ਾਂ ਵਿਚ ਜਾ ਵਸਿਆ ਹੈ। ਉਹ ਸਮਾਂ ਦੂਰ ਨਹੀਂ ਜਦੋਂ ਪੰਜਾਬ ਨੂੰ ਕਿਸੇ ਹੋਰ ਸੂਬੇ ਦਾ ਨਾਂਅ ਦੇ ਕੇ ਇਸ ਦੀ ਹੋਂਦ ਨੂੰ ਖਤਮ ਕਰ ਦਿੱਤਾ ਜਾਵੇਗਾ। ਫਿਲਮਾਂ ਜ਼ਰੀਏ, ਕਹਾਣੀਆਂ ਜ਼ਰੀਏ ਆਉਣ ਵਾਲੀ ਪੀੜ੍ਹੀ ਨੂੰ ਸੁਚੇਤ ਕਰਨ ਦੀ ਲੋੜ ਹੈ। ਇਸ ਫ਼ਿਲਮ 'ਵੱਡਾ ਘਰ' ਨੂੰ ਨਿਰਮਾਤਾ ਸੰਦੀਪ ਸਿੰਘ ਧੰਜਲ (ਲਾਡੀ), ਮਨਿੰਦਰ ਸਿੰਘ ਕੰਵਲ (ਰੌਬ ਕੰਵਲ) ਅਤੇ ਜਸਵੀਰ ਗੁਣਾਚੌਰੀਆ ਨੇ ਬਣਾਇਆ ਹੈ। ਕਮਲਜੀਤ ਸਿੰਘ ਅਤੇ ਗੋਲਡੀ ਢਿਲੋਂ ਵਲੋਂ ਡਾਇਰੈਕਟ ਕੀਤੀ ਇਸ ਫ਼ਿਲਮ ਵਿਚ ਜੋਬਨ ਪ੍ਰੀਤ, ਮੈਂਡੀ ਤੱਖਰ, ਭਿੰਦਾ ਔਜਲਾ, ਸਰਦਾਰ ਸੋਹੀ, ਨਿਰਮਲ ਰਿਸ਼ੀ, ਅਮਰ ਨੂਰੀ, ਰਵਿੰਦਰ ਮੰਡ, ਕਵਲੀਨ, ਸਤਵੰਤ ਕੌਰ, ਤਰਸੇਮ ਪੌਲ, ਬਲਵੀਰ ਬੋਪਾਰਾਏ, ਹਰਪ ਨਾਜ਼, ਜੋਤੀ ਅਰੋੜਾ, ਸੁਖਵਿੰਦਰ ਰੋਡੇ ਅਤੇ ਬਾਲ ਕਲਾਕਾਰ ਗੁਰਬਾਜ਼ ਸੰਧੂ ਨੇ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮਾਂ ਸਿਰਫ ਮਨੋਰੰਜਨ ਹੀ ਨਹੀਂ ਕਰਦੀਆਂ ਬਲਕਿ ਦਰਸ਼ਕਾਂ ਨੂੰ ਬਹੁਤ ਕੁਝ ਸੋਚਣ ਲਈ ਮਜਬੂਰ ਵੀ ਕਰਦੀਆਂ ਹਨ। ਇਹ ਫ਼ਿਲਮ ਵੱਡਾ ਘਰ ਵੀ ਮਨੋਰੰਜਨ ਦੇ ਨਾਲ ਨਾਲ ਦਰਸ਼ਕਾਂ ਨੂੰ ਅਜਿਹੇ ਸਵਾਲ ਪ੍ਰਤੀ ਸੋਚਣ ਲਈ ਮਜਬੂਰ ਕਰੇਗੀ। ਸੋ ਉਸ ਨੂੰ ਆਸ ਹੈ ਕਿ ਮੇਰੇ ਗੀਤਾਂ ਵਾਂਗ ਮੇਰੀ ਫ਼ਿਲਮਾਂ ਪ੍ਰਤੀ ਲਿਖੀ ਕਲਮ ਨੂੰ ਵੀ ਤੁਸੀਂ ਦਾਦ ਦੇਵੋਗੇ।

-0-

## ਕਲਾ ਪਰਿਕਰਮਾ

# ਵਿਲੱਖਣ ਕਲਾਕਾਰ ਗੁਰਚੇਤ ਚਿਤਰਕਾਰ

ਰਾਜਿੰਦਰਪਾਲ ਸ਼ਰਮਾ



ਆਪਣੀ ਅਦਾਕਾਰੀ ਅਤੇ ਲੇਖਣੀ ਦੁਆਰਾ ਮਾਂ ਬੋਲੀ ਪੰਜਾਬੀ ਦੀ ਸੇਵਾ ਅਤੇ ਪੰਜਾਬੀ ਸੱਭਿਆਚਾਰ ਦੀ ਗੱਲ ਕਰਨ ਵਾਲੇ ਗੁਰਚੇਤ ਚਿੱਤਰਕਾਰ ਦਾ ਜਨਮ ਪਿਤਾ ਕਰਨੈਲ ਸਿੰਘ ਸੰਧੂ ਅਤੇ ਮਾਤਾ ਬਲਵੀਰ ਕੌਰ ਦੇ ਘਰ 12 ਮਾਰਚ, 1975 ਨੂੰ ਪਿੰਡ ਈਲਵਾਲ ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਆਪਣੀ ਮੁੱਢਲੀ ਪੜ੍ਹਾਈ ਗੁਰਚੇਤ ਨੇ ਪਿੰਡ ਵਿਚੋਂ ਹੀ ਪ੍ਰਾਪਤ ਕੀਤੀ। ਸਕੂਲ ਵਿਚ ਹੁੰਦੇ ਸੱਭਿਆਚਾਰ ਮੁਕਾਬਲਿਆਂ ਵਿਚ ਗੁਰਚੇਤ ਵੱਧ ਚੜ੍ਹ ਕੇ ਹਿੱਸਾ ਲੈਂਦਾ। ਗੁਰਚੇਤ ਚਿੱਤਰਕਾਰ ਨੇ ਅੱਠਵੀਂ ਜਮਾਤ ਤੋਂ ਹੀ ਨਾਟਕ ਖੇਡਣੇ ਸ਼ੁਰੂ ਕੀਤੇ। ਗੁਰਚੇਤ ਦੀ ਅਦਾਕਾਰੀ 'ਚ ਉਦੋਂ ਹੋਰ ਨਿਖਾਰ ਆਇਆ ਜਦੋਂ ਉਹ ਗੁਰਸ਼ਰਨ ਭਾਅ ਜੀ ਦੀ ਸ਼ਰਨ ਵਿਚ ਗਏ। ਉਨ੍ਹਾਂ ਨੇ ਗੁਰਸ਼ਰਨ ਭਾਅ ਜੀ ਦੀ ਅਗਵਾਈ ਵਿਚ ਕਈ ਨਾਟਕ ਖੇਡੇ ਜਿਨ੍ਹਾਂ ਨੇ ਉਨ੍ਹਾਂ ਨੂੰ ਥੀਏਟਰ ਦੀ ਦੁਨੀਆਂ ਵਿਚ ਪ੍ਰਵੇਸ਼ ਕਰਵਾ ਕੇ ਸ਼ਖ਼ਸੀਅਤ ਨੂੰ ਉਸਾਰਨ ਵਿਚ ਅਹਿਮ ਯੋਗਦਾਨ ਦਿੱਤਾ। ਮਾਤਾ ਪਿਤਾ ਨੇ ਗੁਰਚੇਤ ਦਾ ਨਾਮ ਗੁਰਚੇਤ ਸਿੰਘ ਸੰਧੂ ਰੱਖਿਆ।

ਉਨ੍ਹਾਂ ਦੇ ਨਾਂ ਪਿੱਛੇ ਚਿੱਤਰਕਾਰ ਲੱਗਣਾ ਉਨ੍ਹਾਂ ਦੀ ਬਹੁਪੱਖੀ ਸਖਸ਼ੀਅਤ ਨੂੰ ਪ੍ਰਗਟ ਕਰਦਾ ਹੈ। ਬਚਪਨ ਤੋਂ ਹੀ ਗੁਰਚੇਤ ਨੂੰ ਭੰਗੜੇ ਅਤੇ ਚਿੱਤਰਕਾਰੀ ਦਾ ਬਹੁਤ ਸ਼ੌਕ ਸੀ। ਉਨ੍ਹਾਂ ਨੇ ਪੰਜ ਹਜ਼ਾਰ ਤੋਂ ਵੱਧ ਬਿਹਤਰੀਨ ਪੇਂਟਿੰਗਾਂ ਬਣਾਈਆਂ। ਭਾਰਤ ਦੇ ਨਾਲ ਨਾਲ ਵਿਦੇਸ਼ਾਂ ਵਿਚ ਵੀ ਉਨ੍ਹਾਂ ਦੀਆਂ ਬਣਾਈਆਂ ਪੇਂਟਿੰਗਾਂ ਦੀ ਬਹੁਤ ਮੰਗ ਸੀ। ਚਿੱਤਰਕਾਰੀ ਦੇ ਸ਼ੌਕ ਨੇ ਹੀ ਗੁਰਚੇਤ ਸਿੰਘ ਸੰਧੂ ਨੂੰ ਗੁਰਚੇਤ ਚਿੱਤਰਕਾਰ ਬਣਾ ਦਿੱਤਾ। ਗੁਰਚੇਤ ਚਿੱਤਰਕਾਰ ਨੂੰ ਆਪਣੇ ਬਣਾਏ ਚਿੱਤਰਾਂ ਅਤੇ ਪੇਂਟਿੰਗਾਂ ਤੋਂ ਬਹੁਤ ਆਮਦਨ ਹੁੰਦੀ। ਪਰ ਉਨ੍ਹਾਂ ਦਾ ਵਧੇਰੇ ਝੁਕਾਅ ਥੀਏਟਰ ਵੱਲ ਸੀ, ਇਸੇ ਜਨੂੰਨ ਨੂੰ ਜਾਰੀ ਰੱਖਣ ਲਈ ਉਨ੍ਹਾਂ ਨੇ ਪੰਜਾਬ ਪੁਲਿਸ ਅਤੇ ਸਟੈਨੋਗਰਾਫਰ ਦੀ ਮਿਲੀ ਨੌਕਰੀ ਵੀ ਛੱਡ ਦਿੱਤੀ। ਉਹ ਆਪਣਾ ਪੂਰਾ ਸਮਾਂ ਰੰਗਮੰਚ ਨੂੰ ਦੇਣ ਲੱਗੇ। ਉਨ੍ਹਾਂ ਦੀ ਪਰਿਵਾਰਕ ਜ਼ਿੰਦਗੀ ਵੱਲ ਝਾਤ ਮਾਰੀਏ ਤਾਂ ਉਨ੍ਹਾਂ ਦਾ ਵਿਆਹ ਅਮਨਦੀਪ ਕੌਰ ਨਾਲ ਹੋਇਆ ਅਤੇ ਇਨ੍ਹਾਂ ਦੇ ਘਰ ਦੋ ਪੁੱਤਰੀਆਂ ਅਤੇ ਇਕ ਪੁੱਤਰ ਦਮਨ ਸੰਧੂ ਨੇ ਜਨਮ ਲਿਆ ਜਿਸ ਨੂੰ ਅਸੀਂ ਗੁਰਚੇਤ ਚਿੱਤਰਕਾਰ ਦੀਆਂ ਫਿਲਮਾਂ ਵਿਚ ਰੋਡ ਦੇ ਨਾਂ ਨਾਲ ਜਾਣਦੇ ਹਾਂ। ਗੁਰਚੇਤ ਚਿੱਤਰਕਾਰ ਨੇ ਆਪਣੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਸੰਦੂਕ 'ਚ ਬੰਦੂਕ ਨਾਲ ਕੀਤੀ । ਇਸ ਤੋਂ ਬਾਅਦ ਉਨ੍ਹਾਂ ਨੇ ਮੁੜ ਪਿੱਛੇ ਨਹੀਂ ਦੇਖਿਆ। ਉਨ੍ਹਾਂ ਦੀਆਂ ਬਿਹਤਰੀਨ ਫ਼ਿਲਮਾਂ ਵਿਚ ਪੰਜਾਬ ਬੋਲਦਾ, ਟੌਹਰ ਮਿੱਤਰਾਂ ਦੀ, ਚੱਕ ਦੇ ਫੱਟੇ, ਜੱਟੀ ਪੰਦਰਾਂ ਮੁਰੱਬਿਆਂ ਵਾਲੀ, ਫੌਜੀ ਦੀ ਫੈਮਲੀ, ਫੈਮਲੀ ਸੀਰੀਜ਼ ਜਿਸ ਵਿਚ ਫੈਮਲੀ 420, 423, 424, 429, 427, 432, ਢੀਠ ਜਵਾਈ, ਅਤੇ ਫੈਮਲੀ ਵਨਸ ਅਗੇਨ ਸ਼ਾਮਿਲ ਹਨ। ਗੁਰਚੇਤ ਆਪਣੀਆਂ ਫਿਲਮਾਂ ਅਤੇ ਲਿਖਤਾਂ ਰਾਹੀਂ ਵੰਡ ਦੇ ਦਰਦ, ਸਮਾਜ ਵਿਚ ਫੈਲੀ ਕਾਣੀ ਵੰਡ, ਘਟਦੀ ਭਾਈਚਾਰਕ ਸਾਂਝ, ਪੰਜਾਬੀ ਸੱਭਿਆਚਾਰ ਵਿਚ ਦਿਨੋ ਦਿਨ ਆ ਰਹੇ ਨਿਘਾਰ ਅਤੇ ਪੰਜਾਬ ਨੂੰ ਪੇਸ਼ ਆ ਰਹੇ ਬਹੁਤ ਪੱਖੀ ਸੰਕਟ ਦੀ ਗੱਲ ਕਰਦਾ ਰਿਹਾ ਹੈ।



# ਆਖ ਤਸਵੀਰਾਂ ਬੋਲਦੀਆਂ


ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 25 ਜਨਵਰੀ 2025 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-674



*ਵਿਸ਼ਵ ਗੁਰੂ ਦੀਆਂ ਨੀਹਾਂ ਵਿੱਚ ਦੇਖੋ ਬਚਪਨ ਰੁਲਿਆ,*
*ਮੂੰਹੋਂ ਬੋਲਣ ਦੀ ਲੋੜ ਨਾ ਜਾਪੇ ਭੇਦ ਆਪੇ ਹੀ ਖੁੱਲ੍ਹਿਆ।*
*ਅੱਖਾਂ ਉੱਤੇ ਪੱਟੀਆਂ ਬੰਨ੍ਹੀਆਂ ਲਹੂ ਦੇ ਫੈਹੇ ਰੱਖ ਰਹੇ ਨੇ,*
*ਸ਼ਾਇਦ ਰਹਿਬਰ ਵਤਨ ਦੇ ਰਸ ਅਮੀਰੀ ਚੱਖ ਰਹੇ ਨੇ।*

## ਕੈਪਸ਼ਨ ਮੁਕਾਬਲਾ-672



ਕੱਚੇ ਘਰਾਂ ਨੂੰ ਲਿੱਪ ਪੋਚ ਕੇ
ਉੱਪਰ ਥੱਲੇ ਖ਼ੂਬ ਸਜਾਇਆ।
ਰੋਜ਼-ਮਰ੍ਹਾ ਦੇ ਜੀਵਨ ਤਾਈਂ
ਕਰਕੇ ਹੈ ਸਾਕਾਰ ਦਿਖਾਇਆ।
ਕਲਾਕਾਰ ਦੇ ਸਦਕੇ ਜਾਈਏ
ਜਿਸ ਨੇ ਹੈ ਸ਼ਾਹਕਾਰ ਬਣਾਇਆ।
***– ਜਗਮੀਤ ਸਿੰਘ ਪੰਧੇਰ***
***ਫੋਨ: +91-98783-37222***

---

ਪੈਰਾਂ ਵਿਚ ਪਹਾੜਾਂ ਦੇ,
ਸੋਹਣੇ ਸਿੱਧੇ ਸਾਦੇ ਲੋਕੀਂ ਰਹਿੰਦੇ।
ਘਰ ਕੱਚੇ ਪਰ ਦਿਲ ਸੱਚੇ,
ਠੰਢ ਕਠੋਰ ਹੁਨਾਲੇ ਸਹਿੰਦੇ।
ਵਿਚ ਬਰਸਾਤ ਜ਼ੋਰ ਨਾ ਕੋਈ,
ਰਹਿਣ ਕੱਚੇ ਢਾਰੇ ਢਹਿੰਦੇ।
ਸ਼ਿਕਵਾ ਸ਼ਿਕਨ ਨਾ ਕੋਈ ਮੱਥੇ,
ਸੰਤੋਖ ਸਬਰ ਕਰ ਬਹਿੰਦੇ।
ਵਸਦਾ ਕਿਤੇ ਸੁਰਗ ਜੇ ਹੋਵੇ,
ਉਹ ਇੱਥੇ ਹੀ, ਸਭ ਕਹਿੰਦੇ।
ਫ਼ੱਕਰ ਮਲੰਗ 'ਨਾਕਾਮ' ਜੇਹਿਆਂ ਦੇ,
ਡੇਰੇ ਇਥੇ ਹੀ ਡਹਿੰਦੇ।
***–ਗੁਰਬਖਸ਼ ਸਿੰਘ 'ਨਾਕਾਮ'***

ਹੱਥੀਂ ਗਾਰੇ ਨਾਲ ਲਿੱਪੇ ਘਰਾਂ ਦੀ
ਕਿਰਤ ਦਾ ਪੈਂਦਾ ਝਲਕਾਰਾ।
ਪਹਾੜੀ ਕੀ ਪੇਂਡੂ ਖੇਤਰਾਂ ਵਿਚ
ਪੰਜਾਬ 'ਚ ਵੀ ਮਿਲਦਾ ਸੀ ਨਜ਼ਾਰਾ।
ਹਰ ਘਰ ਦੀ ਰਸੋਈ
ਫੁਲਵਾੜੀ ਸੱਭਿਆਚਾਰ।
ਮਿਲਵਰਤਨ ਦਾ ਸਮਝ
ਆਉਂਦਾ ਵਰਤਾਰਾ।
ਕੁਦਰਤ ਦੇ ਨਾਲ ਇਕਮਿਕਤਾ ਦੀਆਂ
ਪੈਂਦੀਆਂ ਠੰਢੀਆਂ ਮਿੱਠੀਆਂ ਫੁਹਾਰਾਂ।
***–ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਜੰਗਲ 'ਚ ਮੰਗਲ
ਇਕ ਕੁਦਰਤ ਦਾ ਨਜ਼ਾਰਾ
ਧੁੱਪ ਛਾਂ ਦਿੰਦੀ ਸਹਾਰਾ
ਚੀਕਣੀ ਮਿੱਟੀ ਰਲਾ ਰੀਣ ਤੂੜੀ ਦੀ
ਉਸਾਰੇ ਘਰ ਫਲਾਦ ਹੀ ਫਲਾਦ
ਗਰਮੀਆਂ ਨੂੰ ਠੰਢੇ
ਸਰਦੀਆਂ ਨੂੰ ਨਿੱਘੇ
ਨੇੜੇ ਤੇੜੇ ਲਾ ਸਬਜ਼ੀਆਂ
ਇਕ ਪਮਥ ਦੋ ਕਾਜ
ਦਿਲੋਂ ਖੁਸ਼ ਖੁਸ਼ਹਾਲ ਹਨ
ਜੋ ਰਹਿੰਦੇ ਇੱਥੇ
ਨਹੀਂ ਲੈਂਦੇ ਸੁਪਨੇ ਮਹਿਲਾਂ ਦੇ।
ਨਿਰਬਾਹ ਹਨ ਭਾਵੇਂ ਕਰਦੇ
ਕੱਚੇ ਢਾਰਿਆਂ 'ਚ
ਲੋੜ ਵੀ ਨਹੀਂ ਪੈਂਦੀ
ਰਾਜ-ਗਿਰੀਆਂ ਦੀ
ਮੀਂਹ ਪਾਣੀ ਤਿਪਕੇ
ਫੇਰੇ ਪੋਚਾ ਮਘੋਰੇ ਬੰਦ।
***–ਦਰਸ਼ਨ ਪਾਲ ਦੋਸਾਂਝ***

# ਫ਼ਿਰਕਾਪ੍ਰਸਤੀ: ਭਾਰਤ ਫਿਰ ਭਟਕਣ ਦਾ ਸ਼ਿਕਾਰ

***ਅੰਗਰੇਜ਼ ਇਤਿਹਾਸਕਾਰ ਜੇਮਜ਼ ਮਿੱਲ ਨੇ ਭਾਰਤ ਦੇ ਇਤਿਹਾਸ ਦੀ 'ਹਿੰਦੂ ਕਾਲ, ਮੁਗਲ ਕਾਲ ਤੇ ਬਰਤਾਨਵੀ ਕਾਲ' ਵਾਲ਼ੀ ਸਾਜ਼ਿਸ਼ੀ ਫ਼ਿਰਕੂ ਵੰਡ ਕੀਤੀ। ਉਪਰੰਤ; ਭਾਰਤ ਵਿੱਚ ਫ਼ਿਰਕੂ ਗਰੂਰ ਪਨਪਣ ਲੱਗਾ, ਸਿੱਟੇ ਵਜੋਂ ਭਾਰਤੀ ਲੋਕ ਅੰਗਰੇਜ਼ ਬਸਤੀਵਾਦੀਆਂ ਦੀ ਥਾਂ ਧਰਮ ਦੇ ਆਧਾਰ 'ਤੇ ਆਪਣਿਆਂ ਵਿਰੁੱਧ ਹੀ ਸਿਰ-ਵੱਢਵੀਂ ਮੁਹਿੰਮ ਵਿੱਢ ਬੈਠੇ।***

ਇਤਿਹਾਸਕਾਰ ਰਾਮ ਸ਼ਰਨ ਮੁਤਾਬਿਕ, 'ਕਿਸੇ ਸਿਆਸੀ ਮਕਸਦ ਦੀ ਪੂਰਤੀ ਲਈ ਜਾਤ-ਧਰਮ ਦੇ ਨਾਂਅ 'ਤੇ ਆਪਣੇ ਫ਼ਿਰਕੇ ਦੇ 'ਸਦਭਾਵੀ ਹਿੱਤਾਂ' ਦੀ ਕੀਮਤ 'ਤੇ ਦੂਸਰੇ ਫ਼ਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ 'ਫ਼ਿਰਕਾਪ੍ਰਸਤੀ' ਦੀ ਸਰਲ ਵਿਆਖਿਆ ਹੈ।' ਦੇਖਣ ਨੂੰ ਸਿੱਧ-ਪੱਧਰੀ ਜਾਪਦੀ ਇਸ ਵਿਆਖਿਆ ਦਾ ਵਰਤਾਰਾ ਬੜਾ ਨਾ-ਮੁਰਾਦ, ਗੁੰਝਲਦਾਰ ਅਤੇ ਸਿੱਟੇ ਬੇਹੱਦ ਭਿਆਨਕ ਹੁੰਦੇ ਹਨ। ਆਮ ਕਰ ਕੇ ਸਬੰਧਿਤ ਧਿਰ ਦੇ ਭਲੇ ਲੋਕਾਂ ਨੂੰ ਵੀ ਪਤਾ ਨਹੀਂ ਲੱਗਦਾ ਕਿ ਉਹ ਅਚੇਤ ਹੀ ਆਪਣੀ ਧਿਰ ਦੇ ਫ਼ਿਰਕਾਪ੍ਰਸਤਾਂ ਦੇ ਧੀਮੇ ਜ਼ਹਿਰ ਦਾ ਸ਼ਿਕਾਰ ਹੋ ਗਏ ਹਨ।



**ਵਿਜੈ ਬੰਬੇਲੀ**

ਜਥੇਬੰਦਕ ਰੂਪ ਵਿੱਚ ਭਾਰਤ 'ਚ ਫ਼ਿਰਕਾਪ੍ਰਸਤੀ ਅੰਗਰੇਜ਼ ਬਸਤੀਵਾਦੀਆਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨਾਲ ਆਈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਇੱਥੇ ਵਿਚਾਰਧਾਰਕ ਵਖਰੇਵੇਂ ਅਤੇ 'ਮਾੜੇ-ਧੀੜਿਆਂ' ਨਾਲ ਸੂਖ਼ਮ ਅਨਿਆਂ ਤਾਂ ਸੀ, ਜਿਹੜਾ ਸਾਡੇ ਗੁਲਾਮ-ਦਰ-ਗੁਲਾਮ ਹੋਣ ਦਾ ਪ੍ਰਮੁੱਖ ਕਾਰਨ ਸੀ, ਪਰ ਕੁੱਲ ਮਿਲਾ ਕੇ ਆਮ ਲੋਕਾਂ 'ਚ ਸਹਿਹੋਂਦ ਸੀ। ਹਾਂ; ਦੇਸੀ ਹਾਕਮਾਂ ਅਤੇ ਪੁਜਾਰੀ ਜਮਾਤ ਆਪਣੇ ਮੁਫ਼ਾਦਾਂ ਕਾਰਨ ਜ਼ਰੂਰ ਲੋਕਾਂ ਦੇ ਭੋਲੇਪਨ ਅਤੇ ਆਪਸੀ ਸਹਿਹੋਂਦ ਦੀ ਦੁਰਵਰਤੋਂ ਕਰਦੇ ਸਨ, ਫਿਰ ਵੀ ਧਾਰਮਿਕ ਫ਼ਿਰਕਿਆਂ ਦਰਮਿਆਨ ਕੋਈ ਤਿੱਖਾ ਟਕਰਾਅ ਨਹੀਂ ਸੀ ਹੋਇਆ।

1857 ਦੇ ਵਿਦਰੋਹ ਤੋਂ ਬਾਅਦ ਅੰਗਰੇਜ਼ਾਂ ਨੇ ਬੁੱਝ ਲਿਆ ਸੀ ਕਿ ਹੁਣ ਭਾਰਤ 'ਚ ਉਨ੍ਹਾਂ ਨੂੰ ਵਾਰ-ਵਾਰ ਬਗ਼ਾਵਤਾਂ ਦਾ ਸਾਹਮਣਾ ਕਰਨਾ ਪਵੇਗਾ। ਉਪਰੰਤ ਧਾਰਮਿਕ ਤਾਣੇ-ਬਾਣੇ ਅਤੇ ਜਾਤ-ਦਰ-ਜਾਤ ਦੇ ਕੋਹੜ ਨੂੰ ਸਤਹੀ ਤੌਰ 'ਤੇ ਜਾਣੂੰ ਗੋਰਿਆਂ ਨੇ ਭਾਰਤੀ ਉਪ ਮਹਾਂਦੀਪ ਦੇ ਸਮਾਜਿਕ ਤਾਣੇ-ਬਾਣੇ ਨੂੰ ਡੂੰਘਾਈ ਵਿੱਚ ਸਮਝਣਾ ਸ਼ੁਰੂ ਕੀਤਾ। ਸਿਰ ਵੱਢਵੇਂ ਵਿਚਾਰਧਾਰਕ ਵਖਰੇਵੇਂ ਇੱਥੇ, ਖ਼ਾਸ ਕਰ ਕੇ ਬੰਗਾਲ ਅਤੇ ਪੰਜਾਬ ਵਿੱਚ, ਅੰਗਰੇਜ਼ਾਂ ਨੇ ਬੀਜੇ। ਜਿਸ ਲਈ ਉਸ ਨੇ ਆਪਣੇ ਦੇਸੀ ਪਿਛਲੱਗਾਂ ਨੂੰ ਬਾ-ਖ਼ੂਬ ਵਰਤਿਆ। ਇਸ ਨੇ ਪੰਜਾਬ ਦਾ ਵੀ ਬਹੁਤ ਨੁਕਸਾਨ ਕੀਤਾ ਹੈ, ਜਿਹੜਾ ਹੁਣ ਤੱਕ ਜਾਰੀ ਹੈ।

ਉਨ੍ਹਾਂ ਨੇ ਵੱਖ-ਵੱਖ ਧਰਮਾਂ ਤੇ ਜਾਤਾਂ ਦੇ ਰੂਪ ਵਿੱਚ ਮੌਜੂਦ ਵੰਡ ਨੂੰ ਸੂਖ਼ਮ ਰੂਪ ਤੱਕ ਸਮਝਿਆ ਅਤੇ ਇਸ ਨੂੰ ਵਰਤਦੇ ਹੋਏ 'ਪਾੜੋ ਤੇ ਰਾਜ ਕਰੋ' ਦੀ (ਬਦ) ਨੀਤੀ ਸ਼ੁਰੂ ਕੀਤੀ। ਫੂਕ ਬੰਨ੍ਹਣ ਲਈ ਉਨ੍ਹਾਂ ਧਰਮ ਆਧਾਰਿਤ ਜਨਗਣਨਾ ਸ਼ੁਰੂ ਕੀਤੀ, ਧਰਮ ਤੇ ਜਾਤ ਆਧਾਰਿਤ ਹਥਿਆਰਬੰਦ ਰਜਮੈਂਟਾਂ ਬਣਾਈਆਂ। ਬਲਦੀ 'ਤੇ ਤੇਲ ਪਾਉਣ ਲਈ ਧਾਰਮਿਕ ਕੱਟੜਪੰਥੀਆਂ, ਜਗੀਰੂ ਮਾਨਸਿਕਤਾ ਤੇ ਜਾਤ-ਪਾਤੀ ਗਰੋਹਾਂ ਨੂੰ ਥਾਪੜਾ ਦਿੱਤਾ।

ਅੰਗਰੇਜ਼ ਇਤਿਹਾਸਕਾਰ ਜੇਮਜ਼ ਮਿੱਲ ਨੇ ਭਾਰਤ ਦੇ ਇਤਿਹਾਸ ਦੀ 'ਹਿੰਦੂ ਕਾਲ, ਮੁਗਲ ਕਾਲ ਤੇ ਬਰਤਾਨਵੀ ਕਾਲ' ਵਾਲ਼ੀ ਸਾਜ਼ਿਸ਼ੀ ਫ਼ਿਰਕੂ ਵੰਡ ਕੀਤੀ। ਉਪਰੰਤ; ਭਾਰਤ ਵਿੱਚ ਫ਼ਿਰਕੂ ਗਰੂਰ ਪਨਪਣ ਲੱਗਾ, ਸਿੱਟੇ ਵਜੋਂ ਭਾਰਤੀ ਲੋਕ ਅੰਗਰੇਜ਼ ਬਸਤੀਵਾਦੀਆਂ ਦੀ ਥਾਂ ਧਰਮ ਦੇ ਆਧਾਰ 'ਤੇ ਆਪਣਿਆਂ ਵਿਰੁੱਧ ਹੀ ਸਿਰ-ਵੱਢਵੀਂ ਮੁਹਿੰਮ ਵਿੱਢ ਬੈਠੇ।

ਪੰਜਾਬ ਦਾ ਇਤਿਹਾਸਕ ਦੁਖਾਂਤ ਇੱਕ ਸਬਕ: ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਇੱਕ ਜਗੀਰੂ ਸਮਾਜ ਸੀ, ਜਿੱਥੇ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਸਨ। ਸਾਰੇ ਕੁਨਬੇ ਇੱਕ-ਦੂਜੇ ਦੇ ਧਾਰਮਿਕ ਅਤੇ ਸਮਾਜਿਕ ਕਾਰ-ਵਿਹਾਰਾਂ ਅਤੇ ਦੁੱਖ-ਸੁੱਖ 'ਚ ਸ਼ਾਮਿਲ ਹੁੰਦੇ। ਦਰ-ਹਕੀਕਤ; ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਹੀ ਪੰਜਾਬ ਬਹੁ-ਪਰਤੀ ਫ਼ਿਰਕਿਆਂ ਦੀ ਸਾਂਝੀ ਧਰਤੀ ਸੀ/ਹੈ। ਹਿੰਦੂ ਧਰਮ ਇੱਥੇ ਸਭ ਤੋਂ ਪੁਰਾਣਾ ਹੈ। ਮੱਧਯੁੱਗ ਵਿੱਚ ਇੱਥੇ ਇਸਲਾਮ, ਸੂਫ਼ੀ ਮਤ, ਨਾਥ



ਪਰੰਪਰਾ ਆਦਿ ਮਕਬੂਲ ਹੋਈ। ਬੁੱਧ ਧਰਮ ਦਾ ਵੀ ਇੱਕ ਹਿੱਸੇ ਵਿੱਚ ਪ੍ਰਭਾਵ ਰਿਹਾ ਹੈ। 15ਵੀਂ ਸਦੀ ਵਿੱਚ ਇੱਥੇ ਸਿੱਖ ਮੱਤ ਦਾ ਉਭਾਰ ਹੋਇਆ।

1849 ਵਿੱਚ ਪੰਜਾਬ 'ਤੇ ਕਬਜ਼ਾ ਕਰਨ ਮਗਰੋਂ ਅੰਗਰੇਜ਼ਾਂ ਨੇ ਇੱਥੋਂ ਦੀ ਆਬੋ-ਹਵਾ ਵਿੱਚ ਫ਼ਿਰਕੂ ਜ਼ਹਿਰ ਘੋਲਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ 20ਵੀਂ ਸਦੀ ਦੇ ਮੁੱਢ ਵਿੱਚ ਜਦੋਂ ਇੱਥੇ ਸ਼ੁਰੂ ਹੋਏ ਸਰਮਾਏਦਾਰਾ ਵਿਕਾਸ ਸਦਕਾ ਆਧੁਨਿਕ ਪੰਜਾਬੀ ਕੌਮ ਹੋਂਦ ਵਿੱਚ ਆ ਰਹੀ ਸੀ, ਤਦ ਇੱਥੇ ਪੰਜਾਬੀ ਹੋਣ ਦੀ ਕੌਮੀ ਚੇਤਨਾ ਨਾਲੋਂ ਫ਼ਿਰਕੂ ਚੇਤਨਾ ਵੱਧ ਭਾਰੂ ਹੋ ਗਈ। ਪੰਜਾਬ ਵਿੱਚ ਵੱਸਣ ਵਾਲੇ ਲੋਕ ਸਮੁੱਚੀ ਪੰਜਾਬੀ ਕੌਮ ਦੇ ਹਿੱਤ ਵਿੱਚ ਸੋਚਣ ਦੀ ਥਾਂ ਆਪੋ-ਆਪਣੇ ਧਰਮ ਦਾ ਘਰਾਟ ਰਾਗ ਅਲਾਪ ਰਹੇ ਸਨ। ਅਚੇਤ-ਸੁਚੇਤ ਫ਼ਿਰਕੂ ਜਨੂੰਨ ਜ਼ੋਰਾਂ ਉੱਪਰ ਸੀ, ਜਿਸ ਕਾਰਨ 1947 ਵਿੱਚ ਪੰਜਾਬੀ ਕੌਮ ਦੀ ਥਾਂ ਫ਼ਿਰਕੂ ਆਧਾਰ ਉੱਪਰ ਵੰਡ ਦੀ ਮੰਗ ਨੂੰ ਜਰਬ ਆਈ। ਭਾਰਤ ਦੀ ਵੰਡ ਅਸਲ 'ਚ ਪੰਜਾਬ ਤੇ ਬੰਗਾਲ, ਪੰਜਾਬੀ ਕੌਮ ਅਤੇ ਬੰਗਾਲੀ ਕੌਮ ਦੀ ਵੰਡ ਸੀ। ਅਸੀਂ ਸਮਝ ਹੀ ਨਹੀਂ ਸੀ ਸਕੇ ਕਿ....

ਅਫ਼ਸੋਸ; ਹਿੰਦੂ ਬਹੁਗਿਣਤੀ ਵਾਲ਼ਾ ਹਿੰਦੁਸਤਾਨ ਤੇ ਮੁਸਲਿਮ ਬਹੁਗਿਣਤੀ ਵਾਲ਼ਾ ਪਾਕਿਸਤਾਨ ਬਣ ਗਿਆ। ਕਾਰਨ; ਪੰਜਾਬ ਦੇ ਲੋਕਾਂ ਨੇ ਆਪਣੀ ਕੌਮੀ ਪਛਾਣ ਦੀ ਥਾਂ ਫ਼ਿਰਕੂ ਪਛਾਣ ਨੂੰ ਪਹਿਲ ਦਿੱਤੀ। ਇੱਥੋਂ ਦੇ ਮੁਸਲਮਾਨਾਂ ਨੇ ਪਾਕਿਸਤਾਨ ਤੇ ਹਿੰਦੂ-ਸਿੱਖਾਂ ਨੇ ਹਿੰਦੁਸਤਾਨ ਨੂੰ ਪਹਿਲ ਦਿੱਤੀ। ਕੁਝ ਸਿੱਖ ਆਗੂਆਂ ਵੱਲੋਂ ਵੱਖਰੇ ਸਿੱਖ ਰਾਜ/ਸਿੱਖੀ ਸੰਪੂਰਨਤਾ ਦੀ ਮੰਗ ਵੀ ਉੱਠੀ।

ਫ਼ਿਰਕੂ ਜਨੂੰਨ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਨੇ ਆਪਣੇ ਹੱਥੀਂ ਆਪਣਿਆਂ ਦਾ ਹੀ ਜਿਹੋ-ਜਿਹਾ ਘਾਣ ਅਤੇ ਨਰਸੰਘਾਰ ਕੀਤਾ, ਉਸ ਵਰਗੀ ਮੇਚਵੀਂ ਮਿਸਾਲ ਸੰਸਾਰ ਵਿੱਚੋਂ ਸ਼ਾਇਦ ਹੀ ਲੱਭੇ। ਪੰਜਾਬੀ ਕੌਮ ਬੁਰੀ ਤਰ੍ਹਾਂ ਵਲੂੰਧਰੀ ਗਈ। ਦਸ ਲੱਖ ਕਤਲ ਹੋਏ, ਲੱਖਾਂ ਪਰਿਵਾਰ ਬੇਘਰ ਹੋਏ, ਦਸ ਹਜ਼ਾਰ ਔਰਤਾਂ ਦੀ ਪੱਤ ਰੁਲੀ। ਪੰਜਾਬ ਇਸ ਵੰਡ ਨੂੰ ਅੱਜ ਵੀ ਬੇਹੱਦ ਉਦਾਸੀ ਤੇ ਪਛਤਾਵੇ ਦੀ ਪੀੜਾ ਨਾਲ਼ ਚੇਤੇ ਕਰਦਾ ਹੈ। ਦੋਵੇਂ ਪਾਸੇ, ਚੜ੍ਹਦਾ ਤੇ ਲਹਿੰਦਾ, ਮੂੰਹ ਛੁਪਾ ਕੇ ਹੁਬਕੀ ਰੋਂਦੇ ਹਨ। ਮੈਨੂੰ ਉਸਤਾਦ ਦਾਮਨ ਯਾਦ ਆ ਰਿਹਾ ਹੈ, ਜਿਸ ਨੇ ਲਿਖਿਆ, '...ਲਾਲੀ ਅੱਖੀਆਂ ਦੀ ਪਈ ਦੱਸਦੀ ਏ...ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ।'

ਉਸ ਮੌਕੇ ਹੋਣਾ ਇਹ ਚਾਹੀਦਾ ਸੀ ਕਿ ਪੰਜਾਬ ਵਿਚਲੇ ਸਭ ਧਰਮਾਂ ਦੇ ਲੋਕ ਇੱਕਮੁੱਠਤਾ ਦਿਖਾਉਂਦੇ ਤੇ ਕੌਮੀ ਆਧਾਰ ਉੱਪਰ ਵੱਖਰੇ ਪੰਜਾਬ ਦੀ ਮੰਗ ਕਰਦੇ। ਉਦੋਂ ਕਸ਼ਮੀਰੀ ਕੌਮੀਅਤ ਨੇ ਸਿਆਣਪ ਕੀਤੀ। ਅੱਡ-ਅੱਡ ਧਰਮ ਸਮੂਹਾਂ ਦੇ ਬਾਵਜੂਦ, ਉਹ ਤੁਖਣੀ 'ਚ ਨਹੀਂ ਆਏ। ਕਸ਼ਮੀਰ ਇਸ ਫ਼ਿਰਕੂ ਅੱਗ ਦੇ ਵਹਿਣ ਵਿੱਚ ਨਹੀਂ ਵਗਿਆ, ਸਗੋਂ ਉੱਥੇ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਫ਼ਿਰਕੂ ਆਧਾਰ ਉੱਪਰ ਵੰਡ ਦਾ ਵਿਰੋਧ ਕੀਤਾ ਪਰ ਫ਼ਿਰਕਾਪ੍ਰਸਤੀ ਸਦਕਾ ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ ਹੋਇਆ।


'47 ਤੋਂ ਬਾਅਦ ਭਾਰਤ ਦੀ ਸੱਤਾ ਇੱਥੋਂ ਦੀ ਸਰਮਾਏਦਾਰ ਜਮਾਤ ਹੱਥ ਆ ਗਈ। ਭਾਵੇਂ ਇਸ ਨੇ ਸੰਵਿਧਾਨ ਵਿੱਚ ਖ਼ੁਦ ਨੂੰ ਧਰਮ ਨਿਰਪੱਖ ਆਖਿਆ, ਪਰ ਭਾਰਤ ਦੀਆਂ ਵਿਸ਼ੇਸ਼ ਇਤਿਹਾਸਕ ਹਾਲਤਾਂ ਕਰ ਕੇ ਇਹ ਅਸਲੋਂ ਧਰਮ ਨਿਰਪੱਖ ਅਤੇ ਅਲਪ ਧਾਰਮਿਕ ਸਮੂਹ ਦਾ ਹਕੀਕੀ ਰੂਪ 'ਚ ਪਹਿਰੇਦਾਰ ਨਾ ਬਣ ਸਕਿਆ। ਵੱਡੀ ਧਿਰ ਹੋਣ ਦੇ ਬਾਵਜੂਦ ਮੁਸਲਿਮ ਸਮਾਂ-ਦਰ-ਸਮਾਂ ਮੁੱਖ ਨਿਸ਼ਾਨੇ 'ਤੇ ਰਹੇ/ਹਨ। ਇੱਥੇ ਧਰਮ ਸੱਤਾ ਦੀਆਂ ਪੌੜੀਆਂ ਚੜ੍ਹਨ ਦਾ ਇੱਕ ਜ਼ਰੀਆ ਹੈ। ਅੰਗਰੇਜ਼ਾਂ ਦੀ ਤਰਜ਼ ਉੱਪਰ ਇੱਥੋਂ ਦੇ ਹਾਕਮਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਜਾਰੀ ਰੱਖੀ, ਜਿਸ ਵਿੱਚ ਧਰਮ ਨੂੰ ਰੱਜ ਕੇ ਵਰਤਿਆ ਜਾਂਦਾ ਰਿਹਾ ਹੈ।

1943 ਦੀ ਮੋਮਿਨ ਕਾਨਫਰੰਸ 'ਚ ਇੱਕ ਮਤਾ ਪਾਸ ਹੋਇਆ ਸੀ, ''ਅਸੀਂ ਵੱਖ ਦੇਸ਼ ਦੀ ਯੋਜਨਾ ਦੇ ਬਿਲਕੁਲ ਖ਼ਿਲਾਫ਼ ਹਾਂ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਦਾ ਮੁਸਲਮਾਨ ਕਿਸਾਨ ਕਿਸੇ ਵੀ ਬਾਹਰੀ ਮੁਸਲਮਾਨ ਕਿਸਾਨ ਨਾਲੋਂ ਪੰਜਾਬ ਦੇ ਹਿੰਦੂ-ਸਿੱਖ ਕਿਸਾਨ ਦੇ ਜ਼ਿਆਦਾ ਨੇੜੇ ਹੈ। ਇਵੇਂ ਹੀ ਬੰਗਾਲ ਦੇ ਹਿੰਦੂ ਕਿਰਤੀ ਦਾ ਸਬੰਧ ਬੰਗਾਲ ਦੇ ਮੁਸਲਿਮ ਕਿਰਤੀ ਨਾਲ, ਹੋਰ ਕਿਸੇ ਵੀ ਇਲਾਕੇ ਦੇ ਕਿਰਤੀਆਂ ਨਾਲੋਂ ਬੇਹੱਦ ਨੇੜਲਾ ਹੈ।''

ਤੁਸੀਂ ਮੈਨੂੰ 1944 ਵਿੱਚ ਆਲ ਪਾਰਟੀ ਦੇਸ਼ ਭਗਤ ਮੁਸਲਿਮ ਕਾਨਫ਼ਰੰਸ ਵੱਲੋਂ ਕਹੀ ਬੇਹੱਦ ਭਾਵਪੂਰਤ ਗੱਲ ਦੁਹਰਾਅ ਕੇ ਇਹ ਲੇਖ ਸਮੇਟਣ ਦੀ ਆਗਿਆ ਦਿਓ, 'ਇਸਲਾਮ ਕਦੇ ਵੀ ਖ਼ਤਰੇ ਵਿੱਚ ਨਹੀਂ ਸੀ/ਹੈ, ਇਹ 'ਲੀਗ' ਹੀ ਹੈ, ਜਿਹੜੀ ਖ਼ਤਰੇ ਵਿੱਚ ਹੈ। ਇਵੇਂ ਹੀ ਹਿੰਦੂਆਂ ਨੂੰ ਖ਼ਤਰਾ ਮੁਸਲਮਾਨਾਂ ਤੋਂ ਨਹੀਂ, ਸਗੋਂ ਆਪਣੇ ਲੁਟੇਰੇ ਤੇ ਫ਼ਿਰਕਾਪ੍ਰਸਤ ਆਗੂਆਂ ਤੋਂ ਹੈ।'

# ਜਾਗੋ ਕੱਢਣੀ ਮੜਕ ਨਾਲ ਤੁਰਨਾ

'ਜਾਗੋ' ਜਿਸ ਦਾ ਸ਼ਾਬਦਿਕ ਅਰਥ ਹੈ ਜਾਗਣਾ। ਅੱਜ ਦੇ ਸਮੇਂ ਵਿੱਚ ਧੀ, ਪੁੱਤ ਦੇ ਵਿਆਹ ਵੇਲੇ ਇੱਕ ਵੱਡੀ ਰਸਮ ਬਣਾ ਲਈ ਗਈ ਹੈ। ਤੇ ਬਹੁਤ ਮਹਿੰਗੀ ਬਣ ਗਈ ਹੈ ਪਰ ਜੇ ਵੇਖਿਆ ਜਾਵੇ ਪਹਿਲੇ ਸਮੇਂ ਵਿੱਚ ਜੰਨਾਂ (ਬਰਾਤਾਂ) ਇਕ, ਦੋ ਰਾਤਾਂ ਰਹਿੰਦੀਆਂ ਸਨ ਕਿਉਂਕ ਆਵਾਜਾਈ ਦੇ ਸਾਧਨ ਵੀ ਘੱਟ ਸੀ ਤੇ ਅੱਜ ਕੱਲ ਵਾਂਗ ਉਹਨਾਂ ਸਾਡੇ ਵਡੇਰਿਆਂ ਵਿੱਚ ਕਾਹਲ਼ ਨਹੀਂ ਸੀ ਸਹਿਜ ਦੀ ਭਾਵਨਾ ਬਹੁਤ ਸੀ। ਜਦੋਂ ਬਰਾਤਾਂ ਰਾਤ ਰਹਿੰਦੀਆਂ ਤਾਂ ਸਾਡੀਆਂ ਬੀਬੀਆਂ ਤਾਂ ਘਰ ਹੁੰਦੀਆਂ ਸੀ ਤਾਂ ਉਹ ਰਾਤਾਂ ਨੂੰ ਜਾਗ ਕੇ ਨੱਚ ਟੱਪ ਕੇ ਉਹ ਸਮਾਂ ਲੰਘਾਉਂਦੀਆਂ ਸੀ। ਜਾਗੋ ਨਾਲ ਮਿੱਥਾਂ ਵੀ ਜੁੜੀਆਂ ਹੋਈਆਂ ਹਨ ਕਿ ਜਾਗੋ ਦੇ ਦੀਵਿਆਂ ਦੀ ਰੋਸ਼ਨੀ ਕਾਰਨ ਬਦਰੂਹਾਂ



**ਜਤਿੰਦਰ ਕੌਰ ਬੁਆਲ**

ਪਿੰਡ ਦੀ ਜੂਹ ਨਹੀਂ ਵੜਦੀਆਂ ਤੇ ਵਿਆਹ ਦੇ ਸਾਰੇ ਸ਼ਗਨ ਨਿਰਵਿਘਨ ਸਮਾਪਤ ਹੋ ਜਾਂਦੇ ਹਨ।ਇਸੇ ਲਈ ਜਾਗੋ ਨੂੰ ਸਾਰੇ ਪਿੰਡ ਦੇ ਦੁਆਲੇ ਤੇ ਪਿੰਡ ਵਿੱਚ ਫੇਰਨ ਨੂੰ ਅਹਿਮੀਅਤ ਦਿੱਤੀ ਜਾਂਦੀ ਸੀ।

ਜਾਗੋ ਉਥੋਂ ਵੀ ਸ਼ੁਰੂ ਹੋਈ, ਪਹਿਲਾਂ ਜਾਗੋ ਸਿਰਫ ਘਰ ਵਿੱਚ ਪਹਿਲੇ ਵਿਆਹ ਤੇ ਜਾਂ ਖਾਸਕਰ ਮੁੰਡੇ ਦੇ ਵਿਆਹ ਤੇ ਕੱਢੀ ਜਾਂਦੀ ਸੀ। ਆਵਾਜਾਈ ਦੇ ਸਾਧਨ ਘੱਟ ਹੋਣ ਕਾਰਨ ਵਿਆਹ ਦਾ ਮੇਲ਼ ( ਸਾਕ-ਸੰਬੰਧੀ) ਰਾਤ ਰਹਿੰਦਾ ਸੀ। ਸਾਰਾ ਮੇਲ਼ ਗੇਲ਼ ਵਿਆਹ ਤੋਂ ਇੱਕ ਦਿਨ ਪਹਿਲਾਂ ਵਿਆਹ ਵਾਲੇ ਘਰ ਜਰੂਰ ਪਹੁੰਚਦਾ ਸੀ। ਸ਼ਾਮ ਦਾ ਰੋਟੀ ਪਾਣੀ ਖਾ ਕੇ ਬੀਬੀਆਂ ਆਪਸ ਵਿੱਚ ਨਾਨਕੀਆਂ ਦਾਦਕੀਆਂ ਸਿੱਠਣੀਆਂ ਦਿੰਦੀਆਂ ਸੀ, ਗਿੱਧਾ ਪਾ ਲੈਂਦੀਆਂ ਸਨ। ਹੌਲੀ ਹੌਲੀ ਏਸੇ ਗੌਣ, ਵਜਾਉਣ ਨੇ ਜਾਗੋ ਦਾ ਰੂਪ ਧਾਰ ਲਿਆ।



ਜਾਗੋ ਦੇ ਕੰਮ ਦੇ ਕਰਤਾ ਧਰਤਾ ਨਾਨਕਾ ਪਰਿਵਾਰ ਹੁੰਦਾ ਸੀ। ਸ਼ਰੀਕੇ ਦੇ ਘਰਾਂ ਵਿੱਚ ਜਾਗੋ ਦਾ ਸੱਦਾ ਦਿੱਤਾ ਜਾਂਦਾ ਸੀ। ਪਿੱਤਲ ਦੀ ਵੱਡੀ ਵਲਟੋਹੀ ਚੰਗੀ ਤਰਾਂ ਮਾਂਜ ਸੰਵਾਰ ਕੇ ਉਸ ਵਿਚ ਚੌਲ ਜਾਂ ਕਣਕ ਪਾਈ ਜਾਂਦੀ। ਵਲਟੋਹੀ ਦੇ ਦੁਆਲੇ ਕਣਕ ਦਾ ਆਟਾ ਗੁੰਨ ਕੇ ਵੱਟ ਬਣਾ ਕੇ ਆਟੇ ਦੇ ਦੀਵਿਆਂ ਵਿੱਚ ਤੇਲ ਪਾ ਕੇ ਜਾਗੋ ਸਜਾਈ ਜਾਂਦੀ। ਦਿਨ ਦੇ ਛਪਾ ਨਾਲ ਦੀਵੇ ਜਗਾ ਕੇ ਵੱਡੀ ਮਾਮੀ ਦੇ ਸਿਰ ਤੇ ਰੱਖੀ ਜਾਂਦੀ ਸੀ। ਮਾਮੀ ਵੀ ਘੱਗਰਾ ਪਾ, ਸੱਗੀ ਫੁੱਲ ਲਾ ਕੇ ਸਿਰ ਢਕ ਕੇ ਜਾਗੋ ਚੁੱਕਦੀ। ਜਿਸ ਬੀਬੀ ਦੇ ਪੁੱਤ, ਧੀ ਦਾ ਵਿਆਹ ਹੁੰਦਾ ਉਹ ਮਾਮੀ( ਆਪਣੀ ਭਰਜਾਈ) ਨੂੰ ਸ਼ਗਨ ਦਿੰਦੀ। ਬਾਕੀ ਮੇਲਣਾ ਨਾਲ ਗਾਉਂਦੀਆਂ ਜਾਂਦੀਆਂ

ਜਾਗੋ ਲਟ ਲਟ ਬਲਦੀ ਨੀ<br>
ਸਾਡੀ ਬੀਬੀ ਦਾ ਬਾਰ।<br>
ਜਾਗੋ ਕੱਢਣੀ ਮੜਕ ਨਾਲ<br>
ਤੁਰਨਾ ਬਈ ਵਿਆਹ ਕਰਤਾਰੇ ਦਾ।<br>
ਕੋਈ ਆਖਦੀ<br>
ਕਿੱਕਰ ਸਿੰਹਾ ਜੋਰੂ ਜਗਾ<br>
ਲੈ ਜਾਗੋ ਆਈਆ<br>
ਦੂਜੀ ਆਖਦੀ<br>
ਚੁੱਪ ਕਰ ਬੀਬੀ ਮਸਾਂ ਸਲਾਈ ਆ<br>
ਲੋਰੀ ਦੇ ਕੇ ਪਾਈ ਆ

ਇਸ ਤਰਾਂ ਗਾਉਂਦੀਆਂ ਜਾਂਦੀਆਂ ਜਿਆਦਾਤਰ ਸ਼ਰੀਕੇ ਦੇ ਘਰਾਂ ਵਿਚ, ਰਾਹ ਵਿੱਚ ਪੰਨਤਾਲੇ ਭੰਨ ਦਿੰਦੀਆਂ ਜੇ ਕੋਈ ਹੱਟੀ ਹੁੰਦੀ ਉਹਦੀਆਂ ਖਿੱਲਾ, ਪਕੌੜੀਆਂ ਚੁੱਕ ਲੈਂਦੀਆਂ। ਉਦੋਂ ਕੋਈ ਗੁੱਸਾ ਨਹੀਂ ਸੀ ਕਰਦਾ ਸਗੋਂ ਆਖਦੇ ਸੀ ਨਾਨਕਿਆਂ ਦਾ ਹੱਕ ਆ ਭਾਈ। ਜੇ ਕੋਈ ਬਾਹਰ ਸੁੱਤਾ ਹੁੰਦਾ ਉਹਦਾ ਮੰਜਾ ਮੂਧਾ ਮਾਰ ਦਿੰਦੀਆਂ,ਚੁੱਲੇ ਓਟੇ ਢਾਹ ਦਿੰਦੀਆਂ ਤੇ ਵਿੱਚੋਂ ਈ ਕੋਈ ਆਖ ਦਿੰਦੀ-

'ਜਾਗੋ ਵਿੱਚੋਂ ਤੇਲ ਮੁੱਕਿਆ<br>
ਕੋਈ ਪਾਉਗਾ ਨਸੀਬਾਂ ਵਾਲਾ।'<br>
ਜਾਗੋ ਨਾਨਕਿਆਂ ਦੀ ਆਈ ਬੀਬੀ ਦੀਵਾ ਜਗਾ<br>
ਏਸ ਪਿੰਡ ਦੇ ਪੰਚੋ ਵੇ ਸਰਪੰਚੋ<br>
ਵੇ ਮੇਲ਼ ਆਇਆ ਨੰਦ ਸਿਉਂ ਦੇ<br>
ਜਰਾ ਬਚ ਕੇ ਪਰੇ ਦੀ ਲੰਘ ਜਾਇਓ, ਬਈ ਵੱਡੀ ਮਾਮੀ ਜੈਲਦਾਰਨੀ<br>
ਕਿਤੇ ਮਾਮੀ ਦੇ ਹੱਥ ਲੱਗ ਜਾਇਓ।

ਬਸ ਕੋਈ ਤੇਲ ਪਾਉਂਦਾ, ਸ਼ਗਨ ਦਿੰਦਾ ਹਾਸਾ ਤਮਾਸਾ ਕਰਦੀਆਂ, ਨੱਚ ਟੱਪ ਕੇ ਵਿਆਹ ਵਾਲੇ ਘਰ ਜਿਥੋਂ ਜਾਗੋ ਤੁਰੀ ਸੀ ਵਾਪਸ ਆ ਜਾਂਦੀਆਂ ਮਾਮੀ ਨੂੰ ਸ਼ਗਨ ਦੇ ਕੇ ਜਾਗੋ ਸਿਰ ਤੋਂ ਲਾਹ ਲਈ ਜਾਂਦੀ ਤੇ ਛੱਜ ਭੰਨ ਲਿਆ ਜਾਂਦਾਂ।ਪੈਸਾ ਧੇਲਾ ਮਾਮੀਆਂ, ਮਾਸੀਆਂ ਆਪਸ ਵਿੱਚ ਵੰਡ ਲੈਂਦੀਆਂ।

ਅੱਜ ਕੱਲ੍ਹ ਦੀ ਜਾਗੋ ਬਹੁਤ ਅਮੀਰ ਬਣਾ ਲਈ ਅਸੀਂ। ਜਾਗੋ ਹਰ ਵਿਆਹ ਦਾ ਇਕ ਅਹਿਮ ਹਿੱਸਾ ਬਣ ਗਿਆ ਇਹਦੇ ਬਿਨਾਂ ਵਿਆਹ ਅਧੂਰਾ ਹੈ। ਜਾਗੋ ਨਕਲੀ ਬੈਟਰੀ ਵਾਲੀ ਪਰ ਹੋਰ ਖਰਚੇ ਵਾਧੂ ਜਿਵੇਂ ਜਾਗੋ ਲਈ ਕੱਪੜੇ ਖਾਸ ਬਣਨ ਲੱਗ ਪਏ ਹਨ। ਜਾਗੋ ਦਾ ਪਿੰਡ ਵਾਲਾ ਫੇਰਾ ਸੁੰਗੜ ਗਿਆ। ਬਸ ਘਰ ਦੇ ਦੁਆਲੇ ਚੱਕਰ ਜੇ ਪੈਲਸ ਚ ਹੈ ਤਾਂ ਸਟੇਜ ਦੁਆਲੇ 'ਜਾਗੋ ਆਈ ਆ'

ਓਪਰੋਂ ਡੀ ਜੇ ਦੀ ਕੰਨ ਪਾੜਵੀਂ ਅਵਾਜ਼ ਵਿੱਚ ਪੁਰਾਤਨ ਨੋਕ- ਝੋਕ ਖਤਮ ਹੋ ਗਈ ਹੈ। ਜਾਗੋ ਚੱਕਣ ਤੇ ਚੁਕਾਉਣ ਵਾਲੀ ਬੀਬੀ ਦਾ ਸਿਰ ਨੰਗਾ, ਵਾਲ਼ ਖੁੱਲੇ। ਡੀ ਜੇ ਤੇ ਮਰਜ਼ੀ ਦਾ ਗਾਣਾ ਚਲਾਉਣ ਲਈ ਗੋਲੀਆਂ ਚੱਲਦੀਆਂ ਨੇ, ਲੜਾਈਆਂ ਹੋਣ ਲੱਗ ਪਈਆਂ ਹਨ ਪਰ ਇਹ ਸਭ ਪੈਲਸ ਕਲਚਰ ਦੀ ਦੇਣ ਆ। ਪੈਲਸ ਕਲਚਰ ਨਾਲ ਸਮਾਜਿਕ ਕਦਰਾਂ ਕੀਮਤਾਂ ਵਿੱਚ ਬਹੁਤ ਗਿਰਾਵਟ ਆਈ ਹੈ ਇਸ ਗੱਲ ਤੋਂ ਅਸੀਂ ਮੁਨਕਰ ਨਹੀਂ ਹੋ ਸਕਦੇ।ਜਾਗੋ ਨੂੰ ਫੇਰ ਪਰਿਵਾਰਕ ਤੇ ਕਦਰਾਂ ਕੀਮਤਾਂ ਵਾਲੀ ਬਣਾਈਏ।

ਨਹੀਂ ਤਾਂ ਇਹ ਸੱਚ ਆ ਕਿ<br>
ਨਾ ਉਹ ਹਾਸੇ,ਨਾ ਉਹ ਖੁਸ਼ੀਆਂ,ਨਾ ਉਹ ਜਾਗੋ ਰਹਿ ਗਈ।

ਅੱਜ ਕੱਲ੍ਹ ਜਾਗੋ ਨਵੇਂ ਸਮੇਂ ਦੇ ਵਹਿਣਾਂ ਦੇ ਵਿੱਚ ਵਹਿ ਗਈ , ਜਾਗੋ ਬਦਲ ਗਈ ਹੁਣ ਉਹ ਨਾ ਜਾਗੋ ਰਹਿ ਗਈ।

# ਦਿਲਜੀਤ ਦੁਸਾਂਝ ਨੇ 'ਪੰਜਾਬ '95' ਦਾ ਪੋਸਟਰ ਸਾਂਝਾ ਕੀਤਾ

**ਮੁੰਬਈ:** ਪੰਜਾਬੀ ਸੁਪਰਸਟਾਰ ਦਿਲਜੀਤ ਦੁਸਾਂਝ ਨੇ ਆਪਣੀ ਆਉਣ ਵਾਲੀ ਫਿਲਮ 'ਪੰਜਾਬ '95' ਦੀਆਂ ਫੋਟੋਆਂ ਸਾਂਝੀਆਂ ਕੀਤੀਆਂ ਹਨ। ਗਾਇਕ ਤੇ ਅਦਾਕਾਰ ਨੇ ਹਾਲ ਹੀ ਵਿੱਚ 'ਦਿਲ ਲੁਮੀਨਾਤੀ ਟੂਰ ਰਾਹੀਂ ਪੂਰੇ ਮੁਲਕ ਭਰ ਵਿੱਚ ਸ਼ੋਅ ਕਰ ਕੇ ਭਰਵੀ ਪ੍ਰਸ਼ੰਸਾ ਖੱਟੀ ਹੈ। ਸ਼ਨਿਚਰਵਾਰ ਨੂੰ ਇੰਸਟਾਗ੍ਰਾਮ 'ਤੇ ਦਿਲਜੀਤ ਨੇ ਕਈ ਫੋਟੋਆਂ ਸਾਂਝੀਆਂ ਕੀਤੀਆਂ ਹਨ। ਇਹ ਫੋਟੋਆਂ ਉਸ ਵੱਲੋਂ ਫਿਲਮ ਵਿੱਚ ਨਿਭਾਏ ਕਿਰਦਾਰ ਦੀ ਝਲਕ ਪੇਸ਼ ਕਰਦੀਆਂ ਹਨ। ਇਸ ਨਾਲ ਲਿਖੀ ਕੈਪਸ਼ਨ ਵਿੱਚ ਦਿਲਜੀਤ ਨੇ ਲਿਖਿਆ ਹੈ, 'ਮੈਂ ਹਨੇਰੇ ਨੂੰ ਚੁਣੌਤੀ ਦਿੰਦਾ ਹਾਂ, ਪੰਜਾਬ 95'। ਇਨ੍ਹਾਂ ਵਿੱਚੋਂ ਪਹਿਲੀ ਫੋਟੋ ਵਿੱਚ ਦਿਲਜੀਤ ਫਰਸ਼ 'ਤੇ ਬੈਠਾ ਦਿਖਾਈ ਦਿੰਦਾ ਹੈ। ਉਸ ਨੇ ਇੱਕ ਕੁੜਤਾ ਪਾਇਆ ਹੋਇਆ ਹੈ ਅਤੇ ਪੱਗ ਬੰਨ੍ਹੀ ਹੋਈ ਹੈ। ਉਸ ਦਾ ਚਿਹਰਾ ਜ਼ਖ਼ਮੀ ਹੋਣ ਕਾਰਨ ਲਹੂ-ਲੁਹਾਣ ਹੋਇਆ ਹੈ। ਇਹ ਫਿਲਮ ਮਨੁੱਖੀ ਅਧਿਕਾਰਾਂ ਲਈ ਸੰਘਰਸ਼ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਦੇ ਜ਼ਿੰਦਗੀ 'ਤੇ ਆਧਾਰਿਤ ਹੈ। ਇਨ੍ਹਾਂ ਵਿੱਚ ਇੱਕ ਫੋਟੋ ਵਿੱਚ ਦਿਲਜੀਤ ਨੂੰ ਜਸਵੰਤ ਸਿੰਘ ਖਾਲੜਾ ਵਜੋਂ ਦਿਖਾਇਆ ਗਿਆ ਹੈ। ਉਸ ਨਾਲ ਛੋਟੇ ਵਿੱਚ ਦੋ ਬੱਚੇ ਵੀ ਦਿਖਾਈ ਦੇ ਰਹੇ ਹਨ। ਇਸ ਫਿਲਮ 'ਤੇ ਸੈਂਸਰ ਬੋਰਡ ਨੇ ਫਿਲਮਕਾਰਾਂ ਨੂੰ 120 ਕੱਟ ਲਗਾਉਣ ਲਈ ਕਿਹਾ ਸੀ।



# ਪੂਰਨ ਸਿੰਘ ਪਾਂਧੀ ਦੀ ਪੁਸਤਕ 'ਸੰਗੀਤ ਦੀ ਦੁਨੀਆਂ' ਦੇ ਮੁੱਖ-ਸ਼ਬਦ -'ਪਹੁੰਚਿਆ ਹੋਇਆ' ਪਾਂਧੀ

ਜਦੋਂ ਪਹਿਲੀ ਵਾਰ ਪੂਰਨ ਸਿੰਘ ਪਾਂਧੀ ਨੂੰ ਜਰਨੈਲ ਸਿੰਘ ਕਹਾਣੀਕਾਰ ਦੇ ਘਰ ਮਿਲਿਆ ਤਾਂ ਮੈਨੂੰ ਉਸ ਵਿਚੋਂ ਦਰਵੇਸ਼ੀ ਰੂਹ ਦਾ ਝਲਕਾਰਾ ਮਿਲਿਆ। ਸਫ਼ੈਦ ਸਵਾਰਿਆ ਦਾੜ੍ਹਾ, ਸੁਨਹਿਰੀ ਫ਼ਰੇਮ ਵਾਲੀਆਂ ਐਨਕਾਂ ਪਿੱਛੋਂ ਝਾਕਦੀਆਂ ਬਰੀਕ ਤੇ ਤਿੱਖੀ ਨਜ਼ਰ ਵਾਲੀਆਂ ਜਗਿਆਸੂ ਅੱਖਾਂ। ਮਧੁਰ ਮੁਸਕਣੀ ਤੇ ਠਰ੍ਹੰਮੇ ਵਾਲੇ ਬੋਲ। ਸਹਿਜ-ਸਿਆਣਪੀ ਦਿੱਖ ਵਾਲਾ 'ਬਾਬਾਈ' ਚਿਹਰਾ। ਸਮੁੱਚੀ ਸ਼ਖ਼ਸੀਅਤ ਦਾ ਅਜਿਹਾ ਸੁਖਾਵਾਂ ਪ੍ਰਭਾਵ ਜਿਵੇਂ ਸੁਰ ਕੀਤਾ ਕੋਈ ਸਾਜ਼ ਹੋਵੇ; ਨਿੰਦਰਾਈ ਮੁਦਰਾ ਵਿਚ ਆਸੀਣ ਮਧੁਰ ਰਾਗ-ਰਾਗਣੀਆਂ ਸੁਤ-ਅਨੀਂਦੇ ਵਿਚੋਂ ਜਾਗ ਕੇ ਨਰਗਸੀ ਨੈਣ ਖੋਲ੍ਹਣ ਲਈ ਜਿਵੇਂ ਕਲਵਲ ਹੋ



**ਵਰਿਆਮ ਸਿੰਘ ਸੰਧੂ**
**ਫੋਨ: 647-535-1539**
**ਵਟਸਐਪ-98726-02296**

ਰਹੀਆਂ ਹੋਣ। ਅਜਿਹੇ ਫ਼ਰਿਸ਼ਤਾ-ਦਿੱਖ ਬੰਦੇ ਕਈ ਵਾਰ ਧਰਤੀ ਤੋਂ ਕਿਤੇ ਵੱਖਰੇ ਤੇ ਉਚੇਰੇ ਮੰਡਲ ਦੇ ਵਾਸੀ ਲੱਗਦੇ ਹਨ। ਅਸਲੋਂ ਅਪਹੁੰਚ। ਉਨ੍ਹਾਂ ਦੇ ਪ੍ਰਸ਼ੰਸਕ ਜਾਂ ਸ਼ਰਧਾਲੂ ਤਾਂ ਬਣਿਆਂ ਜਾ ਸਕਦਾ ਹੈ ਪਰ ਉਨ੍ਹਾਂ ਨਾਲ ਅਪਣੱਤ ਦਾ ਰਿਸ਼ਤਾ ਕਾਇਮ ਹੋ ਸਕਣਾ ਕੁਝ ਮੁਸ਼ਕਿਲ ਜਾਪਦਾ ਹੈ। ਅਪਣੱਤ ਦਾ ਰਿਸ਼ਤਾ ਤਾਂ ਆਪਣਿਆਂ ਜਾਂ ਆਪਣੇ ਵਰਗਿਆਂ ਨਾਲ ਹੀ ਬਣ ਸਕਦਾ ਹੈ। ਧਰਤੀ ਦੇ ਜੀਵਾਂ ਨਾਲ ਹੀ। ਅਸਮਾਨੀ ਹਸਤੀਆਂ ਨੂੰ ਹੱਥ ਲਾ ਸਕਣਾ ਸਹਿਲ ਕਾਰਜ ਨਹੀਂ।

ਜਦੋਂ ਉਸਨੇ ਜਰਨੈਲ ਸਿੰਘ ਦੇ, 'ਚੱਲੋ ਫਿਰ ਛਕੋ ਭੋਜਨ!' ਕਹਿਣ 'ਤੇ ਮੇਜ਼ ਉੱਤੇ ਪਏ ਪਦਾਰਥਾਂ ਨੂੰ ਹੱਥ ਪਾਇਆ ਤਾਂ ਲੱਗਾ ਉਹ ਅਸਮਾਨ ਤੋਂ ਉਤਰ ਕੇ ਸਾਡੇ ਵਿਚਕਾਰ ਆਣ ਬੈਠਾ ਹੈ। ਸਾਡਾ ਆਪਣਾ ਬਣ ਕੇ। ਏਸੇ ਧਰਤੀ ਦਾ ਰੰਗ-ਰਤੜਾ ਜੀਵ। ਮੇਰੇ ਹੱਥ ਵਿਚ ਹੋਰ ਕੁਝ ਨਹੀਂ ਸੀ, ਸਗੋਂ ਪਾਂਧੀ ਦਾ ਹੱਥ ਆ ਗਿਆ ਸੀ। ਫੜਨ ਲਈ। ਘੁੱਟਣ ਲਈ।

ਪਾਂਧੀ ਦੇ ਵਿਹਾਰ ਤੇ ਅੰਦਾਜ਼ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਸੀ ਕਿ ਉਸਦੇ ਸਮੁੱਚੇ ਵਜੂਦ ਵਿਚ ਇਕ ਰਾਗਾਤਮਕ ਗੋਲਾਈ ਹੈ। ਉਸਦੇ ਆਪਣੇ ਸ਼ਬਦਾਂ ਵਿਚ ਹੀ ਜੇ ਗੱਲ ਨੂੰ ਬੰਨ੍ਹਣਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ 'ਹਰ ਸੋਧੀ ਤੇ ਸ਼ਿੰਗਾਰੀ ਵਸਤੂ ਜਿਵੇਂ ਮਨ ਨੂੰ ਗਹਿਰਾ ਪ੍ਰਭਾਵਤ ਕਰਦੀ ਤੇ ਖਿੱਚਾਂ ਪਾਉਂਦੀ ਹੈ', ਕੁਝ ਇੰਜ ਹੀ ਹੈ ਪਾਂਧੀ ਦੀ ਸ਼ਖ਼ਸੀਅਤ ਦਾ ਆਕਰਸ਼ਣ। ਉਹ ਸਚਮੁੱਚ 'ਸੁਰੀਲੀ ਰੂਹ' ਹੈ। ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਦੀ ਸੁਖਾਵੀਂ-ਸੁਧਰੀ ਜ਼ਿੰਦਗੀ ਦਾ ਪ੍ਰਤੀਕ ਰੂਪ ਹੋਵੇ ਜਿਵੇਂ।

ਫਿਰ ਜਦੋਂ ਉਸ ਨਾਲ ਜਾਣ-ਪਛਾਣ ਦਾ ਨਿੱਕਾ ਜਿਹਾ ਝਰੋਖਾ ਖੁੱਲ੍ਹਿਆ ਤਾਂ ਪਤਾ ਲੱਗਾ ਕਿ ਜਿਸ ਤਰ੍ਹਾਂ ਦਾ ਉਸਨੂੰ ਪਹਿਲੀ ਨਜ਼ਰੇ ਵੇਖਿਆ ਸੀ, 'ਜਾਣਿਆਂ' ਵੀ ਉਹ ਓਸੇ ਤਰ੍ਹਾਂ ਦਾ ਸੀ। ਵਿਹਾਰ ਤੇ ਬੋਲ-ਬਾਣੀ ਵਿਚ ਅੰਤਾਂ ਦਾ ਸੁਹਜ, ਸੰਜਮ ਤੇ ਸਲੀਕਾ। ਸਮੂਲਚੀ ਹਸਤੀ ਵਿਚ ਮਿਸ਼ਰੀ ਵਾਂਗ ਘੁਲੀ ਹੋਈ ਨਿਮਰਤਾ। ਸਵੈ-ਮੋਹ ਤੇ ਸਵੈ-ਪ੍ਰਦਰਸ਼ਨ ਦੀ ਕੋਈ ਲਾਲਸਾ ਨਹੀਂ ਪਰ ਦੂਜੇ ਦੀ ਵਡਿਆਈ ਕਰਨ ਦਾ ਵਡੱਪਣੀ ਮੌਕਾ ਕਦੀ ਹੱਥੋਂ ਜਾਣ ਨਹੀਂ ਦੇਣਾ। ਫਿਰ ਪਤਾ ਲੱਗਾ ਕਿ ਉਹ ਬਹੁਤ ਚੰਗੀ ਵਾਰਤਕ ਦਾ ਸਿਰਜਣਹਾਰ ਵੀ ਹੈ। ਉਹਦੀ ਵਾਰਤਕ ਦੀ ਸੰਗਤ ਵਿਚ ਬੈਠ ਕੇ ਅਹਿਸਾਸ ਹੋਇਆ ਕਿ ਉਹ ਦਿੱਖ ਦੀ ਪੱਧਰ 'ਤੇ ਹੀ ਨਹੀਂ ਤੱਤ ਰੂਪ ਵਿਚ ਵੀ ਸੁਖਾਵੀਂ-ਸੁਧਰੀ ਜ਼ਿੰਦਗੀ ਦਾ ਆਸ਼ਕ ਹੈ ਤੇ ਪ੍ਰਚਾਰਕ ਵੀ। ਜਦੋਂ ਕੁਝ ਸਾਲ ਪਹਿਲਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਕਾਨਫ਼ਰੰਸ ਵਿਚ ਪੇਸ਼ ਕਰਨ ਲਈ ਮੈਂ 'ਕਨੇਡੀਅਨ ਪੰਜਾਬੀ ਵਾਰਤਕ' ਬਾਰੇ ਪਰਚਾ ਲਿਖਿਆ ਤਾਂ ਨਿਮਨ-ਲਿਖਤ ਸ਼ਬਦਾਂ ਵਿਚ ਪੂਰਨ ਸਿੰਘ ਪਾਂਧੀ ਦੀ ਵਾਰਤਕ ਦੇ ਵਿਵੇਕ ਨੂੰ ਬਿਆਨ ਕੀਤਾ ਸੀ:

'ਵਾਰਤਕ ਲੇਖਕ ਪੂਰਨ ਸਿੰਘ ਪਾਂਧੀ ਦਾ ਉਚੇਚਾ ਜ਼ਿਕਰ ਕਰਨ ਦੀ ਵਾਜਬੀਅਤ ਇਸ ਕਰਕੇ ਬਣਦੀ ਹੈ ਕਿ ਉਹ ਗੁਰਬਖ਼ਸ਼ ਸਿੰਘ ਪ੍ਰੀਤਲੜੀ ਵਾਂਗ ਨਿਰੋਲ ਮਨੁੱਖੀ ਜੀਵਨ-ਜਾਚ ਬਾਰੇ ਲਿਖਣ ਵਾਲਾ ਇਕੋ ਇਕ ਕਨੇਡੀਅਨ ਪੰਜਾਬੀ ਵਾਰਤਕ ਲੇਖਕ ਹੈ। ਉਹ ਗੁਰਬਾਣੀ, ਗੁਰ-ਇਤਿਹਾਸ ਅਤੇ ਸੰਗੀਤ ਦਾ ਗਿਆਤਾ ਹੈ। ਖੋਜੀ ਬਿਰਤੀ ਦਾ ਮਾਲਕ ਹੈ। ਕਨੇਡਾ ਵਿਚ ਜਿੱਥੇ ਇਧਰਲੇ ਪੰਜਾਬ ਨਾਲੋਂ ਵੀ ਕਈ ਗੁਣਾਂ ਵੱਧ ਦਿੱਖ ਦੀ ਸਿੱਖੀ ਦਾ ਬੋਲਬਾਲਾ ਹੈ, ਜਿੱਥੇ ਗੁਰੂ ਘਰਾਂ ਵਿਚ ਦਰਜਨਾਂ ਮਾਸੂਮਾਂ ਤੇ ਬੇਕਸੂਰੇ ਲੋਕਾਂ ਦੇ ਕਾਤਲਾਂ ਦੀਆਂ ਤਸਵੀਰਾਂ ਨਾਇਕਾਂ ਵਾਂਗ ਲਾਈਆਂ ਮਿਲਦੀਆਂ ਹਨ; ਓਥੇ ਆਪਣੀਆਂ ਲਿਖਤਾਂ ਰਾਹੀਂ ਸਿੱਖੀ ਦੇ ਤੱਤ ਨੂੰ, ਗੁਰਬਖ਼ਸ਼ ਸਿੰਘ ਵਾਂਗ ਹੀ, ਵਿਗਿਆਨਕ ਚੇਤਨਾ ਤੇ ਤਰਕਸ਼ੀਲਤਾ ਦੀ ਪੁੱਠ ਦੇ ਕੇ ਪੇਸ਼ ਕਰਨਾ ਤੇ ਭੇਖ ਦੀ ਸਿੱਖੀ ਨੂੰ ਵੰਗਾਰਦਿਆਂ, ਗੁਰਮਤਿ ਪ੍ਰੇਮੀਆਂ, ਖੋਜੀਆਂ, ਰਾਗੀਆਂ, ਢਾਡੀਆਂ, ਪਾਠੀਆਂ ਤੇ ਪ੍ਰਚਾਰਕਾਂ ਲਈ ਮਾਰਗ-ਦਰਸ਼ਨ ਕਰਨ ਦਾ ਸਾਹਿਤਕ ਹੀਲਾ ਕਰਨਾ ਜਿਗਰੇ ਦਾ ਕੰਮ ਵੀ ਹੈ ਤੇ ਵਿਚਾਰਾਂ ਨਾਲ ਪ੍ਰਤੀਬੱਧਤਾ ਨਿਭਾਉਣ ਦਾ ਮਿਸਾਲੀ ਨਮੂਨਾ ਵੀ। ਸੰਜਮਤਾ, ਸੰਖੇਪਤਾ, ਸਹਿਜਤਾ ਤੇ ਸੰਗੀਤਾਤਮਕਤਾ ਉਹਦੀ ਵਾਰਤਕ ਦੇ ਮੀਰੀ ਗੁਣ ਹਨ।'


ਇਨ੍ਹਾਂ ਸਤਰਾਂ ਵਿਚੋਂ ਪਾਂਧੀ ਦੀ ਬਹੁਰੰਗੀ ਸ਼ਖ਼ਸੀਅਤ ਦੇ ਕਈ ਝਲਕਾਰੇ ਮਿਲਦੇ ਹਨ। ਉਹਦਾ ਨਜ਼ਰੀਆ, ਉਹਦੀ ਪ੍ਰਤੀਬੱਧਤਾ, ਉਹਦਾ ਗੱਲ ਕਹਿਣ ਦਾ ਹੁਨਰ ਤੇ ਹੁਸਨ, ਉਹਦਾ ਬਹੁ-ਪਰਤੀ ਤੇ ਬਹੁ-ਪਸਾਰੀ ਗਿਆਨ, ਉਹਦਾ ਰਚਨਾਤਮਕ ਵਿਵੇਕ ਅਤੇ ਕਨੇਡੀਅਨ ਪੰਜਾਬੀ ਵਾਰਤਕ ਵਿਚ ਉਹਦੀ ਅਨੋਖੀ ਤੇ ਇਕੱਲੀ ਪਛਾਣ। ਉਪ੍ਰੋਕਤ ਸਤਰਾਂ ਵਿਚ ਉਹਦੇ ਇਕ ਰੰਗ 'ਸੰਗੀਤ ਗਿਆਤਾ' ਹੋਣ ਵੱਲ ਵੀ ਸੰਕੇਤ ਹੈ। ਏਥੇ ਅਸੀਂ ਏਸੇ ਰੰਗ ਦੇ ਤਲਿਸਮ ਵਿਚ ਉਤਰਨਾ ਹੈ। ਜਦੋਂ ਮੈਂ ਉਪਰਲੀਆਂ ਸਤਰਾਂ ਲਿਖੀਆਂ ਸਨ ਤਾਂ ਚਲਾਵਾਂ ਜਿਹਾ ਹੀ ਪਤਾ ਸੀ ਕਿ ਉਹ ਸੰਗੀਤ ਦਾ ਚੰਗਾ ਜਾਣਕਾਰ ਹੈ। ਫਿਰ ਕਦੀ ਕਦੀ ਕਿਸੇ ਸੰਗੀਤਕ ਮਹਿਫ਼ਲ ਵਿਚ ਉਹਦੀ ਡੁੱਲ੍ਹ ਡੁੱਲ੍ਹ ਪੈਂਦੀ ਉਤੇਜਨਾ, ਉਤਸ਼ਾਹ ਤੇ ਉਮਾਹ ਦੀ ਦਰਿਆਫ਼ਤ ਕਰਨ 'ਤੇ ਜਾਣਕਾਰੀ ਮਿਲੀ ਕਿ ਉਹ ਤਾਂ ਸੰਗੀਤ-ਸਮੁੰਦਰ ਦੇ ਡੂੰਘੇ ਪਾਣੀਆਂ ਦਾ ਤੈਰਾਕ ਹੈ। ਕਲਾਸੀਕਲ ਗਾਇਕੀ ਦਾ ਡਿਪਲੋਮਾ ਹੋਲਡਰ, ਵਾਇਲਨ, ਦਿਲਰੁਬਾ ਤੇ ਕਈ ਹੋਰ ਸਾਜ਼ਾਂ ਦਾ ਉਸਤਾਦ। ਉਮਰ ਦੇ ਕੀਮਤੀ ਛੱਤੀ ਸਾਲ ਪੰਜਾਬ ਦੇ ਸਕੂਲਾਂ ਵਿਚ ਮਾਂ ਬੋਲੀ ਪੰਜਾਬੀ ਦਾ ਅਧਿਆਪਕ ਰਿਹਾ ਹੈ। ਹੁਣ ਜਦੋਂ ਮੈਂ ਹਥਲੀ ਕਿਤਾਬ ਦੀ ਸੰਗਤ ਮਾਣ ਕੇ ਹਟਿਆ ਤਾਂ ਲੱਗਾ ਕਿ ਰਾਗ ਤਾਂ ਉਹਦੀਆਂ ਰਗਾਂ ਵਿਚ ਲਹੂ ਬਣ ਕੇ ਹੀ ਨਹੀਂ ਵਗਦਾ ਪਿਆ ਸਗੋਂ, ਬਾਕੌਲ ਬਾਬਾ ਬੁੱਲ੍ਹੇ ਸ਼ਾਹ ਉਹਦੀਆਂ 'ਅੱਖਾਂ ਵਿਚੋਂ ਵੀ ਟਪਕਦਾ' ਪਿਆ ਹੈ। 'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ' ਵਾਂਗ ਉਹ 'ਰਾਗ! ਰਾਗ!!' ਅਲਾਪਦਾ ਜਿਵੇਂ ਆਪ ਹੀ 'ਰਾਗ' ਹੋ ਗਿਆ ਹੋਵੇ। ਰਾਗ ਤੇ ਸੰਗੀਤ ਉਹਦੀ ਰੂਹ ਵੀ ਹਨ ਤੇ ਜਿਸਮ ਵੀ। ਉਹਦਾ ਚੇਤਨ ਵੀ ਤੇ ਅਵਚੇਤਨ ਵੀ। ਉਹਦਾ ਓਢਣਾ ਤੇ ਵਿਛਾਉਣਾ ਵੀ। ਉਹ ਪੰਜਾਬ ਦੀ ਵਿਰਾਸਤ ਨੂੰ ਪ੍ਰਣਾਇਆ ਰੰਗ-ਰੱਤਾ ਆਸ਼ਕ ਹੈ।

ਮੈਂ ਇਹ ਗੱਲ ਬੜੀ ਵਾਰ ਕੀਤੀ ਹੈ ਕਿ ਅਸੀਂ ਪੰਜਾਬੀ ਲੋਕ ਸ਼ਾਇਰੀ ਦੇ ਜੰਮੇ-ਜਾਏ ਹਾਂ। ਗੁਰਬਾਣੀ ਤੇ ਸੂਫ਼ੀ ਕਲਾਮ ਸਾਡੀ ਕਾਵਿਕ ਵਿਰਾਸਤ ਤੇ ਸ਼ਬਦ ਦੀ ਵਡਿਆਈ ਦੇ ਬੁਲੰਦ ਪ੍ਰਮਾਣ ਹਨ। ਬਾਬਾ ਨਾਨਕ ਤਾਂ ਜਿੱਥੇ ਵੀ ਜਾ ਕੇ ਵਿਰੋਧੀ ਤੇ ਪਿਛਾਖੜੀ ਧਿਰਾਂ ਨਾਲ ਸੰਵਾਦ ਰਚਾਉਂਦਾ ਸੀ, ਓਥੇ ਉਸਦਾ ਸਭ ਤੋਂ ਵੱਡਾ ਸੰਵਾਦੀ ਹਥਿਆਰ ਸ਼ਾਇਰੀ ਤੇ ਸ਼ਬਦ ਹੀ ਹੁੰਦਾ ਸੀ। ਵਿਰੋਧੀਆਂ ਦੇ ਗੜ੍ਹ ਵਿਚ ਜਾ ਕੇ, ਉਨ੍ਹਾਂ ਦੇ ਗੁੱਸੇ ਅਤੇ ਸਵਾਲਾਂ ਦੀ ਬੌਛਾੜ ਦਾ ਸਾਹਮਣਾ ਕਰਨ ਲਈ ਉਸਦੀ ਢਾਲ-ਤਲਵਾਰ ਸ਼ਾਇਰੀ ਤੇ ਸ਼ਬਦ ਦੀ ਤਾਕਤ ਹੀ ਹੁੰਦੀ ਸੀ। ਅਜਿਹੇ ਤਣਾਓ ਨਾਲ ਤਣੇ ਮਾਹੌਲ ਵਿਚ ਬਾਬਾ ਸਹਿਜ ਨਾਲ ਮੁਸਕਰਾਉਂਦਾ ਤੇ ਆਪਣੇ ਸੰਗੀ ਮਰਦਾਨੇ ਨੂੰ ਆਖਦਾ, 'ਮਰਦਾਨਿਆਂ! ਰਬਾਬ ਵਜਾਇ!'

ਮਰਦਾਨਾ ਰਬਾਬ ਦੀਆਂ ਤਾਰਾਂ ਨੂੰ ਚਮਤਕਾਰੀ ਛੂਹ ਨਾਲ ਬੋਲਣ ਲਾ ਦਿੰਦਾ। ਮਨਾਂ ਤੇ ਮਾਹੌਲ ਉੱਤੇ ਇੱਕ ਇਲਾਹੀ ਵੱਜਦ ਤਾਰੀ ਹੋ ਜਾਂਦਾ। ਜਿਵੇਂ ਘਾਹ-ਫੂਸ ਤੇ ਨਦੀਨ ਨਾਲ ਭਰੀ ਅੱਪੜ ਜ਼ਮੀਨ ਵਿਚ ਹਲ ਵਗ ਰਿਹਾ ਹੋਵੇ। ਰਬਾਬ ਦੀਆਂ ਛੇੜੀਆਂ ਸੁਰਾਂ ਦੀ ਸੰਵੇਦਨੀ ਛੂਹ ਨਾਲ ਜਦੋਂ ਮਨ ਦੀ ਧਰਤੀ ਵੱਤਰ ਹੋ ਕੇ ਵਾਹੀ ਤੇ ਸੁਹਾਗੀ ਜਾਂਦੀ ਤਾਂ ਬਾਬਾ ਰਾਗ ਤੇ ਰਬਾਬ ਨਾਲ ਵਾਹੇ ਸਿਆੜਾਂ ਵਿਚ ਆਪਣੇ ਸ਼ਬਦ ਦਾ ਬੀਜ ਬੀਜਦਾ। ਪੂਰਨ ਸਿੰਘ ਪਾਂਧੀ ਦੀਆਂ ਜਦੋਂ ਮੈਂ ਨਿਮਨ ਲਿਖਤ ਸਤਰਾਂ ਪੜ੍ਹੀਆਂ ਤਾਂ ਲੱਗਾ; ਉਹ ਤਾਂ ਮੇਰਾ ਹੀ ਵੱਡਾ ਭਰਾ ਹੈ।

'ਰਬਾਬ ਦੀਆਂ ਧੁਨਾਂ ਵਿਚ ਸੁਰ ਹੋਈ ਆਤਮਾ ਹੀ ਧਰਮ ਦੇ ਇੱਕ ਵੱਡੇ ਗੜ੍ਹ ਵਿਚ, ਇੱਕ ਵੱਡੇ ਹਜੂਮ ਨੂੰ ਉਚੀ ਬਾਹ ਕਰ ਕੇ ਆਖ ਸਕਦੀ ਹੈ, 'ਠਹਿਰੋ! ਕਿਉਂ ਏਨਾ ਸ਼ੋਰ ਮਚਾਇਆ ਹੈ?' ਅੱਗੋਂ ਖ਼ਲਕਤ ਆਖਦੀ ਹੈ, 'ਸ਼ੋਰ ਨਹੀਂ, ਅਸੀਂ ਭਗਵਾਨ ਦੀ ਆਰਤੀ ਕਰਦੇ ਪਏ ਹਾਂ।' ਤੇ ਫਿਰ ਜਦੋਂ ਉਹ ਸੁਹਣੀ ਆਤਮਾ ਆਪਣੇ ਸੁਰੀਲੇ ਕੰਠ ਵਿਚੋਂ ਆਰਤੀ ਦੇ ਅਸਲ ਅਰਥ ਉਜਾਗਰ ਕਰਦੀ ਹੈ ਤਾਂ ਸੁੰਨ ਹੋਈ ਖ਼ਲਕਤ ਦੇਖਦੀ ਰਹਿ ਜਾਂਦੀ ਹੈ।'

ਤੇ ਬਾਬੇ ਨਾਨਕ ਨੇ ਕਿਤੇ ਇੱਕੋ 'ਗੜ੍ਹ' ਹੀ ਤਾਂ ਨਹੀਂ ਸੀ ਫ਼ਤਹਿ ਕੀਤਾ। ਨਾਨਕ ਤੇ ਮਰਦਾਨੇ




*ਪੁਸਤਕ 'ਸੰਗੀਤ ਦੀ ਦੁਨੀਆਂ' ਦਾ ਸਰਵਰਕ।*

ਦਾ ਸੰਗਮ ਸੰਗੀਤ ਤੇ ਸ਼ਬਦ ਦੇ ਮਿਲਾਪ ਦਾ ਅਲੌਕਿਕ ਚਮਤਕਾਰ ਸੀ। ਕਿੰਨੇ ਸੱਜਣ, ਕੌਡੇ, ਵਲੀ ਕੰਧਾਰੀ, ਮੁੱਲਾਂ-ਕਾਜ਼ੀ, ਸਿੱਧ, ਪੰਡਿਤ ਤੇ ਜੋਗੀ ਸ਼ਬਦ ਤੇ ਸੰਗੀਤ ਦੀ ਸ਼ਕਤੀ ਨੇ ਕੀਲ ਕੇ ਕਾਗੋਂ ਹੰਸ ਬਣਾ ਦਿੱਤੇ।

ਲੱਗਦਾ ਹੈ ਪਾਂਧੀ ਜਿਵੇਂ ਮੇਰੇ ਵਾਂਗ ਹੀ ਸੋਚਣ, ਬੋਲਣ ਤੇ ਲਿਖਣ ਵਾਲਾ ਬੰਦਾ ਹੈ! ਨਹੀਂ ਸੱਚ; ਕਹਿਣਾ ਤਾਂ ਇਹ ਚਾਹੀਦਾ ਹੈ ਕਿ ਇਸ ਪੱਖੋਂ ਮੈਂ ਵੀ ਉਹਦੇ ਵਾਂਗ ਹੀ ਸੋਚਦਾ ਤੇ ਬੋਲਦਾ ਹਾਂ। ਅਜਿਹੇ 'ਆਪਣੇ ਕਰੂਰੇ' ਵਾਲੇ ਬੰਦੇ ਕਿਤੇ ਸੌਖਿਆਂ ਤਾਂ ਨਹੀਂ ਲੱਭਦੇ। ਹਮਾਕਤ ਨਾ ਸਮਝ ਲਈ ਜਾਵੇ ਤਾਂ ਕੀ ਮੈਂ ਆਖਣ ਦੀ ਖੁੱਲ੍ਹ ਲੈ ਸਕਦਾ ਹਾਂ ਕਿ ਇਸ ਨੁਕਤੇ 'ਤੇ 'ਦੋ 'ਸਿਆਣੇ' ਇੱਕ ਮੱਤ' ਹੋ ਗਏ ਜਾਪਦੇ ਨੇ!! ਉਂਜ ਮੈਂ ਜਾਣਦਾਂ ਕਿ ਅਸਲੀ ਸਿਆਣਾ ਤਾਂ ਪੂਰਨ ਸਿੰਘ ਪਾਂਧੀ ਹੀ ਹੈ, ਮੈਂ ਤਾਂ ਮੌਕਾ ਬਣਦਾ ਵੇਖ 'ਘਰ ਨੂੰ ਸਿਆਣਾ' ਹੋਣ ਦੀ ਮੱਲ ਮਾਰਨ ਦਾ ਮੌਕਾ ਬਣਾ ਲਿਐ! ਗੱਲ ਕਿਤੇ 'ਮੈਂ ਤੇ ਬੇਬੇ ਇੱਕੀ ਵਾਲੀ' ਤਾਂ ਨਹੀਂ ਬਣ ਗਈ!

ਪਾਂਧੀ ਲਈ ਸੰਗੀਤ ਕੇਵਲ ਕਿਸੇ ਸਾਜ਼ ਦੇ ਵੱਜਣ ਤੇ ਉਹਦੀ ਸੁਰ ਨਾਲ ਕਿਸੇ ਗਾਇਕ ਦੀ ਆਵਾਜ਼ ਦੇ ਸੁਜੋੜ ਦਾ ਨਾਂ ਹੀ ਨਹੀਂ ਸਗੋਂ ਉਹ ਸੰਗੀਤ ਨੂੰ ਵਿਆਪਕ ਅਰਥਾਂ ਤੱਕ ਫੈਲਾ ਦਿੰਦਾ ਹੈ ਤੇ ਸਾਡੀ ਸੋਚ ਦੇ ਦਿਸਹੱਦਿਆਂ ਦਾ ਘੇਰਾ ਵਿਸ਼ਾਲ ਤੋਂ ਵਿਸ਼ਾਲਤਰ ਕਰਦਾ ਜਾਂਦਾ ਹੈ। ਉਸ ਲਈ ਤਾਂ ਸੰਗੀਤ ਨਿਰ-ਆਕਾਰ ਮਹਾਂ-ਸ਼ਕਤੀ ਦਾ ਨਾਦ ਹੈ। ਪ੍ਰਕਿਰਤੀ ਦੇ ਲੋਹੜੇ ਦੇ ਹੁਸਨ ਵਿਚ, ਸਮੁੱਚੀ ਕਾਇਨਾਤ ਦੇ ਅਦਭੁੱਤ ਪਸਾਰੇ ਤੇ ਨੇਮ-ਵਿਧਾਨ ਵਿਚ, ਮਨੁੱਖੀ ਮਨ ਦੀਆਂ ਸੰਵੇਦਨਾਵਾਂ ਤੇ ਭਾਵਨਾਵਾਂ ਵਿਚ ਰਾਗ, ਨਾਦ, ਸੁਰ, ਸ਼ਬਦ ਦੀਆਂ ਮੂਲ ਗੂੰਜਾਂ ਵਿਦਮਾਨ ਹਨ। ਖ਼ੁਸ਼ਕ ਜਾਪਦਾ ਗਿਆਨ ਵੀ ਜਦੋਂ ਸੁਰ ਹੋ ਕੇ ਜਾਗਦਾ ਤੇ ਬੋਲਦਾ ਹੈ ਤਾਂ ਬੁੱਧ ਦੀ ਆਤਮਾ ਵਿਚ ਪ੍ਰਕਾਸ਼ ਫ਼ੈਲ ਜਾਂਦਾ ਹੈ; ਅਸ਼ੋਕ ਨੂੰ ਹਜ਼ਾਰ-ਹਾਅ ਲੋਕਾਂ ਨੂੰ ਕਤਲ ਕਰ ਕੇ ਪ੍ਰਾਪਤ ਕੀਤੀ ਜਿੱਤ ਵੀ ਹਾਰ ਜਾਪਣ ਲੱਗ ਪੈਂਦੀ ਹੈ। ਸੁਰ ਹੋਈਆਂ ਆਤਮਾਵਾਂ ਦਾ ਕੌਤਕ ਹੀ ਮੀਰਾ ਤੇ ਰਾਬਿਆ ਜਿਹੀਆਂ ਹਸਤੀਆਂ ਨੂੰ ਇਤਿਹਾਸ ਦਾ ਹਸਤਾਖ਼ਰ ਬਣਾ ਧਰਦਾ ਹੈ। ਸੁਰ ਹੋਈ ਆਤਮਾ ਵਿਚੋਂ ਖ਼ੁਦਾ ਬੋਲਦਾ ਹੈ ਤਾਂ ਕਿਸੇ ਮਨਸੂਰ ਲਈ ਸੂਲੀ ਵੀ ਫੁੱਲਾਂ ਦੀ ਸੇਜ ਬਣ ਜਾਂਦੀ ਹੈ, ਇਬਰਾਹੀਮ ਵਰਗਿਆਂ ਦੇ ਪੈਰ ਹੇਠਾਂ ਵਿਛਾਏ ਅੰਗਿਆਰ ਵੀ ਫੁੱਲ ਬਣ ਜਾਂਦੇ ਹਨ। ਸੁਰ ਹੋਈ ਆਤਮਾ ਜਦੋਂ ਹਜ਼ਰਤ ਮੁਹੰਮਦ ਦੇ ਰੂਪ ਵਿਚ ਉਮਰ ਵਰਗੇ ਹਮਲਾਵਰਾਂ ਨੂੰ ਮੁਖ਼ਾਤਬ ਹੁੰਦੀ ਹੈ ਤਾਂ ਕਤਲ ਕਰਨ ਲਈ ਉਠੀ ਤਲਵਾਰ ਜ਼ਮੀਨ 'ਤੇ ਢਹਿ ਪੈਂਦੀ ਹੈ। ਸੁਰ ਹੋਈ ਆਤਮਾ ਦੀ ਕਰਾਮਾਤ ਦਾ ਸਦਕਾ ਭਾਈ ਘਨਈਏ ਨੂੰ ਹਰੇਕ ਜ਼ਖ਼ਮੀ ਦੁਸ਼ਮਣ ਦੇ ਚਿਹਰੇ ਵਿਚੋਂ ਆਪਣੇ ਗੁਰੂ ਦਾ ਨੂਰ ਡਲਕਦਾ ਦਿਖਾਈ ਦਿੰਦਾ ਹੈ।

ਸੰਗੀਤਕ ਤੇ ਸੁਰੀਲੀਆਂ ਰੂਹਾਂ ਦੀ ਗੱਲ ਕਰਦੇ ਪਾਂਧੀ ਦੀ ਆਤਮਾ ਵਿਚੋਂ ਵੀ ਸੰਗੀਤਕ ਸੁਰਾਂ ਦੀ ਖਣਕ ਸੁਣਾਈ ਦੇਣ ਲੱਗਦੀ ਹੈ। ਚੰਦਨ ਦੇ ਕੋਲ ਰਹਿੰਦਿਆਂ ਉਹਦੇ ਵਿਚੋਂ ਵੀ ਚੰਦਨ ਦੀ ਵਾਸ ਆਉਣੀ ਕੁਦਰਤੀ ਹੈ। ਉਹ ਸੰਗੀਤ ਦੀਆਂ ਬਰੀਕੀਆਂ, ਪਰਤਾਂ ਅਤੇ ਪਸਾਰਾਂ ਨੂੰ ਹੀ ਪਰਿਭਾਸ਼ਤ ਨਹੀਂ ਕਰਦਾ ਸਗੋਂ ਇਸ ਨਾਲ ਜੁੜੇ ਇਤਿਹਾਸ-ਮਿਥਿਹਾਸ ਦੇ ਡੂੰਘ ਤੇ ਵਿਸਥਾਰ ਵਿਚ ਜਾਂਦਿਆਂ ਮਨੁੱਖੀ ਸ਼ਖ਼ਸੀਅਤ ਤੇ ਮਨੁੱਖੀ ਜ਼ਿੰਦਗੀ ਨੂੰ ਵੀ ਪਰਿਭਾਸ਼ਤ ਕਰਦਾ ਹੈ। ਉਹ ਜ਼ਿੰਦਗੀ ਨੂੰ ਵੀ ਸੁਰ-ਬੱਧ ਹੋਇਆ ਲੋੜਦਾ ਹੈ। ਗੁਰਬਖ਼ਸ਼ ਸਿੰਘ ਪ੍ਰੀਤ-ਲੜੀ ਵੱਲੋਂ ਪ੍ਰਚਿਤ ਕੀਤੀ 'ਸੁਖਾਵੀਂ ਸੁਧਰੀ ਜ਼ਿੰਦਗੀ' ਨੂੰ ਉਹ 'ਸੰਗੀਤਕ ਤੇ ਸੁਰੀਲੀ ਜ਼ਿੰਦਗੀ' ਦਾ ਨਵਾਂ ਆਯਾਮ ਤੇ ਨਵਾਂ ਨਾਮ ਦਿੰਦਾ ਹੈ। ਪੰਜਾਬੀ ਵਾਰਤਕ ਵਿਚ ਨਜ਼ਰਿਆਤੀ ਪੱਖ ਤੋਂ ਇਹ ਪਾਂਧੀ ਦੀ ਨਿਵੇਕਲੀ ਦੇਣ ਹੈ।

ਇਹ ਵੀ ਪਾਂਧੀ ਦੀ ਨਜ਼ਰ ਦਾ ਕੋਈ ਸੁਭਾਗਾ ਸੰਕੇਤ ਹੋਵੇਗਾ ਕਿ ਉਸਨੇ ਰਾਗ ਤੇ ਸੰਗੀਤ ਜਿਹੇ ਵਿਸ਼ੇ ਬਾਰੇ ਮੇਰੇ ਜਿਹੇ ਅਸਲੋਂ ਹੀ ਅਨਪੜ੍ਹ ਅਤੇ ਰਾਗ ਜਾਂ ਸੰਗੀਤ ਬਾਰੇ ਮੂਲੋਂ ਹੀ ਕੋਰੇ ਬੰਦੇ ਨੂੰ ਇਹ ਸਤਰਾਂ ਲਿਖਣ ਲਈ ਹੁਕਮ ਕੀਤਾ। ਸ਼ਾਇਦ ਇਸ ਕਰ ਕੇ ਕਿ ਸਾਡੀਆਂ ਅੰਦਰੂਨੀ ਸੁਰਾਂ ਕਿਤੇ ਆਪਸ ਵਿਚ ਮਿਲਦੀਆਂ ਹੋਣਗੀਆਂ! ਪੁਸਤਕ ਦੇ ਅਧਿਅਨ ਤੋਂ ਬਾਅਦ ਮੈਨੂੰ ਤਾਂ ਲੱਗਦਾ ਹੈ ਕਿ ਪੂਰਨ ਸਿੰਘ ਪਾਂਧੀ ਭਾਵੇਂ ਆਪ ਨੂੰ ਨਿਮਰਤਾ ਵੱਸ ਆਖਦਾ ਤਾਂ 'ਪਾਂਧੀ' ਹੀ ਹੈ ਪਰ ਸੰਗੀਤ ਬਾਰੇ ਉਸਦੇ ਗਿਆਨ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਹੈ ਉਹ ਇਸ ਖੇਤਰ ਦਾ 'ਪਹੁੰਚਿਆ' ਹੋਇਆ ਬੰਦਾ! ਉਹਨੇ ਆਪਣੇ ਨਾਂ 'ਪੂਰਨ' ਦੀ ਰੱਖ ਵਿਖਾਈ ਹੈ।

ਕਿਸੇ ਵੀ ਰਚਨਾ ਦੇ ਗੁਹਜ ਵਿਚ ਉਤਰਨ ਤੇ ਸੁਹਜ ਨੂੰ ਮਾਨਣ ਲਈ ਰਚਨਾ-ਵਸਤੂ ਦੀਆਂ ਵਿਭਿੰਨ ਤੰਦਾਂ ਨੂੰ ਪਕੜਨ ਤੇ ਤਰੰਗਾਂ ਨੂੰ ਮਹਿਸੂਸਣ ਦੀ ਜ਼ਰੂਰਤ ਹੁੰਦੀ ਹੈ। ਸ਼ਬਦ ਅਤੇ ਸੰਗੀਤ ਦੇ ਅਜਿਹੇ ਸੁਜੋੜ ਅਤੇ ਸ਼ਕਤੀ ਦਾ ਮੈਨੂੰ ਪਤਾ ਤਾਂ ਭਲੀ-ਭਾਂਤ ਹੈ ਪਰ ਜਿਸ ਸ਼ਿੱਦਤ ਨਾਲ ਰਾਗ ਤੇ ਸੰਗੀਤ ਦੀਆਂ ਡੂੰਘਾਣਾਂ ਵਿਚ ਉੱਤਰ ਕੇ ਇਸਦਾ ਤੀਬਰ ਅਹਿਸਾਸ ਮੈਨੂੰ ਪੂਰਨ ਸਿੰਘ ਪਾਂਧੀ ਨੇ ਕਰਾਇਆ ਹੈ, ਅਜਿਹਾ ਚਮਤਕਾਰ ਪਹਿਲਾਂ ਕਦੀ ਨਹੀਂ ਸੀ ਹੋਇਆ। ਰਾਗ ਅਤੇ ਸੰਗੀਤ ਦੀਆਂ ਬਰੀਕੀਆਂ ਤੇ ਡੂੰਘਾਈਆਂ ਦੇ ਅਨੇਕਾਂ ਝਰੋਖੇ ਮੇਰੀਆਂ ਅੱਖਾਂ ਅੱਗੇ ਇਕ-ਦਮ ਖੁੱਲ੍ਹ ਕੇ ਲਿਸ਼ ਲਿਸ਼ ਲਿਸ਼ਕਣ ਲੱਗ ਪਏ। ਰਾਗ ਅਤੇ ਸੰਗੀਤ ਦੇ ਵਿਸ਼ੇਸ਼ੱਗਾਂ ਲਈ, ਹੋ ਸਕਦੈ, ਇਹ ਸੰਗੀਤ ਦੇ ਸਰੂਪ, ਇਤਿਹਾਸ ਤੇ ਰੁਝਾਨ ਨਾਲ ਸੰਬੰਧਤ ਪ੍ਰਾਇਮਰੀ ਪੱਧਰ ਦੀ ਮੁਢਲੀ ਕਿਤਾਬ ਹੀ ਹੋਵੇ। ਪਰ ਮੇਰੇ ਵਰਗੇ ਲਈ, ਜਿਹੜਾ ਇਸ ਸਕੂਲ ਵਿਚ ਕਦੀ ਦਾਖ਼ਲ ਹੀ ਨਹੀਂ ਹੋਇਆ, ਇਹ ਵਡੇਰੇ ਮਹੱਤਵ ਵਾਲੀ ਕਿਤਾਬ ਹੈ। ਕਿਸੇ ਵੀ ਬੰਦੇ ਨੇ ਕਿਸੇ ਵਸਤ ਦਾ ਮੁੱਲ ਆਪਣੀ ਨਜ਼ਰ ਅਤੇ ਸਮਝ ਨਾਲ ਹੀ ਪਾਉਣਾ ਹੁੰਦਾ ਹੈ। ਮੇਰੀ ਨਜ਼ਰ ਤੇ ਵਿਚ ਪਾਂਧੀ ਕੋਲ ਸੰਗੀਤ ਨਾਲ ਸੰਬੰਧਤ ਇਤਿਹਾਸ-ਮਿਥਿਹਾਸ ਦਾ ਅਖੁੱਟ ਖ਼ਜ਼ਾਨਾ ਹੈ; ਇਸ ਖ਼ਜ਼ਾਨੇ ਨੂੰ ਸੋਹਣੀ ਤੇ ਸੁਹੰਡਣੀ ਵਾਰਤਕ ਵਿਚ ਲਿਸ਼ਕਾਉਣ-ਚਮਕਾਉਣ ਅਤੇ ਵਰਤਣ-ਖ਼ਰਚਣ ਦਾ ਸੁੰਦਰ ਸਲੀਕਾ ਵੀ ਹੈ।

ਸੰਗੀਤ ਬਾਰੇ ਉਹਦੇ ਗਿਆਨ ਤੇ ਸਿਆਣਪ ਦਾ ਕਲਾਵਾ ਡਾਢਾ ਮੋਕਲਾ ਹੈ। ਇਹ ਨਹੀਂ ਕਿ ਕਿਸੇ ਹੋਰ ਸੰਗੀਤ-ਸਿਆਣੇ ਕੋਲ ਅਜਿਹਾ ਗਿਆਨ ਨਹੀਂ। ਇਸਤੋਂ ਵੀ ਵੱਧ ਹੋਵੇਗਾ ਤੇ ਹੋ ਵੀ ਸਕਦਾ ਹੈ। ਦੁਨੀਆਂ ਪਰੇ ਸੋ ਪਰੇ! ਪਰ ਪੰਜਾਬੀ ਵਿਚ ਸ਼ਾਇਦ ਇਹ ਪਹਿਲੀ ਪੁਸਤਕ ਹੋਵੇ ਜਿਸ ਦੇ ਮਾਧਿਅਮ ਰਾਹੀਂ, ਸੰਗੀਤ ਬਾਰੇ ਸੰਗਠਿਤ ਰੂਪ ਵਿਚ ਏਨੇ ਵਿਸਥਾਰ ਅਤੇ ਬਰੀਕੀ ਵਿਚ ਲਿਖਤੀ ਸ਼ਬਦ-ਸੁਰਾਂ ਨਾਲ ਪੰਜਾਬੀ ਪਾਠਕ ਪ੍ਰੀਚਤ ਹੋਇਆ ਹੋਵੇ।

ਸੰਗੀਤ ਬਾਰੇ ਪਾਂਧੀ ਕੋਲ 'ਵਾਰਿਸਸ਼ਾਹੀ' ਗਿਆਨ ਹੈ। ਸੰਗੀਤ ਤੇ ਰਾਗ ਨਾਲ ਜੁੜੀਆਂ ਵਿਭਿੰਨ ਵੰਨਗੀਆਂ ਅਤੇ ਸੰਕਲਪਾਂ ਨੂੰ ਪਰਿਭਾਸ਼ਤ ਕਰਦਿਆਂ ਵਿਭਿੰਨ ਧਰਮਾਂ ਤੇ ਧਾਰਮਕ ਗ੍ਰੰਥਾਂ ਦਾ ਗਿਆਨ ਵੀ ਉਹਦੀ ਚੇਤਨਾ ਵਿਚ ਚਮਕਦਾ ਹੈ। ਰਿਗ ਵੇਦ ਦੇ ਸਮੇਂ ਤੋਂ ਲੈ ਕੇ ਦੂਜੇ ਵੇਦਾਂ, ਉਪਨਿਸ਼ਦਾਂ ਤੇ ਹੋਰ ਧਾਰਮਕ ਗ੍ਰੰਥਾਂ ਦੇ ਹਵਾਲਿਆਂ ਨਾਲ ਓਤ-ਪੋਤ ਗਿਆਨ ਉਹਦੀ ਵਾਰਤਕ ਦੀ ਕੀਮਤ ਤੇ ਸੋਭਾ ਬਣਦਾ ਹੈ। ਜੇ ਮਿਥਿਕ ਹਵਾਲਿਆਂ ਦੀ ਗੱਲ ਕਰੀਏ ਤਾਂ ਉਹ ਬ੍ਰਹਮਾ, ਸ਼ਿਵ, ਪਾਰਵਤੀ, ਨਾਰਦ, ਅਪਸ਼ਰਾਵਾਂ ਨਾਲ ਸੰਬੰਧਤ ਪੜਾਵਾਂ ਵਿਚੋਂ ਲੰਘ ਕੇ ਸਵਰਗ ਤੋਂ ਮਾਤਲੋਕ ਤੱਕ ਦੇ ਸੰਗੀਤਕ ਸਫ਼ਰ ਨੂੰ ਸਾਡੀ ਨਜ਼ਰ ਗੋਚਰੇ ਕਰ ਦਿੰਦਾ ਹੈ। ਅਤਿ ਪ੍ਰਾਚੀਨ ਕਾਲ ਤੋਂ ਲੈਕੇ ਵਰਤਮਾਨ ਦੌਰ ਤੱਕ ਦੇ ਗਾਇਕਾਂ, ਸੰਗੀਤਕਾਰਾਂ, ਗਾਇਨ-ਸ਼ੈਲੀਆਂ, ਗਾਇਕ ਘਰਾਣਿਆਂ, ਮਹਾਂ-ਪੁਰਖਾਂ, ਭਗਤਾਂ-ਸੰਤਾਂ, ਸੂਫ਼ੀਆਂ, ਗੁਰੂਆਂ ਬਾਰੇ ਉਹਦਾ ਗਿਆਨ ਉਹਦੀ ਡੂੰਘੀ ਖੋਜੀ ਬਿਰਤੀ ਦਾ ਪ੍ਰਮਾਣਿਕ ਸਬੂਤ ਹੈ। ਦੇਸ਼-ਵਿਦੇਸ਼ ਦੇ ਇਤਿਹਾਸ/ਮਿਥਿਹਾਸ ਵਿਚੋਂ ਡੂੰਘੀ ਚੁੱਭੀ ਮਾਰ ਕੇ ਲੱਭੇ ਗਿਆਨ ਦੇ ਕੀਮਤੀ ਹੀਰੇ-ਮੋਤੀਆਂ ਦੇ ਲੋੜੀਂਦੇ ਤੇ ਸੁਹਜੀਲੇ ਹਵਾਲੇ ਉਹਦੇ ਕਥਨ ਦੀ ਪ੍ਰਮਾਣਿਕਤਾ ਤੇ ਸਦਾਕਤ ਦੀ ਗਵਾਹੀ ਵੀ ਭਰਦੇ ਹਨ ਅਤੇ ਨਾਲ ਦੇ ਨਾਲ ਪਠਨ-ਆਨੰਦ ਦੀ ਆਭਾ ਨਾਲ ਪਾਠਕ ਦੇ ਮਨ-ਮਸਤਕ ਨੂੰ ਨੂਰੋ-ਨੂਰ ਵੀ ਕਰ ਦਿੰਦੇ ਹਨ।

ਸੰਗੀਤ ਜਿਹੀ ਸੂਖ਼ਮ ਕਲਾ ਦੀ ਗੱਲ ਖੁਰਦਰੀ ਵਾਰਤਕ ਵਿਚ ਸੋਭਾ ਨਹੀਂ ਪਾਉਂਦੀ। ਇਸ ਲਈ ਸੁਰੀਲਾ ਤੇ ਸੰਗੀਤਕ ਅੰਦਾਜ਼-ਏ-ਬਿਆਂ ਹੋਣਾ ਲਾਜ਼ਮੀ ਹੈ। ਪੂਰਨ ਸਿੰਘ ਪਾਂਧੀ ਨੇ ਇਹ ਅੰਦਾਜ਼-ਏ-ਬਿਆਂ ਆਪਣੀ ਮਿਹਨਤ ਨਾਲ ਕਮਾਇਆ ਹੈ। ਜਿਵੇਂ 'ਹਰ ਆਵਾਜ਼ ਗਾਇਕੀ ਦੇ ਸੰਚੇ ਦੇ ਫਿੱਟ ਨਹੀਂ ਹੁੰਦੀ। ਅਰੜਾਉਣ, ਬਰੜਾਉਣ, ਹੋਕਰੇ ਤੇ ਲਲਕਾਰੇ ਮਾਰਨ ਅਤੇ ਗਾਇਕੀ ਵਿਚ ਬੜਾ ਫਰਕ ਹੈ। ਕੁਹਾੜੇ ਨਾਲ਼ ਤੱਛਣ ਤੇ ਰੰਦੇ ਨਾਲ਼ ਰੰਦਣ ਤੇ ਖਰਾਦਣ ਵਿਚ ਬੜਾ ਫਰਕ ਹੈ।' ਇੰਜ ਹੀ ਬੜਾ ਫ਼ਰਕ ਹੈ ਸੁਹਜਾਤਮਕ ਤੇ ਖੁਰਦਰੀ ਵਾਰਤਕ ਦਾ। ਹੁਨਰ ਤੇ ਸੁਹਜ ਦੇ ਰੰਦੇ ਨਾਲ ਰੰਦੀ ਪਾਂਧੀ ਦੀ 'ਸੁਰੀਲੀ ਵਾਰਤਕ' ਦੀਆਂ ਸੁਰਾਂ ਦੀ ਗੂੰਜ ਤੇ ਧੁਨੀ ਅਗਲੇ ਵਰਕਿਆਂ 'ਤੇ ਸੁਣੀ ਜਾ ਸਕਦੀ ਹੈ।

ਕਿਸੇ ਵੀ ਚੰਗੀ ਲਿਖਤ ਦੀ ਪਹਿਲੀ ਵਿਸ਼ੇਸ਼ਤਾ ਇਹ ਹੋਣੀ ਚਾਹੀਦੀ ਹੈ ਕਿ ਉਸ ਵਿਚ ਪੜ੍ਹਨ-ਯੋਗਤਾ ਹੋਵੇ। ਜੇ ਲਿਖਿਆ ਹੋਇਆ ਪਹਿਲਾ ਫ਼ਿਕਰਾ ਜਾਂ ਪਹਿਲਾ ਪੈਰ੍ਹਾ ਪਾਠਕ ਨੂੰ ਅਗਲਾ ਫ਼ਿਕਰਾ ਜਾਂ ਅਗਲਾ ਪੈਰ੍ਹਾ ਪੜ੍ਹਨ ਲਈ ਉਤੇਜਤ ਨਹੀਂ ਕਰਦਾ ਤਾਂ ਸਮਝ ਲਿਆ ਜਾਣਾ ਚਾਹੀਦਾ ਹੈ ਕਿ ਲਿਖਤ ਆਪਣੇ ਕਲਾ-ਧਰਮ ਤੋਂ ਵਿਰਵੀ ਹੈ। ਪਾਠਕ ਨੂੰ ਲਿਖਤ ਨਾਲ ਜੋੜੀ ਰੱਖਣ ਲਈ, ਪ੍ਰਾਪਤ ਗਿਆਨ ਨੂੰ ਕਾਗ਼ਜ਼ ਉੱਤੇ ਢੇਰੀ ਕਰਨ ਦੀ ਥਾਂ, ਲੇਖਕ ਵਿਚਾਰਾਂ ਨੂੰ ਵਿਸ਼ੇਸ਼ ਜਗਿਆਸੂ ਤਰਤੀਬ ਵਿਚ ਪੇਸ਼ ਕਰਨ ਲਈ ਅਨੇਕ ਕਲਾ-ਜੁਗਤਾਂ ਦਾ ਸਹਾਰਾ ਲੈਂਦਾ ਹੈ। ਪਾਂਧੀ ਜਿੱਥੇ ਪੇਸ਼ ਕੀਤੀ ਜਾਣ ਵਾਲੀ ਵਸਤੂ ਬਾਰੇ ਅਧਿਕਾਰ-ਪੂਰਨ ਗਿਆਨ ਨਾਲ ਸਨਦਬੱਧ ਹੈ ਓਥੇ ਕਲਾਤਮਕ ਵਾਰਤਕ ਸਿਰਜਣ ਦੇ ਹੁਨਰ ਬਾਰੇ ਵੀ ਪੂਰਾ ਸੁਚੇਤ ਹੈ। ਏਸੇ ਕਰ ਕੇ ਇਹ ਕੇਵਲ ਸੰਗੀਤ ਦੇ ਮਹੱਤਵ ਬਾਰੇ ਜਾਣਕਾਰੀ ਦੇਣ ਵਾਲੀ ਵਾਰਤਕ ਹੀ ਨਹੀਂ ਸਗੋਂ ਇਸ ਵਿਚ ਸੁਹਜਾਤਮਕ ਤੇ ਸੁਹੰਢਣੀ ਵਾਰਤਕ ਦਾ ਕਲਾਤਮਕ ਜਲਵਾ ਵੀ ਝਲਕਦਾ ਹੈ।

ਪਾਂਧੀ ਸ਼ਬਦਾਂ ਦੇ ਸੁਹਜ ਤੇ ਸੰਗੀਤ ਦਾ ਗਿਆਤਾ ਵੀ ਹੈ ਅਤੇ ਇਹਨਾਂ ਨੂੰ ਸੋਹਣੀ ਤੇ ਆਕਰਸ਼ਕ ਤਰਤੀਬ ਵਿਚ ਜੋੜਨ ਤੇ ਬੀੜਨ ਦੀ ਕਲਾ ਦਾ ਮਾਹਰ ਵੀ ਹੈ। ਅੱਖਰਾਂ ਦੇ ਅੱਖਰ ਉਹਦੇ ਨਿੱਕੇ ਨਿੱਕੇ ਹੱਥਾਂ ਵਿਚੋਂ ਡਿੱਗ ਡਿੱਗ ਪੈਂਦੇ ਹਨ। ਡਿੱਗਦੇ ਵੀ ਐਨ ਟਿਕਾਣੇ ਉੱਤੇ ਅਤੇ ਸੋਹਣੀ ਤਰਤੀਬ ਵਿਚ ਹਨ। ਜਿਵੇਂ ਝਿਲਮਿਲਾਉਂਦੇ ਮੋਤੀਆਂ ਦੀ ਮਾਲਾ ਚਮਕ ਉਠੀ ਹੋਵੇ। ਵਾਰਤਕ ਨੂੰ ਰਸਦਾਰ ਤੇ ਪੜ੍ਹਨ ਯੋਗ ਬਨਾਉਣ ਲਈ ਉਹ ਵਿਚ-ਵਿਚ ਗਾਇਕਾਂ, ਸੰਗੀਤਕਾਰਾਂ, ਸੂਫ਼ੀਆਂ-ਦਰਵੇਸ਼ਾਂ, ਰਾਜਿਆਂ-ਮਹਾਂਰਾਜਿਆਂ ਨਾਲ ਜੁੜੇ ਇਤਿਹਾਸਕ-ਮਿਥਿਹਾਸਕ ਅਰਥਵਾਨ ਗਲਪ-ਟੋਟੇ ਵਰਤ ਕੇ ਕਹਾਣੀ ਰਸ ਵੀ ਪੈਦਾ ਕਰ ਲੈਂਦਾ ਹੈ। ਪੇਸ਼ ਕੀਤੇ ਗਏ ਵਿਸ਼ੇ ਜਾਂ ਵਿਚਾਰ ਨੂੰ ਪੁਸ਼ਟ ਤੇ ਪ੍ਰਮਾਣਿਤ ਕਰਨ ਲਈ ਉਹ ਲੋੜ ਪੈਣ 'ਤੇ ਗੁਰਬਾਣੀ ਦੀਆਂ ਤੁਕਾਂ, ਸੂਫ਼ੀਆਂ ਦੇ ਬੋਲਾਂ, ਗ਼ਜ਼ਲਾਂ ਦੇ ਸ਼ਿਅਰਾਂ, ਲੋਕ-ਚੇਤਿਆਂ ਵਿਚ ਵੱਸੇ ਕਾਵਿ-ਟੋਟਿਆਂ ਅਤੇ ਪ੍ਰਸਿੱਧ ਵਿਦਵਾਨਾਂ ਦੇ ਕਥਨਾਂ ਦੇ ਵਿਭਿੰਨ ਰੰਗ ਵੀ ਬਖ਼ੇਰੀ ਜਾਂਦਾ ਹੈ। ਇੰਜ ਵਿਸ਼ੇ ਦਾ ਗਿਆਨ ਤੇ ਪੇਸ਼ਕਾਰੀ ਦੀ ਕਲਾ ਇਸ ਸੰਜੁਗਤ ਕਲਾਤਮਕ ਅੰਦਾਜ਼ ਵਿਚ ਜੁੜ ਬੈਠਦੇ ਹਨ ਜਿਵੇਂ ਸ਼ਬਦ ਅਤੇ ਸੰਗੀਤ ਦੀ ਆਪਸੀ ਜੁਗਲਬੰਦੀ ਹੁੰਦੀ ਹੈ।

'ਜੇਕਰ ਸੰਗੀਤ ਤੇ ਉਸ ਦੀਆਂ ਸੁਰਾਂ, ਧੁਨਾਂ

*(ਬਾਕੀ ਅਗਲੇ ਸਫੇ 'ਤੇ)*

# ਸ਼ੋਰ-ਸ਼ਰਾਬੇ 'ਚ ਗੁਆਚੀ ਲੋਹੜੀ

ਦੀਪ ਦੇਵਿੰਦਰ ਸਿੰਘ

ਇਨ੍ਹਾਂ ਦਿਨਾਂ 'ਚ ਧੁੰਦ ਉਦੋਂ ਵੀ ਇੰਝ ਹੀ ਪੈਂਦੀ ਸੀ ਤੇ ਕਾਂਬਾ ਛੇੜਵੀਂ ਠੰਢ ਦਾ ਜ਼ੋਰ ਵੀ ਇੰਝ ਹੀ ਸਿਖ਼ਰਾਂ ਉੱਤੇ ਹੁੰਦਾ ਸੀ, ਪਰ ਲੋਹੜੀ ਦਾ ਚਾਅ ਕਿੱਥੇ ਠਰਨ ਦਿੰਦਾ ਸੀ? ਪਿੰਡ ਦੀਆਂ ਵਿਆਹੀਆਂ-ਕੁਆਰੀਆਂ ਧੀਆਂ-ਧਿਆਣੀਆਂ ਇਕੱਠੀਆਂ ਹੋ ਕੇ ਜਦੋਂ ਕਿਸੇ ਦੇ ਵੀ ਵਿਹੜੇ ਵਿਚ ਪੈਰ ਧਰਦਿਆਂ ਮਿੱਠੀ ਜਿਹੀ ਤਰੰਨੁਮ 'ਚ 'ਇਸ ਟਾਂਡੇ ਦੇ ਲਾਲ ਕਲੀਰੇ, ਜੁਗ ਜੁਗ ਜੀਵਣ ਨੀ ਪਾਲੀ ਤੇਰੇ ਵੀਰੇ' ਦੀ ਸੁਰ ਚੁੱਕਦੀਆਂ ਤਾਂ ਇਉਂ ਲੱਗਦਾ ਸੀ ਜਿਵੇਂ ਅੰਬਰਾਂ 'ਚੋਂ ਪਰੀਆਂ ਵਿਹੜੇ ਵਿਚ ਆਣ ਉਤਰੀਆਂ ਹੋਣ। ਘਰ ਦੇ ਜੀਆਂ ਦੇ ਚਿਹਰਿਆਂ 'ਤੇ ਖ਼ੁਸ਼ੀਆਂ ਆਪ-ਮੁਹਾਰੇ ਨੱਚਣ ਲੱਗਦੀਆਂ ਸਨ।

ਲੰਮੀ ਗਲੀ ਵਾਲੀ ਸ਼ਾਂਤੀ ਤਾਈ ਇਸ ਦਿਨ ਵੇਲੇ ਸਿਰ ਹੀ ਭੱਠੀ ਤਪਾ ਕੇ ਬੈਠ ਜਾਂਦੀ। ਤਾਈ ਦਾ ਵੱਡਾ ਮੁੰਡਾ ਕਮਾਦ ਦੀ ਖੋਰੀ, ਮੁੱਢ ਤੇ ਹੋਰ ਕੱਖ-ਕਾਨਿਆਂ ਨਾਲ ਭੱਠੀ ਅੰਦਰਲੀ ਅੱਗ ਮਘਾ ਕੇ ਰੱਖਦਾ। ਦਾਣੇ ਭੁੰਨਾਉਣ ਵਾਲਿਆਂ ਦੀ ਵਾਰੀ ਨਾ ਆਉਂਦੀ। ਤਪਦੀ ਕੜਾਹੀ ਵਿਚ ਫੁੱਲੇ ਖਿੜਦੇ। ਤਾਈ ਹਰ ਆਏ-ਗਏ ਨੂੰ ਵਧਾਈ ਦਿੰਦੀ।

ਜਵਾਕ-ਜੱਲਾ, ਮਾਲ-ਡੰਗਰ ਤੇ ਘਰ ਦੇ ਜੀਆਂ ਦੀ ਰਾਜ਼ੀ-ਬਾਜ਼ੀ ਪੁੱਛਦਿਆਂ ਝੋਲੀਆਂ ਭਰ-ਭਰ ਤੋਰਦੀ। ਸਾਰਾ ਦਿਨ ਭੱਠੀ ਦੁਆਲੇ ਰੌਣਕਾਂ ਦਾ ਹੜ੍ਹ ਆਇਆ ਰਹਿੰਦਾ।

ਪਿੰਡ ਦੇ ਸਹਿੰਦੇ ਜ਼ਿਮੀਦਾਰ ਸਾਰੇ ਕੰਮ-ਕਾਜ ਛੱਡ ਆਪਣੇ ਬੱਗੇ ਤੇ ਸਾਵੇ ਬਲਦਾਂ ਦੀ ਹਨਾੜੀ ਨਾਲ ਵੇਲੇ ਸਿਰ ਹੀ ਵੇਲਣਾ ਆ ਜੋਂਦੇ। ਗੰਨੇ ਪੀੜੇ ਜਾਂਦੇ। ਵਗਦੇ ਬਲਦਾਂ ਦੇ ਗਲ ਪਾਏ ਘੁੰਗਰੂਆਂ ਦਾ ਮਿੱਠਾ ਸੰਗੀਤ ਆਲੇ-ਦੁਆਲੇ 'ਚ ਹੋਰ ਵੀ ਮਿਠਾਸ ਘੋਲਦਾ। ਰਹੁ ਦੇ ਪਰਨਾਲੇ ਵਗਦੇ। ਪਿੰਡ ਦੇ ਬੇਜ਼ਮੀਨਿਆਂ ਘਰ ਵੀ ਬਾਲਟੀਆਂ ਭਰ-ਭਰ ਰਹੁ ਦੀਆਂ ਆਉਂਦੀਆਂ। ਖੀਰਾਂ ਰਿੱਝਦੀਆਂ। ਲੋਕ ਪੋਹ 'ਚ ਰਿੰਨ੍ਹਦੇ, ਮਾਘ 'ਚ ਖਾਂਦੇ। ਫਿਰਨੀ



ਅੰਦਰਲੇ ਵਸਦੇ ਪਿੰਡ ਦੀ ਸਾਂਝ ਦਾ ਸਿਰਨਾਵਾਂ ਵਿਰਾਸਤੀ ਹੋ ਨਿਬੜਦਾ ਸੀ।

ਪੋਹ ਮਹੀਨੇ ਦੀ ਲੰਮੀ ਤੇ ਠਰੀ ਰਾਤ ਨੂੰ ਵਿਹੜੇ ਵਿਚ ਅੱਗ ਬਲਦੀ। ਮੱਚਦੀ ਅੱਗ ਦੁਆਲੇ ਵੱਡੇ ਤੇ ਸਾਂਝੇ ਟੱਬਰ ਦੇ ਜੀਅ ਰਲ ਕੇ ਬਹਿੰਦੇ। ਮਾਂ ਲੱਧੀ ਦੇ ਜਾਏ ਭੱਟੀਆਂ ਵਾਲੇ ਦੁੱਲੇ ਦੀ ਚਰਚਾ ਛਿੜਦੀ। 'ਸੁੰਦਰ ਮੁੰਦਰੀਏ ਹੋ' ਲੋਕ ਗੀਤ ਦੇ ਬੋਲਾਂ ਨਾਲ ਪੰਜਾਬੀਆਂ ਦੇ ਅਣਖੀ ਸੁਭਾਅ ਅਤੇ ਗਰਮ ਜੁੱਸਿਆਂ ਦਾ ਵੀ ਜ਼ਿਕਰ ਹੁੰਦਾ। ਲਟ-ਲਟ ਮੱਚਦੇ ਭੁੱਗੇ ਦੁਆਲੇ ਬੈਠੇ ਜੀਆਂ ਨੂੰ ਅੱਗ ਨਾਲੋਂ ਬਹੁਤਾ ਰਿਸ਼ਤਿਆਂ ਦਾ ਨਿੱਘ ਹੁੰਦਾ।

ਲੋਹੜੀ ਤਾਂ ਹਰ ਵਰ੍ਹੇ ਇਸੇ ਹੀ ਰੁੱਤੇ ਆਉਂਦੀ ਹੈ। ਹੁਣ ਮੇਰੇ ਪਿੰਡ ਦਾ ਵਿਹੜਾ ਇਸ ਦਿਨ ਧੀਆਂ-ਧਿਆਣੀਆਂ ਦੀ ਆਮਦ ਨੂੰ ਤਰਸਦਾ ਰਹਿੰਦਾ ਹੈ। ਕੀ ਵਿਆਹੀਆਂ ਤੇ ਕੀ ਕੁਆਰੀਆਂ ਸਭ ਆਇਲੈਟਸ ਕਰਕੇ ਜਹਾਜ਼ੇ ਜਾ ਚੜ੍ਹੀਆਂ। ਖੁੱਲ੍ਹੇ ਵਿਹੜਿਆਂ ਵਿਚ ਉਤਰਨ ਵਾਲੀਆਂ ਪਰੀਆਂ ਪਤਾ ਨਹੀਂ ਕਿਹੜੇ-ਕਿਹੜੇ ਮੁਲਕੀਂ ਜਾ ਵੱਸੀਆਂ, ਜਿਨ੍ਹਾਂ ਨੂੰ ਸ਼ਾਇਦ ਆਪਣੇ ਪਿੰਡ-ਪੀੜ੍ਹ ਦੇ ਰਾਹ ਹੀ ਭੁੱਲ ਗਏ। ਪਿੱਛੇ ਰਹਿ ਗਈਆਂ ਬਜ਼ੁਰਗ ਚਾਚੀਆਂ-ਤਾਈਆਂ ਵਰ੍ਹੇ ਵਰ੍ਹੇ ਦੇ ਦਿਨ ਰਾਹ ਤੱਕਦੀਆਂ ਖੁੱਲ੍ਹੇ ਬੂਹਿਆਂ ਵੱਲ ਝਾਕਦੀਆਂ ਰਹਿੰਦੀਆਂ ਹਨ ਸਾਰਾ ਦਿਨ।

ਸ਼ਾਂਤੀ ਤਾਈ ਵੀ ਤਾਂ ਕਦੋਂ ਦੀ ਆਪਣੀ ਸ਼ਹਿਰਨ ਨੂੰਹ ਕੋਲ ਚਲੀ ਗਈ ਹੈ। ਹੁਣ ਦਾਣੇ ਭੁੰਨਾਉਣ ਤੇ ਚੱਬਣ ਦੀ ਕਿੱਥੇ ਵਿਹਲ ਰਹਿ ਗਈ ਨਵੇਂ ਪੋਚ ਕੋਲ। ਬਾਜ਼ਾਰ ਪਿੰਡਾਂ 'ਚ ਵੀ ਲੋਕਾਂ ਦੇ ਵਿਹੜਿਆਂ ਤੀਕ ਆਣ ਵੜਿਆ। ਇੱਕੋ ਆਰਡਰ 'ਤੇ ਬਣਿਆ-ਬਣਾਇਆ ਸਭ ਕੁਝ ਮੋਟਰਸਾਈਕਲ ਵਾਲੇ ਇੱਥੇ ਵੀ ਘਰੇ ਫੜਾ ਜਾਂਦੇ ਹਨ।

ਪਿੰਡ ਦੇ ਨਿਆਈਆਂ ਵਾਲੇ ਖੇਤਾਂ ਵਿਚ ਹੁਣ ਕਣਕ-ਝੋਨਾ ਹੀ ਉੱਗਦਾ ਹੈ। ਲਗਰਾਂ ਵਰਗੇ ਸਿੱਧੇ ਕਮਾਦ ਦੇ ਮਿੱਠੇ ਗੰਨਿਆਂ ਦੀ ਥਾਂ ਪਿੰਡ ਦੇ ਬਹੁਤੇ ਜ਼ਿਮੀਦਾਰਾਂ ਦੇ ਖੇਤਾਂ ਵਿਚ ਪਤਾ ਨਹੀਂ ਚੁੱਪ-ਚੁਪੀਤੇ ਸਲਫ਼ਾਸ ਕਿੰਝ ਉੱਗਣ ਲੱਗ ਪਈ। ਵੱਡੇ ਤੜਕੇ ਬੱਗੇ ਤੇ ਸਾਵੇ ਨਾਲ ਵੇਲਣਾ ਜੋੜਨ ਵਾਲੇ ਦੀ ਤਾਂ ਹੁਣ ਆਪਣੀ ਵੇਲਣੇ 'ਚ ਬਾਂਹ ਆਈ ਪਈ ਹੈ। ਹਾੜ੍ਹ ਸਿਆਲ ਭੁੱਖਣ ਭਾਣੇ ਵੱਖ-ਵੱਖ ਬਾਰਡਰਾਂ 'ਤੇ ਸਰਕਾਰਾਂ ਦਾ ਪਿੱਟ ਸਿਆਪਾ ਕਰਦੇ ਨੂੰ ਲੋਹੜੀਆਂ, ਵਿਸਾਖੀਆਂ, ਦੀਵਾਲੀਆਂ ਦਾ ਤਾਂ ਚਿੱਤ-ਚੇਤਾ ਹੀ ਭੁੱਲ ਗਿਆ ਹੈ। 'ਭਰੀ ਆਵੀਂ, ਖਾਲੀ ਜਾਵੀਂ' ਵਾਲੀਆਂ ਬਰਕਤਾਂ ਬਖ਼ਸ਼ਣ ਵਾਲੀ ਮਾਈ ਲੋਹੜੀ ਇਸ ਆਧੁਨਿਕਤਾ ਦੀ ਫੋਕੀ ਚਕਾਚੌਂਧ ਵਿਚ ਕਿਤੇ ਚਿਰਾਂ ਦੀ ਗੁੰਮ-ਗੁਆਚ ਗਈ ਹੈ। ਰਹੁ ਦੀਆਂ ਖੀਰਾਂ, ਭੱਠੀ ਦੀਆਂ ਰੌਣਕਾਂ ਤੇ ਘਰ-ਘਰ ਲੋਹੜੀ ਮੰਗਦੀਆਂ ਜਵਾਕਾਂ ਦੀਆਂ ਟੋਲੀਆਂ ਹੁਣ ਤਾਂ ਬੀਤੇ ਦੀਆਂ ਬਾਤਾਂ ਹਨ।

ਅੱਜ ਹਰ ਘਰ ਦੀ ਛੱਤ 'ਤੇ ਚੜ੍ਹਦੀ ਸਵੇਰ ਕੰਨ ਪਾੜਵੇਂ ਸ਼ੋਰ ਵਿਚ ਡੀਜੇ ਵੱਜੇਗਾ। ਚਾਈਨਾ ਡੋਰ ਮਨੁੱਖੀ ਜਾਨਾਂ ਦਾ ਖਉ ਬਣੇਗੀ। ਇਹੋ ਜਿਹੇ ਸ਼ੋਰ-ਸ਼ਰਾਬੇ ਵਿਚ ਭਲਾ ਸੇਰ ਸ਼ੱਕਰ ਪਾ ਕੇ ਕਿਸੇ ਹਮਾਤੜ ਦੀਆਂ ਧੀਆਂ ਸੁੰਦਰੀ ਤੇ ਮੁੰਦਰੀ ਨੂੰ ਸਹੁਰੇ ਤੋਰਨ ਵਾਲਾ ਚੂਰੀ ਕੁੱਟਦਾ ਚਾਚਾ ਕਿੱਥੇ ਯਾਦ ਰਹਿੰਦਾ ਹੈ?

---

*(ਪਿਛਲੇ ਸਫੇ ਦਾ ਬਾਕੀ)*

ਤੇ ਲੈਅ ਮਨੁੱਖ ਵਿਚੋਂ ਕੱਢ ਦਿੱਤੀ ਜਾਵੇ ਤਾਂ ਮਨੁੱਖ ਵਿਚ ਬਾਕੀ ਕੀ ਰਹਿ ਜਾਂਦਾ ਹੈ? ਇਸ ਹਾਲਤ ਵਿਚ ਰੁੱਖੀ, ਨਿਰਦਈ ਤੇ ਬੇਕਿਰਕ ਅਵਸਥਾ ਦੀ ਕਲਪਣਾ ਕਰਨੀ ਬਹੁਤ ਔਖੀ ਹੈ।' ਇਹੋ ਕਥਨ ਜਦੋਂ ਪਾਂਧੀ ਦੀ ਵਾਰਤਕ 'ਤੇ ਢੁਕਾ ਕੇ ਵੇਖਿਆ ਜਾਵੇ ਤਾਂ ਇਹ ਅਰਥ ਸਹਿਜੇ ਹੀ ਨਿਕਲ ਆਉਂਦੇ ਹਨ ਕਿ ਜੇ ਉਹਦੀ ਵਾਰਤਕ ਵਿਚ ਸ਼ਬਦਾਂ ਦੀ ਸੁੱਚੀ ਚੋਣ, ਵਾਕਾਂ ਵਿਚਲੀ ਸੁਨਹਿਰੀ ਜੜਤ ਤੇ ਤਰਤੀਬਣ ਦਾ ਹੁਸਨ ਨਾ ਹੁੰਦਾ ਅਤੇ ਜੇ ਵਾਰਤਕ ਨੂੰ ਸ਼ਿੰਗਾਰਨ ਲਈ ਵਰਤੀਆਂ ਗਈਆਂ ਹੋਰ ਕਲਾਤਮਕ ਜੁਗਤਾਂ ਤੋਂ ਪਾਂਧੀ ਦੀ ਵਾਰਤਕ ਵਿਰਵੀ ਹੁੰਦੀ ਤਾਂ ਇਸ ਵਾਰਤਕ ਦਾ ਸਰੂਪ ਨਿਸਚੈ ਹੀ ਸੁਰਾਂ, ਧੁਨਾਂ ਅਤੇ ਲੈਅ ਤੋਂ ਵਿਹੂਣੇ ਮਨੁੱਖ ਵਰਗਾ ਹੋਣਾ ਸੀ। ਉਹਦੀ ਵਾਰਤਕ ਵਿਚ 'ਸੁਰ, ਧੁਨ ਤੇ ਲੈਅ' ਹੈ। ਏਸੇ ਕਰ ਕੇ ਮੈਂ ਇਸ ਵਾਰਤਕ ਨੂੰ 'ਸੁਰੀਲੀ ਵਾਰਤਕ' ਕਹਿੰਦਾ ਹਾਂ।

ਅਜਿਹੀ ਵਾਰਤਕ ਦੀ ਕ੍ਰਿਸ਼ਮਈ ਕਲਾ ਦਾ ਸਿਰਜਕ ਹੋਣਾ ਸਹਿਲ ਕਾਰਜ ਨਹੀਂ। ਮੇਰੇ ਮਨ ਦੇ ਭਾਵਾਂ ਨੂੰ ਸਮਝਣ ਲਈ ਪਾਂਧੀ ਹੀ ਮੇਰੀ ਸਹਾਇਤਾ ਕਰਦਾ ਹੈ। ਉਹ ਲਿਖਦਾ ਹੈ ਕਿ 'ਕੋਮਲ ਕਲਾ ਦੀ ਪਰਿਭਾਸ਼ਾ ਅਨੁਸਾਰ ਹਰ ਵਿਅਕਤੀ ਸੰਗੀਤਕਾਰ ਨਹੀਂ ਬਣ ਸਕਦਾ। ਹਰ ਵਿਅਕਤੀ ਕਵੀ, ਚਿੱਤਰਕਾਰ, ਬੁੱਤਘਾੜਾ ਜਾਂ ਨਿਰਤਕਾਰ ਨਹੀਂ ਬਣ ਸਕਦਾ।' ਮੈਂ ਪਾਂਧੀ ਦੇ ਬਿਆਨ ਕੀਤੇ ਇਨ੍ਹਾਂ ਸਿਰਜਕਾਂ ਵਿਚ 'ਵਾਰਤਕਕਾਰ' ਸ਼ਬਦ ਨੂੰ ਵੀ ਸ਼ਾਮਲ ਕਰਨਾ ਚਾਹੁੰਦਾ ਹਾਂ। ਪਾਂਧੀ ਅੱਗੇ ਲਿਖਦਾ ਹੈ, 'ਮੌਲਕਤਾ ਅਤੇ ਪ੍ਰਤਿਭਾ ਦੀ ਦਾਤ ਹਰ ਵਿਅਕਤੀ ਦੇ ਭਾਗਾਂ ਵਿਚ ਨਹੀਂ ਹੁੰਦੀ। ਇਹ ਅਨਮੋਲ ਦਾਤ ਕਦੇ ਕਿਸੇ ਭਾਗਸ਼ੀਲ ਵਿਅਕਤੀਆਂ ਨੂੰ ਪ੍ਰਾਪਤ ਹੁੰਦੀ ਹੈ।'

ਮੈਂ ਕਹਿਣ ਦੀ ਖ਼ੁਸ਼ੀ ਲੈਣਾ ਚਾਹੁੰਦਾ ਹਾਂ ਕਿ ਪੂਰਨ ਸਿੰਘ ਪਾਂਧੀ ਉਨ੍ਹਾਂ ਭਾਗਸ਼ੀਲ ਵਿਅਕਤੀਆਂ ਵਿਚੋਂ ਹੈ ਜਿਨ੍ਹਾਂ ਨੂੰ ਕੁਦਰਤ ਵੱਲੋਂ ਮੌਲਿਕਤਾ ਤੇ ਪ੍ਰਤਿਭਾ ਦੀ ਦਾਤ ਪ੍ਰਾਪਤ ਹੋਈ ਹੁੰਦੀ ਹੈਇਹ ਵੀ ਠੀਕ ਹੈ ਕਿ 'ਹਰ ਲਲਤ ਕਲਾ ਬਹੁਤ ਸੂਖਮ, ਬਰੀਕ ਤੇ ਕੋਮਲ ਹੁੰਦੀ ਹੈ। ਇਸ ਲਈ ਬਹੁਤ ਕਰੜੀ ਘਾਲਣਾ, ਡੂੰਘੀ ਲਗਨ, ਅਪਾਰ ਮਿਹਨਤ ਤੇ ਘੋਰ ਤਪੱਸਿਆ ਦੇ ਨਾਲ ਤੀਖਣਬੁੱਧੀ, ਪ੍ਰਤਿਭਾਸ਼ਾਲੀ ਅਤੇ ਗਿਆਨਵਾਨ ਵਿਅਕਤੀਆਂ ਦਾ ਕਾਰਜ ਹੈ। ਸਾਲਾਂ ਦੀ ਕਠਨ ਘਾਲ-ਕਮਾਈ ਪਿੱਛੋਂ ਫਿਰ ਕਿਧਰੇ ਕੋਮਲ ਤੇ ਹੁਸੀਨ ਕਲਾ ਦੇ ਦੀਦਾਰ ਹੁੰਦੇ ਹਨ।' ਪਾਂਧੀ ਨੇ ਏਸੇ ਕੁਠਾਲੀ ਵਿਚ ਢਲ ਕੇ ਹੀ ਹੱਥਲੀਆਂ 'ਸੰਗੀਤਕ', 'ਸੁਨਹਿਰੀ' ਤੇ ਚਿਰਜੀਵੀ ਲਿਖਤਾਂ ਸਿਰਜੀਆਂ ਹਨ। ਜਿਸਨੇ ਵੀ ਸੰਗੀਤ, ਸੁਰ, ਸਾਜ਼, ਰਾਗ ਆਦਿ ਦਾ ਮੁਢਲਾ ਗਿਆਨ ਜਦੋਂ ਜਦੋਂ ਵੀ ਲੈਣਾ ਹੋਵੇਗਾ, ਇਹ ਲਿਖਤ ਉਹਦੀ ਸਹਾਇਤਾ ਕਰੇਗੀ।

ਕਿਸੇ ਦੇ ਸੋਹਣੇ ਬੋਲ ਪੜ੍ਹ-ਸੁਣ ਕੇ ਮੇਰੇ ਅੰਦਰੋਂ ਵਾਰਿਸਸ਼ਾਹ ਆਪ-ਮੁਹਾਰੇ ਬੋਲ ਉੱਠਿਆ ਸੀ:

ਫ਼ਿਕਰਾ ਜੋੜ ਕੇ ਖ਼ੂਬ ਦਰੁਸਤ ਕੀਤਾ,
ਸੋਹਣਾ ਫੁੱਲ ਗੁਲਾਬ ਦਾ ਤੋੜਿਆ ਈ।

ਪੂਰਨ ਸਿੰਘ ਪਾਂਧੀ ਦੇ ਫ਼ਿਕਰਿਆਂ ਵਿਚਲਾ ਹੁਸਨ ਤੇ ਖ਼ੁਸ਼ਬੂ ਮਹਿਸੂਸ ਕਰ ਕੇ ਇਹ ਸ਼ਿਅਰ ਅੱਜ ਮੁੜ ਮੇਰੇ ਚੇਤੇ ਵਿਚ ਲਿਸ਼ਕ ਉੱਠਿਆ ਹੈ। ਅਜਿਹੇ ਜੋੜ ਕੇ ਦਰੁਸਤ ਹੋਏ ਗੁਲਾਬ ਦੇ ਫੁੱਲਾਂ ਵਰਗੇ ਫ਼ਿਕਰਿਆਂ ਦੇ ਖ਼ੁਸ਼ਬੂਦਾਰ ਝਲਕਾਰੇ ਪਾਂਧੀ ਦੀ ਵਾਰਤਕ ਵਿਚੋਂ ਥਾਂ ਥਾਂ ਸੁਨਹਿਰੀ ਕਿਣਕਿਆਂ ਵਾਂਗ ਬਿਖ਼ਰੇ ਨਜ਼ਰ ਆਉਣਗੇ। ਨਿਮਨ ਲਿਖਤ ਸਤਰਾਂ ਦਾ ਪਾਠ ਮੇਰੇ ਲਿਖੇ ਦੀ ਸ਼ਾਹਦੀ ਭਰਦਾ ਹੈ:

'ਚਲਦੇ ਖੂਹ ਦੇ ਕੁੱਤੇ ਦੀ ਟੁਨਕਾਰ ਪ੍ਰਕਿਰਤੀ ਦੀ ਇਕਾਗਰਤਾ ਵਿਚ ਰਸ ਘੋਲਦੀ ਤੇ ਮਨ ਨੂੰ ਮੋਹਦੀ ਹੈ। ਬਲਦਾਂ ਦੇ ਗਲੀਂ ਟੱਲੀਆਂ, ਘੁੰਗਰੂ ਤੇ ਘੰਗਰਾਲ਼ਾਂ, ਊਠਾਂ ਤੇ ਘੋੜਿਆਂ ਦੇ ਪੈਰੀ ਝਾਂਜਰਾਂ ਕਿਸਾਨ ਨੂੰ ਹੁਲਾਰਾ ਪ੍ਰਦਾਨ ਕਰਦੀਆਂ ਅਤੇ ਚਾਅ ਤੇ ਉਤਸ਼ਾਹ ਵਿਚ ਉਤੇਜਨਾ ਭਰਦੀਆਂ ਹਨ। ਕਿਸਾਨ ਹਲ਼ ਵਾਹੁੰਦਾ ਹੋਇਆ ਲੋਕ ਬੋਲੀਆਂ ਦੀਆਂ ਹੇਕਾਂ ਲਾਉਂਦਾ ਤੇ ਭਾਵਨਾ ਭਰੇ ਮਾਹੌਲ ਦੀ ਉਸਾਰੀ ਕਰਦਾ ਹੈ। ਸੁਹਾਗਣਾਂ ਦੇ ਹੱਥੀਂ ਚੂੜੀਆਂ, ਪੈਰੀਂ ਝਾਂਜਰਾਂ ਦੀ ਛਨਕਾਰ ਤੇ ਕੰਨਾਂ ਵਿਚ ਝੂੰਮਦੇ ਬੁੰਦਿਆਂ ਦੀ ਟੁਨਕਾਰ ਹੈ। ਚਰਖੇ ਦੀ ਘੂਕਰ ਵਿਚ ਤੇ ਤੱਕਲ਼ੇ ਦੀ ਤੰਦ ਵਿਚ ਗੱਭਰੂ ਦੀ ਹੇਕ ਵਰਗੇ ਨੈਣ ਨਕਸ਼ ਹਨ। ਨਿੱਕੇ ਨੰਨੇ ਬੱਚੇ ਨੂੰ ਮਾਂ ਲੋਰੀਆਂ ਤੇ ਖਿਡਾਉਣ ਲਈ ਛਣਕਣੇ ਦਿੰਦੀ ਹੈ। ਬੱਚੇ ਦਾ ਇਹ ਸੁਗਮ ਸੰਗੀਤ ਹੈ। ਦੇਖਿਆ ਜਾਂਦਾ ਹੈ; ਜਿੱਥੇ ਮੁਸ਼ੱਕਤੀ ਕੰਮਾਂ ਲਈ ਖੁਸ਼ੀ ਵਿਚ ਢੋਲ ਤੇ ਵਾਜੇ ਵਜਾਏ ਜਾਂਦੇ ਹਨ; ਉੱਥੇ ਜੰਗਾਂ ਯੁੱਧਾਂ ਲਈ ਬੀਰ-ਰਸੀ ਧੁਨਾਂ ਵਜਾਈਆਂ ਜਾਂਦੀਆਂ ਅਤੇ ਰਣਸਿੰਗੇ ਤੇ ਨਗਾਰੇ ਵਜਾਏ ਜਾਂਦੇ ਹਨ।'

ਪੂਰਨ ਸਿੰਘ ਪਾਂਧੀ ਦੀ ਵਾਰਤਕ ਬਾਰੇ ਚਰਚਾ ਕਰਦਿਆਂ ਇਕ ਬੜੇ ਅਹਿਮ ਪਹਿਲੂ ਦਾ ਜ਼ਿਕਰ ਕਰਨਾ ਲਾਜ਼ਮੀ ਹੈ। ਉਹ ਹੈ ਪਾਂਧੀ ਦਾ ਬੇਬਾਕ ਹੋ ਕੇ ਸੱਚ ਦੀ ਬਾਣੀ ਬੋਲਣਾ। ਉਹ ਜਿੱਥੇ ਸੰਗੀਤ ਦੀਆਂ ਉਚਾਣਾਂ ਦੇ ਇਤਿਹਾਸ ਨੂੰ ਬਿਆਨ ਕਰਦਾ ਹੈ ਓਥੇ ਸੰਗੀਤ ਵਿਚ ਆਈਆਂ ਨਿਵਾਣਾਂ ਬਾਰੇ ਉਹਦੀ ਚਿੰਤਾ ਕੌੜੀ ਤੇ ਤਲਖ਼ ਹਕੀਕਤ ਦਾ ਪਰਦਾਫ਼ਾਸ਼ ਕਰਦੀ ਹੈ। ਇਹ ਸਾਰੇ ਜਾਣਦੇ ਹਨ ਕਿ ਅੱਜ ਦਾ ਪ੍ਰਚੱਲਿਤ ਪੰਜਾਬੀ ਜਾਂ ਭਾਰਤੀ ਸੰਗੀਤ ਕਿੰਨੀਆਂ ਡੂੰਘੀਆਂ ਨਿਵਾਣਾਂ ਵਿਚ ਗਰਕਦਾ ਜਾ ਰਿਹਾ ਹੈ। ਅੱਜ ਨੰਗੇ ਨਾਚ, ਲੁੱਚੇ ਬੋਲ, ਬਾਂਦਰ-ਟਪੂਸੀਆਂ ਤੇ ਬੇਸੁਰੀਆਂ ਚੀਕਾਂ ਨੂੰ ਸੰਗੀਤ ਦੇ ਨਾਂ 'ਤੇ ਲੋਕਾਈ ਸਾਹਮਣੇ ਪਰੋਸਿਆ ਜਾ ਰਿਹਾ ਹੈ। ਬਾਬੇ ਨਾਨਕ ਦੇ ਬੋਲ ਅਰਥਹੀਨ ਹੁੰਦੇ ਜਾ ਰਹੇ ਹਨ ਤੇ ਮਰਦਾਨੇ ਦੀ ਰਬਾਬ ਤਿੜਕਦੀ ਜਾ ਰਹੀ ਹੈ। ਇਸ ਬਾਰੇ ਪੂਰਨ ਸਿੰਘ ਪਾਂਧੀ ਦੇ ਵਿਚਾਰ ਪੜ੍ਹੋ:

-ਅਜੋਕੀ ਗਾਇਕੀ ਵਿਚ ਇੱਕ ਵੱਡਾ ਚੈਪਟਰ ਤੂੰਬੀ ਵਾਲੇ ਗਾਇਕਾਂ ਦਾ ਹੈ। ਇਨ੍ਹਾਂ 'ਲੋਕ-ਗਾਇਕਾਂ' ਨੇ ਢੋਲ-ਢਮੱਕਾ, ਕੰਨ ਪਾੜੂ ਸ਼ੋਰ-ਸ਼ਰਾਬਾ ਤੇ ਟਪੂਸੀਆਂ ਦੀ ਗਾਇਕੀ ਦਾ ਦੌਰ ਪੈਦਾ ਕੀਤਾ ਹੈ, 'ਚੋਂਦੀ ਚੋਂਦੀ' ਸੁਣਨ ਦੇ ਸ਼ੁਕੀਨ ਪੈਦਾ ਕੀਤੇ ਹਨ। ਅਜੋਕੀ 'ਲੱਚਰ-ਗਾਇਕੀ' ਨੇ ਸਭਿਆਚਾਰ ਦੀ ਸੁੱਚਮਤਾ, ਕਵਿਤਾ ਦੀ ਸੂਖਮਤਾ ਤੇ ਸੰਗੀਤ ਦੀ ਕੋਮਲਤਾ ਵਿਚ ਘੋਰ ਗਿਰਾਵਟ ਪੈਦਾ ਕੀਤੀ ਹੈ। ਇਸ ਨਾਲ਼ ਭਾਈਚਾਰਕ ਸਾਂਝ ਤੇ ਸ਼ਿਸ਼ਟਾਚਾਰ ਨੂੰ ਵੀ ਖੋਰਾ ਲੱਗਿਆ ਹੈ।

ਅਜੋਕੀ ਗਾਇਕੀ ਬਾਰੇ ਅਜਿਹੀ ਚਿੰਤਾ ਪਾਂਧੀ ਤੇ ਮੇਰੇ ਵਰਗਿਆਂ ਦੀ ਹੀ ਨਹੀਂ ਸਗੋਂ ਹਰੇਕ ਸੁਚੇਤ ਤੇ ਸੁਹਿਰਦ ਬੰਦਾ ਇੰਜ ਹੀ ਸੋਚਦਾ ਤੇ ਬੋਲਦਾ ਹੈ। ਇਸ ਪ੍ਰਥਾਇ ਪਾਂਧੀ ਦੇ ਵਿਚਾਰਾਂ ਦੇ ਜ਼ਿਕਰ ਤੇ ਜੇਰੇ ਦਾ ਬਿਆਨ ਕਰਨ ਤੋਂ ਪਹਿਲਾਂ ਮੈਂ ਆਪਣੀ ਪਰਿਵਾਰਕ ਹਕੀਕਤ ਨਸ਼ਰ ਕਰਨੀ ਚਾਹੁੰਦਾ ਹਾਂ। ਮੈਂ ਤੇ ਮੇਰੀ ਪਤਨੀ, ਭਾਵੇਂ ਇੰਡੀਆ ਹੋਈਏ ਜਾਂ ਕਨੇਡਾ, ਸਵੇਰੇ ਸ਼ਾਮ ਟੀ ਵੀ ਤੋਂ ਕੀਰਤਨ ਸੁਣਨ ਦੀ ਖ਼ੁਸ਼ੀ ਹਰ ਰੋਜ਼ ਲੈਂਦੇ ਹਾਂ। ਕਿਸੇ ਨਾ ਕਿਸੇ ਗੁਰਦੁਆਰੇ ਤੋਂ ਹੋ ਰਹੇ ਕੀਰਤਨ ਦਾ ਸੰਗੀਤਕ ਨੂਰ ਘਰ ਵਿਚ ਖਿਲਰਿਆ ਰਹਿੰਦਾ ਹੈ ਤੇ ਮਨ ਅਕਹਿ ਸ਼ਾਂਤੀ ਨਾਲ ਭਰਿਆ ਮਹਿਸੂਸ ਕਰਦਾ ਹੈ। ਪਰ ਇਹ ਤਦ ਹੀ ਹੁੰਦਾ ਹੈ ਜਦ ਕੀਰਤਨ ਕਰਨ ਵਾਲਾ ਰਾਗੀ ਜਥਾ ਸੁਰੀਲਾ ਤੇ ਪ੍ਰਭਾਵਸ਼ਾਲੀ ਹੋਵੇ। ਜਿਸ ਦਿਨ ਕੋਈ ਬੇਸੁਰਾ ਰਾਗੀ ਕੀਰਤਨ ਕਰ ਰਿਹਾ ਹੋਵੇ ਤਾਂ ਮਨ ਅਵਾਜ਼ਾਰ ਹੋ ਜਾਂਦਾ ਹੈ। ਜਦੋਂ ਮੇਰੀ ਅਵਾਜ਼ਾਰੀ ਸ਼ਬਦਾਂ ਵਿਚ ਪਰਗਟ ਹੁੰਦੀ ਹੈ ਤਾਂ ਸ੍ਰੀ ਮਤੀ ਜੀ ਨਰਾਜ਼ ਹੋ ਜਾਂਦੇ ਹਨ। ਝਿੜਕਦੇ ਹਨ, 'ਜਿਵੇਂ ਵੀ ਹੈ, ਉਹ ਰੱਬ ਦਾ ਨਾਂ ਲੈਂਦੇ ਨੇ। ਤੁਹਾਨੂੰ ਉਨ੍ਹਾਂ ਦੀ ਆਲੋਚਨਾ ਕਰਨ ਦਾ ਕੋਈ ਹੱਕ ਨਹੀਂ।' ਮੇਰਾ ਉਹ ਪ੍ਰਚਲਿਤ ਜਿਹਾ ਲਤੀਫ਼ਾ ਪਤਨੀ ਕੋਲ ਵਾਰ ਵਾਰ ਦੁਹਰਾਉਣ ਨੂੰ ਦਿਲ ਨਹੀਂ ਕਰਦਾ ਜਿਸ ਵਿਚ ਕਿਸੇ ਗਾਇਕ ਦੀ ਗਾਇਕੀ ਨੂੰ ਲਲਕਾਰਾ ਮਾਰ ਕੇ ਸਟੇਜ 'ਤੇ ਜਾ ਕੇ ਡਾਂਗ ਦੇ ਜ਼ੋਰ ਨਾਲ ਰੋਕਣ ਵਾਲੇ ਜਣੇ ਨੂੰ ਗਾਇਕ ਹੱਥ ਜੋੜ ਕੇ ਪੁੱਛਦਾ ਹੈ, 'ਹਜ਼ੂਰ! ਮੈਥੋਂ ਕੀ ਭੁੱਲ ਹੋ ਗਈ ਜੋ ਡਾਂਗ ਲੈ ਕੇ ਮੇਰੇ ਦੁਆਲੇ ਹੋ ਗਏ ਓ?' ਡਾਂਗ ਵਾਲਾ ਕਹਿੰਦਾ ਹੈ, 'ਤੇਰਾ ਤਾਂ ਮੈਂ ਗਾਉਣਾ ਈ ਬੰਦ ਕਰਾਉਣਾ ਸੀ ਪਰ ਡਾਂਗ ਵਾਹੁਣ ਲਈ ਤਾਂ ਮੈਂ ਉਨ੍ਹਾਂ ਨੂੰ ਲੱਭਦਾ ਫਿਰਦਾਂ ਜਿਨ੍ਹਾਂ ਨੇ ਤੈਨੂੰ ਬੁਲਾਇਐ।'

ਮੈਨੂੰ ਤਾਂ ਮੇਰੀ ਪਤਨੀ ਵੀ ਏਨੀ ਕੁ ਸੱਚੀ ਗੱਲ ਕਹਿਣ ਨਹੀਂ ਦਿੰਦੀ ਪਰ ਇਹ ਪੂਰਨ ਸਿੰਘ ਪਾਂਧੀ ਦੀ ਹੀ ਹਿੰਮਤ ਹੈ ਕਿ ਉਹ ਬੇਸੁਰੇ ਰਾਗੀਆਂ, ਸੰਤ ਬਾਬਿਆਂ, ਗਾਇਕਾਂ ਅਤੇ ਧਾਰਮਿਕ ਅਦਾਰਿਆਂ ਵੱਲੋਂ ਸੁੱਚੇ ਸੰਗੀਤ ਦੀ ਮਾਣਯੋਗ ਪਰੰਪਰਾ ਨੂੰ ਲਾਈ ਜਾਂਦੀ ਢਾਹ ਬਾਰੇ ਬੇਖ਼ੌਫ਼ ਟਿੱਪਣੀਆਂ ਕਰਦਿਆਂ ਸੱਚੀਆਂ ਸੁਣਾ ਸਕਦਾ ਹੈ। ਪਾਂਧੀ ਦੀ ਇਸ ਬੇਬਾਕੀ ਤੇ ਦਲੇਰੀ ਲਈ ਤਾਂ ਅਸ਼-ਅਸ਼ ਕਰਨ ਨੂੰ ਵੀ ਦਿਲ ਕਰਦਾ ਹੈ ਤੇ ਉਹਨੂੰ ਸ਼ਾਬਾਸ਼ ਦੇਣ ਨੂੰ ਵੀ।

ਇਹ ਪੂਰਨ ਸਿੰਘ ਪਾਂਧੀ ਹੀ ਹੈ ਜੋ ਪਰੰਪਰਕ ਸੰਗੀਤਕ ਖ਼ੂਬੀਆਂ ਤੋਂ ਇੱਕ ਸੌ ਇੱਕ ਫੀ ਸਦੀ ਅਵੇਸਲੇ ਅਤੇ ਵਿਹੂਣੇ, ਗਿਣਤੀ ਪੱਖੋਂ ਬੇਅੰਤ ਤੇ ਬੇਹਿਸਾਬੇ ਅਜਿਹੇ ਰਾਗੀਆਂ ਬਾਰੇ ਆਪਣਾ ਮੱਤ ਪੇਸ਼ ਕਰਨ ਲੱਗਿਆਂ ਕਿਸੇ ਪ੍ਰਕਾਰ ਦੀ ਝਿਜਕ ਮਹਿਸੂਸ ਨਹੀਂ ਕਰਦਾ। ਅਜਿਹੇ ਚਲੰਤ ਕੀਰਤਨੀਆਂ ਨੇ ਕੀਰਤਨ ਨੂੰ ਏਨਾ ਸਰਲੀਕ੍ਰਿਤ ਕਰ ਦਿੱਤਾ ਹੈ 'ਕਿ ਕਈ ਵਾਰ ਗੁਰਬਾਣੀ ਕੀਰਤਨ ਤੇ ਹਿੰਦੂਆਂ ਦੀਆਂ 'ਭੇਟਾਂ' ਵਿਚ ਫ਼ਰਕ ਕਰਨਾ ਔਖਾ ਹੁੰਦਾ ਹੈ।'

ਕੀਰਤਨ ਦੇ ਬਹਾਨੇ ਕੀਰਤਨ ਘੱਟ ਪਰ ਕਰਾਮਾਤੀ ਸਾਖ਼ੀਆਂ ਦਾ ਵਿਖਿਆਨ ਅਜੋਕੇ ਰਾਗੀਆਂ ਦਾ ਚਲਨ ਬਣ ਗਿਆ ਹੈ ਜਿਹੜਾ ਸਰੋਤਿਆਂ ਨੂੰ ਸਿੱਖੀ ਤੇ ਸੰਗੀਤ ਤੋਂ ਦੂਰ ਲਿਜਾ ਰਿਹਾ ਹੈ। ਪਾਂਧੀ ਅਜਿਹੇ ਰਾਗੀਆਂ ਦਾ ਬੇਕਿਰਕ ਆਲੋਚਕ ਹੈ।

-'ਬਹੁਤੇ ਰਾਗੀ ਸਿੰਘ ਕੀਰਤਨ ਥੋੜ੍ਹਾ, ਵਿਆਖਿਆ ਬਹੁਤੀ ਕਰਦੇ ਹਨ। ਕੀਰਤਨ ਨਾਲੋਂ ਵਿਆਖਿਆ ਬਹੁਤ ਸੌਖੀ ਹੈ। ਇੱਕ ਵਿਅਕਤੀ ਬੋਲਦਾ ਹੈ, ਦੂਜੇ ਦੋ ਜਣੇ ਵਿਹਲੇ। ਵਿਆਖਿਆ ਵੀ ਘਸੀ-ਪਿਟੀ ਸ਼ੈਲੀ-ਸ਼ਬਦਾਵਲੀ ਵਾਲੀ। ਹੁੰਦੀਆਂ ਵੀ ਸਾਖੀਆਂ ਹਨ, ਕਈ ਵਾਰ ਹੁੰਦੀਆਂ ਵੀ ਗੁਰਮਤਿ ਦੇ ਐਨ ਵਿਪਰੀਤ, ਕਰਾਮਾਤੀ ਤੇ ਸਿਧਾਂਤ-ਹੀਨ ਸਾਖੀਆਂ। ਜਾਂ ਫਿਰ ਪ੍ਰਧਾਨਾਂ, ਸਕੱਤਰਾਂ ਤੇ ਹੋਰ ਅਹੁਦੇਦਾਰਾਂ ਦੀ ਚਾਪਲੂਸੀ ਭਰੇ ਪ੍ਰਵਚਨ ਅਤੇ ਜਾਂ ਬੀਬੀਆਂ-ਬੱਚਿਆਂ ਲਈ ਰੁੱਖੀਆਂ ਹਦਾਇਤਾਂ ਤੇ ਕਈ ਵਾਰ ਅਪਮਾਨ ਜਨਕ ਨੁਕਤਾਚੀਨੀ। ਇਹ ਟਾਈਮ ਪਾਸ ਕਰਨ ਦੀ ਨੀਤੀ ਹੈ।'-

ਜਾਂ 'ਸਿੱਖ ਰਾਗੀਆਂ ਕੋਲ ਹੁਣ ਤੜਕ ਭੜਕ ਤੇ ਚਕਾਚੌਂਧ ਕਰਨ ਵਾਲ਼ਾ ਬਾਹਰੀ ਲਿਬਾਸ ਤੇ ਫਿਲਮੀ ਅੰਦਾਜ਼ ਵਾਲੀ ਕਲਾਬਾਜ਼ੀ ਹੈ। ਦੁਨਿਆਵੀ ਕਿੱਤਿਆਂ ਵਾਂਗ ਕੀਰਤਨ ਹੁਣ ਕਿੱਤਾ ਬਣ ਗਿਆ ਹੈ। ਤਿਆਗ, ਤਪੱਸਿਆ ਤੇ ਸਮਰਪਤ ਦੀ ਭਾਵਨਾ ਅਲੋਪ ਹੈ। ਕੀਰਤਨ-ਭੇਟ ਦੀ ਥਾਂ ਹੁਣ ਕੀਰਤਨ-ਰੇਟ ਤੇ ਸੌਦੇਬਾਜ਼ੀ ਹੁੰਦੀ ਹੈ। ਕੀਰਤਨ ਘੰਟਿਆਂ ਦੀ ਥਾਂ ਹੁਣ ਘੜੀ ਦੇਖ ਕੇ ਮਿੰਟਾਂ-ਸਕਿੰਟਾਂ ਵਿਚ ਸਿਮਟ ਕੇ ਰਹਿ ਗਿਆ ਹੈ।'

ਰਾਗੀਆਂ ਤੋਂ ਇਲਾਵਾ ਉਹ ਸੰਤਾਂ ਬਾਬਿਆਂ ਨੂੰ ਵੀ ਲੰਮੇ ਹੱਥੀਂ ਲੈਂਦਾ ਹੈ ਜਿਨ੍ਹਾਂ ਨੇ ਢੋਲਕੀਆਂ, ਚਿਮਟਿਆਂ, ਖੜਤਾਲਾਂ ਤੇ ਸਿਧੀਆਂ ਧਾਰਨਾ ਨੂੰ ਪਰਮਾਰਥ ਤੇ ਮੁਕਤੀ ਦਾ ਮਾਰਗ ਸਮਝ ਲਿਆ ਹੈ ਤੇ ਅੰਨ੍ਹੇ ਸ਼ਰਧਾਲੂਆਂ ਦੀਆਂ ਲਾਮ ਡੋਰੀਆਂ ਪਿੱਛੇ ਲਾ ਕੇ ਸਿੱਖੀ ਤੇ ਸੰਗੀਤ ਦੋਵਾਂ ਦਾ ਘਾਣ ਕਰ ਛੱਡਿਆ ਹੈ।

ਸੱਚੀ ਤੇ ਖ਼ਰੀ ਗੱਲ ਕਹਿੰਦਿਆਂ ਉਹ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਦੁਨੀਆ ਭਰ ਦੇ ਗੁਰਦਵਾਰਿਆਂ ਦੀਆਂ ਕਮੇਟੀਆਂ ਤੇ ਉਨ੍ਹਾਂ ਦੇ ਅਹੁਦੇਦਾਰਾਂ ਦੇ ਹਵਾਲੇ ਨਾਲ, ਜਿਨ੍ਹਾਂ ਵਿਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਤੇ ਉਹਦੇ ਅਹੁਦੇਦਾਰ ਵੀ ਆਪਣੇ-ਆਪ ਆ ਜਾਂਦੇ ਹਨ, ਉਹ ਕੌੜਾ ਸੱਚ ਬਿਆਨ ਕਰਨੋ ਨਹੀਂ ਉੱਕਦਾ। ਉਸਦਾ ਮੰਨਣਾ ਹੈ ਕਿ ਸੰਸਾਰ ਭਰ ਦੇ ਗੁਰਦੁਆਰਾ ਕਮੇਟੀਆਂ ਦੇ ਅਹੁਦੇਦਾਰਾਂ ਦਾ ਸੰਗੀਤ ਕਲਾ ਤੋਂ, ਗੁਰਮਤ ਸਿਧਾਂਤ ਤੇ ਗੁਰਬਾਣੀ ਗਿਆਨ ਤੋਂ ਪੱਲਾ ਖਾਲੀ ਹੈ। 'ਇਸ ਹਾਲਾਤ ਵਿਚ ਸੰਸਾਰ ਭਰ ਦੇ ਗੁਰ ਅਸਥਾਨਾ ਵਿਚ ਸਿੱਖ ਇਤਹਾਸ, ਸਿੱਖ ਸਿਧਾਂਤ, ਕਲਾਸੀਕਲ ਸੰਗੀਤ ਤੇ ਗੁਰਮਤਿ ਗਿਆਨ ਦੀ ਪਰਖ-ਪੜਚੋਲ ਕਰਨ ਵਾਲਾ, ਰੋਕ ਟੋਕ ਕਰਨ ਵਾਲਾ ਅਤੇ ਰਾਹਨੁਮਾਈ ਕਰਨ ਵਾਲਾ ਕੋਈ ਕਾਬਲ ਮੁਰਸ਼ਦ ਦਿਖਾਈ ਨਹੀਂ ਦਿੰਦਾ।'

ਭਾਈ ਮਰਦਾਨੇ ਤੋਂ ਲੈ ਕੇ ਹੁਣ ਤੱਕ ਮੁਸਲਮਾਨ ਰਬਾਬੀਆਂ ਦੀ ਗੁਰਮਤਿ ਸੰਗੀਤ ਨੂੰ ਦਿੱਤੀ ਦੇਣ ਦਾ ਉਹ ਡਾਢਾ ਕਦਰਦਾਨ ਹੈ। ਕਦੀ ਇਹ ਰਬਾਬੀ ਹਰਿਮੰਦਰ ਸਾਹਿਬ ਵਿਚ ਹੁੰਦੇ ਕੀਰਤਨ ਦੀ ਰੂਹ ਹੁੰਦੇ ਸਨ। ਬਦਲਦੀ ਸਿੱਖ ਮਰਿਆਦਾ ਮੁਤਾਬਕ ਭਾਈ ਮਰਦਾਨੇ ਦੇ ਵੰਸ਼ਜ ਉਨ੍ਹਾਂ ਮਹਾਨ ਰਬਾਬੀਆਂ ਦੇ ਗੁਰਦਵਾਰਿਆਂ ਵਿਚ ਕੀਰਤਨ ਕਰਨ ਦੀ ਕੀਤੀ ਮਨਾਹੀ ਵੱਲ ਕੀਤਾ ਉਹਦਾ ਸੂਖ਼ਮ ਸੰਕੇਤ ਕੱਟੜ ਕਿਸਮ ਦੀ ਮਰਿਆਦਾ ਬਾਰੇ ਵੀ ਤਿੱਖਾ ਸਵਾਲ ਬਣ ਕੇ ਉਭਰਦਾ ਹੈ। ਅਜਿਹਾ ਤਿੱਖਾ ਸਵਾਲ ਕਰਨ ਦੀ ਜੁਰਅਤ ਵੀ ਸ਼ਾਇਦ ਉਸਨੇ ਆਪਣੇ ਵਡੇਰੇ ਬਾਬੇ ਨਾਨਕ ਕੋਲੋਂ ਲਈ ਹੈ ਜਿਸਨੇ ਉਚਾਰਿਆ ਸੀ, 'ਸੱਚ ਸੁਣਾਇਸੀ ਸੱਚ ਕੀ ਬੇਲਾ।'

ਸੰਗੀਤ ਬਾਰੇ ਗੱਲ ਕਰਦਿਆਂ ਨਾਲ ਦੇ ਨਾਲ ਪਾਂਧੀ ਧਰਮ, ਸਮਾਜ, ਸਭਿਆਚਾਰ, ਇਤਿਹਾਸ ਬਾਰੇ ਵੀ ਰੌਚਿਕ ਤੇ ਮੁੱਲਵਾਨ ਟਿੱਪਣੀਆਂ ਕਰਦਾ ਹੈ।

ਬੇਖ਼ੌਫ਼ ਹੋ ਕੇ ਸੱਚ ਦੀ ਗੱਲ ਕਹਿਣ ਵਾਲੇ ਬਾਬੇ ਨਾਨਕ ਦੇ ਸੱਚੇ ਸਿੱਖ ਪੂਰਨ ਸਿੰਘ ਪਾਂਧੀ ਬਾਰੇ ਲਿਖਦਿਆਂ ਜੇ ਸੌ ਹੱਥ ਰੱਸੇ ਦੇ ਸਿਰੇ 'ਤੇ ਗੰਢ ਦੇਣੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਪਾਂਧੀ ਸੁਰੀਲੀ ਸ਼ਖ਼ਸੀਅਤ ਹੈ; ਸੁਰੀਲੀ ਵਾਰਤਕ ਦਾ ਸਿਰਜਕ ਹੈ; ਸੁਰੀਲੇ ਜੀਵਨ, ਸੁਰੀਲੇ ਸਮਾਜ ਤੇ ਸੁਰੀਲੇ ਸਭਿਆਚਾਰ ਦਾ ਤਲਬਗ਼ਾਰ ਹੈ। ਉਹ ਸਚਮੁੱਚ ਪੰਜਾਬੀ ਵਾਰਤਕ ਦੇ ਖ਼ੇਤਰ ਦਾ 'ਪਹੁੰਚਿਆ ਹੋਇਆ ਪਾਂਧੀ' ਹੈ।

# ਅਮਰੀਕਾ ਦਾ ਰਾਸ਼ਟਰਪਤੀ ਜਿਮੀ ਕਾਰਟਰ ਤੇ ਹਰਿਆਣਾ ਦਾ ਪਿੰਡ ਕਾਰਟਰਪੁਰੀ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਸੌ ਸਾਲ ਦੀ ਉਮਰ ਭੋਗ ਕੇ ਚਲਾਣਾ ਕਰਨ ਵਾਲੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਦੇ ਦੇਹਾਂਤ ਨੇ ਗੁੜਗਾਓਂ ਜ਼ਿਲ੍ਹੇ ਵਿਚ ਪੈਂਦਾ ਪਿੰਡ ਕਾਰਟਰਪੁਰੀ ਖਬਰਾਂ ਵਿਚ ਲੈ ਆਂਦਾ ਹੈ। ਇਸ ਪਿੰਡ ਦਾ 1978 ਤੋਂ ਪਹਿਲਾਂ ਦਾ ਨਾਂ ਦੌਲਤਪੁਰ ਨਸੀਰਾਬਾਦ ਸੀ ਜਿੱਥੇ 1966 ਵਿਚ ਜਿੰਮੀ ਕਾਰਟਰ ਦੀ ਮਾਂ ਪੀਸ ਕੋਰਪਸ ਵਾਲੰਟੀਅਰ (ਫਏਅਚਏ ਚੋਰਪਸ ਵੋਲੁਨਟਏਰ) ਵਜੋਂ ਕੰਮ ਕਰ ਕੇ ਗਈ ਸੀ। ਅਮਰੀਕਾ ਦਾ ਰਾਸ਼ਟਰਪਤੀ ਬਣਿਆ ਉਸਦਾ ਬੇਟਾ 12 ਸਾਲ ਪਿੱਛੋਂ 3 ਜਨਵਰੀ 1978 ਨੂੰ ਏਸ ਪਿੰਡ ਆਪਣੀ ਮਾਂ ਦੀ ਪੈੜ ਨੱਪਣ ਆਇਆ ਸੀ। ਮਾਂ ਦੀ ਫੇਰੀ ਸਮੇਂ ਉਹ ਇਕੱਲੀ ਸੀ ਪਰ ਪੁੱਤਰ ਦੀ ਫੇਰੀ ਸਮੇਂ ਭਾਰਤ ਦਾ ਤਤਕਾਲੀ ਪ੍ਰਧਾਨ ਮੰਤਰੀ ਤੇ ਹਰਿਆਣਾ ਦਾ ਮੁੱਖ ਮੰਤਰੀ ਦੇਵੀ ਲਾਲ ਉਸਦੇ ਕੈਬੀਨੇਟ ਦੇ ਮੈਂਬਰ ਵੀ ਸਨ। ਇਹ ਵੀ ਜਿੰਮੀ ਕਾਰਟਰ ਦੀ ਉਸ ਫੇਰੀ ਸਮੇਂ 1978 ਦਾ ਆਰੰਭ ਸੀ ਤੇ 2025 ਦਾ ਆਰੰਭ ਉਸਨੂੰ ਇਸ ਧਰਤੀ ਤੋਂ ਲੈ ਗਿਆ ਹੈ।

ਪਿੰਡ ਵਾਲਿਆਂ ਦੇ ਦੱਸਣ ਅਨੁਸਾਰ ਡੇਸਾਈ ਸਾਹਬ ਦੇ ਅੱਧੇ ਬੋਲ ਉੱਤੇ ਪਿੰਡ ਵਾਸੀਆਂ ਨੇ ਇਸ ਪਿੰਡ ਦਾ ਨਾਂ ਦੌਲਤਪੁਰ ਨਸੀਰਾਬਾਦ ਦੀ ਥਾਂ ਕਾਰਟਰਪੁਰੀ ਕਰਨਾ ਮੰਨ ਲਿਆ ਸੀ। ਇਹ ਸੁਣ ਕੇ ਜਿੰਮੀ ਕਾਰਟਰ ਨੇ ਵੀ ਪਿੰਡ ਵਾਸਤੇ ਕੁੱਝ ਨਾ ਕੁਝ ਕੀਤੇ ਜਾਣ ਲਈ ਸਲਾਹ ਮੰਗੀ ਤਾਂ ਡੇਸਾਈ ਸਾਹਬ ਨੇ ਉਸਨੂੰ ਇਹ ਕਹਿ ਕੇ ਰੋਕ ਦਿੱਤਾ ਸੀ ਕਿ ਅਸੀਂ ਖੁਦ ਹੀ ਕਰਾਂਗੇ ਜੋ ਵੀ ਹੋ ਸਕਦਾ ਹੈ। ਹੁਣ ਇਸ ਪਿੰਡ ਦੇ ਵਸਨੀਕਾਂ ਦਾ ਕਹਿਣਾ ਹੈ ਕਿ ਪਿੰਡ ਦਾ ਨਾਂ ਬਦਲਣ ਤੋਂ ਬਿਨਾਂ ਪਿੰਡ ਲਈ ਹੋਰ ਕਿਸੇ ਨੇ ਕੁਝ ਨਹੀਂ ਕੀਤਾ। ਨਾ ਹੀ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਕਿਸੇ ਹੋਰ ਨੇ। ਉਨ੍ਹਾਂ ਕੋਲ ਜੇ ਕੋਈ ਅਮਾਨਤ ਹੈ ਤਾਂ ਕੇਵਲ ਅਮਰੀਕਾ ਪਰਤਣ ਉਪਰੰਤ ਜਿੰਮੀ ਕਾਰਟਰ ਵਲੋਂ ਲਿਖੀ ਹੋਈ ਸ਼ੁਕਰਾਨੇ ਦੀ ਚਿੱਠੀ ਜਿਹੜੀ ਉਨ੍ਹਾਂ ਨੇ ਫਰੇਮ ਕਰਵਾ ਕੇ ਸਾਂਭ ਰੱਖੀ ਹੈ।

ਇਹ ਸਬੱਬ ਦੀ ਗੱਲ ਹੈ ਕਿ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦਾ ਦੇਹਾਂਤ ਵੀ ਇਨ੍ਹਾਂ ਦਿਨਾਂ ਵਿਚ ਹੀ ਹੋਇਆ ਹੋਣ ਕਾਰਨ ਉਸਦਾ ਜੱਦੀ ਪੁਸ਼ਤੀ ਪਿੰਡ ਗਾਹ (ਜਿਹੜਾ ਪਾਕਿਸਤਾਨ ਦੇ ਜ਼ਿਲ੍ਹਾ ਚਕਵਾਲ ਵਿਚ ਪੈਂਦਾ) ਵੀ



ਖਬਰਾਂ ਵਿਚ ਆ ਗਿਆ ਹੈ। ਜੇ ਫਰਕ ਹੈ ਤਾਂ ਇਹ ਕਿ ਮਨਮੋਹਨ ਸਿੰਘ ਦੇ ਪ੍ਰਧਾਨ ਮੰਤਰੀ ਬਣਨ ਸਦਕਾ ਪਾਕਿਸਤਾਨ ਸਰਕਾਰ ਨੇ ਗਾਹ ਪਿੰਡ ਨੂੰ ਜਾਣ ਵਾਲੀ ਸੜਕ ਵੀ ਪੱਕੀ ਕਰਵਾ ਦਿੱਤੀ ਹੈ ਤੇ ਉਹਦੇ ਵਾਲੇ ਪ੍ਰਾਇਮਰੀ ਸਕੂਲ ਨੂੰ ਮਿਡਲ ਸਕੂਲ ਗਰਦਾਨ ਕੇ ਉੱਥੇ ਕੁੜੀਆਂ ਦੀ ਪੜ੍ਹਾਈ ਨੂੰ ਮਨਜ਼ੂਰੀ ਦੇ ਦਿੱਤੀ ਹੈ। ਗਾਹ ਪਿੰਡ ਦੇ ਵਸਨੀਕਾਂ ਨੂੰ ਜੇ ਕੋਈ ਲੋੜ ਹੈ ਤਾਂ ਕੇਵਲ ਏਨਾ ਕਿ ਉਹ ਇਸ ਪਿੰਡ ਦੇ ਜੰਮੇ ਜਾਏ ਮਨਮੋਹਨ ਸਿੰਘ ਨੂੰ ਇਸ ਪਿੰਡ ਆਇਆ ਵੇਖਣਾ ਚਾਹੁੰਦੇ ਸਨ, ਤਾਂ ਕਿ ਉਸਨੂੰ ਕੋਈ ਤੁਹਫਾ ਦੇ ਸਕਦੇ। ਨਿਸ਼ਚੇ ਹੀ ਓਧਰੋਂ ਉੱਜੜ ਕੇ ਏਧਰ ਆਏ ਮਨਮੋਹਨ ਸਿੰਘ ਦੀ ਭਾਰਤ ਨੂੰ ਏਨੀ ਲੋੜ ਸੀ ਕਿ ਉਹ ਸਮਾਂ ਨਹੀਂ ਕੱਢ ਸਕਿਆ। ਗਾਹ ਪਿੰਡ ਦੇ ਵਸਨੀਕਾਂ ਨੇ ਤਾਂ ਉਸਨੂੰ ਸੰਸਦ ਭਵਨ ਵਿਚ ਵੀ ਵ੍ਹੀਲ ਚੇਅਰ ਉਤੇ ਹਾਜ਼ਰੀ ਭਰਦੇ ਹੀ ਤੱਕਿਆ ਹੈ। ਅਜੋਕੀ ਸਰਕਾਰ ਦੇ ਐਲਾਨਾਂ ਤੋਂ ਜਾਪਦਾ ਹੈ ਕਿ ਉਸਦੀ ਢੁਕਵੀਂ ਯਾਦਗਾਰ ਬਣਾਉਣ ਲਈ ਥਾਂ ਲੱਭੀ ਜਾ ਰਹੀ ਹੈ? ਇਹ ਸਮੇਂ ਨੇ ਦੱਸਣਾ ਹੈ ਕਿ ਇਨ੍ਹਾਂ ਐਲਾਨਾਂ ਨੂੰ ਕਿਹੋ ਜਿਹਾ ਬੂਰ ਪੈਂਦਾ ਹੈ। ਅਜਿਹਾ ਨਾ ਹੋਵੇ ਕਿ ਇਨ੍ਹਾਂ ਦੇ ਆਦੇਸ਼ ਵੀ ਮੋਰਾਰਜੀ ਡੇਸਾਈ ਵਰਗੇ ਹੀ ਰਹਿ ਜਾਣ। ਉਂਝ ਵੀ ਕੇਂਦਰ ਦੀ ਵਰਤਮਾਨ ਸਰਕਾਰ ਤਾਂ ਤਦ ਹੀ ਕੁਝ ਕਰ ਪਾਏਗੀ ਜੇ ਇਸਨੂੰ ਗਾਂਧੀ ਪਰਿਵਾਰ ਨੂੰ ਨਿੰਦਣ, ਨਕਾਰਨ ਤੇ ਇਸਦਾ ਨਾਂ ਨਿਸ਼ਾਨ ਮਿਟਾਉਣ ਤੋਂ ਵਿਹਲ ਮਿਲੇਗੀ।

### 'ਦੇਸ਼ ਸੇਵਕ' ਦੀ ਵਰ੍ਹੇਗੰਢ ਨੂੰ ਚੇਤੇ ਕਰਦਿਆਂ

ਇਨ੍ਹਾਂ ਦਿਨਾਂ ਵਿਚ 'ਦੇਸ਼ ਸੇਵਕ' ਅਖ਼ਬਾਰ ਦੀ 29ਵੀਂ ਵਰ੍ਹੇਗੰਢ ਨੇ ਮੈਨੂੰ ਚੇਤੇ ਕਰਵਾ ਦਿੱਤਾ ਹੈ ਕਿ ਮੈਂ ਏਨੇ ਵਰ੍ਹੇ ਹੋਰ ਬੁੱਢਾ ਹੋ ਗਿਆ ਹਾਂ। ਇਸ ਤੋਂ ਵੀ ਤਿੰਨ ਮਹੀਨੇ ਵੱਧ ਕਿਉਂਕਿ ਮੈਂ ਤੇ ਮੇਰੇ ਚੋਣਵੇਂ ਸਾਥੀ ਤੁਰ ਗਏ ਸਾਲ ਦੇ ਅਕਤੂਬਰ ਮਹੀਨੇ ਵਿਚ ਹੀ ਭਕਨਾ ਭਵਨ ਵਿਚ ਆ ਕੇ ਇਸ ਦੀ ਵਿਉਂਤਬੰਦੀ ਕਰਨ ਲਗ ਪਏ ਸਾਂ। ਝੂਠੀ-ਮੂਠੀ ਦਾ ਪਰਚਾ ਛਾਪ ਕੇ ਇਹ ਵੇਖਣ ਲਈ ਕਿ ਇਸਦੀ ਦਿੱਖ ਕਿਹੋ ਜਿਹੀ ਹੈ ਤੇ ਇਸ ਵਿਚ ਦਿੱਤੀ ਗਈ ਸਮੱਗਰੀ ਦਾ ਰੰਗ-ਢੰਗ ਅਗਾਂਹਵਧੂ ਕਦਰਾਂ-ਕੀਮਤਾਂ ਨੂੰ ਪਰਨਾਇਆ ਹੋਇਆ ਹੈ ਜਾਂ ਨਹੀਂ। ਜੇ ਨਹੀਂ ਤਾਂ ਕੀ ਕਰਨ ਦੀ ਲੋੜ ਹੈ। ਸੰਪਾਦਕੀ ਜ਼ਿੰਮੇਵਾਰੀ ਵਿਚ ਕਿਸੇ ਕਿਸਮ ਦੀ ਆਂਚ ਨੂੰ ਰੋਕਣ ਲਈ ਕਾਮਰੇਡ ਹਰਕੰਵਲ ਸਿੰਘ ਤੇ ਗੁਰਦਰਸ਼ਨ ਬੀਕਾ ਮੇਰਾ ਹੱਥ ਵਟਾਉਂਦੇ ਸਨ। ਕੰਮ ਤਾਂ ਔਖਾ ਸੀ ਪਰ ਮਜ਼ਾ ਆ ਰਿਹਾ ਸੀ। ਬਹੁਤਾ ਏਸ ਲਈ ਕਿ ਉਹ ਵਾਲੇ ਦਿਨ ਇੱਕ ਦੂਜੇ ਨਾਲ ਦੋਸਤੀਆਂ ਪਾਲਣ ਦੇ ਸਨ। ਦੂਰੋਂ ਨੇੜਿਓਂ ਸਾਥੀ ਹਰਕਿਸ਼ਨ ਸਿੰਘ ਦਾ ਪਿਆਰ ਤੇ ਦਬ-ਦਬਾਅ ਵੀ ਸੇਧ ਦਿੰਦਾ ਸੀ। ਵਿਚ ਵਿਚਾਲੇ ਮਾਰਕਸੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੇਚੂਰੀ ਦੇ ਬੋਲ ਵੀ ਸੁਣਨ ਨੂੰ ਮਿਲਦੇ ਸਨ। ਜਿਨ੍ਹਾਂ ਵਿਚ ਰਾਸ਼ਟਰੀ ਸਵੈਮ ਸੇਵਕ ਸੰਘ ਦੀਆਂ ਗਤੀਵਿਧੀਆਂ ਤੋਂ ਸੁਚੇਤ ਰਹਿਣ ਦਾ ਸੁਨੇਹਾ ਹੁੰਦਾ ਸੀ। ਇਹੀਓ ਕਾਰਨ ਹੈ ਕਿ ਇਸ ਵਾਰ ਵੀ ਵਰ੍ਹੇਗੰਢ ਦਾ ਸਮੁੱਚਾ ਸਮਾਰੋਹ ਉਸਦੀ ਦੇਣ ਨੂੰ ਸਮਰਪਿਤ ਕੀਤਾ ਗਿਆ ਹੈ। ਉਸ ਯਚੂਰੀ ਨੂੰ ਜਿਹੜਾ 'ਨਿੰਗਰ ਸੋਚ ਨਿਡਰ ਆਵਾਜ਼' ਉਤੇ ਪਹਿਰਾ ਦੇਣ ਵਾਲਿਆਂ ਵਿਚੋਂ ਇੱਕ ਸੀ। ਇਸ ਨਾਅਰੇ ਦੇ ਸਿਰਜਣ ਵਿਚ ਸਾਥੀ ਸੁਰਜੀਤ ਤੇ ਮੰਗਤ ਰਾਮ ਪਾਸਲਾ ਦਾ ਹੁੰਗਾਰਾ ਵੀ ਸ਼ਾਮਲ ਸੀ।

ਅਜਿਹੀਆਂ ਸੇਧਾਂ ਦਾ ਨਤੀਜਾ ਸੀ ਕਿ ਜਦੋਂ ਇਸ ਪਰਚੇ ਨੇ 2002 ਵਿਚ ਸਿਰਸਾ ਦੇ ਅਖੌਤੀ ਸਾਧ ਦੀ ਕਾਮਿਕ ਹਵਸ ਦਾ ਸ਼ਿਕਾਰ ਹੋਈ ਇੱਕ ਲੜਕੀ ਵਲੋਂ ਲਿਖੀ ਇੱਕ ਗੁੰਮਨਾਮ ਚਿੱਠੀ ਪ੍ਰਕਾਸ਼ਤ ਕੀਤੀ ਤਾਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੂ ਮੋਟੋ ਨੋਟਿਸ ਲੈਂਦਿਆਂ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਦੇ ਆਦੇਸ਼ ਜਾਰੀ ਕਰ ਦਿੱਤੇ ਸਨ। ਤੇ ਫੇਰ ਜਦੋਂ ਅਗਸਤ 2017 ਵਿਚ ਪੰਚਕੂਲਾ ਦੀ ਸੀ.ਬੀ.ਆਈ. ਕਚਹਿਰੀ ਨੇ ਇਸ ਸਾਧ ਨੂੰ ਬਣਦੀ ਸਜ਼ਾ ਸੁਣਾਈ ਤਾਂ ਇਸ ਪਰਚੇ ਦਾ ਪ੍ਰਿੰਟ ਮੀਡੀਆ ਨੇ ਉਚੇਚੇ ਤੌਰ 'ਤੇ ਨੋਟਿਸ ਲਿਆ। 'ਦੇਸ਼ ਸੇਵਕ ਦੀਆਂ ਵਰ੍ਹੇ ਗੰਢਾਂ ਮੈਨੂੰ ਆਪਣੀ ਵਧਦੀ ਉਮਰ ਦਾ ਅਹਿਸਾਸ ਤਾਂ ਕਰਾਉਂਦੀਆਂ ਹਨ ਪਰ ਨਿੰਗਰ ਸੋਚ, ਨਿਡਰ ਆਵਾਜ਼' ਵਾਲਾ ਸੰਦੇਸ਼ ਵੀ ਭੁੱਲਣ ਨਹੀਂ ਦਿੰਦੀਆਂ।

### 'ਈਸ਼ਵਰ ਅੱਲਾ ਤੇਰੋ ਨਾਮ' ਬੋਲੋ ਤੇ ਖਿਮਾ ਮੰਗੋ

ਬਿਹਾਰ ਵਿਚ ਅਟੱਲ ਜੈਅੰਤੀ ਸਮਾਰੋਹ ਦੌਰਾਨ ਪਟਨਾ ਦੇ ਬਾਪੂ ਆਡੀਟੋਰੀਅਮ ਵਿਚ ਦੇਵੀ ਨਾਂ ਦੀ ਭੋਜਪੁਰੀ ਗਾਇਕਾ ਨੇ 'ਈਸ਼ਵਰ ਅੱਲਾ ਤੇਰੋ ਨਾਮ' ਗਾਇਆ ਤਾਂ ਅਜਿਹਾ ਹੰਗਾਮਾ ਹੋਇਆ ਕਿ ਗਾਇਕਾ ਨੂੰ ਗਾਣਾ ਬੰਦ ਕਰ ਕੇ ਮੁਆਫੀ ਮੰਗਣੀ ਪਈ। ਏਥੋਂ ਤੱਕ ਕਿ ਇਸ ਗਾਇਕਾ ਨੇ 'ਛਟੀ ਮਾਈਆ ਆਈ ਨਾ ਦੁਆਰੀਆ' ਗਾ ਕੇ ਜਾਨ ਛੁਡਾਈ ਅਤੇ ਸਮਾਰੋਹ ਨੂੰ ਅਲਵਿਦਾ ਕਹਿ ਕੇ ਤੁਰ ਗਈ।

ਜਦੋਂ ਲਾਲੂ ਪ੍ਰਸਾਦ ਯਾਦਵ ਨੂੰ ਪਤਾ ਲੱਗਿਆ ਕਿ ਸਾਬਕਾ ਮੰਤਰੀ ਅਸ਼ਵਨੀ ਚੌਬੇ ਨੇ ਇਸ ਗਾਇਕਾ ਨੂੰ ਲਾਂਭੇ ਕਰ ਕੇ 'ਜੈ ਸ੍ਰੀ ਰਾਮ' ਦੇ ਨਾਅਰੇ ਲਾਏ ਸਨ ਤਾਂ ਉਸਨੇ ਵਿਅੰਗ ਕੱਸਿਆ ਸੀ ਕਿ ਇਨ੍ਹਾਂ ਲੋਕਾਂ ਦੇ ਮਨ ਵਿਚ ਇਸਤ੍ਰੀ ਜਾਤਿ ਦਾ ਅਪਮਾਨ ਭਰਿਆ ਪਿਆ ਹੈ ਜਿਹੜੇ 'ਜੈ ਸੀਤਾ ਰਾਮ' ਦੀ ਥਾਂ 'ਜੈ ਸ੍ਰੀ ਰਾਮ' 'ਤੇ ਉੱਤਰ ਆਏ ਹਨ। ਭਾਰਤ ਦੇਸ਼ ਕਿਧਰ ਨੂੰ ਜਾ ਰਿਹਾ ਹੈ? ਰੱਬ ਭਲੀ ਕਰੇ!

**ਅੰਤਿਕਾ**

-ਸ ਸ ਮੀਸ਼ਾ॥

ਤੈਨੂੰ ਭਾਵੇਂ ਮੇਰਾ ਚਿਹਰਾ ਯਾਦ ਨਹੀਂ ਹੈ ਹਾਲੇ ਵੀ,
ਮੇਰੇ ਪੈਰ ਪਛਾਣਦੀਆਂ ਨੇ ਸੜਕਾਂ ਤੇਰੇ ਸ਼ਹਿਰ ਦੀਆਂ।
ਕਿੰਦਾਂ ਭਟਕਦੀਆਂ ਨੇ ਆ ਕੇ, ਅੱਖੀਂ ਇਕ ਦਿਨ ਤੱਕ ਜਾ ਤੂੰ,
ਤੇਰੇ ਮੁੱਖ ਤੋਂ ਹਟ ਕੇ ਨਜ਼ਰਾਂ ਹੁਣ ਕਿਧਰੇ ਨਾ ਠਹਿਰਦੀਆਂ।

# ਹਿਮਾਚਲੀ ਪਿੰਡ ਦੇ ਪਹਾੜੀ ਸਿੱਖ

**ਅਵਤਾਰ ਸਿੰਘ ਪੰਜਤੂਰ**
**ਫੋਨ: +91-99144-33964**

ਗੁਰੂ ਨਾਨਕ ਸਾਹਿਬ ਦੇ ਸਿੱਖ ਸੰਸਾਰ ਦੇ ਵੱਖ-ਵੱਖ ਕੋਨਿਆਂ ਵਿਚ ਵੱਸੇ ਹੋਏ ਹਨ। ਕਈ ਜਗ੍ਹਾ ਜਾ ਕੇ ਹੈਰਾਨੀ ਹੁੰਦੀ ਹੈ ਕਿ ਇੱਥੇ ਵੀ ਗੁਰੂ ਨਾਨਕ ਨਾਮ ਲੇਵਾ ਸਿੱਖ ਰਹਿੰਦੇ ਹਨ? ਸਤੰਬਰ ਮਹੀਨੇ ਆਪਣੇ ਪੀਐੱਚ.ਡੀ. ਦੇ ਖੋਜ ਕਾਰਜ ਦੇ ਸੰਬੰਧ ਵਿਚ ਸ਼ਿਮਲਾ ਵਿਖੇ ਪੁਰਾਣੇ ਦਸਤਾਵੇਜ਼ ਦੇਖਣ ਲਈ ਗਿਆ। ਉੱਥੋਂ ਦੇ ਸਿੱਖਾਂ ਅਤੇ ਗੁਰਦੁਆਰਿਆਂ ਵਿਚ ਵਿਚਰਣ ਦਾ ਮੌਕਾ ਮਿਲਿਆ। ਵੱਖ-ਵੱਖ ਗੁਰਦੁਆਰਿਆ ਵਿਚ ਆਪਣੇ ਵਿਚਾਰ ਰੱਖਣ ਦਾ ਯਤਨ ਕੀਤਾ। ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ ਵਿਚਾਰ ਕਰਨ ਤੋਂ ਬਾਅਦ ਇੱਕ ਸਿੰਘ ਨੇ ਗੱਲਬਾਤ ਕਰਨ ਲਈ ਖੜ੍ਹਾ ਕਰ ਲਿਆ। ਉਸ ਨੇ ਦੱਸਿਆ ਕਿ ਮੈਂ ਹਿਮਾਚਲ ਦੇ ਕਾਂਗੜਾ ਜ਼ਿਲੇ ਦਾ ਰਹਿਣ ਵਾਲਾ ਹਾਂ ਅਤੇ ਦਸੰਬਰ ਮਹੀਨੇ ਸਾਡੇ ਘਰ ਇੱਕ ਪ੍ਰੋਗਰਾਮ ਹੈ ਤੁਸੀਂ ਜ਼ਰੂਰ ਆਉਣਾ ਮੈਂ ਉਸਨੂੰ ਹਾਂ ਵਿਚ ਕਿਹਾ ਕਿ ਮੈਂ ਸਮਾਂ ਕੱਢ ਕੇ ਜ਼ਰੂਰ ਆਵਾਂਗਾ। ਉੱਥੇ ਜਾਕੇ ਜੋ ਮੈਂ ਮਹਿਸੂਸ ਕੀਤਾ, ਉਸ ਨੂੰ ਸ਼ਬਦਾਂ ਦੀ ਲੜੀ ਵਿਚ ਪ੍ਰੋਣ ਦਾ ਯਤਨ ਕੀਤਾ ਕਿ ਤਾਂ ਕਿ ਇਹ ਜਾਣਕਾਰੀ ਦੂਸਰਿਆਂ ਤੱਕ ਪਹੁੰਚ ਸਕੇ।

28 ਦਸੰਬਰ 2024 ਦਿਨ ਸ਼ਨੀਵਾਰ ਨੂੰ ਬਾਰਸ਼ ਅਤੇ ਠੰਡ ਦਾ ਮੌਸਮ ਸੀ॥ ਪਰਿਵਾਰ ਵੱਲੋਂ ਦੱਸੇ ਪਤੇ ਮੁਤਾਬਿਕ ਜਲੰਧਰ ਤੋਂ ਜਵਾਲਾ ਜੀ ਦੀ ਬੱਸ ਲੈਣ ਲਈ ਕਿਹਾ ਗਿਆ। ਪਰ ਜਵਾਲਾ ਜੀ ਤੋਂ ਤਕਰੀਬਨ 11 ਕਿ.ਮੀ. ਦੂਰ ਦੇਹਰਾ ਤੱਕ ਦੀ ਬੱਸ ਮਿਲੀ। ਜਲੰਧਰ ਤੋਂ ਵਾਇਆ ਹੁਸ਼ਿਆਰਪੁਰ, ਚਿੰਤਪੁਰਨੀ ਹੁੰਦਿਆ ਦੇਹਰਾ ਤੱਕ 107 ਕਿ.ਮੀ. ਦਾ ਸਫ਼ਰ ਸਵੇਰੇ 11 ਵਜੇ ਤੋਂ ਲੈਕੇ ਤਕਰੀਬਨ 3 ਵਜੇ ਤੱਕ ਮੁੱਕਿਆ। ਅੱਗੋਂ ਦੇਹਰਾ ਤੋਂ ਜਵਾਲਾ ਜੀ ਤੱਕ 11 ਕਿਲੋਮੀਟਰ ਲਈ ਫਿਰ ਬੱਸ ਲਈ। ਜਵਾਲਾ ਜੀ ਤੋਂ ਅੱਗੇ 18 ਕਿ.ਮੀ. ਦੇ ਕਰੀਬ ਦੇ ਸਫ਼ਰ ਲਈ ਅੱਗੋਂ ਲੈਣ ਲਈ ਕਾਰ ਖੜ੍ਹੀ ਹੋਈ ਸੀ। ਜਿਸ ਵਿੱਚ ਪੰਜਾਬ ਤੋਂ ਆਏ ਇਸ ਪਰਿਵਾਰ ਦੇ ਰਿਸ਼ਤੇਦਾਰ ਵੀ ਸਨ। ਮੇਨ ਹਾਈਵੇਅ ਤੋਂ ਹੁੰਦਿਆਂ ਪਹਾੜੀ ਅਤੇ ਵਿਚ-ਵਿਚ ਖਰਾਬ ਰਸਤੇ ਤੋਂ ਹੁੰਦਿਆਂ ਕਾਰ ਨੇ ਪੌਣੇ ਘੰਟੇ ਦਾ ਪੰਧ ਮੁਕਾ ਕੇ ਲਗਭਗ ਪਿੰਡ ਲੰਘਾ ਕੇ ਪਿੰਡ ਦੇ ਬਾਹਰਵਾਰ ਉਤਾਰ ਦਿੱਤਾ । ਪਰਿਵਾਰ ਦੇ ਆਏ ਹੋਏ ਰਿਸ਼ਤੇਦਾਰ ਨਾਲ ਮੈਂ ਵੀ ਫਿਰ ਅੱਗੇ ਪਹਾੜੀ ਉੱਪਰ ਚੜ੍ਹਨਾ ਸ਼ੁਰੂ ਕਰ ਦਿੱਤਾ। ਅੱਧਾ ਪੌਣਾ ਕਿ.ਮੀ. ਚੜ੍ਹਾਈ ਚੜ੍ਹਕੇ ਇਸ ਪਰਿਵਾਰ ਦਾ ਘਰ ਸੀ। ਜਿਸ ਲਈ ਕੋਈ ਖਾਸ ਰਸਤਾ ਵੀ ਨਹੀਂ ਬਣਿਆ ਹੋਇਆ ਸੀ ਸਿਰਫ ਇਕ ਪਗੰਡਡੀ ਰਾਹੀਂ ਜਾਣਾ ਪੈਂਦਾ ਸੀ। ਹੋਰ ਆਵਾਜਾਈ ਦੇ ਸਾਧਨ ਦੂਰ ਦੀ ਗੱਲ ਸੀ। ਉਸ ਘਰ ਪਹੁੰਚ ਕੇ ਸਰਦਾਰ ਪ੍ਰਕਾਸ਼ ਸਿੰਘ ਜੀ ਨਾਲ ਮੁਲਾਕਾਤ ਕੀਤੀ। ਚਾਹ ਪੀਣੀ ਦੇ ਨਾਲ ਗੱਲਾਂ-ਬਾਤਾਂ ਸ਼ੁਰੂ ਹੋ ਗਈਆਂ। ਗੱਲਬਾਤ ਰਾਹੀਂ ਪਤਾ ਲੱਗਿਆ ਕਿ ਇਸ ਪਹਾੜੀ ਉੱਪਰ 3-4 ਘਰ ਹਨ। ਜਿਸ ਵਿਚ ਇਕੱਲਾ ਸਿੱਖਾਂ ਦਾ ਘਰ ਹੈ। ਇਸ ਪਰਿਵਾਰ ਦੀ ਇਕ ਬੇਟੀ ਲੁਧਿਆਣਾ ਵਿਆਹੀ ਹੋਈ ਹੈ ਅਤੇ ਦੂਸਰੀ ਬੇਟੀ ਪਾਲਮਪੁਰ ਵਿਆਹੀ ਹੋਈ ਹੈ। ਮੈਂ ਹੈਰਾਨ ਸਾਂ ਕਿ ਸਾਰਾ ਪਰਿਵਾਰ ਅੰਮ੍ਰਿਤਧਾਰੀ ਸੀ ਅਤੇ ਬੇਟੀਆਂ ਨੇ ਵੀ ਸਿਰ ਤੇ ਕੇਸਕੀਆਂ ਸਜਾਈਆਂ ਹੋਈਆਂ ਸਨ। ਪਰਿਵਾਰ ਨਾਲ ਵਿਚਾਰ ਚਰਚਾ ਦੌਰਾਨ ਪੁਛਿਆ ਕਿ ਤੁਹਾਨੂੰ ਸਿੱਖੀ ਸਰੂਪ ਵਿਚ ਪਰੇਸ਼ਾਨੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਕਿਓਕਿ ਬਹੁਗਿਣਤੀ ਇੱਥੇ ਹਿੰਦੂ ਪਰਿਵਾਰਾਂ ਦੀ ਹੈ। ਇਸ ਘਰ ਵਿਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੀ ਦੀ ਤਸਵੀਰ ਵੀ ਲੱਗੀ ਹੋਈ ਸੀ। ਵਿੱਦਿਆ ਬਹੁੱਤ ਵੱਡੀ ਚੀਜ਼ ਹੈ, ਪਰਿਵਾਰ ਦੇ ਮੁਖੀ ਪ੍ਰਕਾਸ਼ ਸਿੰਘ ਜੀ ਨੇ ਦੱਸਿਆ ਕਿ ਸਾਡੇ ਕੋਲ ਸੰਵਿਧਾਨ ਨਾਲ ਸੰਬੰਧਿਤ ਕਿਤਾਬਾਂ ਹਨ। ਕੋਈ ਵੀ ਸਾਡੇ ਨਾਲ ਇਸ ਸੰਬੰਧੀ ਸਵਾਲ ਕਰਦਾ ਹੈ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸਾਨੂੰ ਸੰਵਿਧਾਨਕ ਹੱਕ ਹੈ। ਇਹ ਸੰਵਿਧਾਨ ਹੈ ਤੁਸੀਂ ਪੜ੍ਹ ਲਉ। ਦੂਸਰਾ ਉਹਨਾਂ ਦੱਸਿਆ ਕਿ ਸਾਨੂੰ ਇੱਥੋਂ ਦੇ ਜੰਮਪਲ ਹੋਣ ਕਰਕੇ ਪਹਾੜੀ ਬੋਲੀ ਆਉਂਦੀ ਹੈ। 1984 ਦੇ ਹਾਲਾਤਾਂ ਬਾਰੇ ਪੁੱਛਿਆ ਤਾਂ ਉਹਨਾਂ ਨੇ ਦੱਸਿਆ ਕਿ ਉਸ ਸਮੇਂ ਹਿਮਾਚਲ ਦੇ ਕਈ ਗੁਰਦੁਆਰੇ ਸਾੜੇ ਗਏ ਸਨ। ਸਾਨੂੰ ਵੀ ਜੰਗਲਾਂ ਵਿਚ ਲੁਕ ਛਿਪ ਕੇ ਗੁਜ਼ਾਰਾ ਕਰਨਾ ਪਿਆ ਸੀ। ਪ੍ਰਕਾਸ਼ ਸਿੰਘ ਜੀ ਨੇ ਆਪਣੇ ਘਰ ਵਿਚ ਸਿੱਖ ਧਰਮ ਨਾਲ ਸੰਬੰਧਿਤ ਕਈ ਕਿਤਾਬਾਂ ਰੱਖੀਆਂ ਹੋਈਆਂ ਸਨ। ਪ੍ਰਕਾਸ਼ ਸਿੰਘ ਦੀਆਂ ਦੋ ਬੇਟੀਆਂ ਤੋਂ ਇਲਾਵਾ ਇਕ ਬੇਟਾ ਵੀ ਹੈ, ਜਿਸ ਨੇ ਅੰਮ੍ਰਿਤ ਛਕਿਆ ਹੋਇਆ ਹੈ। ਇਸ ਪਰਿਵਾਰ ਦੇ ਬਜ਼ੁਰਗਾਂ ਦਾ ਪਿਛੋਕੜ ਜਲੰਧਰ ਤੋਂ ਹੈ। ਪ੍ਰਕਾਸ਼ ਸਿੰਘ ਆਪਣੀ ਪਰਿਵਾਰਕ ਉਪਜੀਵਕਾ ਚਲਾਉਣ ਲਈ ਸ਼ਿਮਲਾ ਵਿਚ ਪਿਛਲੇ ਕਈ ਸਾਲਾਂ ਤੋਂ ਠੇਕੇਦਾਰੀ ਕਰ ਰਹੇ ਹਨ। ਇਸ ਪਰਿਵਾਰ ਦੀ ਥੋੜੀ ਬਹੁਤ ਖੇਤਬਾੜੀ ਹੈ ਅਤੇ ਪਸ਼ੂ ਵੀ ਰੱਖੇ ਹੋਏ ਹਨ। ਇਸ ਟੱਬਰ ਦੇ ਆਹਮੋ-ਸਾਹਮਣੇ ਦੋ ਘਰ ਹਨ। ਇਕ ਪੱਕਾ ਮਕਾਨ ਹੈ ਅਤੇ ਇਕ ਕੱਚਾ ਹੈ। ਪਰ ਦੋਨੋ ਬਹੁਤ ਸੋਹਣੇ ਹਨ। ਉਹਨਾਂ ਦੱਸਿਆ ਕਿ ਕੱਚਾ ਮਕਾਨ ਗਰਮੀਆਂ ਵਿਚ ਠੰਡਾ ਰਹਿੰਦਾ ਹੈ ਅਤੇ ਸਰਦੀਆਂ ਵਿਚ ਨਿੱਘਾ।

ਅਗਲੇ ਦਿਨ ਅੰਮ੍ਰਿਤ ਵੇਲੇ ਜਦੋਂ ਮੇਰੀ ਜਾਗ ਖੁੱਲੀ ਕੰਨਾਂ ਵਿਚ ਆਸਾ ਦੇ ਵਾਰ ਦੀ ਬਾਣੀ ਗੂੰਜ ਰਹੀ ਸੀ। ਇਸ਼ਨਾਨ ਪਾਣੀ ਕਰਕੇ ਨਿਤਨੇਮ ਕੀਤਾ। ਸਵੇਰੇ ਸੱਤ ਕੁ ਵਜੇ ਘਰ ਦੀ ਛੱਤ ਤੇ ਚੜ੍ਹਕੇ ਪਹਾੜਾਂ ਦਾ ਬੜਾ ਸੁੰਦਰ ਨਜ਼ਾਰਾ ਸੀ।

ਦੂਰ ਪਹਾੜ 'ਤੇ ਪਈ ਬਰਫ ਚਿੱਟੀ ਬਰਫ ਦਾ ਸੁੰਦਰ ਨਜ਼ਾਰਾ ਦਿਖ ਰਿਹਾ ਸੀ। 9 ਵਜੇ ਦੇ ਕਰੀਬ ਟੈਂਟ, ਸਾਊਂਡ ਅਤੇ ਹਲਵਾਈ ਆਉਣੇ ਸ਼ੁਰੂ ਹੋ ਗਏ। ਗੁਰਦੁਆਰਾ ਦੂਰ ਹੋਣ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਵੀ ਨਹੀਂ ਲਿਆਂਦਾ ਜਾ ਸਕਦਾ ਸੀ। 11 ਵਜੇ ਦੇ ਕਰੀਬ ਪਰਿਵਾਰ ਦੇ ਜਵਾਈ ਵੱਲੋਂ ਸੁਖਮਨੀ ਸਾਹਿਬ ਦਾ ਪਾਠ ਅਰੰਭ ਕੀਤਾ ਗਿਆ। ਫਿਰ ਪੌਣੇ ਘੰਟੇ ਦੇ ਕਰੀਬ ਮੇਰੇ ਦੁਆਰਾ ਵਿਚਾਰ ਕੀਤੀ ਗਈ। ਸੰਗਤ ਵਿਚ ਉਪਰੋਂ ਦੀ ਕਿਰਪਾਨਾਂ ਪਾਈ 5 ਸੱਤ ਦੁਮਾਲਿਆਂ ਵਾਲੇ ਸਿੰਘ ਸਨ। ਬਾਕੀ 200 ਦੇ ਕਰੀਬ ਸਬ ਹਿੰਦੂ ਪਰਿਵਾਰ ਸਨ। ਕਈਆਂ ਦੇ ਸਿਰ ਪਹਾੜੀ ਹਿਮਾਚਲੀ ਟੋਪੀ ਪਾਈ ਸੀ। ਸਮਾਪਤੀ ਤੋਂ ਬਾਅਦ ਮੈਨੂੰ ਮਹਾਤਮਾ ਕਹਿ ਕੇ ਪੈਰੀਂ ਹੱਥ ਲਾ ਰਹੇ ਸੀ ਆਪ ਕੇ ਪਰਿਵਚਨ ਬਹੁਤ ਅੱਛੇ ਥੇ ਮੈਂ ਉਹਨਾਂ ਦੇ ਹੱਥ ਫੜ੍ਹ ਰਿਹਾ ਸੀ ਕਿ ਮੈਂ ਕਿਹਾ ਕੋਈ ਮਹਾਤਮਾ ਨਹੀਂ ਯੂਨੀਵਰਸਿਟੀ ਦਾ ਵਿਦਿਆਰਥੀ ਹਾਂ। ਇਸ ਪਰਿਵਾਰ ਵੱਲੋਂ ਬਹੁਤ ਸਤਿਕਾਰ ਮਿਲਿਆ। ਪਹਾੜੀ ਲੋਕ ਛੋਟ-ਛੋਟੇ ਲਿਫਾਫਿਆਂ ਵਿਚ ਖੰਡ ਲੈ ਕੇ ਆ ਰਹੇ ਸਨ। ਮੈਂ ਉਸ ਪਰਿਵਾਰ ਨੂੰ ਪੁੱਛਿਆ ਕਿ ਇਹ ਕੀ ਹੈ? ਉਹਨਾਂ ਦੱਸਿਆ ਕਿ ਇਹ ਸਾਡੇ ਇੱਧਰ ਰਿਵਾਜ ਹੈ। ਡੇੜ ਵਜੇ ਦੇ ਕਰੀਬ ਸਾਰੇ ਲੰਗਰ ਲਈ ਇਕੱਤਰ ਹੋਏ। ਇਸ ਨੂੰ ਧਾਮ ਕਿਹਾ ਜਾਂਦਾ ਹੈ। ਜਿਸ ਵਿਚ ਪ੍ਰਸ਼ਾਦਾ ਨਹੀਂ ਬਣਾਇਆ ਜਾਂਦਾ । ਸਿਰਫ ਚਾਵਲ, ਦਾਲ ਸਬਜ਼ੀਆਂ ਅਤੇ ਬੂੰਦੀ ਦਾ ਮਿੱਠਾ ਹੁੰਦਾ ਹੈ। ਲੋਕ ਪੱਤਲਾਂ ਵਿਚ ਚੌਲ ਪੁਵਾਕੇ ਹੱਥਾਂ ਨਾਲ ਖਾ ਰਹੇ ਸਨ। ਜਾਂਦੀ ਵਾਰ ਹਰੇਕ ਪਰਿਵਾਰ ਪੈਕ ਕੀਤੇ ਹੋਏ ਚੌਲਾਂ ਦਾ ਲਿਫਾਫਾ ਲੈ ਕੇ ਜਾ ਰਿਹਾ ਸੀ।

ਇਹ ਕਹਾਣੀ ਸਾਂਝੀ ਕਰਨ ਦਾ ਮਕਸਦ ਸਿਰਫ ਇਤਨਾ ਸੀ ਕਿ ਸਾਡੇ ਕੋਲ ਬਹੁਤ ਸਾਰੇ ਬਹਾਨੇ ਹੁੰਦੇ ਹਨ। ਸਿੱਖੀ ਤੋਂ ਦੂਰ ਹੋਣ ਦੇ ਕੇਸ ਕਟਵਾਉਣ ਦੇ ਅੰਮ੍ਰਿਤ ਨਾ ਛਕਣ ਦੇ, ਪਰ ਜਿਸਨੇ ਸਿੱਖ ਕਮਾਉਣੀ ਹੋਵੇ ਉਹ ਪਹਾੜਾਂ ਦੇ ਔਖੇ ਹਾਲਾਤਾਂ ਵਿਚ ਰਹਿ ਕੇ ਵੀ ਕਮਾ ਲੈਂਦਾ ਹੈ। ਇਸ ਪਰਿਵਾਰ ਦੀ ਦਲੇਰੀ, ਦ੍ਰਿੜਤਾ ਅਤੇ ਗੁਰੂ 'ਤੇ ਭਰੋਸਾ ਜੋ ਪਹਾੜਾਂ ਵਿਚ ਰਹਿਕੇ ਕੱਟਣ ਹਿੰਦੂ ਇਲਾਕੇ ਵਿਚ ਵੀ ਸਿੱਖੀ ਕਮਾ ਰਿਹਾ ਹੈ। ਸਾਡੀਆਂ ਸਿਰਮੌਰ ਸਿੱਖ ਸੰਸਥਾਵਾਂ ਨੂੰ ਚਾਹੀਦਾ ਹੈ ਕਿ ਇਹੋ ਜਿਹੇ ਸਿੱਖਾਂ ਦੀ ਹੌਂਸਲਾ ਅਫਜ਼ਾਈ ਕੀਤੀ ਜਾਵੇ ਤਾਂ ਜੋ ਸਿੱਖੀ ਹੋਰ ਬੁਲੰਦ ਹੋ ਸਕੇ। ਇਸ ਪਰਿਵਾਰ ਵਿਚ ਤਕਰੀਬਨ ਡੇਢ ਕੁ ਦਿਨ ਬਿਤਾ ਕੇ ਇਸ ਇਲਾਕੇ ਦੇ ਰਹਿਣ-ਸਹਿਣ ਦਾ ਪਤਾ ਲੱਗਿਆ।

## ਇਕ ਬੂੰਦ ਸਵਾਂਤੀ

### ਮਾਏ ਨੀ ਸੁਣ ਮੇਰੀਏ ਮਾਏ

ਮਾਏ ਨੀ ਸੁਣ ਮੇਰੀਏ ਮਾਏ ਮੈਂ ਜਗ ਵਿਚ ਹੋ ਗਈ ਕੱਲੀ,
ਖਾਣਾ ਪੀਣਾ ਹੱਸਣਾ ਭੁਲਿਆ ਉਠਦੀ ਪੀੜ ਅਵੱਲੀ,
ਚਾਰੇ ਕੰਨੀਆਂ ਤੱਕ ਲੈ ਖਾਲੀ, ਨਾਲ ਗਿਆ ਨਾ ਕੁਝ ਵੀ,
ਇਹ'ਸੁਰਜੀਤ' ਜਗਤ ਦੀ ਬਾਜ਼ੀ, ਜਗ ਚੋਂ ਜਿੱਤ ਕੇ ਚੱਲੀ।

ਮੈਂ ਤਾਂ ਰੱਬ ਸਾਂਵਲ ਵਿਚ ਤੱਕਿਆ ਸਾਂਵਲ ਮੈਂਡਾ ਪਿਆਰ ਨੀ ਮਾਏ,
ਨਾ ਰਹਿਸਾਂ ਮੈ ਬਿਨ ਸਾਂਵਲ ਦੇ ਕੀਤੇ ਕੌਲ ਕਰਾਰ ਨੀ ਮਾਏ
ਹੱਥ ਕਾਸਾ ਗਲ ਕਫ਼ਨੀ ਪਾ ਕੇ, ਹੈ ਦਰ ਉਸਦੇ ਜਾਣਾ,
ਨਈ 'ਸੁਰਜੀਤ'ਸਾਂਵਲ ਬਿਨ ਜੀਣਾ ਰੱਖ ਮੈਨੂੰ ਜਾਂ ਮਾਰ ਨੀ ਮਾਏ।

ਅੱਜ ਸਵੇਰੇ ਦਾ ਦਿਲ ਮੇਰਾ ਕਰਦਾ ਏ ਧੱਕ ਧੱਕ ਨੀ ਮਾਂ,
ਕਾਗ ਬਨੇਰੇ ਮੁੜ ਮੁੜ ਬੋਲੇ ਰਾਹਵਾਂ ਰਹੀ ਆਂ ਤੱਕ ਨੀ ਮਾਂ,
ਲੁਟੜੀ ਮਧੁਰੀ ਝੱਲੀ ਜਈ ਮੈਂ ਬਉਰੀ ਹੋ ਹੋ ਫਿਰਦੀ ਹਾਂ,
ਦੀਵਾ ਬਾਲ ਉਡੀਕਾਂ ਕਰਦੀ ਨਜ਼ਰਾਂ ਗਈਆਂ ਪੱਕ ਨੀ ਮਾਂ।

### ਉਸ ਅਰਸ਼ੀ ਪ੍ਰੀਤਮ ਬਿਨ ਮੈਂਡਾ

ਉਸ ਅਰਸ਼ੀ ਪ੍ਰੀਤਮ ਬਿਨ ਮੈਂਡਾ ਹੋਇਆ ਜਿਊਣ ਮੁਹਾਲ ਨੀ ਮਾਂ,
ਘੜੀਆਂ, ਦਿਨ,ਤੇ ਮਾਂਹ ਗੁਜ਼ਰੇ, ਕਈ ਗੁਜ਼ਰੇ ਨੇ ਸਾਲ ਨੀ ਮਾਂ,
ਜਦ ਤੂੰ ਨਾਲ ਮੇਰੇ ਗੱਲ ਕਰਦੀ, ਤਾਂ ਬਾਬੁਲ ਤੈਨੂੰ ਝਿੜਕੇ,
ਉਸ ਸੋਹਣੇ ਸਾਂਵਲ ਬਿਨ ਮੇਰੀ, ਕਉਣ ਕਰੇ ਪ੍ਰਤਿਪਾਲ ਨੀ ਮਾਂ।

ਇਹ ਕੈਸਾ ਹੈ ਰੋਗ ਅਵੱਲੜਾ ਇਹ ਕੈਸੀ ਹੈ ਪ੍ਰੀਤ ਨੀ ਮਾਂ,
ਇਹ ਕੈਸੀ ਹੈ ਦੁਨੀਆਂ ਮਾਏ ਇਹ ਕੈਸੀ ਹੈ ਰੀਤ ਨੀ ਮਾਂ,
ਹਰ ਕੋਈ ਅਪਣੀ ਪਿਆ ਸੁਣਾਵੇ ਮੇਰੀ ਸੁਣਦਾ ਕੋਈ ਨਾਈ,
ਜਦ ਸਾਂਵਲ ਮੈਨੂੰ ਲੈਵਣ ਆਵੇ ਤਾਂ ਹੋਵਾਂ 'ਸੁਰਜੀਤ'ਨੀ ਮਾਂ।

ਮਾਏ ਨੀ ਅੱਜ ਹੋਣਾ ਬਹੁਤ ਕਮਾਲ ਹੈ ਵੇਖੀਂ,
ਰੰਗ ਮਜੀਠੀ ਚੜ੍ਹਨਾ ਲਾਲੋ ਲਾਲ ਹੈ ਵੇਖੀਂ,
ਮਿਠੜੀ ਜਈ ਝਰਨਾਹਟ ਬਦਨ ਵਿਚ ਛਿੜ ਪੈਣੀ
ਜਦ ਹੋਇਆ ਮੇਰਾ ਸਾਂਵਲ ਮੇਰੇ ਨਾਲ ਹੈ ਵੇਖੀਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਯੂ,ਐਸ, ਏ,***

# ਮਾਰਖੋਰਾ ਮੁੱਕੇਬਾਜ਼ ਮਾਈਕਲ ਟਾਈਸਨ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਮਾਈਕ ਟਾਈਸਨ ਮੁੱਢ ਤੋਂ ਹੀ ਮਾਰਖੋਰਾ ਮੁੱਕੇਬਾਜ਼ ਰਿਹਾ। ਉਹ ਬੇਸ਼ੱਕ ਸਭ ਤੋਂ ਛੋਟੀ ਉਮਰ 'ਚ ਹੈਵੀਵੇਟ ਵਰਲਡ ਚੈਂਪੀਅਨ ਬਣ ਗਿਆ ਸੀ ਪਰ ਉਸ ਨੂੰ 'ਦਾ ਬੈਡਿਸਟ ਮੈਨ ਆਨ ਪਲਾਨਿਟ' ਭਾਵ ਸਭ ਤੋਂ ਭੈੜਾ ਬੰਦਾ ਕਿਹਾ ਗਿਆ। ਵਿਸ਼ਵ ਚੈਂਪੀਅਨ ਬਣਨ ਵੇਲੇ ਉਹ ਕੇਵਲ 20 ਸਾਲ 4 ਮਹੀਨੇ 22 ਦਿਨਾਂ ਦਾ ਸੀ। ਉਸ ਨੇ 1985-2005 ਦੌਰਾਨ 59 ਵੱਡੇ ਭੇੜ ਭਿੜੇ ਜਿਨ੍ਹਾਂ 'ਚ 11 ਵਾਰ ਵਰਲਡ ਟਾਈਟਲ ਜਿੱਤੇ। ਉਦੋਂ ਉਹਦੇ 5 ਫੁੱਟ 11 ਇੰਚ ਕੱਦ ਦਾ ਭਾਰ 100 ਕਿਲੋ ਦੇ ਕਰੀਬ ਰਿਹਾ। ਉਸ ਦਾ ਪੂਰਾ ਨਾਂ ਮਾਈਕਲ ਜੀਰਾਰਡ ਟਾਈਸਨ ਹੈ। 'ਆਇਰਨ ਮਾਈਕ' ਤੇ 'ਕਿੱਡ ਡਾਈਨਾਮਾਈਟ' ਉਹਦੇ ਨਿੱਕੇ ਨਾਂ ਹਨ।

ਉਸ ਨੇ ਜੁਰਮ ਵੀ ਕੀਤੇ ਤੇ ਕੈਦਾਂ ਵੀ ਕੱਟੀਆਂ। ਉਨ੍ਹਾਂ ਜੁਰਮਾਂ 'ਚ ਜਬਰ-ਜਿਨਾਹ ਵੀ ਸ਼ਾਮਲ ਸੀ। ਇਕੇਰਾਂ ਉਸ ਨੇ ਦੰਦੀ ਵੱਢ ਕੇ ਵਿਰੋਧੀ ਮੁੱਕੇਬਾਜ਼ ਦਾ ਕੰਨ ਹੀ ਕੱਟ ਦਿੱਤਾ ਸੀ। ਉਹਦਾ ਬਚਪਨ ਤੇ ਕਿਸ਼ੋਰ ਅਵਸਥਾ ਕੁੱਟ-ਮਾਰ 'ਚ ਲੰਘੇ ਸਨ। ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਸੀ ਕਿ ਇਹ ਵਿਗੜਿਆ ਲੜਕਾ ਵੱਡਾ ਹੋ ਕੇ ਮੁੱਕੇਬਾਜ਼ੀ ਦਾ ਵਰਲਡ ਚੈਂਪੀਅਨ ਬਣੇਗਾ!

ਉਹਦਾ ਜਨਮ 30 ਜੂਨ, 1966 ਨੂੰ ਬਰੁਕਲਿਨ, ਨਿਊ ਯੌਰਕ ਵਿਖੇ ਗੈਂਗਬਾਜ਼ਾਂ ਦੀ ਬਸਤੀ ਵਿਚ ਹੋਇਆ ਸੀ। ਉਹਦੇ ਅੱਲ੍ਹੜ ਉਮਰ ਦੇ ਤੇਰਾਂ ਸਾਲ ਗਲੀਆਂ-ਮੁਹੱਲਿਆਂ ਦੀ ਮਟਰਗਸ਼ਤੀ ਕਰਦਿਆਂ ਬੀਤੇ। ਨਿੱਤ ਕਿਸੇ ਨੂੰ ਕੁੱਟ ਦੇਣਾ ਤੇ ਕਿਸੇ ਤੋਂ ਕੁੱਟ ਖਾ ਲੈਣੀ। 13 ਸਾਲ ਦੀ ਉਮਰ ਤਕ ਉਹ 38 ਵਾਰ ਗ੍ਰਿਫਤਾਰ ਹੋਇਆ। ਆਖ਼ਰ ਉਸ ਨੂੰ ਸੁਧਾਰ ਸਕੂਲ 'ਚ ਦਾਖਲ ਕਰਵਾਉਣਾ ਪਿਆ ਜਿਥੇ ਬਾਕਾਇਦਾ ਮੁੱਕੇਬਾਜ਼ੀ ਕਰਨ ਦੀ ਚੇਟਕ ਲੱਗੀ।

ਉਹਦੀ ਮਾਂ ਲੋਰਮਾ ਮੀ (ਸਮਿੱਥ) ਟਾਈਸਨ, ਵਰਜੀਨੀਆ ਦੇ ਸ਼ਹਿਰ ਸ਼ੈਰਲਟਵਿਲੇ ਦੀ ਜੰਮਪਲ ਸੀ। ਉਹ ਅਵਾਰਾ ਔਰਤ ਸੀ। ਮਾਈਕਲ ਟਾਈਸਨ ਦੇ ਜਨਮ ਸਰਟੀਫਿਕੇਟ 'ਤੇ ਉਹਦੇ ਬਾਪ ਦਾ ਨਾਂ ਪਰਸਲ ਟਾਈਸਨ ਲਿਖਿਆ ਹੋਇਐ ਜੋ ਨਰਮ ਸੁਭਾਅ ਦਾ ਟੈਕਸੀ ਡਰਾਈਵਰ ਸੀ। ਉਹਦਾ ਪਿਛੋਕੜ ਜਮਾਇਕਾ ਦਾ ਸੀ। ਪਰ ਮਾਈਕ ਦਾ ਕਹਿਣਾ ਹੈ ਕਿ ਉਹਦਾ ਅਸਲੀ ਬਾਪ ਜਿਮੀ ਕਿਰਕਪੈਟਰਿਕ ਸੀ ਜੋ ਗਰੀਅਰ ਟਾਊਨ ਨਾਰਥ ਕੈਰੋਲੀਨਾ ਤੋਂ ਸੀ। ਉਨ੍ਹਾਂ ਦੇ ਗੁਆਂਢ ਬੇਸਬਾਲ ਦੇ ਤਕੜੇ ਖਿਡਾਰੀ ਰਹਿੰਦੇ ਸਨ। ਕਿਰਕਪੈਟਰਿਕ ਦੇ ਵੱਡੇ ਪੁੱਤਰ ਦਾ ਨਾਂ ਜਿਮੀ ਲੀ ਕਿਰਕਪੈਟਰਿਕ ਸੀ ਜੋ ਉਹਦੀ ਪਹਿਲੀ ਪਤਨੀ ਦੀ ਕੁੱਖੋਂ ਜੰਮਿਆ ਸੀ। 1959 ਵਿਚ ਉਹ ਪਤਨੀ ਤੇ ਪੁੱਤਰ ਨੂੰ ਛੱਡ ਕੇ ਬਰੁਕਲੀਨ, ਨਿਊ ਯੌਰਕ ਚਲਾ ਗਿਆ ਸੀ ਜਿਥੇ ਉਹਦਾ ਮੇਲ ਲੋਰਮਾ ਮੀ ਨਾਲ ਹੋ ਗਿਆ। ਲੋਰਮਾ ਦੀ ਕੁੱਖੋਂ 1961 ਵਿਚ ਪੁੱਤਰ ਰੋਡਮੀ ਟਾਈਸਨ ਜੰਮਿਆ। ਇਕ ਧੀ ਡੈਨੀਜ ਟਾਈਸਨ ਜੰਮੀ ਜੋ ਫਰਵਰੀ 1990 ਵਿਚ ਦਿਲ ਦੇ ਦੌਰੇ ਨਾਲ ਪਰਲੋਕ ਸਿਧਾਰੀ।


1966 ਵਿਚ ਜਦੋਂ ਮਾਈਕਲ ਜੰਮਿਆ ਤਾਂ ਘਰ 'ਚ ਉਹਦਾ ਇਕ ਸਕਾ ਭਰਾ, ਇਕ ਭੈਣ ਤੇ ਇਕ ਉਹਦੇ ਪਿਉ ਦੀ ਪਹਿਲੀ ਪਤਨੀ ਦਾ ਪੁੱਤਰ ਸੀ। ਪਿਉ ਐਬੀ ਕਬਾਬੀ ਤੇ ਜੂਏਬਾਜ਼ ਸੀ। ਜਿਨ੍ਹਾਂ ਦਿਨਾਂ 'ਚ ਮਾਈਕਲ ਦਾ ਜਨਮ ਹੋਇਆ ਉਹਦਾ ਪਿਉ ਪਰਿਵਾਰ ਨੂੰ ਛੱਡ ਕੇ ਕਿਤੇ ਹੋਰ ਟਿੱਭ ਗਿਆ। ਲੋਰਮਾ ਮੀ ਸਮਿੱਥ ਤੋਂ ਲੋਰਮਾ ਮੀ ਟਾਈਸਨ ਬਣੀ ਮਾਂ ਨੂੰ ਬਿਪਤਾ 'ਚ ਇਕੱਲੀ ਨੂੰ ਬੱਚੇ ਪਾਲਣੇ ਪਏ। ਅਜਿਹੀ ਸਥਿਤੀ 'ਚ ਬੱਚੇ ਕਿਵੇਂ ਪਲਦੇ ਹਨ, ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ।

ਮਾਈਕ ਨੂੰ ਪਿਉ ਤਾਂ ਉਹਦੇ ਜਨਮ ਤੋਂ ਪਹਿਲਾਂ ਹੀ ਛੱਡ ਗਿਆ ਸੀ। ਉਤੋਂ ਗਰੀਬੀ 'ਚ ਪਲਦਿਆਂ ਮਾਂ ਦਾ ਲਾਡ ਪਿਆਰ ਵੀ ਨਾ ਮਿਲ ਸਕਿਆ। ਜਦੋਂ ਉਹ ਤੁਰਨ ਜੋਗਾ ਹੋਇਆ ਤਾਂ ਸਕੂਲੇ ਜਾਣ ਦੀ ਥਾਂ ਅਵਾਰਾਗਰਦ ਬਣ ਗਿਆ। ਉਸ ਦੀ ਮਾਂ ਦੇ ਦੱਸਣ ਅਨੁਸਾਰ ਮਾਈਕ ਘਰੋਂ ਜਾਂਦਾ ਪੁਰਾਣੇ ਕੱਪੜਿਆਂ ਵਿਚ ਸੀ ਤੇ ਮੁੜਦਾ ਨਵੇਂ ਕੱਪੜਿਆਂ 'ਚ ਸੀ। ਮਤਲਬ ਸਟੋਰਾਂ 'ਚ ਹੱਥ ਮਾਰ ਆਉਂਦਾ ਸੀ। ਉਹਦੇ ਪਿਉ ਕਿਰਕਪੈਟਰਿਕ ਟਾਈਸਨ ਬਾਰੇ ਪਤਾ ਲੱਗਾ ਕਿ ਉਹ 1992 'ਚ ਗੁਜ਼ਰਿਆ।

ਗੈਂਗਬਾਜ਼ੀ ਕਰਦਿਆਂ ਮਾਈਕ ਦੀ ਪਹਿਲੀ ਟੱਕਰ ਉਹਦੀ ਉਮਰੋਂ ਵੱਡੇ ਗੈਂਗਬਾਜ਼ ਹੋਈ ਜਿਸ ਨੇ ਉਹਦੇ ਕਬੂਤਰ ਨੂੰ ਜ਼ਖਮੀ ਕਰ ਦਿੱਤਾ ਸੀ। 13 ਸਾਲ ਦੀ ਉਮਰ ਤਕ ਮਾਈਕ ਦਾ ਨਾਂ ਠਾਣਿਆਂ ਦੇ ਰਜਿਸਟਰਾਂ 'ਚ ਚੜ੍ਹ ਚੁੱਕਾ ਸੀ। ਉਹ ਪੁਲਿਸ ਵੱਲੋਂ 38 ਵਾਰ ਫੜਿਆ ਗਿਆ ਸੀ। ਫਿਰ ਉਸ ਨੂੰ ਵਿਗੜੇ ਮੁੰਡਿਆਂ ਦੇ ਜੌਹਨਸਟਾਊਨ, ਨਿਊ ਯੌਰਕ ਵਿਚਲੇ ਸੁਧਾਰ ਸਕੂਲ 'ਚ ਦਾਖਲ ਕਰਾ ਦਿੱਤਾ ਗਿਆ। ਉਥੇ ਵਿਦਿਆਰਥੀਆਂ ਦੇ ਕੌਂਸਲਰ ਸਾਬਕਾ ਮੁੱਕੇਬਾਜ਼ ਬੌਬੀ ਸਟੀਵਰਟ ਨੇ ਮਾਈਕ ਅੰਦਰ ਤਕੜਾ ਮੁੱਕੇਬਾਜ਼ ਬਣਨ ਦੀਆਂ ਸੰਭਾਵਨਾਵਾਂ ਵੇਖਦਿਆਂ ਉਸ ਨੂੰ ਮੁੱਕੇਬਾਜ਼ੀ ਦੇ ਕੋਚ ਕਸਡਾਮਾਟੋ ਦੇ ਹਵਾਲੇ ਕਰ ਦਿੱਤਾ।

ਕਸਡਾਮਾਟੋ ਦੇ ਨਾਲ ਮੁੱਕੇਬਾਜ਼ੀ ਦੇ ਕੋਚ ਕੇਵਨ ਰੂਨੀ ਤੇ ਕਦੇ-ਕਦੇ ਟੈਡੀ ਐਟਲਸ ਮਾਈਕ ਨੂੰ ਟ੍ਰੇਨਿੰਗ ਦਿੰਦੇ ਰਹੇ। ਜਦੋਂ ਮਾਈਕ 15 ਸਾਲਾਂ ਦਾ ਹੋਇਆ ਤਾਂ ਕਸਡਾਮਾਟੋ ਨੇ ਟੈਡੀ ਐਟਲਸ ਨੂੰ ਪਾਸੇ ਕਰ ਦਿੱਤਾ। ਫਿਰ ਕੇਵਨ ਰੂਨੀ ਹੀ ਉਸ ਦਾ ਅਸਲੀ ਕੋਚ ਬਣਿਆ। ਮਾਈਕ ਅਜੇ 16 ਸਾਲਾਂ ਦਾ ਹੋਇਆ ਸੀ ਕਿ ਉਸ ਦੀ ਮਾਂ ਗੁਜ਼ਰ ਗਈ। ਮਰਨ ਤੋਂ ਪਹਿਲਾਂ ਮਾਂ ਨੇ ਕਸਡਾਮੋਰ ਨੂੰ ਮਾਈਕ ਦਾ ਕਾਨੂੰਨੀ ਗਾਰਡੀਅਨ ਬਣਾ ਦਿੱਤਾ ਸੀ। ਪਰ ਮਾਈਕ ਦੀ ਬਦਕਿਸਮਤੀ ਕਿ ਕਸਡਾਮੋਰ ਵੀ ਛੇਤੀ ਹੀ ਮਰ ਗਿਆ ਤੇ ਉਹ ਅਨਾਥ ਹੋ ਗਿਆ। ਮਾਈਕ ਨੇ ਇਕ ਇੰਟਰਵਿਊ 'ਚ ਦੱਸਿਆ ਕਿ ਉਸ ਨੇ ਆਪਣੀ ਮਾਂ ਨੂੰ ਕਦੇ ਖ਼ੁਸ਼ ਨਹੀਂ ਸੀ ਵੇਖਿਆ ਤੇ ਨਾ ਹੀ ਕਦੇ ਆਪਣੇ ਪੁੱਤਰ ਨੂੰ ਮੁੱਕੇਬਾਜ਼ ਹੋਣ ਦੀ ਸ਼ਾਬਾਸ਼ ਦਿੱਤੀ। ਮਾਂ ਬਾਪ ਦੋਹਾਂ ਵੱਲੋਂ ਹੀ ਉਹ ਦੁਪਿਆਰਾ ਰਿਹਾ। ਉਹ ਕਦੇ ਮਾਂ ਨਾਲ ਖੁੱਲ੍ਹ ਕੇ ਗੱਲ ਨਹੀਂ ਸੀ ਕਰਦਾ। ਮਾਂ ਉਹਦੀ ਮਟਰਗਸ਼ਤੀ ਤੇ ਕੁੱਟ ਮਾਰ ਤੋਂ ਦੁਖੀ ਰਹੀ। ਮਾਈਕ ਦਾ ਸਕੂਲ ਵਿਚ ਜੀਅ ਲੱਗਣੋਂ ਹਟ ਗਿਆ ਜਿਸ ਕਰਕੇ ਉਸ ਨੇ ਜੂਨੀਅਰ ਵਿਦਿਆਰਥੀ ਵਜੋਂ ਹੀ ਸਕੂਲ ਛੱਡ ਦਿੱਤਾ। ਇਹ ਵੱਖਰੀ ਗੱਲ ਹੈ ਕਿ ਉਸ ਦੀਆਂ ਮੁੱਕੇਬਾਜ਼ ਵਜੋਂ ਵੱਡੀਆਂ ਪ੍ਰਾਪਤੀਆਂ ਸਦਕਾ ਉਸ ਨੂੰ 1998 ਵਿਚ ਸੈਂਟਰਲ ਸਟੇਟ ਯੂਨੀਵਰਸਿਟੀ ਵੱਲੋਂ ਆਨਰੇਰੀ ਡਾਕਟਰੇਟ ਦੀ ਡਿਗਰੀ ਪਰਦਾਨ ਕੀਤੀ ਗਈ।

ਆਮ ਮੁੱਕੇਬਾਜ਼ਾਂ ਵਾਂਗ ਪਹਿਲਾਂ ਪਹਿਲ ਉਸ ਨੇ ਸ਼ੌਕੀਆ ਮੁੱਕੇਬਾਜ਼ੀ ਸ਼ੁਰੂ ਕੀਤੀ। ਉਹ ਵਧੇਰੇ ਜਿੱਤਾਂ ਵਿਰੋਧੀ ਮੁੱਕੇਬਾਜ਼ਾਂ ਨੂੰ ਚਿੱਤ ਕਰ ਕੇ ਜਿੱਤਦਾ। 19 ਸਾਲਾਂ ਦਾ ਹੋਣ ਤਕ ਉਸ ਨੇ 24 ਜਿੱਤਾਂ ਜਿੱਤੀਆਂ ਤੇ 3 ਹਾਰਿਆ। 1985 'ਚ ਉਹ ਪੇਸ਼ਾਵਰ ਮੁੱਕੇਬਾਜ਼ ਬਣਿਆ। ਕੱਦ ਕਾਠ ਵੱਲੋਂ ਬੇਸ਼ੱਕ ਉਹ ਵੱਡੇ ਹੈਵੀਵੇਟ ਮੁੱਕੇਬਾਜ਼ਾਂ ਨਾਲੋਂ ਕਮਜ਼ੋਰ ਲੱਗਦਾ ਸੀ ਪਰ ਜੋ ਤੇਜ਼ੀ ਤੇ ਤਾਕਤ ਉਹਦੇ ਮੁੱਕਿਆਂ ਵਿਚ ਸੀ ਉਹ ਕੱਦਾਵਰ ਮੁੱਕੇਬਾਜ਼ਾਂ ਦੇ ਪੈਰ ਕੱਢ ਦਿੰਦੀ ਸੀ। ਇਹੋ ਕਾਰਨ ਸੀ ਕਿ 22 ਨਵੰਬਰ 1986 ਨੂੰ ਉਸ ਨੇ ਮਸ਼ਹੂਰ ਮੁੱਕੇਬਾਜ਼ ਟ੍ਰੈਵਰ ਬਰਬਿਕ ਨੂੰ ਦੂਜੇ ਰਾਊਂਡ ਵਿਚ ਹੀ ਨਾਕ ਆਊਟ ਕਰ ਕੇ ਵਿਸ਼ਵ ਦੀ ਹੈਵੀਵੇਟ ਚੈਂਪੀਅਨਸ਼ਿਪ ਜਿੱਤ ਲਈ। ਮਾਈਕ ਟਾਈਸਨ ਨੂੰ ਵਰਲਡ ਬੌਕਸਿੰਗ ਕੌਂਸਲ ਦਾ ਕਰਾਊਨ ਪਹਿਨਾਇਆ ਗਿਆ। 7 ਮਾਰਚ 1987 ਨੂੰ ਉਸ ਨੇ ਜੇਮਜ਼ ਸਮਿੱਥ ਨੂੰ ਢੇਰ ਕਰਕੇ ਵਰਲਡ ਬੌਕਸਿੰਗ ਐਸੋਸੀਏਸ਼ਨ ਦੀ ਬੈਲਟ ਵੀ ਜਿੱਤ ਲਈ। 1 ਅਗਸਤ 1987 ਨੂੰ ਉਸ ਨੇ ਟੋਨੀ ਟੱਕਰ ਨੂੰ ਹਰਾ ਕੇ ਵਰਲਡ ਚੈਂਪੀਅਨਸ਼ਿਪ ਜਿੱਤੀ ਜੋ



ਵਰਲਡ ਬੌਕਸਿੰਗ ਫੈਡਰੇਸ਼ਨ ਵੱਲੋਂ ਕਰਵਾਈ ਗਈ ਸੀ। ਇੰਜ ਵਿਸ਼ਵ ਦੀਆਂ ਤਿੰਨੇ ਆਰਗੇਨਾਈਜ਼ੇਸ਼ਨਾਂ ਵਿਸ਼ਵ ਬੌਕਸਿੰਗ ਕੌਂਸਲ, ਵਿਸ਼ਵ ਬੌਕਸਿੰਗ ਐਸੋਸੀਏਸ਼ਨ ਤੇ ਵਿਸ਼ਵ ਇੰਟਰਨੈਸ਼ਨਲ ਬੌਕਸਿੰਗ ਫੈਡਰੇਸ਼ਨ ਨੇ ਉਸ ਨੂੰ ਵਿਸ਼ਵ ਚੈਂਪੀਅਨ ਬਣਨ ਦੀ ਮਾਨਤਾ ਦਿੱਤੀ।

ਕਸਡਾਮਾਟੋ ਤੇ ਮੈਨੇਜਰ ਜਿਮੀ ਜੈਕਬਜ਼ ਦੀ ਮ੍ਰਿਤੂ ਹੋਣ ਕਾਰਨ ਮਾਈਕ ਟਾਈਸਨ ਵਾਦਵਿਵਾਦੀ ਪ੍ਰਮੋਟਰ ਡੌਨ ਕਿੰਗ ਨਾਲ ਰਲ ਗਿਆ। ਉਸ ਦੀ ਛਤਰ-ਛਾਇਆ ਹੇਠ ਉਸ ਨੇ ਲੈਰੀ ਹੋਮਜ਼ ਤੇ ਮਾਈਕਲ ਸਪਿੰਕਸ ਵਰਗੇ ਮਹਾਨ ਮੁੱਕੇਬਾਜ਼ਾਂ ਨੂੰ ਹਰਾ ਕੇ ਵਾਰ-ਵਾਰ ਵਰਲਡ ਟਾਈਟਲ ਜਿੱਤੇ। ਜਿਥੇ ਵਿਸ਼ਵ ਭਰ 'ਚ ਉਸ ਦੀ ਮੁੱਕੇਬਾਜ਼ ਵਜੋਂ ਮਸ਼ਹੂਰੀ ਹੋ ਰਹੀ ਸੀ ਉਥੇ ਕੁਝ ਘਟਨਾਵਾਂ ਐਸੀਆਂ ਵੀ ਘਟੀਆਂ ਜਿਨ੍ਹਾਂ ਨਾਲ ਉਸ ਦੀ ਬਦਨਾਮੀ ਹੋਣੀ ਵੀ ਸ਼ੁਰੂ ਹੋ ਗਈ।

1988 ਵਿਚ ਉਸ ਦਾ ਪਹਿਲਾ ਵਿਆਹ ਐਕਟ੍ਰੈੱਸ ਰੋਬਿਨ ਗਿਵਨਜ਼ ਨਾਲ ਹੋਇਆ ਪਰ ਉਹ ਲੰਮਾ ਸਮਾਂ ਨਾ ਚੱਲ ਸਕਿਆ। ਗਿਵਨਜ਼ ਨੇ ਦੋਸ਼ ਲਾਇਆ ਕਿ ਉਹ ਮਾਰਖੋਰਾ ਹੈ। ਮਾਈਕ 'ਤੇ ਚਾਰਜ ਲੱਗੇ, ਮੁਕੱਦਮਾ ਚੱਲਿਆ ਤੇ ਵਿਆਹ 1989 'ਚ ਹੀ ਟੁੱਟ ਗਿਆ। ਤਦ ਤਕ ਕੋਈ ਬਾਲ ਬੱਚਾ ਨਹੀਂ ਸੀ ਹੋਇਆ। ਮਾਈਕ ਦੀ ਬਦਨਾਮੀ ਹੋਣ ਲੱਗ ਪਈ ਤੇ ਚੜ੍ਹੀ ਗੁੱਡੀ ਲੱਥਣੀ ਸ਼ੁਰੂ ਹੋ ਗਈ। ਉਸ ਤੋਂ ਮਾੜਾ ਸਮਝੇ ਜਾਂਦੇ ਮੁੱਕੇਬਾਜ਼ ਜੇਮਸ (ਬਸਟਰ) ਡੌਗਲਜ਼ ਹੱਥੋਂ ਉਹ 11 ਫਰਵਰੀ 1990 ਨੂੰ ਦਸਵੇਂ ਰਾਊਂਡ 'ਚ ਹਾਰ ਗਿਆ। ਪਰ ਉਸ ਨੇ ਦਿਲ ਨਾ ਛੱਡਿਆ ਤੇ ਅਗਲੇ ਚਾਰ ਭੇੜ ਮੁੜ ਜਿੱਤਿਆ।

ਜਿੱਤਾਂ ਜਿੱਤਦਾ ਉਹ ਜਬਰ-ਜਿਨਾਹ ਦਾ ਗੁਨਾਹ ਵੀ ਕਰ ਬੈਠਾ। ਜੁਲਾਈ 1991 'ਚ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋਸ਼ ਲੱਗਾ ਕਿ ਉਸ ਨੇ 'ਮਿਸ ਬਲੈਕ ਰ੍ਹੋਡ ਆਈਲੈਂਡ' ਬਣੀ 18 ਸਾਲਾਂ ਦੀ ਡੀਜੀਰੀ ਵਾਸ਼ਿੰਗਟਨ ਨਾਲ ਇੰਡੀਅਨਐਪੋਲਿਸ ਦੇ ਕੈਂਟਰਬਰੀ ਹੋਟਲ ਵਿਚ ਜ਼ਬਰਦਸਤੀ ਕੀਤੀ ਸੀ। ਉਹ ਉਦੋਂ 'ਮਿਸ ਬਲੈਕ ਅਮਰੀਕਾ' ਦੇ ਮੁਕਾਬਲੇ ਲਈ ਰਿਹਰਸਲਾਂ ਕਰਨ ਗਈ ਸੀ। ਮਾਈਕ ਟਾਈਸਨ ਤੇ ਕ੍ਰਿਮੀਨਲ ਕਨਫਾਈਨਮੈਂਟ, ਕ੍ਰਿਮੀਨਲ ਕੰਡਕਟ ਤੇ ਰੇਪ ਕਰਨ ਦੇ ਸੰਗੀਨ ਦੋਸ਼ ਲੱਗੇ ਜਿਨ੍ਹਾਂ ਦੇ ਸਿੱਧ ਹੋ ਜਾਣ ਨਾਲ ਉਸ ਨੂੰ 63 ਸਾਲਾਂ ਤਕ ਦੀ ਕੈਦ ਹੋ ਸਕਦੀ ਸੀ। ਦੋਹਾਂ ਪਾਸਿਆਂ ਤੋਂ ਨਾਮੀ ਵਕੀਲ ਮੁਕੱਦਮਾ ਲੜੇ। ਉਨ੍ਹਾਂ ਦੀਆਂ ਬਹਿਸਾਂ ਅਮਰੀਕਾ ਦੇ ਮੀਡੀਏ ਦਾ ਸ਼ਿੰਗਾਰ ਬਣੀਆਂ। ਆਖ਼ਰ 26 ਮਾਰਚ 1992 ਨੂੰ ਮੁਕੱਦਮੇ ਦਾ ਫੈਸਲਾ ਸੁਣਾਉਂਦਿਆਂ ਮਾਈਕ ਟਾਈਸਨ ਨੂੰ 4 ਸਾਲ ਦੀ ਪ੍ਰੋਬੇਸ਼ਨ ਤੇ 6 ਸਾਲ ਦੀ ਕੈਦ ਬੋਲੀ ਗਈ। ਪਰ ਅਪੀਲ ਕਰਨ ਨਾਲ ਉਹ ਮਾਰਚ 1995 'ਚ ਜੇਲ੍ਹ ਤੋਂ ਬਾਹਰ ਆ ਗਿਆ ਤੇ ਮੁੜ ਮੁੱਕੇਬਾਜ਼ੀ ਦੇ ਮੁਕਾਬਲੇ ਲੜਨ ਲੱਗਾ। 1992 ਵਿਚ ਕਾਮੇਡੀਅਨ ਬਿੱਲ ਕੋਸਬੀ ਦੀ ਲੜਕੀ ਐਰਿਨ ਕੋਸਬੀ ਨੇ ਵੀ ਦੋਸ਼ ਲਾਇਆ ਸੀ ਕਿ 1989 'ਚ ਟਾਈਸਨ ਨੇ ਉਸ ਨਾਲ ਵੀ ਜਬਰ -ਜਿਨਾਹ ਕੀਤਾ ਸੀ। ਪਰ ਉਹਦਾ ਦੋਸ਼ ਸਿੱਧ ਨਹੀਂ ਸੀ ਹੋ ਸਕਿਆ ਜਿਸ ਕਰਕੇ ਉਹ ਬਰੀ ਹੋ ਗਿਆ ਸੀ।

ਇਕ ਵਾਰ ਉਹ ਨਸ਼ੇ ਦੀ ਹਾਲਤ ਵਿਚ ਗੱਡੀ ਚਲਾਉਂਦਾ ਫੜਿਆ ਗਿਆ ਸੀ ਜਿਸ ਦੀ ਸਜ਼ਾ ਸਮਾਜਿਕ ਸੇਵਾ ਕਰਨ ਦੀ ਮਿਲੀ ਸੀ। ਤਿੰਨ ਸਾਲ ਦੀ ਕੈਦ ਕੱਟ ਕੇ ਭਾਵੇਂ ਉਹਦੇ ਵਿਵਹਾਰ ਵਿਚ ਕੁਝ ਹਲੀਮੀ ਆਈ ਸੀ ਪਰ ਉਹ ਪੂਰਾ ਨਹੀਂ ਸੀ ਸੁਧਰਿਆ। ਕਦੇ ਕਦੇ ਮਾਰ-ਕੁੱਟ ਦਾ ਫਤੂਰ ਫਿਰ ਜਾਗ ਪੈਂਦਾ ਸੀ ਜਿਸ ਦੀ ਫਿਰ ਸਜ਼ਾ ਭੁਗਤਣੀ ਪੈਂਦੀ ਸੀ। ਜੇਲ੍ਹ ਜਾਣ ਤੋਂ ਪਹਿਲਾਂ ਉਹ ਵਧੇਰੇ ਮੁਕਾਬਲੇ ਵਿਰੋਧੀ ਨੂੰ ਨਾਕ ਆਊਟ ਕਰ ਕੇ ਜਿੱਤਦਾ ਸੀ ਜਦਕਿ ਜੇਲ੍ਹ ਤੋਂ ਬਾਹਰ ਆਉਣ ਪਿੱਛੋਂ ਵਿਰੋਧੀ ਨੂੰ ਸਹਿਜ ਨਾਲ ਹਰਾ ਕੇ ਜਿੱਤਣ ਲੱਗ ਪਿਆ ਸੀ। 1996 'ਚ ਉਸ ਨੇ ਫਰੈਂਕ ਬਰੂਨੋ ਤੇ ਬਰੂਸ ਸੈਲਡਨ ਨੂੰ ਹਰਾ ਕੇ ਚੈਂਪੀਅਨਸ਼ਿਪਾਂ ਦੀਆਂ ਦੋ ਬੈਲਟਾਂ ਜਿੱਤੀਆ।

9 ਨਵੰਬਰ 1996 ਨੂੰ ਉਹਦਾ ਦੋ ਵਾਰ ਦੇ ਹੈਵੀਵੇਟ ਚੈਂਪੀਅਨ ਇਵੈਂਡਰ ਹੋਲੀਫੀਲਡ ਨਾਲ ਭੇੜ ਹੋਇਆ ਤਾਂ ਉਹ 11ਵੇਂ ਰਾਊਂਡ ਵਿਚ ਟੈਕਨੀਕਲੀ ਨਾਕ ਆਊਟ ਹੋ ਗਿਆ। ਇਹ ਉਸ ਦੇ ਕੈਰੀਅਰ ਦੀ ਦੂਜੀ ਵੱਡੀ ਹਾਰ ਸੀ ਜਿਸ ਦਾ ਬਦਲਾ ਲੈਣ ਲਈ 28 ਜੂਨ 1997 ਨੂੰ ਫਿਰ ਹੋਲੀਫੀਲਡ ਨਾਲ ਭਿੜਿਆ। ਇਸ ਵਾਰ ਉਹਦੇ ਅੰਦਰਲਾ ਮਾਰਖੋਰਾ ਮਾਈਕ ਮੁੜ ਜਾਗ ਪਿਆ। ਉਸ ਨੇ ਗੁੱਸੇ ਵਿਚ ਹੋਲੀਫੀਲਡ ਦੇ ਕੰਨਾਂ ਨੂੰ ਅਜਿਹੇ ਚੱਕ ਮਾਰੇ ਕਿ ਉਹਦੇ ਇਕ ਕੰਨ ਦਾ ਲਹੂ-ਲੁਹਾਣ ਟੁਕੜਾ ਪੈਰਾਂ 'ਚ ਆ ਡਿੱਗਾ। ਹੋਲੀਫੀਲਡ ਦਰਦ ਨਾਲ ਤਿਲਮਲਾਇਆ ਜਿਸ ਦਾ ਮੀਡੀਏ ਨੇ ਬੜਾ ਰੌਲਾ ਪਾਇਆ। ਸਿੱਟੇ ਵਜੋਂ ਜੱਜਾਂ ਨੇ ਮਾਈਕ ਨੂੰ ਅਯੋਗ ਕਰਾਰ ਦੇ ਕੇ ਉਹਦਾ ਮੁੱਕੇਬਾਜ਼ੀ ਦਾ ਲਾਇਸੰਸ ਹੀ ਰੱਦ ਕਰ ਦਿੱਤਾ।

ਦੋ ਸਾਲ ਪਹਿਲਾਂ ਉਹ ਇਕ ਆਟੋਮੋਬਾਈਲ ਹਾਦਸੇ ਵਿਚ ਦੋ ਸੀਨੀਅਰ ਬੰਦਿਆਂ ਨੂੰ ਕੁੱਟ ਬੈਠਾ ਸੀ ਜਿਸ ਦਾ ਮੁਕੱਦਮਾ ਚੱਲ ਰਿਹਾ ਸੀ। 6 ਫਰਵਰੀ 1999 ਨੂੰ ਉਸ ਮੁਕੱਦਮੇ ਦੀ ਸਜ਼ਾ ਮਿਲੀ ਜਿਸ ਵਿਚ ਇਕ ਸਾਲ ਦੀ ਕੈਦ, ਦੋ ਸਾਲ ਦੀ ਪ੍ਰੋਬੇਸ਼ਨ, 200 ਘੰਟਿਆਂ ਦੀ ਸੋਸ਼ਲ ਸਰਵਿਸ ਤੇ 2500 ਡਾਲਰ ਜੁਰਮਾਨਾ ਸੀ। ਮੁੱਕੇਬਾਜ਼ੀ ਕਰਦਿਆਂ 400 ਮਿਲੀਅਨ ਤੋਂ ਵੀ ਵੱਧ ਡਾਲਰ ਕਮਾਉਣ ਦੇ ਬਾਵਜੂਦ ਇਕ ਸਮਾਂ ਐਸਾ ਵੀ ਆਇਆ ਜਦੋਂ ਮਾਈਕ ਨੇ ਖ਼ੁਦ ਨੂੰ ਦੀਵਾਲੀਆ ਐਲਾਨਿਆ।

ਟਾਈਸਨ ਦਾ ਲਾਇਸੰਸ ਬਹਾਲ ਹੋਇਆ ਤਾਂ ਉਸ ਨੇ 16 ਜਨਵਰੀ 1999 ਨੂੰ ਫਰਾਂਜ਼ ਬੋਠਾ ਨੂੰ ਪੰਜਵੇਂ ਰਾਊਂਡ 'ਚ ਨਾਕ ਆਊਟ ਕਰ ਦਿੱਤਾ। ਇਕ ਮੈਚ ਵਿਚ ਉਸ ਨੇ ਰੈਫਰੀ ਦੇ ਹੀ ਮੁੱਕੇ ਜੜ ਦਿੱਤੇ। ਜੂਨ 2000 ਵਿਚ ਉਸ ਨੇ ਅਮਰੀਕਾ ਦੇ ਲੌਅ ਸਵਾਰੀਸ ਤੇ ਬਰਤਾਨੀਆ ਦੇ ਹੈਵੀਵੇਟ ਚੈਂਪੀਅਨ ਲਿਨੌਕਸ ਲੇਵਿਸ ਅਤੇ ਅਕਤੂਬਰ 2000 'ਚ ਐਂਡਰਿਊ ਗੋਲੋਟਾ ਨਾਲ ਲੋਹਾ ਲਿਆ। ਡੋਪ ਟੈਸਟ ਵਿਚ ਉਹ ਮੈਰੀਜੁਅਨਾ ਲੈਣ ਦਾ ਦੋਸ਼ੀ ਪਾਇਆ ਗਿਆ। ਇੰਜ ਉਸ ਦੀਆਂ ਜਿੱਤਾਂ ਹਾਰਾਂ ਦਾ ਸਿਲਸਿਲਾ 2005 ਤਕ ਚਲਦਾ ਰਿਹਾ। ਇਸ ਦੌਰਾਨ ਉਹ ਜੁਰਮਾਂ ਦੀਆਂ ਸਜ਼ਾਵਾਂ ਵੀ ਭੁਗਤਦਾ ਰਿਹਾ। ਫਿਰ ਵੀ ਮੁੱਕੇਬਾਜ਼ੀ ਦੀ ਮੰਡੀ ਵਿਚ ਉਸ ਦਾ ਮੁੱਲ ਵਧਦਾ ਗਿਆ ਤੇ 58ਵੇਂ ਸਾਲ ਦੀ ਉਮਰ ਵਿਚ ਉਸ ਨੂੰ 27 ਸਾਲਾਂ ਦੇ ਯੂਟਿਊਬਰ ਜੈਕ ਪਾਲ ਨੇ ਵੰਗਾਰਿਆ। ਜੁਲਾਈ 2024 'ਚ ਉਨ੍ਹਾਂ ਵਿਚਕਾਰ ਭੇੜ ਮਿਥਿਆ ਗਿਆ ਜੋ ਮਾਈਕ ਦੇ ਬਿਮਾਰ ਹੋਣੇ 15 ਨਵੰਬਰ 2024 ਨੂੰ ਹੋਇਆ। ਮਾਈਕ ਵੀਹ ਸਾਲਾਂ ਬਾਅਦ ਪੇਸ਼ਾਵਰ ਮੁਕਾਬਲੇ ਲਈ ਰਿੰਗ ਵਿਚ ਉਤਰਿਆ। ਅਰਲਿੰਗਟਨ, ਟੈਕਸਾਸ ਦੇ ਵੱਡੇ ਸਟੇਡੀਅਮ ਵਿਚ ਬਹੁਤ ਵੱਡੀ ਗਿਣਤੀ 'ਚ ਲੋਕ 'ਕੱਠੇ ਹੋਏ ਤੇ ਕਰੋੜਾਂ ਲੋਕਾਂ ਨੇ ਟੀਵੀ ਤੋਂ ਉਹ ਮੈਚ ਵੇਖਿਆ। ਜੈਕ ਪਾਲ ਨੇ ਮਾਈਕ ਟਾਈਸਨ ਨੂੰ 80-72, 79-73 ਅੰਕਾਂ ਨਾਲ ਹਰਾ ਕੇ ਉਹ ਮੁਕਾਬਲਾ ਜਿੱਤਿਆ।

ਉਸ ਨੇ ਆਪਣੀ ਸਵੈ-ਜੀਵਨੀ ਵੀ ਲਿਖਵਾਈ ਜਿਸ ਵਿਚ ਅਨੇਕ ਭੇਤ ਨਸ਼ਰ ਕੀਤੇ। 2011 ਵਿਚ ਉਸ ਦਾ ਨਾਂ ਇੰਟਰਨੈਸ਼ਨਲ ਬੌਕਸਿੰਗ ਹਾਲ, 2013 ਵਿਚ ਬੌਕਸਿੰਗ ਹਾਲ ਆਫ਼ ਫੇਮ ਤੇ 2015 ਸਾਊਥਰਨ ਨੇਵਾਡਾ ਹਾਲ ਆਫ਼ ਫੇਮ ਵਿਚ ਉਕਰਿਆ ਗਿਆ।

ਉਸ ਦਾ ਪਹਿਲਾਂ ਵਿਆਹ ਜੋ 1988 ਵਿਚ ਐਕਟ੍ਰੈੱਸ ਰੋਬਿਨ ਗਿਬਨਜ਼ ਨਾਲ ਹੋਇਆ ਸੀ 1989 ਤਕ ਹੀ ਚੱਲ ਸਕਿਆ ਸੀ। ਦੂਜਾ ਵਿਆਹ 1997 'ਚ ਰਾਜਸੀ ਘਰ ਦੀ ਧੀ ਮੋਨਿਕਾ ਟਰਨਰ ਨਾਲ ਹੋਇਆ ਜੋ 2003 ਤਕ ਚੱਲ ਗਿਆ। ਇਸ ਦੌਰਾਨ ਉਨ੍ਹਾਂ ਦੇ ਬੱਚੇ ਵੀ ਪੈਦਾ ਹੋਏ ਪਰ ਉਹ ਫਿਰ ਵੀ ਤਲਾਕੋ ਤਲਾਕੀ ਹੋ ਗਏ। ਮਾਈਕ ਦਾ ਤੀਜਾ ਵਿਆਹ 43 ਸਾਲ ਦੀ ਉਮਰੇ 2009 ਵਿਚ ਲਕੀਹਾ ਸਪਾਈਸਰ ਨਾਲ ਹੋਇਆ ਜੋ ਅਜੇ ਤਕ ਸੁੱਖੀਂ ਸਾਂਦੀਂ ਚੱਲ ਰਿਹੈ। ਮਾਈਕ ਟਾਈਸਨ ਦੇ ਕੁਲ 7 ਬੱਚੇ ਹੋਏ ਜਿਨ੍ਹਾਂ 'ਚੋਂ 6 ਹਰੀ ਕੈਮ ਹਨ। ਇਹ ਸਤਰਾਂ ਲਿਖਣ ਵੇਲੇ ਵਿਸ਼ਵ ਪ੍ਰਸਿੱਧ ਮੁੱਕੇਬਾਜ਼ ਮਾਈਕ ਟਾਈਸਨ 59ਵੇਂ ਵਰ੍ਹੇ 'ਚ ਹੈ ਅਤੇ ਸੈਵਨ ਹਿੱਲਜ਼, ਨੇਵਾਡਾ, ਅਮਰੀਕਾ ਵਿਚ ਘੁੱਗ ਵਸ ਰਿਹੈ।

---

# ਮਾਂ ਦੇ ਪੇਟ ਵਿਚ ਬੱਚੇ ਦੀ ਸਥਿਤੀ ਤੇ ਹਾਲਾਤ

ਸਿਹਤ ਵਿਗਿਆਨ



ਗੁਰਦੀਪ ਸਿੰਘ ਸੰਧੂ
ਫੋਨ: 408-687-1899


ਮਾਂ ਦੇ ਪੇਟ ਵਿਚ ਜ਼ਿਆਦਾਤਰ ਬੱਚਾ ਸਿਰ ਦੇ ਭਾਰ ਹੀ ਔਲ ਨਾਲ ਲਟਕਿਆ ਤਰਦਾ ਰਹਿੰਦਾ ਹੈ ਕਿਉਂਕਿ ਇਹਦੇ ਚਾਰੇ ਪਾਸੇ ਪਾਣੀ ਵਰਗਾ ਪਦਾਰਥ ਭਰਿਆ ਹੁੰਦਾ ਹੈ ਜਿਸ ਨੂੰ ਐਮਨੀਓਟਿਕ ਫਲਿਊਡ ਕਹਿੰਦੇ ਹਨ। ਤੇ ਜਿਸ ਗੁੰਬਦ ਵਰਗੇ ਲਿਫ਼ਾਫ਼ੇ ਦੇ ਪਰਦੇ ਵਿਚ ਇਹ ਤਰਲ ਤੇ ਬੱਚਾ ਭਰਿਆ ਹੁੰਦਾ ਹੈ ਉਹਨੂੰ ਐਮਨੀਓਟਿਕ ਸੈਕ ਕਹਿੰਦੇ ਹਨ। ਜ਼ਿਆਦਾਤਰ ਬੱਚਾ ਇਸ ਛੋਟੇ ਘੇਰੇ ਵਿਚ ਲੱਤਾਂ ਬਾਹਵਾਂ ਇਕੱਠੀਆਂ ਕਰ ਕੇ ਹੀ ਸਮਾਂ ਗੁਜ਼ਾਰਦਾ ਰਿਹਾ ਹੈ। ਪਰ ਪਰੈਗਨੈਂਸੀ ਦੇ ਚੌਵੀ ਤੋਂ ਅਠਾਈ ਹਫ਼ਤੇ ਵਿਚ ਫ਼ੀਟਸ ਦਾ ਆਕਾਰ ਏਨਾ ਵਧ ਜਾਂਦਾ ਹੈ ਕਿ ਬੱਚੇਦਾਨੀ ਵਿਚਲੀ ਜਗ੍ਹਾ ਉਸ ਲਈ ਛੋਟੀ ਤੇ ਤੰਗ ਮਹਿਸੂਸ ਹੋਣ ਲਗਦੀ ਹੈ ਜਿਸ ਕਰਕੇ ਕਦੀ ਕਦੀ ਆਪਣੀਆਂ ਲੱਤਾਂ ਬਾਹਵਾਂ ਮਾਰ ਕੇ ਐਕਸਰਸਾਈਜ਼ ਕਰਨ ਵਾਂਗ ਹਰਕਤਾਂ ਕਰਨ ਲਗਦਾ ਹੈ ਜਿਸ ਨੂੰ ਕੁਇਕਨਿੰਗ ਕਹਿੰਦੇ ਹਨ। ਵਰਨਾ ਫ਼ੀਟਸ ਨੂੰ ਸਾਰਾ ਸਮਾਂ ਮਾਂ ਦੇ ਪੇਟ ਵਿਚ ਲੱਤਾਂ ਬਾਹਵਾਂ ਇਕੱਠੀਆਂ ਕਰ ਕੇ ਹੀ ਗੁਜ਼ਾਰਨਾ ਪੈਂਦਾ ਹੈ। ਜਿਸਨੂੰ ਐਨਟੀਰੀਅਰ ਫਲੈਕਸਡ ਪੁਜ਼ੀਸ਼ਨ ਕਹਿੰਦੇ ਹਨ। ਜਿਵੇਂ ਤੁਸੀਂ ਆਪਣੇ ਗੋਡੇ ਠੋਡੀ ਨਾਲ ਲਗਾ ਕੇ ਤੇ ਬਾਹਾਂ ਹੱਥ ਦੋਹਾਂ ਗੱਲਾਂ 'ਤੇ ਟਿਕਾ ਕੇ ਸੁੰਗੜ ਕੇ ਬੈਠੇ ਹੋਵੋ। ਜ਼ਿਆਦਾਤਰ ਇਸ ਪੁਜ਼ੀਸ਼ਨ ਵਿਚ ਫ਼ੀਟਸ ਦਾ ਮਾਂ ਦੇ ਪੇਟ ਵਿਚ ਰਹਿਣਾ ਉਪਰੋਕਤ ਕਥਨ ਦੀ ਪੁਸ਼ਟੀ ਕਰਦਾ ਹੈ। ਪਰ ਕੁਝ ਅਪਵਾਦ ਵੀ ਹਨ ਇਸ ਪੁਜ਼ੀਸ਼ਨ ਵਿਚ ਬੱਚੇ ਦੇ ਮਾਂ ਦੇ ਪੇਟ ਵਿਚ ਰਹਿਣ ਦੇ। ਕਈ ਵੇਰ ਫੀਟਸ ਦੀ ਪੁਜ਼ੀਸ਼ਨ ਸਿਰ ਉੱਪਰ ਵੱਲ ਨਾ ਹੋ ਕੇ ਵੱਖ-ਵੱਖ ਦਿਸ਼ਾਵਾਂ ਵਿਚ ਵੀ ਹੁੰਦੀ ਹੈ ਤੇ ਆਮ ਕਰਕੇ ਡਲਿਵਰੀ ਹੋਣ ਤੋਂ ਦੋ ਕੁ ਹਫ਼ਤੇ ਪਹਿਲਾਂ ਹੀ ਸਿਰ ਹੇਠਾਂ ਵਾਲੇ ਪਾਸੇ ਫਿਕਸ ਹੁੰਦਾ ਹੈ। ਪਰ ਇਹ ਖ਼ਾਸ ਕਰ ਪਹਿਲੀ ਦਫ਼ਾ ਮਾਂ ਬਣਨ ਜਾ ਰਹੀਆਂ ਮਾਂਵਾਂ ਵਿਚ ਹੁੰਦਾ ਹੈ। ਪਰ ਜਿਹੜੀਆਂ ਮਾਂਵਾਂ ਪਹਿਲਾਂ ਬਚਿਆਂ ਨੂੰ ਜਨਮ ਦੇ ਚੁਕੀਆਂ ਹਨ ਉਨ੍ਹਾਂ ਵਿਚ ਇਹ ਬੱਚੇ ਦੇ ਸਿਰ ਦਾ ਫਿਕਸ ਹੋਣਾ ਡਲਿਵਰੀ ਤੋਂ ਬਹੁਤ ਥੋੜਾ ਸਮਾਂ ਪਹਿਲਾਂ ਹੀ ਹੁੰਦਾ ਹੈ। ਇਸ ਸਿਰ ਹੇਠਾਂ ਵੱਲ ਤੇ ਖ਼ਾਸ ਕਰ ਖੁੱਤੀ ਵਾਲਾ ਹਿੱਸਾ ਸਭ ਤੋਂ ਪਹਿਲਾਂ ਹੇਠਾਂ ਵੱਲ ਹੋਵੇ ਇਸ ਹਾਲਾਤ ਵਿਚ ਡਲਿਵਰੀ ਹੋਣ ਨੂੰ ਔਕਸੀਪੀਟੋ ਪੁਸਟੀਰੀਅਰ ਪੁਜ਼ੀਸ਼ਨ ਕਹਿੰਦੇ ਹਨ। ਜਿਸ ਵਿਚ ਸਿਰ ਦਾ ਪਿਛਲਾ ਪਾਸਾ ਸਭ ਤੋਂ ਪਹਿਲਾਂ ਦਿਖਾਈ ਦਿੰਦਾ ਹੈ ਪਰ ਕਈ ਵੇਰ ਇਸ ਤੋਂ ਉਲਟ ਬੱਚੇ ਦਾ ਸਾਹਮਣਾ ਪਾਸਾ ਮੱਥਾ ਜਾਂ ਨੱਕ ਸਭ ਤੋਂ ਪਹਿਲਾ ਦਿਖਾਈ ਦਿੰਦਾ ਹੈ। ਇਨ੍ਹਾਂ ਪੁਜ਼ੀਸ਼ਨਾਂ ਨੂੰ ਓਕਸੀਪੀਟਲ ਜਾਂ ਫਰੰਟਲ ਸੈਰੇਬਰਲ ਪਰੈਜ਼ੇਨਟੇਸ਼ਨ ਕਹਿੰਦੇ ਹਨ।

ਇਸ ਤੋਂ ਉਲਟ ਕਈ ਵੇਰ ਬੱਚੇ ਦਾ ਸਿਰ ਹੇਠਾਂ ਵਾਲੇ ਪਾਸੇ ਨਾ ਹੋ ਕੇ ਉੱਪਰ ਵੱਲ ਹੁੰਦਾ ਹੈ ਤੇ ਇਸ ਹਾਲਾਤ ਵਿਚ ਹਿਪਸ ਸਭ ਤੋਂ ਪਹਿਲਾਂ ਦਿਖਾਈ ਦਿੰਦੀਆਂ ਹਨ। ਇਸ ਪੁਜ਼ੀਸ਼ਨ ਨੂੰ ਬਰੀਚ ਪਰੈਜ਼ੈਨਟੇਸ਼ਨ ਕਹਿੰਦੇ ਹਨ। ਕਈ ਵੇਰ ਬੱਚਾ ਇਨ੍ਹਾਂ ਦੋਹਾਂ ਵਿਚੋਂ ਕਿਸੇ ਵੀ ਪੁਜ਼ੀਸ਼ਨ ਵਿਚ ਨਹੀਂ ਹੁੰਦਾ ਤੇ ਪੇਟ ਵਿਚ ਸੱਜੀ ਤੇ ਖੱਬੀ ਵੱਖੀ ਵੱਲ ਪਿਆ ਹੁੰਦਾ ਹੈ ਤੇ ਡਲਿਵਰੀ ਸਮੇਂ ਵੀ ਉਹ ਉਪਰ ਵਾਲੀਆਂ ਪੁਜ਼ੀਸ਼ਨਾਂ ਵਿਚੋਂ ਕਿਸੇ ਵੀ ਪੁਜ਼ੀਸ਼ਨ ਵਿਚ ਨਹੀਂ ਆ ਸਕਦਾ ਇਸਨੂੰ ਟ੍ਰਾਂਸਵਰਸ ਲਾਈ ਕਹਿੰਦੇ ਹਨ ਯਾਨੀ ਬੱਚਾ ਟੇਡਾ ਲੇਟਿਆ ਹੁੰਦਾ ਹੈ। ਅਜਿਹੀ ਹਾਲਤ ਵਿਚ ਡਲਿਵਰੀ ਸਮੇਂ ਤੋਂ ਪਹਿਲਾਂ ਦਰਦਾਂ ਸ਼ੁਰੂ ਹੋਣ ਤੋਂ ਪਹਿਲਾਂ ਐਕਸਪਰਟ ਗਾਇਨਾਕਾਲੋਜਿਸਟ ਅਲਟਰਾਸਾਊਂਡ ਦੀ ਨਜ਼ਰ ਨਾਲ ਹੱਥਾਂ ਨਾਲ ਫ਼ੀਟਸ ਨੂੰ ਘੁਮਾ ਕੇ ਪੁਜ਼ੀਸ਼ਨ ਸੈੱਟ ਵੀ ਕਰ ਲੈਂਦੇ ਹਨ। ਖ਼ਾਸ ਅਹਿਤਿਆਤ ਜ਼ਰੂਰੀ ਹੈ ਕਿ ਅਮਬਲੀਕਲ ਕੋਰਡ ਦੀ ਪੁਜ਼ੀਸ਼ਨ ਲੰਬਾਈ ਤੇ ਫ਼ੀਟਸ ਦੇ ਰੁਟੇਸ਼ਨ ਤੋਂ ਬਾਹਦ ਬੱਚੇ ਦੀ ਦਿਲ ਦੀ ਧੜਕਨ ਵਾਰ ਵਾਰ ਚੈੱਕ ਕਰਨ ਦੀ ਲੋੜ ਹੁੰਦੀ ਹੈ। ਕਿਸੇ ਵੀ ਸਮੇਂ ਰੁਟੇਸ਼ਨ ਤੋਂ ਬਾਹਦ ਬੱਚੇ ਦੇ ਦਿਲ ਦੀ ਧੜਕਨ ਵਿਚ ਆਈ ਕਿਸੇ ਵੀ ਤਬਦੀਲੀ ਸਮੇਂ ਰੀਵਰਸ ਰੋਟੇਸ਼ਨ ਕਰਨ ਦੀ ਲੋੜ ਹੁੰਦੀ ਹੈ ਤੇ ਅਜੇਹੇ ਸਮੇਂ ਬੱਚੇ ਦੀ ਬਿਹਤਰੀ ਲਈ ਸਰਜਰੀ ਦਾ ਸਹਾਰਾ ਲੈਣਾ ਵੀ ਠੀਕ ਹੈ।

-ਚੱਲਦਾ

# ਦਮੇ ਦੀ ਬੀਮਾਰੀ ਕਾਰਣ, ਲੱਛਣ, ਇਲਾਜ ਤੇ ਬਚਾਅ

ਦਮਾ ਫੇਫੜਿਆਂ ਦੀ ਇੱਕ ਲੰਬੇ ਸਮੇਂ ਦੀ ਪੁਰਾਣੀ ਬਿਮਾਰੀ ਹੈ ਜੋ ਸਾਹ ਨਾਲੀਆਂ ਨੂੰ ਸੁੱਜ ਜਾਂਦੀ ਹੈ ਅਤੇ ਤੰਗ ਕਰਦੀ ਹੈ। ਅਸਥਮਾ ਨੂੰ ਬਿਹਤਰ ਤਰੀਕੇ ਨਾਲ ਸਮਝਣ ਲਈ, ਆਓ ਸਮਝੀਏ ਕਿ ਏਅਰਵੇਜ਼ ਕਿਵੇਂ ਕੰਮ ਕਰਦੇ ਹਨ। ਏਅਰਵੇਜ਼ ਟਿਊਬਾਂ ਹੁੰਦੀਆਂ ਹਨ ਜੋ ਤੁਹਾਡੇ ਫੇਫੜਿਆਂ ਦੇ ਅੰਦਰ ਅਤੇ ਬਾਹਰ ਹਵਾ ਲੈ ਜਾਂਦੀਆਂ ਹਨ। ਦਮੇ ਵਾਲੇ ਲੋਕਾਂ ਨੇ ਸਾਹ ਨਾਲੀਆਂ ਨੂੰ ਫੁੱਲਿਆ ਹੋਇਆ ਹੈ ਜਿਸ ਕਾਰਨ ਉਹ ਬਹੁਤ ਸੰਵੇਦਨਸ਼ੀਲ



ਡਾ ਅਜੀਤਪਾਲ ਸਿੰਘ ਐਮ ਡੀ

ਅਤੇ ਸੁੱਜ ਜਾਂਦੇ ਹਨ। ਤੁਹਾਡੀਆਂ ਸਾਹ ਦੀਆਂ ਨਾਲੀਆਂ ਕੁਝ ਸਾਹ ਰਾਹੀਂ ਅੰਦਰ ਜਾਣ ਵਾਲੇ ਪਦਾਰਥਾਂ 'ਤੇ ਜ਼ੋਰਦਾਰ ਪ੍ਰਤੀਕ੍ਰਿਆ ਕਰ ਸਕਦੀਆਂ ਹਨ। ਜਦੋਂ ਸਾਹ ਨਾਲੀਆਂ ਪ੍ਰਤੀਕਿਰਿਆ ਕਰਦੀਆਂ ਹਨ, ਤਾਂ ਇਸਦੇ ਨਤੀਜੇ ਵਜੋਂ ਉਹਨਾਂ ਦੇ ਆਲੇ ਦੁਆਲੇ ਦੀਆਂ ਮਾਸਪੇਸ਼ੀਆਂ ਨੂੰ ਕੱਸਣਾ, ਸੋਜ ਵਧਣ ਜਾਂ ਵਧੇਰੇ ਬਲਗ਼ਮ ਪੈਦਾ ਹੋ ਸਕਦੀ ਹੈ। ਇਹ ਸਭ ਸਾਹ ਨਾਲੀਆਂ ਨੂੰ ਹੋਰ ਤੰਗ ਕਰਨ ਅਤੇ ਦਮੇ ਦੇ ਲੱਛਣਾਂ ਨੂੰ ਚਾਲੂ ਕਰਨ ਦਾ ਕਾਰਨ ਬਣਦੇ ਹਨ।

**ਦਮੇ ਦੇ ਲੱਛਣ :** ਦਮੇ ਦੇ ਲੱਛਣ ਇੱਕ ਵਿਅਕਤੀ ਤੋਂ ਦੂਜੇ ਵਿਅਕਤੀ ਅਤੇ ਹਮਲੇ ਤੋਂ ਦੂਜੇ ਹਮਲੇ ਵਿੱਚ ਬਹੁਤ ਵੱਖਰੇ ਹੁੰਦੇ ਹਨ। ਦਮੇ ਦੇ ਕੁਝ ਆਮ ਲੱਛਣਾਂ ਵਿੱਚ ਸ਼ਾਮਲ ਹਨ:

- ਘਰਘਰਾਹਟ
- ਕਸਰਤ ਕਰਦੇ ਸਮੇਂ ਕਮਜ਼ੋਰੀ ਜਾਂ ਥਕਾਵਟ ਮਹਿਸੂਸ ਕਰਨਾ
- ਥਕਾਵਟ, ਚਿੜਚਿੜਾ, ਮੂਡੀ ਮਹਿਸੂਸ ਕਰਨਾ,
- ਛਿੱਕ ਆਉਣਾ, ਸਿਰਦਰਦ, ਖੰਘ, ਗਲੇ ਵਿੱਚ ਖਰਾਸ਼, ਵਗਦਾ ਨੱਕ, ਨੱਕ ਬੰਦ ਹੋਣਾ
- ਛਾਤੀ ਵਿੱਚ ਦਰਦ, ਦਬਾਅ ਜਾਂ ਜਕੜਨ
- ਸਾਹ ਚੜ੍ਹਨਾ ਜਾਂ ਸਾਹ ਆਸਾਨੀ ਨਾਲ ਗੁਆਉਣਾ
- ਖੰਘ, ਖਾਸ ਕਰਕੇ ਰਾਤ ਨੂੰ
- ਸੌਣ ਵਿੱਚ ਸਮੱਸਿਆ

### ਦਮੇ ਦਾ ਕਾਰਨ :

ਦਮੇ ਜਾਂ 'ਟਰਿਗਰਜ਼' ਦੇ ਕਾਰਨ ਹਰੇਕ ਵਿਅਕਤੀ ਲਈ ਵੱਖ-ਵੱਖ ਹੁੰਦੇ ਹਨ। ਹਾਲਾਂਕਿ, ਦਮੇ ਦੇ ਕੁਝ ਆਮ ਕਾਰਨ ਹਨ:

- ਐਲਰਜੀਨ ਜਿਵੇਂ ਕਿ ਪਾਲਤੂ ਜਾਨਵਰਾਂ ਦੇ ਦੰਦ, ਬੀਜਾਣੂ, ਧੂੜ ਦੇ ਕਣ ਅਤੇ ਉੱਲੀ
- ਪਰਾਗ ਐਲਰਜੀ
- ਤੰਬਾਕੂ ਦਾ ਧੂੰਆਂ
- ਮੌਸਮ; ਠੰਡੀ ਹਵਾ, ਨਮੀ, ਤਾਪਮਾਨ ਵਿੱਚ ਬਦਲਾਅ



- ਕੁਝ ਦਵਾਈਆਂ
- ਜ਼ੁਕਾਮ, ਫਲੂ,ਸਾਈਨਿਸਾਈਟਿਸ ਵਰਗੀਆਂ ਲਾਗਾਂ
- ਜਲਣ ਵਾਲੀਆਂ ਚੀਜ਼ਾਂ ਜਿਵੇਂ ਕਿ ਹਵਾ ਪ੍ਰਦੂਸ਼ਣ, ਤੇਜ਼ ਗੰਧ ਵਾਲੇ ਅਤਰ ਜਾਂ ਸਫਾਈ ਉਤਪਾਦ
- ਕਸਰਤ-ਪ੍ਰੇਰਿਤ ਦਮਾ, ਭਾਵਨਾਵਾਂ ਜਿਵੇਂ ਕਿ ਹਾਸਾ ਜਾਂ ਰੋਣਾ, ਤਣਾਅ, ਚਿੰਤਾ

ਦਮੇ ਦਾ ਨਿਦਾਨ ਕਿਵੇਂ ਕੀਤਾ ਜਾਂਦਾ ਹੈ?

ਦਮੇ ਦੀ ਜਾਂਚ ਕਰਨ ਦਾ ਪਹਿਲਾ ਕਦਮ ਤੁਹਾਡੇ ਮੈਡੀਕਲ ਅਤੇ ਪਰਿਵਾਰਕ ਇਤਿਹਾਸ ਨੂੰ ਸਮਝਣਾ ਹੈ। ਦਮੇ ਦੇ ਸੰਭਾਵਿਤ ਟਰਿਗਰਾਂ ਦੀ ਪਛਾਣ ਕਰਨ ਲਈ ਤੁਸੀਂ ਡਾਕਟਰ ਨਾਲ ਵਿਸਤ੍ਰਿਤ ਚਰਚਾ ਕਰਨੀ ਹੋਵੇਗੀ। ਫਿਰ ਦਮੇ ਦੇ ਲੱਛਣਾਂ ਨੂੰ ਦੇਖਣ ਲਈ ਇੱਕ ਸਰੀਰਕ ਮੁਆਇਨਾ ਕਰਵਾਇਆ ਜਾਵੇਗਾ। ਸਪਾਈਰੋਮੈਟਰੀ ਜਾਂ ਫੇਫੜਿਆਂ ਦੇ ਫੰਕਸ਼ਨ ਟੈਸਟ ਨਾਮਕ ਇੱਕ ਡਾਇਗਨੌਸਟਿਕ ਟੈਸਟ ਵੀ ਤਜਵੀਜ਼ ਕੀਤਾ ਜਾ ਸਕਦਾ ਹੈ। ਇੱਕ ਫੇਫੜੇ ਦੇ ਫੰਕਸ਼ਨ ਟੈਸਟ ਵਿੱਚ ਹਵਾ ਦੀ ਮਾਤਰਾ ਨੂੰ ਮਾਪਦਾ ਹੈ ਜੋ ਤੁਸੀਂ ਅੰਦਰ ਅਤੇ ਬਾਹਰ ਸਾਹ ਲੈ ਸਕਦੇ ਹੋ ਅਤੇ ਕਿੰਨੀ ਤੇਜ਼ੀ ਨਾਲ ਤੁਸੀਂ ਹਵਾ ਨੂੰ ਬਾਹਰ ਕੱਢ ਸਕਦੇ ਹੋ।

### ਦਮੇ ਦਾ ਇਲਾਜ ਕਿਵੇਂ ਕੀਤਾ ਜਾਂਦਾ ਹੈ ?

ਦਮਾ ਲੰਬੇ ਸਮੇਂ ਦੀ ਸਾਹ ਦੀ ਬਿਮਾਰੀ ਹੈ ਅਤੇ ਇਸ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਦਮੇ ਦਾ ਇਲਾਜ ਬਿਮਾਰੀ ਨੂੰ ਕੰਟਰੋਲ ਕਰਨ 'ਤੇ ਕੇਂਦ੍ਰਿਤ ਹੈ। ਦਮੇ ਦੇ ਇਲਾਜ ਵਿਚ ਦੋ ਤਰ੍ਹਾਂ ਦੀਆਂ ਦਵਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ - ਜਲਦੀ-ਰਾਹਤ ਅਤੇ ਲੰਬੇ ਸਮੇਂ ਲਈ ਕੰਟਰੋਲ ਲ ਤੇਜ਼-ਰਾਹਤ ਵਾਲੀਆਂ ਦਵਾਈਆਂ ਦਮੇ ਦੇ ਲੱਛਣਾਂ ਨੂੰ ਕੰਟਰੋਲ ਕਰਨ ਵਿੱਚ ਮਦਦ ਕਰਦੀਆਂ ਹਨ ਜੋ ਅਚਾਨਕ ਭੜਕ ਜਾਂਦੇ ਹਨ। ਸਾਹ ਨਾਲੀ ਦੀ ਸੋਜਸ਼ ਨੂੰ ਘਟਾਉਣ ਅਤੇ ਦਮੇ ਦੇ ਲੱਛਣਾਂ ਨੂੰ ਰੋਕਣ ਲਈ ਲੰਬੇ ਸਮੇਂ ਦੀ ਨਿਯੰਤਰਣ ਦਵਾਈ ਦੀ ਵਰਤੋਂ ਕੀਤੀ ਜਾਂਦੀ ਹੈ। ਦਮੇ ਦੀ ਦਵਾਈ ਸਾਹ ਰਾਹੀਂ ਅੰਦਰ ਲਈ ਜਾ ਸਕਦੀ ਹੈ, ਇੰਜੈਕਟੇਬਲ ਜਾਂ ਮੌਖਿਕ ਹੋ ਸਕਦੀ ਹੈ ਜਿਵੇਂ ਕਿ ਸਟੀਰੌਇਡਜ਼, ਸਾੜ ਵਿਰੋਧੀ ਦਵਾਈਆਂ ਅਤੇ ਇਨਹੇਲਰ ਜਾਂ ਇੱਥੋਂ ਤੱਕ ਕਿ ਨੈਬੂਲਾਈਜ਼ਰ ਦੀ ਵਰਤੋਂ ਕਰਕੇ ਵੀ ਚਲਾਈ ਜਾ ਸਕਦੀ ਹੈ। ਤੁਹਾਡੇ ਦਮੇ ਦੇ ਦੌਰੇ ਦੀ ਤੀਬਰਤਾ ਅਤੇ ਬਾਰੰਬਾਰਤਾ 'ਤੇ ਨਿਰਭਰ ਕਰਦੇ ਹੋਏ, ਇਲਾਜ ਮੁਹੱਈਆ ਕੀਤਾ ਜਾਂਦਾ ਹ

### ਦਮੇ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ?

ਹਾਲਾਂਕਿ ਦਮੇ ਨੂੰ ਪੂਰੀ ਤਰ੍ਹਾਂ ਰੋਕਿਆ ਨਹੀਂ ਜਾ ਸਕਦਾ ਹੈ, ਇਸ ਨੂੰ ਬਿਹਤਰ ਢੰਗ ਨਾਲ ਸੰਭਾਲਣ ਲਈ ਤੁਸੀਂ ਕੁਝ ਉਪਾਅ ਕਰ ਸਕਦੇ ਹੋ ਜਿਵੇਂ ਕਿ: ਆਪਣੀ ਦਮੇ ਦੇ ਇਲਾਜ ਦੀ ਯੋਜਨਾ ਦੀ ਪਾਲਣਾ ਕਰੋ, ਨਮੂਨੀਆ ਅਤੇ ਫਲੂ ਲਈ ਟੀਕੇ ਲਗਵਾਓ, ਆਪਣੇ ਸਾਹ ਦੀ ਨਿਗਰਾਨੀ ਕਰੋ ਤੇ ਦਮੇ ਦੇ ਟਰਿਗਰਾਂ ਦੀ ਪਛਾਣ ਕਰੋ ਅਤੇ ਉਹਨਾਂ ਤੋਂ ਬਚੋ।

-ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
9815629301

# ਸਾਹਿਤ ਅਕਾਦਮੀ ਪੁਰਸਕਾਰ ਜੇਤੂ: ਗਗਨ ਗਿੱਲ



ਸਾਹਿਤ ਅਕਾਦਮੀ ਨੇ 2024 ਦੇ ਸਾਲਾਨਾ ਪੁਰਸਕਾਰਾਂ ਵਿੱਚ 21 ਭਾਸ਼ਾਵਾਂ ਦੇ ਲੇਖਕਾਂ ਨੂੰ ਪੁਰਸਕਾਰ ਦੇਣ ਦਾ ਐਲਾਨ ਕੀਤਾ ਹੈ। ਹਿੰਦੀ ਭਾਸ਼ਾ ਲਈ ਇਹ ਵੱਕਾਰੀ ਪੁਰਸਕਾਰ ਕਵਿੱਤਰੀ ਗਗਨ ਗਿੱਲ ਨੂੰ ਉਹਦੀ ਕਾਵਿ ਕਿਤਾਬ 'ਮੈਂ ਜਬ ਤਕ ਆਈ ਬਾਹਰ' ਨੂੰ ਦਿੱਤਾ ਗਿਆ ਹੈ। ਪੰਜਾਬੀ ਦੀ ਪ੍ਰਸਿੱਧ ਲੇਖਕਾ ਤੇ ਮਾਤਾ ਸੁੰਦਰੀ ਕਾਲਜ ਦਿੱਲੀ ਦੀ ਪ੍ਰਿੰਸੀਪਲ ਡਾ. ਮਹਿੰਦਰ ਕੌਰ ਗਿੱਲ ਦੀ ਪਲੇਠੀ ਧੀ ਗਗਨ ਗਿੱਲ (ਜਨਮ 18 ਨਵੰਬਰ 1959) ਇੱਕ ਸਥਾਪਤ ਕਵਿੱਤਰੀ ਹੈ। 1983 ਵਿੱਚ ਪ੍ਰਕਾਸ਼ਿਤ ਉਹਦੇ ਪਹਿਲੇ ਕਾਵਿ ਸੰਗ੍ਰਹਿ 'ਏਕ ਦਿਨ ਲੌਟੇਗੀ ਲੜਕੀ' ਨੇ ਉਹਨੂੰ ਸਾਹਿਤਕ ਜਗਤ ਵਿੱਚ ਇੱਕ ਪ੍ਰਮੁੱਖ ਕਵਿੱਤਰੀ ਵਜੋਂ ਸਥਾਪਤ ਕਰ ਦਿੱਤਾ ਸੀ। ਉਹਦੀਆਂ ਕਵਿਤਾਵਾਂ ਨਾਰੀ ਮਨ ਦੇ ਜਟਿਲ ਭਾਵਾਂ ਨੂੰ ਨਵੇਂ ਰੂਪ ਵਿੱਚ ਪੇਸ਼ ਕਰਦੀਆਂ ਹਨ।



ਪ੍ਰੋ. ਨਵ ਸੰਗੀਤ ਸਿੰਘ

ਗਗਨ ਗਿੱਲ ਨੂੰ ਉਹਦੇ ਸਾਹਿਤਕ ਯੋਗਦਾਨ ਲਈ ਬਹੁਤ ਸਾਰੇ ਸਨਮਾਨ ਮਿਲ ਚੁੱਕੇ ਹਨ, ਜਿਸ ਵਿੱਚ 'ਭਾਰਤ ਭੂਸ਼ਨ ਅਗਰਵਾਲ ਪੁਰਸਕਾਰ' (1984), 'ਸੰਸਕ੍ਰਿਤੀ ਸੰਮਾਨ' (1989), 'ਕੇਦਾਰ ਸੰਮਾਨ' (2000), 'ਹਿੰਦੀ ਅਕਾਦਮੀ ਸਾਹਿਤਕਾਰ ਸੰਮਾਨ' (2008), 'ਦ੍ਵਿਜਦੇਵ ਸੰਮਾਨ' (2002) ਤੇ ਹੁਣ 'ਸਾਹਿਤ ਅਕਾਦਮੀ ਪੁਰਸਕਾਰ' (2024) ਸ਼ਾਮਲ ਹਨ।

ਦਿੱਲੀ ਯੂਨੀਵਰਸਿਟੀ ਤੋਂ ਅੰਗਰੇਜ਼ੀ ਸਾਹਿਤ ਵਿੱਚ ਐਮਏ ਕਰਨ ਪਿੱਛੋਂ ਗਗਨ ਗਿੱਲ ਨੇ 1983-1993 ਦੇ ਅਰਸੇ ਦੌਰਾਨ ਟਾਈਮਜ਼ ਆਫ਼ ਇੰਡੀਆ ਗਰੁੱਪ ਅਤੇ ਸੰਡੇ ਆਬਜ਼ਰਵਰ ਵਿੱਚ ਸਾਹਿਤ ਸੰਪਾਦਕ ਵਜੋਂ ਕਾਰਜ ਕੀਤਾ। ਫਿਰ ਹਾਰਵਰਡ ਯੂਨੀਵਰਸਿਟੀ ਅਮਰੀਕਾ ਵਿੱਚ ਪੱਤਰਕਾਰਤਾ ਦੀ ਨੀਮੈਨ ਫ਼ੈਲੋ ਰਹੀ। ਉਹ ਹਿੰਦੀ ਦੇ ਪ੍ਰਸਿੱਧ ਲੇਖਕ ਨਿਰਮਲ ਵਰਮਾ ਦੀ ਪਤਨੀ ਹੈ।

'ਨਾਰੀ ਦੀ ਆਵਾਜ਼' ਵਾਲੀਆਂ ਕਵਿਤਾਵਾਂ ਵਿੱਚ ਉਹ ਨਵਾਂ ਮੁਹਾਵਰਾ ਲੈ ਕੇ ਪ੍ਰਸਤੁਤ ਹੋਈ ਹੈ। ਔਰਤ ਦੇ ਦੁੱਖਾਂ ਤੇ ਉਦਾਸੀਆਂ ਨੂੰ ਚਿੱਤਰਣ ਕਰਕੇ ਉਹਨੂੰ 'ਮਹਾਦੇਵੀ ਵਰਮਾ' ਵਜੋਂ ਵੀ ਯਾਦ ਕੀਤਾ ਜਾਂਦਾ ਹੈ। ਉਹਦੀ ਕਵਿਤਾ ਦੀ ਖ਼ਾਸੀਅਤ ਇਸ ਕਰਕੇ ਵੀ ਹੈ ਕਿ ਉਹਦੀ ਅਭਿਵਿਅਕਤੀ ਦੀ ਇੱਕ ਬਾਹਰੀ ਕੰਬਣੀ ਦੇ ਅੰਦਰ ਆਂਤਰਿਕ ਤਣਾਓ-ਦਬਾਓ ਦਾ ਬੰਨ੍ਹ ਬਣਿਆ ਰਿਹਾ ਹੈ। ਉਹਦੀਆਂ ਕਵਿਤਾਵਾਂ ਆਪਣੀ ਦ੍ਰਿੜਤਾ ਅਤੇ ਸੰਜਮ ਨਾਲ ਆਉਣ ਵਾਲੀ ਸਰਲਤਾ ਦੀ ਅਗਾਊਂ ਜਾਣਕਾਰੀ ਦਿੰਦੀਆਂ ਹਨ। ਲਗਭਗ 35 ਸਾਲ ਲੰਮੀ ਉਹਦੀ ਰਚਨਾ-ਯਾਤਰਾ ਵਿੱਚ ਨੌਂ ਪੁਸਤਕਾਂ ਸ਼ਾਮਲ ਹਨ - ਏਕ ਦਿਨ ਲੌਟੇਗੀ ਲੜਕੀ (1989), ਅੰਧੇਰੇ ਮੇਂ ਬੁੱਧ (1996), ਯਹ ਆਕਾਂਕਸ਼ਾ ਸਮਯ ਨਹੀਂ (1998), ਥਪਕ ਥਪਕ ਦਿਲ ਥਪਕ ਥਪਕ (2003), ਮੈਂ ਜਬ ਤਕ ਆਈ ਬਾਹਰ (2018) (ਸਾਰੇ ਕਾਵਿ ਸੰਗ੍ਰਹਿ); ਦਿੱਲੀ ਮੇਂ ਉਨੀਂਦੇ (2000), ਅਵਾਕ (2008), ਦੇਹ ਕੀ ਮੁੰਡੇਰ ਪਰ (2018), ਇਤਿਆਦਿ (2018) (ਸਾਰੇ ਵਾਰਤਕ ਸੰਗ੍ਰਹਿ)।

1990 ਵਿੱਚ ਉਹਨੇ ਅਮਰੀਕਾ ਦੇ ਸੁਪ੍ਰਸਿੱਧ ਆਯੋਵਾ ਇੰਟਰਨੈਸ਼ਨਲ ਰਾਈਟਿੰਗ ਪ੍ਰੋਗਰਾਮ ਵਿੱਚ ਭਾਰਤ ਦੀ ਪ੍ਰਤੀਨਿਧਤਾ ਕੀਤੀ, ਜਦਕਿ 2000 ਵਿੱਚ ਗੈਇਟੇ ਇੰਸਟੀਚਿਊਟ ਜਰਮਨੀ ਅਤੇ 2005 ਵਿੱਚ ਪੋਇਟਰੀ ਟਰਾਂਸਲੇਸ਼ਨ ਸੈਂਟਰ ਲੰਡਨ ਯੂਨੀਵਰਸਿਟੀ ਦੇ ਸੱਦੇ ਤੇ ਜਰਮਨੀ ਤੇ ਇੰਗਲੈਂਡ ਦੇ ਕਈ ਸ਼ਹਿਰਾਂ ਵਿੱਚ ਕਾਵਿ ਪਾਠ ਕੀਤਾ। ਉਹਨੇ ਭਾਰਤੀ ਪ੍ਰਤੀਨਿਧ ਲੇਖਕ ਮੰਡਲ ਦੇ ਮੈਂਬਰ ਵਜੋਂ ਚੀਨ, ਫਰਾਂਸ, ਇੰਗਲੈਂਡ, ਮਾਰੀਸ਼ਸ਼, ਜਰਮਨੀ, ਮੈਕਸੀਕੋ, ਆਸਟਰੀਆ, ਇਟਲੀ, ਤੁਰਕੀ, ਬਲਗਾਰੀਆ, ਕੰਬੋਡੀਆ, ਲਾਓਸ, ਇੰਡੋਨੇਸ਼ੀਆ ਆਦਿ ਦੇਸ਼ਾਂ ਦੀ ਯਾਤਰਾ ਕੀਤੀ।

ਸਾਹਿਤ ਅਕਾਦਮੀ ਇਨਾਮ ਜੇਤੂ ਪੁਸਤਕ 'ਚੋਂ ਸ਼ੀਰਸ਼ਕ ਕਵਿਤਾ ਦਾ ਅਨੁਵਾਦ ਪਾਠਕਾਂ ਦੀ ਦਿਲਚਸਪੀ ਲਈ ਪੇਸ਼ ਹੈ :

## ਮੈਂ ਜਦ ਤੱਕ ਆਈ ਬਾਹਰ

ਇਕਾਂਤ ਨਾਲ ਆਪਣੇ
ਬਦਲ ਚੁੱਕਾ ਸੀ
ਰੰਗ ਦੁਨੀਆਂ ਦਾ
ਅਰਥ ਭਾਸ਼ਾ ਦਾ
ਮੰਤਰ ਅਤੇ ਜਪ ਦਾ
ਧਿਆਨ ਅਤੇ ਪ੍ਰਾਰਥਨਾ ਦਾ
ਕੋਈ ਬੰਦ ਕਰ ਗਿਆ ਸੀ
ਬਾਹਰੋਂ
ਦੇਵਤਿਆਂ ਦੀਆਂ ਕੋਠੜੀਆਂ
ਹੁਣ ਉਹ ਖੁੱਲ੍ਹਦੀਆਂ ਨਹੀਂ ਸਨ
ਜਿੰਦਰੇ ਵੱਜੇ ਸਨ ਸਾਰੇ ਸ਼ਹਿਰ ਦੇ
ਦਿਲਾਂ ਤੇ
ਅੱਖਾਂ ਢਕ ਚੁੱਕੀਆਂ ਸਨ
ਅਗਿਆਤ ਪਰਤਾਂ ਨਾਲ
ਸੁਣਾਈ ਕੁਝ ਨਹੀਂ ਦਿੰਦਾ ਸੀ
ਮੈਂ ਜਦ ਤੱਕ ਆਈ ਬਾਹਰ
ਇਕਾਂਤ ਨਾਲ ਆਪਣੇ
ਰੰਗ ਹੋ ਚੁੱਕਾ ਸੀ ਲਾਲ
ਆਕਾਸ਼ ਦਾ
ਇਹ ਕੋਈ ਯੁੱਧ ਦਾ ਮੈਦਾਨ ਸੀ
ਤੁਰੀ ਜਾ ਰਹੀ ਸਾਂ
ਜਿਸ ਵਿੱਚ ਮੈਂ
ਲਾਲ ਰੌਸ਼ਨੀ ਵਿੱਚ
ਸ਼ਾਮ ਵਿੱਚ
ਮੈਂ ਇੰਨੀ ਦੇਰ ਵਿੱਚ ਆਈ ਬਾਹਰ
ਕਿ ਯੋਧੇ ਹੋ ਚੁੱਕੇ ਸਨ
ਅਦ੍ਰਿਸ਼
ਸ਼ਹੀਦ
ਯੁੱਧ ਵੀ ਹੋ ਚੁੱਕਾ ਸੀ
ਅਦ੍ਰਿਸ਼
ਭਾਵੇਂ
ਲੜਿਆ ਜਾ ਰਿਹਾ ਸੀ
ਹੁਣ ਵੀ
ਸਾਰੇ ਪਾਸੇ
ਕਿੱਥੇ ਪੈ ਰਿਹਾ ਸੀ
ਮੇਰਾ ਪੈਰ
ਚੀਕ ਆਉਂਦੀ ਸੀ
ਕਿਧਰੋਂ
ਕੁਝ ਪਤਾ ਨਹੀਂ ਲੱਗਦਾ ਸੀ
ਮੈਂ ਜਦ ਤੱਕ ਆਈ ਬਾਹਰ
ਖਾਲੀ ਹੋ ਚੁੱਕੇ ਸਨ ਮੇਰੇ ਹੱਥ
ਨਾ ਕਿਤੇ ਪੱਟੀ
ਨਾ ਮੱਲਮ
ਸਿਰਫ਼ ਇੱਕ ਮੰਤਰ ਮੇਰੇ ਕੋਲ ਸੀ
ਉਹੀ ਹੁਣ ਤੱਕ ਯਾਦ ਸੀ
ਕਿਸੇ ਨੇ ਮੈਨੂੰ
ਉਹ ਦਿੱਤਾ ਨਹੀਂ ਸੀ
ਮੈਂ ਖੁਦ ਹੀ
ਖੋਜਿਆ ਸੀ ਉਹਨੂੰ
ਇੱਕ ਦਿਨ
ਆਪਣੇ ਗਲੇ ਦੀ ਗੂੰ-ਗੂੰ 'ਚੋਂ
ਚਾਹੀਦਾ ਸੀ ਬੱਸ ਮੈਨੂੰ
ਤਿਣਕਾ ਮਾਤਰ ਘਾਹ
ਜੁੜੇ ਹੋਏ ਮੇਰੇ ਹੱਥ
ਧਿਆਨ
ਪ੍ਰਾਰਥਨਾ
ਸਭ ਪਾਸੇ ਸ਼ਾਂਤੀ ਲਈ
ਮੰਤਰ ਦਾ ਅਰਥ ਪਰ ਹੁਣ
ਉਹੀ ਨਹੀਂ ਸੀ
ਮੰਤਰ ਕਿਸੇ ਕੰਮ ਦਾ ਨਹੀਂ ਸੀ
ਮੈਂ ਜਦ ਤੱਕ ਆਈ ਬਾਹਰ
ਇਕਾਂਤ ਨਾਲ ਆਪਣੇ
ਬਦਲ ਚੁੱਕਾ ਸੀ ਰਹੱਸ
ਭਾਸ਼ਾ ਦਾ

- 1, ਲਤਾ ਗਰੀਨ ਐਨਕਲੇਵ, ਪਟਿਆਲਾ-147002.
9417692015.

# 'ਰੰਗ-ਪ੍ਰਸੰਗ: ਸੁਰਜੀਤ ਪਾਤਰ ਦੇ' ਵਰਿਆਮ ਸਿੰਘ ਸੰਧੂ ਦੀ ਨਵੀਂ ਪੁਸਤਕ

**ਬਰਨਾਲਾ :** ਪੰਜਾਬੀ ਦੇ ਸਿਰਮੌਰ ਕਥਾਕਾਰ ਅਤੇ ਸੁਰਜੀਤ ਪਾਤਰ ਦੇ ਦੋਸਤ ਵਰਿਆਮ ਸਿੰਘ ਸੰਧੂ ਵਲੋਂ ਲਿਖੀ ਗਈ "ਰੰਗ - ਪ੍ਰਸੰਗ : ਸੁਰਜੀਤ ਪਾਤਰ ਦੇ" ਪੁਸਤਕ ਵਿੱਚ ਪਾਤਰ ਨਾਲ ਜੁੜੇ ਅਨੇਕ ਪ੍ਰਸੰਗਾਂ ਨੂੰ ਉਜਾਗਰ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਵਖ ਵਖ ਲੇਖਕਾਂ ਦੇ ਸੁਰਜੀਤ ਪਾਤਰ ਬਾਰੇ ਸਮੇਂ ਸਮੇਂ ਪ੍ਰਗਟ ਕੀਤੇ ਗਏ ਵਿਚਾਰਾਂ ਨੂੰ ਵੀ ਅੰਕਿਤ ਕੀਤਾ ਹੈ। ਵਰਿਆਮ ਸਿੰਘ ਸੰਧੂ ਨੇ ਲਿਖਿਆ ਹੈ ਕਿ ਸੰਤ ਸਿੰਘ ਸੇਖੋਂ ਨੇ ਕਦੀ ਕਿਹਾ ਸੀ ਕਿ ਵੀਹਵੀਂ ਸਦੀ ਵਿੱਚ ਪੰਜਾਬੀ ਕਵਿਤਾ ਦੀਆਂ ਸੱਤ ਚੋਟੀਆਂ ਹਨ:- ਭਾਈ ਵੀਰ ਸਿੰਘ, ਪ੍ਰੋ ਪੂਰਨ ਸਿੰਘ, ਪ੍ਰੋ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਸ਼ਿਵ ਕੁਮਾਰ, ਪਾਸ਼ ਅਤੇ ਸੁਰਜੀਤ ਪਾਤਰ। ਇੱਕਵੀਂ ਸਦੀ ਦੀ ਪਹਿਲੀ ਚੌਥਾਈ ਵਿੱਚ ਕੇਵਲ ਤੇ ਕੇਵਲ ਸੁਰਜੀਤ ਪਾਤਰ ਪੰਜਾਬੀ ਕਵਿਤਾ ਦੀ ਮਾਊਂਟ ਐਵਰੈਸਟ ਬਣ ਕੇ ਸ਼ਾਨ ਨਾਲ ਸਭ ਤੋਂ ਉੱਚਾ ਖਲੋਤਾ ਸੀ।

ਅੱਜ ਤੱਕ ਸਟੇਜਾਂ 'ਤੇ ਭਾਸ਼ਨ ਕਰਨ ਵਾਲੇ ਵੱਡੇ ਬੁਲਾਰੇ ਆਪਣੀ ਗੱਲ ਨੂੰ ਪੁਸ਼ਟ ਕਰਨ ਲਈ, ਉਰਦੂ ਦੇ ਵੱਡੇ ਸ਼ਾਇਰਾਂ ਦੇ ਸ਼ਿਅਰ ਬੋਲਿਆ ਕਰਦੇ ਸਨ, ਪਰ ਹੁਣ ਉਹਨਾਂ ਨੂੰ ਉਰਦੂ ਜਾਂ ਹਿੰਦੀ ਵੱਲ ਵੇਖਣ ਦੀ ਲੋੜ ਨਹੀਂ ਪੈਂਦੀ, ਹੁਣ ਲੋੜ ਪੈਣ 'ਤੇ ਉਹਨਾਂ ਦੇ ਭਾਸ਼ਣਾਂ ਨੂੰ ਸ਼ਿੰਗਾਰਨ ਵਾਸਤੇ ਪਾਤਰ ਦੇ ਸ਼ਿਅਰ ਹੱਸਦੇ ਹੋਏ ਆ ਕੇ ਉਹਨਾਂ ਦੇ ਬੋਲਾਂ ਵਿਚ ਬੈਠ ਜਾਂਦੇ ਨੇ। ਉਹਦੇ ਸ਼ਿਅਰਾਂ ਨੂੰ ਤੁਸੀਂ ਅਸੀਂ ਤਾਂ ਸਟੇਜਾਂ 'ਤੇ ਸਮਾਗਮਾ ਵਿਚ ਬੋਲਦੇ ਹੀ ਹਾਂ, ਪਰ ਉਹਦੇ ਸ਼ਿਅਰ ਤਾਂ ਭਾਰਤ ਦੀ ਸੰਸਦ ਵਿਚ ਵੀ, ਪੰਜਾਬ ਦੀ ਅਸੈਂਬਲੀ ਵਿਚ ਵੀ ਗੂੰਜਦੇ ਰਹੇ ਨੇ। ਗੂੰਜਦੇ ਰਹਿਣ ਨੇ!




ਉਸ ਦੇ ਸ਼ਿਅਰ ਤਾਂ ਗੁਰਦਿਆਲ ਸਿੰਘ ਦੇ ਨਾਵਲਾਂ ਦੇ ਪਾਤਰ ਵੀ ਬੋਲਦੇ ਨੇ।

ਰਵੀਸ਼ ਕੁਮਾਰ ਵਰਗਾ ਭਾਰਤ ਦਾ ਨਾਮਵਰ ਪੱਤਰਕਾਰ ਬੋਲਦਾ ਹੈ।

ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਜਿਸਦੀ ਕਵਿਤਾ ਦਾ ਕਦਰਦਾਨ ਸੀ। ਹੋਰ ਤੇ ਹੋਰ ਗੁਰਬਾਣੀ ਦੀ ਕਥਾ ਕਰਨ ਵਾਲੇ, (ਜਿਨ੍ਹਾਂ ਕੋਲ ਆਪਣੀ ਗੱਲ ਪੁਸ਼ਟ ਕਰਨ ਲਈ ਗੁਰਬਾਣੀ ਵਿੱਚੋਂ ਦ੍ਰਿਸ਼ਟਾਂਤ ਦੇਣ ਵਾਸਤੇ ਭਰਿਆ-ਪੂਰਾ ਸਮੁੰਦਰ ਪਿਆ ਹੈ), ਭਾਈ ਪਿੰਦਰਪਾਲ ਸਿੰਘ ਵਰਗੇ ਵੀ ਆਪਣੇ ਪ੍ਰਵਚਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸੁਰਜੀਤ ਪਾਤਰ ਦੇ ਸ਼ਿਅਰ ਆਸਰਾ ਬਣਦੇ ਹਨ। ਉਹ ਪੰਜਾਬੀ ਦਾ ਇੱਕੋ-ਇੱਕ ਸ਼ਾਇਰ ਹੈ ਜਿਸਨੂੰ ਵਾਰਿਸਸ਼ਾਹ ਵਰਗੀ ਲੋਕ-ਪ੍ਰਿਯਤਾ ਹਾਸਲ ਹੋਈ ਹੈ ਤੇ ਵਾਰਿਸਸ਼ਾਹ ਵਾਂਗ ਹੀ ਉਸਦੇ ਸ਼ਿਅਰ ਕੋਟ ਕੀਤੇ ਜਾਂਦੇ ਹਨ। ਕਦੀ ਕੋਈ ਗੁੰਝਲਦਾਰ ਘਟਨਾ ਜਾਂ ਵਰਤਾਰਾ ਵਾਪਰ ਜਾਏ ਤਾਂ ਲੋਕ ਕਹਿੰਦੇ ਰਹੇ ਹਨ, "ਹੁਣ ਏਥੇ ਵਾਰੇਸ਼ਾਹ ਕੀ ਲਿਖੂ?"

ਅੱਗੇ ਤੋਂ ਅਜਿਹੀ ਮੁਸ਼ਕਿਲ ਬਣਨ 'ਤੇ ਲੋਕ ਕਿਹਾ ਕਰਨਗੇ, "ਹੁਣ ਏਥੇ ਪਾਤਰ ਕੀ ਲਿਖੂ?"

ਵਾਰਿਸਸ਼ਾਹ ਵਾਂਗ ਉਸਦੇ ਬੋਲ ਪੰਜਾਬੀਆਂ ਦੇ ਦਿਲਾਂ ਦੀ ਆਵਾਜ਼ ਬਣ ਕੇ ਧੜਕਦੇ ਰਹਿਣਗੇ।

ਸੁਰਜੀਤ ਪਾਤਰ ਜਨਮ ਦੇ ਦਿਹਾੜੇ ਨੂੰ ਸਮਰਪਿਤ ਸਮਾਗਮ ਮੌਕੇ ਤਰਕਸ਼ੀਲ ਭਵਨ ਬਰਨਾਲਾ ਵਿਖੇ 11 ਜਨਵਰੀ ਨੂੰ ਲੋਕ ਅਰਪਣ ਕੀਤੀ ਜਾਏਗੀ।

# ‘ਰੱਬ ਇੱਕ ਗੁੰਝ਼ਲਦਾਰ ਬੁਝਾਰਤ’?

ਪ੍ਰੋਫੈਸਰ ਮੋਹਨ ਸਿੰਘ ਦੀ ਇਸ ਸਿਰਲੇਖ ਵਾਲ਼ੀ ਪ੍ਰਸਿੱਧ ਕਵਿਤਾ, ਰੱਬ ਨੂੰ ਸਮਝਣ ਅਤੇ ਮਿਲਣ ਦੇ ਔਖੇ ਪਰ ਅਸਫਲ ਢੰਗਾਂ ਦਾ ਸੰਖੇਪ ਵਰਣਨ ਕਰਦੀ ਹੈ। ਨੱਬੇ ਸਾਲ ਪਹਿਲਾਂ ਛਪੀ, ਇਹ ਅੱਜ ਵੀ ਪੰਜਾਬੀ ਦੀਆਂ ਹਰਮਨ ਭਾਉਂਦੀਆਂ ਕਵਿਤਾਵਾਂ ‘ਚ ਗਿਣੀ ਜਾਂਦੀ ਹੈ ਅਤੇ ਇਸ ਦੀਆਂ ਪਹਿਲੀਆਂ ਤੁਕਾਂ ਹਨ:

ਰੱਬ ਇੱਕ ਗੁੰਝ਼ਲਦਾਰ ਬੁਝਾਰਤ, ਰੱਬ ਇੱਕ ਗੋਰਖ-ਧੰਦਾ।

ਖੋਲ੍ਹਣ ਲੱਗਿਆਂ ਭੇਦ ਏਸ ਦੇ, ਕਾਫ਼ਰ ਹੋ ਜਾਏ ਬੰਦਾ।

ਆਪਣੀ ਕਵਿਤਾ ਦਾ ਨਾਇਕ ‘ਰੱਬ’ ਨੂੰ ਬਣਾ ਕੇ ਉਨ੍ਹਾਂ ਨੇ ਆਪਣੀ ਧਾਰਮਿਕ ਸੂਝ-ਬੂਝ ਦਾ ਸਬੂਤ ਦਿੱਤਾ ਹੈ, ਕਿਉਂਕਿ ਉਸ ਦੇ ਅਣਗਿਣਤ ਨਾਵਾਂ ’ਚੋਂ ਇਹ ਹੀ ਇੱਕ ਐਸਾ ਨਾਉਂ ਹੈ ਜੋ ਅਜੇ ਤੱਕ ਕਿਸੇ ਧਰਮ ਜਾਂ ਸੰਪਰਦਾ ਵਲੋਂ ‘ਪੇਟੈਂਟ’ ਨਹੀਂ ਕਰਵਾਇਆ ਗਿਆ। ਇਸੇ ਕਰ ਕੇ ਪੰਰਪਰਾ-ਗਤ ਧਰਮਾਂ ਦੇ ਕਥਿਤ ਰਾਖੇ ਇਸ ਨਾਉਂ ਨੂੰ ਬਹੁਤੀ ਮਹੱਤਤਾ ਨਹੀਂ ਦਿੰਦੇ ਅਤੇ ਇਸ ਲਈ ਮਰ-ਮਿਟਣ ਦੇ ਦਾਅਵੇ ਨਹੀਂ ਕਰਦੇ। ਚੰਗੀ ਗੱਲ ਇਹ ਹੈ ਕਿ ਅੱਜ ਵੀ ਇਹ ਨਾਉਂ ਸੰਪ੍ਰਦਾਇਕਤਾ ਤੋਂ ਨਿਰਲੇਪ ਅਤੇ ਇੱਕ ਗੈਰ-ਰਸਮੀ ਨਾਉਂ ਹੈ, ਜਿਸ ਨਾਲ਼ ਅਸੀਂ ਕੁਛ

**ਇੰਜ. ਈਸ਼ਰ ਸਿੰਘ**
**ਫੋਨ: 647-640-2014**

ਖੁੱਲ੍ਹ-ਖੇਡ ਲੈ ਸਕਦੇ ਹਾਂ। ਇਸ ਨਾਉਂ ਰਾਹੀਂ ਅਸੀਂ ਉਸ ਨੂੰ ਕਿਸੇ ਖੁਸ਼ਾਮਦੀ ਵਿਸ਼ੇਸ਼ਣ ਵਰਤਣ ਤੋਂ ਬਗੈਰ, ਬੇ-ਝਿਜਕ ਹੋ ਕੇ ਮੁਖਾਤਿਬ ਕਰ ਸਕਦੇ ਹਾਂ ਅਤੇ ਕਿਸੇ ਵੀ ਭਾਵ ਨਾਲ਼ ਵਰਤ ਸਕਦੇ ਹਾਂ, ਇਥੋਂ ਤੱਕ ਕਿ ਉਸ ਦੀ ਹੋਂਦ ਤੋਂ ਵੀ ਇਨਕਾਰੀ ਹੋ ਸਕਦੇ ਹਾਂ। ਇਸ ਰਾਹੀਂ ਅਸੀਂ ਉਸ ਨੂੰ ਪਿਆਰ ਕਰ ਸਕਦੇ ਹਾਂ, ਉਸ ਨਾਲ਼ ਰੋਸਾ ਕਰ ਸਕਦੇ ਹਾਂ। ਉਸ ਨੂੰ ਚੰਗਾ-ਨਾ-ਚੰਗਾ ਕਹਿ ਸਕਦੇ ਹਾਂ। ਉਸ ਤੋਂ ਕੁਛ ਮੰਗ ਸਕਦੇ ਹਾਂ ਅਤੇ ਨਾ ਮਿਲਣ ‘ਤੇ ਉਲਾਂਭੇ ਦੇ ਸਕਦੇ ਹਾਂ, ਵੱਧ-ਘੱਟ ਵੀ ਬੋਲ ਸਕਦੇ ਹਾਂ, ਇਸ ਸੰਸਾਰ ਦਾ ਪ੍ਰਬੰਧ ਸਹੀ ਤਰੀਕੇ ਨਾਲ਼ ਨਾ ਕਰ ਸਕਣ ਲਈ ਪੱਖ-ਪਾਤੀ ਤੇ ਬੇ-ਦਰਦ ਕਹਿ ਸਕਦੇ ਹਾਂ। ਇਥੋਂ ਤੱਕ ਕਹਿ ਸਕਦੇ ਹਾਂ ਕਿ ਉਹ ਮਨੁੱਖੀ ਹਾਲਾਤਾਂ ਅਤੇ ਭਾਵਨਾਵਾਂ ਪ੍ਰਤੀ ਉਦਾਸੀਨ ਅਤੇ ਬੇ-ਕਿਰਕ ਹੈ ਕਿਉਂਕਿ ਉਸ ਦੇ ਸਾਹਮਣੇ ਚੰਗਿਆਂ ਦਾ ਮੰਦਾ ’ਤੇ ਮੰਦਿਆਂ ਦਾ ਚੰਗਾ ਹੋਈ ਜਾਂਦਾ ਹੈ। ਕਹਿ ਸਕਦੇ ਹਾਂ ਕਿ ਐਨੇ ਚਿਰ ਤੋਂ ਰੱਬ-ਪੁਣਾ ਕਰਦੇ ਹੋਣ ਦੇ ਬਾਵਜੂਦ ਉਸ ਨੇ ਆਪਣੇ ਤਜਰਬੇ ਤੋਂ ਬਹੁਤੇ ਸਬਕ ਨਹੀਂ ਸਿੱਖੇ। ਇਹ ਸਭ ਕਹਿਣ ਲਈਂ ਸਾਨੂੰ ਕੋਈ ਕੁਛ ਨਹੀਂ ਕਹਿੰਦਾ ਜਦ ਕਿ ‘ਪੇਟੈਂਟ’ ਕੀਤੇ ਨਾਉਆਂ ਰਾਹੀਂ ਰੱਬ ਬਾਰੇ ਇੰਨਾ ਸੋਚ ਲੈਣ ਦੀ ਵੀ ਸਜਾ ਮਿਲ ਸਕਦੀ ਹੈ। ਇਸ ਨਾਉਂ ਰਾਹੀਂ ਰੱਬ ਨਾਲ਼ ਇਸ ਤਰ੍ਹਾਂ ਦੀ ਖੁੱਲ੍ਹ-ਖੇਡ ਸ਼ਿਵ ਕੁਮਾਰ ਬਟਾਲਵੀ ਅਤੇ ਸਾਈਂ ਬੁੱਲੇ ਸ਼ਾਹ ਵਰਗਿਆਂ ਨੇ ਵੀ ਲਈ ਹੈ।

ਇਹ ਨਾਉਂ ਦੋਨਾਂ ਪੰਜਾਬਾਂ ਦੀ ਆਮ ਜਨਤਾ ‘ਚ ਹਰਮਨ-ਪਿਆਰਾ ਹੈ ਭਾਵੇਂ ਕਿ ‘ਪੰਜਾਬ’ ਸਬਦ ਦੀ ਤਰ੍ਹਾਂ ਇਹ ਵੀ ਪੰਜਾਬੀ ਭਾਸ਼ਾ ਦਾ ਸ਼ਬਦ ਨਹੀਂ: ‘ਰੱਬ’ ਅਰਬੀ ਭਾਸ਼ਾ ਦਾ ਸ਼ਬਦ ਹੈ ਜਦ ਕਿ ‘ਪੰਜਾਬ’ ਫਾਰਸੀ ਦਾ। ਭਾਰਤੀ ਧਾਰਮਿਕ ਗ੍ਰੰਥਾਂ ‘ਚ ਇਹ ਨਾਉਂ ਨਾਂਹ ਦੇ ਬਰਾਬਰ ਵਰਤਿਆ ਗਿਆ ਹੈ। ਇਸ ਦਾ ਮਤਲਬ ਇਹ ਨਹੀਂ ਕਿ ਰੱਬ ਦੇ ਇਸ ਨਾਉਂ ਦੀ ਮਹੱਤਤਾ ਹੋਰਾਂ ਤੋਂ ਘੱਟ ਹੈ। ਇਹ ਇਸਲਾਮ ਧਰਮ ਦੇ ਉਨ੍ਹਾਂ 99 ਮਿਆਰੀ ਨਾਉਆਂ ‘ਚੋਂ ਇੱਕ ਹੈ ਜਿਨ੍ਹਾਂ ਦਾ ਜ਼ਿਕਰ ਪਵਿੱਤਰ ਕੁਰਾਨ ਸ਼ਰੀਫ ‘ਚ ਆਉਂਦਾ ਹੈ। ਇਸ ਦਾ ਭਾਵ ਮਾਲਿਕ, ਰਾਖਾ ਜਾਂ ਪਾਲਣਹਾਰ ਹੈ ਜਿਸ ਕਰ ਕੇ ਉਸ ਨੂੰ ‘ਰੱਬ-ਉਲ-ਆਲਮੀਨ’ ਯਾਣੀ ਕਿ ਸਾਰੇ ਸੰਸਾਰ ਦਾ ਰੱਬ ਕਿਹਾ ਗਿਆ ਹੈ, ਨਾਂ ਕਿ ਸਿਰਫ ਇਸਲਾਮ ਦੇ ਉਪਾਸ਼ਕਾਂ ਦਾ। ਰੱਬ ਦੇ ਸਭ ਨਾਉਂ ਉਸ ਦੇ ਗੁਣ-ਵਾਚਕ ਨਾਉਂ ਹਨ, ਉਸ ਦੇ ਸਿਫਾਤੀ ਜਾਂ ‘ਕੁਆਲੀਟੇਟਿਵ’ ਨਾਉਂ ਹਨ, ਜੋ ਉਸ ਦੇ ਉਪਾਸ਼ਕਾਂ ਨੇ ਆਪੋ-ਆਪਣੇ ਪਿਆਰ ‘ਚ ਆ ਕੇ ਰੱਖੇ ਹੋਏ ਹਨ, ਕਿਉਂਕਿ ਉਸ ਦੇ ਅਸਲ ਨਾਉਂ ਦਾ ਕਿਸੇ ਨੂੰ ਪਤਾ ਨਹੀਂ। ਅਸਲ ਨਾਉਂ ਓਹ ਹੁੰਦਾ ਹੈ ਜੋ ਕਿਸੇ ਦੇ ਮਾਤਾ-ਪਿਤਾ ਨੇ ਰੱਖਿਆ ਹੋਵੇ ਅਤੇ ਸਰਕਾਰੇ-ਦਰਬਾਰੇ ਪਰਵਾਨ ਹੋਵੇ। ਰੱਬ ਦੇ ਕੇਸ ‘ਚ ਇਹ ਸੰਭਵ ਨਹੀਂ ਕਿਉਂਕਿ ਉਸ ਦਾ ਕੋਈ ਮਾਤਾ-ਪਿਤਾ ਜਾਂ ਭੈਣ-ਭਰਾ ਨਹੀਂ ਅਤੇ ਓਹ ਆਪਣੇ-ਆਪ ਹੀ ਬਣਿਆ ਦੱਸੀਂਦਾ ਹੈ। ਹਰ ਨਾਉਂ ਨਾਲ਼ ਉਪਾਸ਼ਕਾਂ ਦੀਆਂ ਭਾਵਨਾਵਾਂ, ਸ਼ਰਧਾ ਅਤੇ ਪ੍ਰੇਮ ਜੁੜਿਆ ਹੋਇਆ ਹੈ ਅਤੇ ਇਸ ਤਰ੍ਹਾਂ ਦੇ ਨਾਉਂ ਅਸੀਂ ਆਪਣੇ ਮਹਾਂ-ਪੁਰਖਾਂ ਦੇ ਵੀ ਰੱਖੇ ਹੋਏ ਹਨ। ਉਦਾਹਰਣ ਵਜੋਂ, ਅਸੀਂ ਸ੍ਰੀ ਕ੍ਰਿਸ਼ਨ ਭਗਵਾਨ ਨੂੰ ਬੰਸਰੀ ਵਾਲ਼ਾ, ਸ਼ਿਆਮ-ਸੁੰਦਰ, ਮੁਰਲੀ ਮਨੋਹਰ, ਮੁਰਾਰੀ ਕਹਿੰਦੇ ਹਾਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਗੁਜਰੀ ਦਾ ਚੰਨ, ਬਾਜਾਂ ਵਾਲ਼ਾ, ਕਲਗੀਆਂ ਵਾਲ਼ਾ, ਅੰਮ੍ਰਿਤ ਦਾ ਦਾਤਾ, ਸਰਬੰਸ-ਦਾਨੀ ਕਹਿੰਦੇ ਹਾਂ। ਇਸ ਤੋਂ ਸਪਸ਼ਟ ਹੈ ਕਿ ਰੱਬ ਦੇ ਸਾਰੇ ਨਾਉਂ ਸਤਿਕਾਰ-ਯੋਗ ਹਨ ਅਤੇ ਇਨ੍ਹਾਂ ਬਾਰੇ ਬਹਿਸਾਂ ਕਰਨਾ ਗਲਤ ਹੈ, ਕਿਉਂਕਿ ਇਹ ਉਸ ਨੂੰ ਗੁੰਝ਼ਲਦਾਰ ਬੁਝਾਰਤ ਜਾਂ ਗੋਰਖ-ਧੰਦਾ ਬਣਾਉਣ ਦਾ ਇੱਕ ਕਾਰਨ ਬਣਦਾ ਹੈ।

ਇਸ ਤਰ੍ਹਾਂ, ਸਰਲ ਸੁਭਾਅ ਦੇ ਮਾਲਿਕ ਰੱਬ ਦੇ ਦੋ ਪੱਖ ਹਨ ਜੋ ਸਾਨੂੰ ਆਪਾ-ਵਿਰੋਧੀ ਲਗਦੇ ਹਨ। ਇਸ ਦਾ ਇੱਕੋ-ਇੱਕ ਸਪਸ਼ਟੀਕਰਨ ਇਹ ਹੈ ਕਿ ਜੇ ਉਸ ਨੂੰ ਸਹੀ ਢੰਗ ਨਾਲ਼ ਸਮਝਿਆ ਜਾਵੇ ਤਾਂ ਓਹ ਸਰਲ ਹੈ ਜੇ ਸਹੀ ਨਾਲ਼ ਨਾ ਸਮਝਿਆ ਜਾਵੇ ਤਾਂ ਓਹ ਗੁੰਝ਼ਲਦਾਰ ਹੈ। ਕੀ ਅਸੀਂ ਗੁੰਝ਼ਲਦਾਰ ਬਣੇ ਰੱਬ ਨੂੰ ਸਰਲ ਬਣਾ ਸਕਦੇ ਹਾਂ? ਇਸ ਸਵਾਲ ਦਾ ਜਵਾਬ ਸਮਝਣ ਲਈ ਆਪਾਂ ਸਾਇੰਸ ਅਤੇ ਤਕਨੌਲੋਜੀ ਨੂੰ ਉਦਾਹਰਣ ਅਤੇ ਬਿੰਬ (ਮੈਟਾਫਰ) ਬਣਾਉਂਦੇ ਹਾਂ, ਕਿਉਂਕਿ ਔਖੀਆਂ ਗੱਲਾਂ ਨੂੰ ਸਮਝਣ ਲਈ ਆਪਾਂ ਆਪਣੀਆਂ ਜਾਣੀਆਂ-ਪਛਾਣੀਆਂ ਚੀਜਾਂ ਦੀਆਂ ਉਦਾਹਰਣਾਂ ਅਤੇ ਉਨ੍ਹਾਂ ਦੇ ਬਿੰਬਾਂ ਦਾ ਸਹਾਰਾ ਆਮ ਲੈਂਦੇ ਹਾਂ। ਪਹਿਲੇ ਸਮਿਆਂ ‘ਚ ਸਾਡਾ ਵਾਹ ਗੁੰਝ਼ਲਦਾਰ ਅਤੇ ਗੋਰਖਧੰਦਾ-ਨੁਮਾ ਚੀਜ਼ਾਂ ਨਾਲ਼ ਬਹੁਤ ਘੱਟ ਪੈਂਦਾ ਸੀ। ਪਰ ਅੱਜ ਸਾਇੰਸ ਅਤੇ ਤਕਨੌਲੋਜੀ ਕਰ ਕੇ ਬਣੇ ਇਸ ਤਰ੍ਹਾਂ ਦੇ ਅਨੇਕਾਂ ਜੰਤਰਾਂ, ਮਸ਼ੀਨਾਂ ਅਤੇ ਸਿਸਟਮਾਂ ਨਾਲ਼ ਸਾਡਾ ਵਾਹ ਹਰ ਵਕਤ ਪੈਂਦਾ ਹੈ। ਇਹ ਰੱਬ ਜਿੰਨੇ ਗੁੰਝ਼ਲਦਾਰ ਭਾਵੇਂ ਨਹੀਂ ਫਿਰ ਵੀ ਇਨ੍ਹਾਂ ‘ਚੋਂ ਕਿਸੇ ਦੀ ਵੀ ਥਿਉਰੀ ਜਾਂ ਬਣਤਰ ਦਾ ਸਾਨੂੰ ਪਤਾ ਨਹੀਂ, ਕਿਸੇ ਦੇ ਕੰਮ ਕਰਨ ਦੇ ਵਿਧੀ-ਵਿਧਾਨ ਦਾ ਕੋਈ ਪਤਾ ਨਹੀਂ। ਇਹ ਸਭ ਸਾਡੇ ਲਈ ‘ਬਲੈਕ ਬੌਕਸ’ ਹਨ, ਫਿਰ ਵੀ ਅਸੀਂ ਇਨ੍ਹਾਂ ਦੀ ਪੂਰੇ ਭਰੋਸੇ ਅਤੇ ਸੁਰੱਖਿਅਤ ਢੰਗ ਨਾਲ਼ ਵਰਤੋਂ ਕਰਦੇ ਹਾਂ ਅਤੇ ਇਨ੍ਹਾਂ ਤੋਂ ਪੂਰਾ ਲਾਭ ਉਠਾ ਰਹੇ ਹਾਂ। ਨਤੀਜੇ ਵਜੋਂ ਅੱਜ ਸਾਰਾ ਸੰਸਾਰ ਅਭੂਤ-ਪੂਰਵ ਵਿਕਾਸ ਕਰ ਚੁੱਕਿਆ ਹੈ ਅਤੇ ਬਹੁਤ ਖ਼ੁਸ਼ਹਾਲ ਹੈ। ਇਨ੍ਹਾਂ ‘ਚੋਂ ਕੁਛ ਜੰਤਰ ਆਪਾਂ ਨਿਜੀ ਤੌਰ ਤੇ ਵਰਤਦੇ ਹਾਂ ਅਤੇ ਬਹੁਤੇ ਸਮੂਹਕ ਤੌਰ ਤੇ। ਜਿਵੇਂ ਕਿ ਕਾਰ ਅਤੇ ਮੋਬਾਈਲ ਆਦਿ ਨੂੰ ਨਿਜੀ ਤੌਰ ਤੇ ਵਰਤਦੇ ਹਾਂ ਅਤੇ ਹਵਾਈ ਜਹਾਜ, ਸ਼ਹਿਰਾਂ ਦੇ ਜਲ-ਸਪਲਾਈ, ਸੀਵਰੇਜ, ਬਿਜਲੀ ਦੇ ਪ੍ਰਬੰਧ ਜਾਂ ਡਾਕਟਰੀ ਦੀਆਂ ਮਸ਼ੀਨਾਂ ਆਦਿ ਨੂੰ ਸਮੂਹਕ ਤੌਰ ਤੇ ਵਰਤਦੇ ਹਾਂ। ਉਦਾਹਰਣ ਵਜੋਂ ਅੱਜ ਦੀ ਕਾਰ ‘ਚ ਕਰੀਬ ਚਾਲ਼ੀ ਹਜਾਰ ਪੁਰਜੇ ਹੁੰਦੇ ਹਨ ਅਤੇ ਕਰੀਬ ਇੱਕ ਦਰਜਨ ਇੰਜਨੀਅਰੀ ਬ੍ਰਾਂਚਾਂ ਦੇ ਸੁਮੇਲ ਨਾਲ਼ ਇਸ ਨੂੰ ਤਿਆਰ ਕੀਤਾ ਜਾਂਦਾ ਹੈ। ਇੰਨੀ ਗੁੰਝ਼ਲਦਾਰ ਮਸ਼ੀਨਰੀ ਹੋਣ ਦੇ ਬਾਵਜੂਦ ਸੰਸਾਰ ਭਰ ‘ਚ ਲੋਕ ਅਸਾਨੀ ਨਾਲ਼ ਇਨ੍ਹਾਂ ਨੂੰ ਚਲਾ ਰਹੇ ਅਤੇ ਇਨ੍ਹਾਂ ਦਾ ਲਾਭ ਉਠਾ ਰਹੇ ਹਨ। ਇਨ੍ਹਾਂ ਦੀ ਵਰਤੋਂ ਲਈ ਸਾਨੂੰ ਸਿਰਫ ਸਟੇਰਿੰਗ, ਬਰੇਕ, ਐਕਸਲਰੇਟਰ, ਗੇਅਰ, ਗੈਸ ਦੀ ਟੈਂਕੀ ਆਦਿ ਬਾਰੇ ਜਾਣਕਾਰੀ ਹੋਣੀ ਚਾਹੀਂਦੀ ਹੈ, ਜਾਂ ਫਿਰ ਇਨ੍ਹਾਂ ਨੂੰ ਚਲਾਉਣ ਦੇ ਲਸੰਸ ਲੈਣੇ ਅਤੇ ਟ੍ਰੈਫਿਕ ਦੇ ਨੇਮ ਸਿੱਖਣੇ ਪੈਂਦੇ ਹਨ।

ਇਸ ਵਰਗੀ ਉਦਾਹਰਣ ਹੀ ਬਿਜਲੀ ਦੀ ਹੈ। ਅਸੀਂ ਘਰ ‘ਚ ਦਾਖਲ ਹੋ ਕੇ, ਉਂਗ਼ਲ ਨਾਲ਼ ਛੋਟੀ ਜਿਹੀ ਸੁੱਚ ਦਬਦੇ ਹਾਂ ਅਤੇ ਸਾਰਾ ਘਰ ਜਗ-ਮਗਾ ਉਠਦਾ ਹੈ ਅਤੇ ਉਸ ਤੋਂ ਬਾਅਦ ਹੋਰ ਜ਼ਰੂਰੀ ਕੰਮ ਵੀ ਸੁੱਚਾਂ ਦੱਬ-ਦੱਬ ਕੇ ਹੀ ਕਰੀਂ ਜਾਂਦੇ ਹਾਂ। ਸਭ ਕੁਛ ਕਿਵੇਂ ਹੋਈਂ ਜਾਂਦਾ ਹੈ? ਕਦੇ ਸੋਚਿਆ-ਸਮਝਿਆ ਵੀ ਨਹੀਂ ਅਤੇ ਸੋਚਣ-ਸਮਝਣ ਦੀ ਕੋਈ ਲੋੜ ਵੀ ਨਹੀਂ ਪੈਂਦੀ। ਇਨ੍ਹਾਂ ਜੰਤਰਾਂ, ਮਸ਼ੀਨਾਂ ਅਤੇ ਸਿਸਟਮਾਂ ਨੂੰ ਬਣਾਉਣ ਵਾਲ਼ਿਆਂ ਨੇ ਇਨ੍ਹਾਂ ‘ਚ ਓਹ ਸਭ ਸਾਜੋ-ਸਮਾਨ ਲਾਇਆ ਹੋਇਆ ਹੈ ਜਿਸ ਕਰ ਕੇ ਇਨ੍ਹਾਂ ਦੀ ਵਰਤੋਂ ਅਸਾਨ ਵੀ ਹੈ ਅਤੇ ਇਨ੍ਹਾਂ ਤੋਂ ਇੱਛਿਤ ਲਾਭ ਵੀ ਉਠਾਏ ਜਾ ਰਹੇ ਹਨ। ਭਾਵ ਕਿ ਸਾਨੂੰ ਕਿਸੇ ਜੰਤਰ, ਮਸ਼ੀਨ ਜਾਂ ਸਿਸਟਮ ਨੂੰ ਵਰਤਣ ਅਤੇ ਉਸ ਤੋਂ ਫਾਇਦਾ ਉਠਾਉਣ ਲਈ ਉਸ ਦੀ ਇੰਜਨੀਅਰੀ ਅਤੇ ਅੰਦਰੂਨੀ ਗੁੰਝ਼ਲਾਂ ਸਮਝਣ ਦੀ ਲੋੜ ਨਹੀਂ। ਇਹ ਤਰਕੀਬ ਰੱਬ ‘ਤੇ ਵੀ ਲਾਗੂ ਹੁੰਦੀ ਹੈ ਕਿ ਸਾਨੂੰ ਉਸ ਦੇ ਗੁੱਝੇ ਭੇਦਾਂ ਅਤੇ ਔਖੇ ਫਲਸਫਿਆਂ ਨੂੰ ਜਾਣਨ-ਸਮਝਣ ਦੀ ਬਹੁਤੀ ਲੋੜ ਨਹੀਂ। ਅਸੀਂ ਉਸ ਦੇ ਸਟੇਰਿੰਗ/ ਬਰੇਕ ਨੁਮਾ, ਕੁਛ ਗੁਣਾਂ ਅਤੇ ਲੱਛਣਾਂ ਦੀ ਖੋਜ ਕਰ ਕੇ ਅਤੇ ਸਮਝ ਕੇ ਹੀ ਉਸ ਦਾ ਪੂਰਾ ਲਾਹਾ ਲੈ ਸਕਦੇ ਹਾਂ। ਪ੍ਰੋਫੈਸਰ ਸਾਹਿਬ ਵੀ ਇਸ ਖੋਜ ਲਈ ਸਾਨੂੰ ਉਤਸ਼ਾਹਿਤ ਕਰਦੇ ਹਨ ਕਿ ਸਾਨੂੰ ਇਸ ਤਰ੍ਹਾਂ ਦੀਆਂ ਖੋਜਾਂ ਕਰਨ ਤੋਂ ਇਸ ਕਰ ਕੇ ਨਹੀਂ ਡਰਨਾ ਨਹੀਂ ਚਾਹੀਂਦਾ, ਕਿ ਅਸੀਂ ਕਿਤੇ ਕਾਫ਼ਰ ਨਾਂ ਗਰਦਾਨੇ ਜਾਈਏ।

ਕਾਫ਼ਰ ਹੋਣੋਂ ਡਰ ਕੇ ਜੀਵੇਂ, ਖੋਜੋਂ ਮੂਲ ਨਾ ਖੁੰਝੀਂ। ਲਾਈ-ਲੱਗ ਮੋਮਨ ਦੇ ਕੋਲੋਂ ਖੋਜੀ ਕਾਫ਼ਰ ਚੰਗਾ।

ਉਨ੍ਹਾਂ ਨੇ ਖੁਦ ਇਹ ਖੋਜ ਕੀਤੀ ਕੀਤੀ ਲਗਦੀ ਹੈ, ਤਾਂ ਹੀ ਓਹ ‘ਸਾਡੇ ਖੂਹ ’ਤੇ ਵਸਦਾ ਰੱਬ ਨੀ’ ਦਾ ਅਨੰਦ ਮਾਣ ਸਕੇ। ਪਰਮਾਰਥ ਦੇ ਇਤਿਹਾਸ ’ਚ ਇਸ ਤਰ੍ਹਾਂ ਹੁੰਦਾ ਰਿਹਾ ਹੈ। ਧੰਨੇ ਭਗਤ ਦੇ ਖੂਹ ‘ਤੇ ਰਹਿਣ ਦੀ ਗੱਲ ਛੱਡੀਏ, ਰੱਬ ਤਾਂ ਓਸ ਦੇ ਖੇਤੀ-ਬਾੜੀ ਦੇ ਕੰਮ ਵੀ ਕਰਦਾ ਸੀ। ਜਦ ਸਾਈਂ ਬੁੱਲੇ ਸ਼ਾਹ ਆਪਣੇ ਹੋਣ ਵਾਲ਼ੇ ਮੁਰਸ਼ਦ ਅਨਾਇਤ ਸ਼ਾਹ ਕੋਲ਼ ਗਏ ਅਤੇ ਰੱਬ ਨੂੰ ਮਿਲਣ ਦਾ ਢੰਗ ਪੁੱਛਿਆ ਤਾਂ ਜਵਾਬ ਮਿਲਿਆਂ, ‘ਬੁੱਲਿਆ ਰੱਬ ਦਾ ਕੀ ਪਾਉਣਾ, ਐਧਰੋਂ ਪੱਟਣਾ, ਐਧਰ ਲਾਉਣਾ’। ਇਹ ਤੱਥ ਇਸ ਸਚਾਈ ਦਾ ਸਬੂਤ ਹਨ ਕਿ ਜੇ ਰੱਬ ਨੂੰ ਸਮਝਣ ਦੀ ਜੁਗਤ ਸਿੱਖ ਲਈ ਜਾਵੇ ਤਾਂ ਅਸੀਂ ਬਹੁਤ ਸੌਖੇ ਢੰਗ ਨਾਲ਼ ਉਸ ਨੂੰ ਮਿਲ ਸਕਦੇ ਹਾਂ। ਭਾਵੇਂ ਇਹ ਵਿਚਾਰਧਾਰਾ ਮੁੱਢ-ਕਦੀਮੀ ਹੈ ਪਰ ਇਸ ਨੂੰ ਜਨ-ਸਧਾਰਨ ’ਚ ਪ੍ਰਚੱਲਤ ਭਗਤੀ ਲਹਿਰ ਦੇ ਮੋਢੀ ਮਹਾਂਪੁਰਖਾਂ ਨੇ ਕੀਤਾ- ਜਿਨ੍ਹਾਂ ’ਚ ਸਿੱਖ ਗੁਰੂ ਸਾਹਿਬਾਨ ਸਿਰਮੌਰ ਸਨ। ਉਨ੍ਹਾਂ ਆਪਣੀਆਂ ਬਾਣੀਆਂ ਰਾਹੀਂ ਖਲਕਤ ਨੂੰ ਰੱਬ ਨੂੰ ਮਿਲਣ ਦੀ ਲੋੜ, ਉਸ ਨੂੰ ਮਿਲ ਕੇ ਪ੍ਰਾਪਤ ਹੋਣ ਵਾਲ਼ੇ ਲਾਭ ਅਤੇ ਮਿਲਣ ਦੀਆਂ ਸਰਲ ਅਤੇ ਸਫਲ ਜੁਗਤਾਂ ਬਾਰੇ ਦੱਸਿਆ। ਉਸ ਨੂੰ ਮਾਤਾ-ਪਿਤਾ, ਭਾਈ, ਮਿੱਤਰ, ਰਿਸ਼ਤੇਦਾਰ ਦੀ ਸੰਗਿਆ ਦਿੱਤੀ, ਜੋ ਹਰ ਵਕਤ ਸਾਡੇ ਕੋਲ਼ ਰਹਿੰਦੇ ਹਨ। ਇਥੋਂ ਤੱਕ ਸਮਝਾਇਆ ਕਿ ਜੇ ਰੱਬ ਨੂੰ ਮਿਲਣ ਦੀ ਜੁਗਤ ਸਿੱਖ ਲਈ ਜਾਵੇ ਤਾਂ ਅਸੀਂ ਦੁਨਿਆਵੀ ਫਰਜ਼ ਪੂਰੇ ਕਰਦੇ ਹੋਏ, ਹਸਦੇ, ਖੇਡਦੇ, ਖਾਂਦ-ਪੀਂਦੇ ਉਸ ਨੂੰ ਮਿਲ ਸਕਦੇ ਹਾਂ।

ਇਸ ਤਰ੍ਹਾਂ ਦੇ ਰੱਬ ਨੂੰ ਫਿਰ ਗੁੰਝ਼ਲਦਾਰ ਕਿਸ ਨੇ ਅਤੇ ਕਿਉਂ ਬਣਾਇਆ ਹੈ? ਅਸੀਂ ਉਸ ਦੀ ਸਾਦਗੀ ਨੂੰ ਕਿਵੇਂ ਮਾਣ ਸਕਦੇ ਹਾਂ? ਉੱਤਰ ਹੈ ਕਿ ਇਹ ਕੰਮ ਕਥਿਤ ਰਾਖਿਆਂ ਨੇ ਆਪਣੀ ਖੁਦ-ਗਰਜ਼ੀ ਲਈ ਕੀਤਾ ਹੈ। ਅਸੀਂ ਮੋਢੀ ਮਹਾਂਪੁਰਖਾਂ ਦੀਆਂ ਸਰਲ ਸਿੱਖਿਆਵਾਂ ਨੂੰ ਖ਼ੁਦ ਪੜ੍ਹ-ਸਮਝ ਕੇ ਅਤੇ ਇਨ੍ਹਾਂ ‘ਤੇ ਅਮਲ ਕਰ ਕੇ ਰੱਬ ਦੀ ਸਾਦਗੀ ਦਾ ਅਨੰਦ ਮਾਣ ਸਕਦੇ ਹਾਂ। ਪਰ ਜਦ ਅਸੀਂ ਉਨ੍ਹਾਂ ਦੀਆਂ ਸਿੱਖਿਆਵਾਂ ਜਾਂ ਬਾਣੀਆਂ ਦੀ ਆਪ ਖੋਜ ਕਰਨ ਦੀ ਕੋਸ਼ਿਸ਼ ਕਰਦੇ ਤਾਂ ਇਹ ਸਾਨੂੰ ਬਹੁਤ ਔਖੀਆਂ ਲਗਦੀਆਂ ਹਨ ਅਤੇ ਸਾਡੇ ਸਮਝ ’ਚ ਨਹੀਂ ਆਉਂਦੀਆਂ। ਇਸ ਦਾ ਕਾਰਨ ਹੈ ਕਿ ਮਹਾਂ-ਪੁਰਖਾਂ ਨੇ ਆਪਣੀਆਂ ਸਿੱਖਿਆਵਾਂ ਉੱਚ-ਕੋਟੀ ਦੀ ਵਿਦਵਤਾ-ਭਰਪੂਰ ਔਖੀ ਸ਼ੈਲੀ ’ਚ ਵੀ ਰਚੀਆਂ ਹਨ ਤਾਂ ਕਿ ਦੁਨਿਆਵੀ ਸਿਆਣੇ ਉਨ੍ਹਾ ਨੂੰ ਐਵੇਂ ਨਾ ਸਮਝ ਲੈਣ। ਪਰ-ਉਪਕਾਰ ਵਜੋਂ ਉਨ੍ਹਾਂ ਨੇ ਓਹੀ ਸਿੱਖਿਆਵਾਂ ਨਾਲ਼-ਨਾਲ਼ ਬਹੁਤ ਸਰਲ ਸ਼ੈਲੀ ’ਚ ਵੀ ਰਚੀਆਂ ਹਨ ਤਾਂ ਕਿ ਸਧਾਰਨ ਜਨਤਾ ਇਨ੍ਹਾਂ ਤੋਂ ਲਾਭ ਉਠਾ ਸਕੇ। ਇਸ ਕਰ ਕੇ ਹੀ ਉਨ੍ਹਾਂ ਦੀਆਂ ਬਾਣੀਆਂ ’ਚ ਦੁਹਰਾਓ (ਰੈਪੀਟੀਸ਼ਨਜ) ਬਹੁਤ ਹਨ। ਪਰ ਕਥਿਤ ਰਾਖੇ ਆਪਣੀ ਵਿਦਵਤਾ ਦੀ ਟੌਅਰ ‘ਚ, ਆਪਣੇ ਪੇਟ ਅਤੇ ਆਪਣੀ ਮਾਣ-ਮਰਿਆਦਾ ਲਈ ਸਾਨੂੰ ਗੁੰਝ਼ਲਦਾਰ ਫਲਸਫਿਆਂ ਅਤੇ ਔਖੇ ਸ਼ਬਦਾਂ ਦੇ ਭੰਬਲ-ਭੂਸਿਆਂ ’ਚ ਪਾ ਦਿੰਦੇ ਹਨ। ਮਜਬੂਰ ਹੋ ਕੇ ਸਾਨੂੰ ਇਹ ਕੰਮ ਉਨ੍ਹਾਂ ਨੂੰ ਹੀ ‘ਆਊਟ-ਸੋਰਸ’ ਕਰਨਾ ਪੈਂਦਾ ਹੈ ਅਤੇ ਦੇਖ ਰਹੇ ਹਾਂ ਕਿ ਰੱਬ ਦਾ ਵਿਸ਼ਾ ਅੱਜ ‘ਟੂਅ ਬਿੱਗ ਟੂ ਫੇਲ’ ਬਿਜਨਸ ਬਣਿਆ ਹੋਇਆ ਹੈ। ਅਸੀਂ ਰੱਬ ਨੂੰ ਹੋਰ ਗੁੰਝ਼ਲਦਾਰ ਸਮਝ ਕੇ ਇੱਕ ਕੁ-ਚੱਕਰ (ਵਿਸੀਅਸ ਸਰਕਲ) ’ਚ ਪੈ ਜਾਂਦੇ ਹਾਂ, ਹਾਲਾਂ ਕਿ ਅਸੀਂ ਮਹਾਂ-ਪੁਰਖਾਂ ਦੀਆਂ ਸੌਖੀਆਂ ਅਤੇ ਸਾਡੇ ਸਮਝਣ-ਯੋਗ ਸਿੱਖਿਆਵਾਂ ਤੇ ਅਮਲ ਕਰ ਕੇ ਵੀ ਪੂਰੇ ਲਾਭ ਉਠਾ ਸਕਦੇ ਹਾਂ। ਅਮਰੀਕਾ ਦੇ ਪ੍ਰਸਿੱਧ ਹਾਸ-ਰਸ ਫਿਲਾਸਫਰ ਮਾਰਕ ਟਵੇਨ ਦੀ ਇੱਕ ਬਹੁਤ ਢੁਕਵੀਂ ਟੂਕ ਹੈ ਕਿ “ਲੋਕ ਬਾਈਬਲ ਦੀਆਂ ਉਨ੍ਹਾ ਗੱਲਾਂ ਦਾ ਫਿਕਰ ਕਰਦੇ ਹਨ ਜੋ ਉਨ੍ਹਾਂ ਨੂੰ ਸਮਝ ਨਹੀਂ ਆਉਂਦੀਆਂ ਪਰ ਮੈਂ ਉਨ੍ਹਾਂ ਦਾ ਫਿਕਰ ਕਰਦਾ ਹਾਂ ਜੋ ਮੈਨੂੰ ਸਮਝ ਆ ਚੁੱਕੀਆਂ ਹਨ।” ਇਸ ਟੂਕ ਦੀ ਨਸੀਹਤ ਅਨੁਸਾਰ ਅਸੀਂ ਵੀ ਬਹੁਤੀਆਂ ਅਤੇ ਔਖੀਆਂ ਬਾਣੀਆਂ ਦੀ ਜਗ੍ਹਾ ਥੋੜੀਆਂ ਅਤੇ ਸਰਲ ਬਾਣੀਆਂ ਨੂੰ ਸਮਝੀਏ ਅਤੇ ਉਨ੍ਹਾਂ ‘ਤੇ ਅਮਲ ਕਰੀਏ। ਇਸ ਤਰ੍ਹਾਂ ਰੱਬ ਸਾਡੇ ਲਈ ਇੱਕ ਸਰਲ ਅਤੇ ਜਾਣੀ-ਪਛਾਣੀ ਹਸਤੀ ਬਣ ਸਕਦਾ ਹੈ ਅਤੇ ਅਸੀਂ ਉਸ ਨੂੰ ਮਿਲ ਕੇ ਅਤੇ ਸਮਝ ਕੇ ਉਸ ਦਾ ਪ੍ਰਤੱਖ ਲਾਹਾ ਲੈ ਸਕਦੇ ਹਾਂ।

ਇਹ ਸਮੱਸਿਆ ਪੱਛਮੀ ਦੇਸ਼ਾਂ ਨੂੰ ਵੀ ਹੈ ਅਤੇ ਓਹ ਵੀ ਇਸ ਸਬੰਧ ‘ਚ ਪਿਛਲੇ ਸੱਤ-ਅੱਠ ਦਹਾਕਿਆਂ ਤੋਂ ਗੰਭੀਰ ਖੋਜਾਂ ਕਰਦੇ ਆ ਰਹੇ ਹਨ। ਉਨ੍ਹਾਂ ਦੇ ਮਨੋ-ਵਿਗਿਆਨੀਆਂ, ਇਤਿਹਾਸਕਾਰਾਂ ਅਤੇ ਫਿਲਾਸਫਰਾਂ ਨੇ ਪੂਰਬੀ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਣਾ ਲੈ ਕੇ ਸਾਧਨਾ, ਖਿਮਾ, ਪ੍ਰੇਮ, ਸ਼ੁਕਰ-ਗੁਜ਼ਾਰੀ ਅਤੇ ਭਾਣਾ ਮੰਨਣ ਵਰਗੇ ਅਧਿਆਤਮਵਾਦੀ ਵਿਸ਼ਿਆਂ ‘ਤੇ ਖੋਜਾਂ ਕੀਤੀਆਂ। ਓਹ ਇਸ ਨਤੀਜੇ ‘ਤੇ ਪਹੁੰਚੇ ਕਿ ਇਹ ਸਭ ਗੁਣ ਸੁਚੱਜੇ, ਖੁਸ਼-ਮਈ ਅਤੇ ਸਫਲ ਜੀਵਨ ਲਈ ਜ਼ਰੂਰੀ ਹਨ। ਇਨ੍ਹਾਂ ਖੋਜਾਂ ਨੇ ‘ਪੁਰਾਤਨ ਸਿਆਣਪਾਂ ਦੇ ਅਜੋਕੀਆਂ ਸਾਇੰਸੀ ਖੋਜਾਂ ਨਾਲ਼ ਸੁਮੇਲ’ ਦੀ ਵਿਚਾਰਧਾਰਾ ਨੂੰ ਜਨਮ ਦਿੱਤਾ ਹੈ। ਇਸ ਵਿਚਾਰਧਾਰਾ ਦੇ ਮੁੱਖ ਸੂਤਰਧਾਰ ਮਾਰਟਿਨ ਸੈਲਿਗਮੈਨ ਅਤੇ ਜੌਨਾਥਨ ਹਾਈਟ ਵਰਗੇ ਮਨੋ-ਵਿਗਿਆਨੀ ਹਨ। ਇਸ ਅਨੁਸਾਰ ਅਸੀਂ ਸਭ ਲਈ ਇੱਕ ਸਾਂਝਾ ‘ਕੌਮਨ ਮਿਨੀਮਮ ਪ੍ਰੋਗਰਾਮ’ ਸਿਰਜ ਸਕਦੇ ਹਾਂ, ਜਿਸ ਨੂੰ ਅਧਾਰ ਬਣਾ ਕੇ ਅੱਗੇ ਆਪਣੇ ਤਰਕ ਅਤੇ ਸਮਰੱਥਾ ਨਾਲ਼ ਵਿਅਕਤੀਗਤ ਢੰਗ ਉਲੀਕ ਸਕਦੇ ਹਾਂ। ਇਸ ਪ੍ਰੋਗਰਾਮ ‘ਚ ਹੇਠਲੇ ਮੂਲ ਰੱਬੀ ਸਿਧਾਂਤ ਰੱਖੇ ਜਾ ਸਕਦੇ ਹਨ:

*ਰੱਬ ਦੇ ਰਸਤੇ ਦੇ ਦੋ ਹਿੱਸੇ ਹਨ: ਪਹਿਲਾ ਇਹ ਜੀਵਨ ਅਰਥਾਤ ਜਨਮ ਤੋਂ ਮਰਨ ਤੱਕ ਦਾ ਹਿੱਸਾ ਅਤੇ ਦੂਸਰਾ ਮਰਨ ਤੋਂ ਬਾਅਦ ਦਾ ਹਿੱਸਾ। ਪਹਿਲੇ ਹਿੱਸੇ ‘ਚ ਸਾਰੇ ਇਨਸਾਨ ਵਿਸ਼ਵਾਸ ਕਰਦੇ ਹਨ ਜਦ ਕਿ ਦੂਸਰੇ ਹਿੱਸੇ ‘ਚ ਬਹੁਤੇ ਨਹੀਂ ਕਰਦੇ। ਦੂਸਰੇ ਹਿੱਸੇ ‘ਚ ਵਿਸ਼ਵਾਸ ਕਰਨ ਜਾਂ ਨਾਂ ਕਰਨ ਨਾਲ਼ ਕੋਈ ਫਰਕ ਨਹੀਂ ਪੈਂਦਾ, ਜਦ ਕਿ ਇਹ ਜਨਮ ਦੋਹਾਂ ਤਰ੍ਹਾਂ ਦੇ ਵਿਸ਼ਵਾਸਾਂ ਵਾਲ਼ੇ ਇਨਸਾਨਾਂ ਨੇ ਜਿਉਣਾ ਹੈ। ਮਹਾਂ-ਪੁਰਖ ਸਮਝਾਉਂਦੇ ਹਨ ਕਿ ਪਹਿਲੇ ਹਿੱਸੇ ਅਰਥਾਤ ਇਸ ਜੀਵਨ ਨੂੰ ਸਵੱਛ ਅਤੇ ਨੈਤਿਕ ਕਦਰਾਂ-ਕੀਮਤਾਂ ਅਨੁਸਾਰ ਅਤੇ ਪਾਕ ਪਵਿੱਤਰ ਢੰਗ ਨਾਲ਼ ਜਿਉਣਾ ਦੋਹਾਂ ਲਈ ਜ਼ਰੂਰੀ ਹੈ। ਬਲਕਿ ਦੂਸਰੇ ਹਿੱਸੇ ‘ਚ ਵਿਸਵਾਸ਼ ਕਰਨ ਵਾਲ਼ਿਆਂ ਲਈ ਵੱਧ ਜ਼ਰੂਰੀ ਹੈ, ਕਿਉਂਕਿ ਇਸ ਜੀਵਨ ਨੇ ਹੀ ਅਗਲੇ ਜਨਮ ਦਾ ਅਧਾਰ ਬਣਨਾ ਹੈ। ਜੋ ਇਸ ਜਨਮ ‘ਚ ਮੰਦਾ ਹੈ ਉਸ ਨੂੰ ਅਗਲੇ ਜਨਮ ‘ਚ ਕਿਸੇ ਨੇ ਚੰਗਾ ਨਹੀਂ ਬਣਾਉਣਾ। ਨਿਬੇੜੇ ਇਸ ਜਨਮ ਦੇ ਅਮਲਾਂ ਉੱਤੇ ਹੋਣੇ ਹਨ, ਭਰੋਸਿਆਂ ਜਾਂ ਮਾਨਤਾਵਾਂ ਉੱਤੇ ਨਹੀਂ ਹੋਣੇ। ਪਰ ਪਖੰਡੀ ਸਾਨੂੰ ਅਗਲੇ ਜਨਮ ਦੇ ਭੁਲੇਖਿਆਂ ‘ਚ ਉਲ਼ਝਾ ਕੇ ਰਖਦੇ ਹਨ।

*ਕਿਸਮਤ ਜਾਂ ‘ਡੈਸਟਿਨੀ’ ਨੂੰ ਕੋਈ ਨਹੀਂ ਬਦਲ ਸਕਦਾ ਅਤੇ ਨਾਂ ਹੀ ਕੋਈ ਅਗਲੇ ਜਨਮਾਂ ਨੂੰ ਚੰਗਾ ਬਣਾਉਣ ਦੀ ਗਰੰਟੀ ਦੇ ਸਕਦਾ ਹੈ। ਕਿਸਮਤ ਨੂੰ ਬਦਲਣ ਦੇ ਫੋਕੇ ਲਾਰੇ ਅਤੇ ਅਗਲੇ ਜੀਵਨ ਨੂੰ ਵਧੀਆ ਬਣਾਉਣ ਦੀਆਂ ਗੈਰ-ਕਾਨੂੰਨੀ ਗਰੰਟੀਆਂ ਹੀ ਲੁੱਟ ਦੇ ਦੋ ਸਭ ਤੋਂ ਵੱਡੇ ਢੰਗ ਹਨ ਜਿਨ੍ਹਾਂ ਰਾਹੀਂ ਪਖੰਡੀ ਲੋਕ ਸਾਨੂੰ ਰੱਬ ਤੋਂ ਦੂਰ ਕਰਦੇ ਹਨ। ਬਚਣਾ ਸਾਡਾ ਫਰਜ਼ ਹੈ।

*ਮਹਾਂ-ਪੁਰਖਾਂ ਦੀ ਕੋਰੀ ਅਤੇ ਸਪਸ਼ਟ ਨਸੀਹਤ ਹੈ ਕਿ ਅਸੀਂ ਚੰਗੇ ਇਨਸਾਨ ਬਣ ਕੇ ਖੁਸ਼-ਮਈ ਜੀਵਨ ਜਿਉਣਾ ਸਿੱਖ ਕੇ ਰੱਬ ਨੂੰ ਮਿਲ ਸਕਦੇ ਹਾਂ। ਪਰ ਧਰਮਾਂ ਦੇ ਕਥਿਤ ਰਾਖੇ ਸਾਨੂੰ ਉਲਟਾ ਝਾਂਸਾ ਦਿੰਦੇ ਹਨ ਕਿ ਅਸੀਂ ਰੱਬ ਨੂੰ ਮਿਲ ਕੇ ਚੰਗੇ ਅਤੇ ਵਧੀਆ ਇਨਸਾਨ ਬਣ ਸਕਾਂਗੇ ਅਤੇ ਖੁਸ਼-ਮਈ ਜੀਵਨ ਪ੍ਰਾਪਤ ਕਰ ਸਕਾਂਗੇ। ਸੋ ਸਾਡਾ ਕੰਮ ਰੱਬ ਨੂੰ ਮਿਲ ਕੇ ਚੰਗੇ ਬਣਨਾ ਨਹੀਂ ਬਲਕਿ ਚੰਗੇ ਬਣ ਕੇ ਰੱਬ ਨੂੰ ਮਿਲਣਾ ਹੈ।

*ਮਹਾਂਪੁਰਖਾਂ ਨੇ ਸਮਝਾਇਆ ਹੈ ਰੱਬ ਦਾ ਧਰਮਾਂ ਨਾਲ਼ ਬਹੁਤਾ ਤਅੱਲਕ ਨਹੀਂ। ਸਾਢੇ ਕੁ ਪੰਜ ਹਜ਼ਾਰ ਸਾਲ ਪੁਰਾਣਾ ਸਾਡਾ ਲਿਖਤੀ ਇਤਿਹਾਸ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਹਰ ਧਰਮ ਦੀ ਸ਼ੁਰੂਆਤ ਦੀ ਕੋਈ ਨਾ ਕੋਈ ਮਿਤੀ ਹੈ, ਜਦ ਕਿ ਰੱਬ ਇਨ੍ਹਾਂ ਸਭ ਤੋਂ ਪਹਿਲਾਂ ਦਾ ਬਣਿਆ ਹੈ। ਵੈਸੇ ਵੀ ਸਾਰੇ ਧਰਮਾਂ ਦਾ ਆਧਾਰ ਅਧਿਆਤਮਵਾਦ ਹੈ ਜੋ ਇੱਕ ਹੈ ਪਰ ਇਨ੍ਹਾਂ (ਧਰਮਾਂ) ਦੀ ਸ਼ੁਰੂਆਤ ਦੇ ਸਮੇਂ, ਸਥਾਨ, ਇਤਿਹਾਸਕ ਅਤੇ ਸਭਿਆਚਾਰਕ ਪਿੱਠ-ਭੂਮੀ ਅੱਡ-ਅੱਡ ਹੋਣ ਕਰ ਕੇ ਇਨ੍ਹਾਂ ਦੇ ਬਾਹਰੀ ਰਸਮੋ-ਰਿਵਾਜਾਂ ਦਾ ਅੱਡ-ਅੱਡ ਹੋਣਾ ਕੁਦਰਤੀ ਹੈ। ਸਾਡੇ ਪ੍ਰਚਾਰਕਾਂ ਨੇ ਸਾਨੂੰ ਰਸਮੋ-ਰਿਵਾਜਾਂ ‘ਚ ਉਲਝਾ ਕੇ ਰੱਬ ਨੂੰ ਬਹੁਤਾ ਗੁੰਝ਼ਲਦਾਰ ਬਣਾਇਆ ਹੈ। ਸੋ ਸਾਰੇ ਧਰਮਾਂ ਦਾ ਬਰਾਬਰ ਦਾ ਸਤਿਕਾਰ ਕਰਨਾ ਅਤੇ ਆਪੋ-ਆਪਣੇ ਧਰਮ ਦੇ ਮੋਢੀ ਮਹਾਂਪੁਰਖਾਂ ਦੀਆਂ ਸਰਲ ਸਿੱਖਿਆਵਾਂ ਨੂੰ ਖੁਦ ਸਮਝਣ ਅਤੇ ਮੰਨਣ ਨਾਲ਼ ਹੀ ਅਸੀਂ ਧਰਮਾਂ ਦੀਆਂ ਵਲਗਣਾਂ ਤੋਂ ਬਾਹਰ ਨਿਕਲ਼ ਕੇ, ਰੱਬ ਦੀ ਸਰਲਤਾ ਦਾ ਅਹਿਸਾਸ ਕਰ ਸਕਦੇ ਹਾਂ।

ਸਾਰ ਤੱਤ ਇਹ ਕਿ ਅਸੀਂ ਪ੍ਰੰਪਰਾਵਾਦੀਆਂ ਵਲੋਂ ਕਾਫ਼ਰ ਗਰਦਾਨੇ ਜਾਣ ਦੇ ਡਰ ਤੋਂ ਬੇ-ਖੌਫ਼ ਹੋ ਕੇ, ਆਪਣੇ ਤਰਕ ਅਤੇ ਵਿਵੇਕ ਦੀ ਸਦ-ਵਰਤੋਂ ਕਰੀਏ। ਰੱਬ ਦੇ ਔਖੇ ਭੇਦ ਖੋਲ੍ਹਣ ਦੀਆਂ ਅਸਫਲ ਕੋਸ਼ਿਸ਼ਾਂ ਦੀ ਬਜਾਇ ਮੋਢੀ ਮਹਾਂ-ਪੁਰਖਾਂ ਦੀਆਂ ਸਦੀਵੀ ਅਤੇ ਸਰਲ ਸਿਆਣਪਾਂ ਦਾ ਅੱਜ ਦੀਆਂ ਵਿਗਿਆਨਕ ਖੋਜਾਂ ਨਾਲ਼ ਸੁਮੇਲ ਕਰਨ ਦਾ ਹੀਆਂ ਕਰੀਏ, ਇਨ੍ਹਾਂ ‘ਤੇ ਅਮਲ ਕਰੀਏ।

## *ਮਾਘੀ ਦਾ ਤਿਉਹਾਰ*

ਆਇਆ ਮਾਘੀ ਦਾ ਤਿਉਹਾਰ,
ਲੈ ਕੇ ਖੁਸ਼ੀਆਂ ਹਜ਼ਾਰ।
ਸਾਰੇ ਮੇਲੇ ਵਿਚ ਆਏ,
ਕਰ ਹਾਰ ਤੇ ਸ਼ਿੰਗਾਰ।

ਆ“ ਮੁਕਤਸਰ ਜਾਈਏ,
ਗੁਰੂ-ਘਰ ਸਿਰ ਝੁਕਾਈਏ।
ਟੁੱਟੀ ਗੰਢੀ ਜਾ ਕੇ ਨ੍ਹਾਈਏ,
ਭਾਵੇਂ ਮੌਸਮ ਠੰਢਾ-ਠਾਰ।

ਇਹ ਸੀ ਢਾਬ ਖਿਦਰਾਣਾ,
ਗੁਰਾਂ ਕੀਤਾ ਆ ਟਿਕਾਣਾ।
ਘੇਰਾ ਮੁਗਲਾਂ ਨੇ ਪਾਇਆ,
ਤੇਗ਼ਾਂ-ਤੀਰਾਂ ਕੀਤੇ ਵਾਰ।

ਸ਼ੀਹਣੀ ਇੱਕ ਭਾਗੋ ਮਾਈ,
ਐਸੀ ਤੇਗ਼ ਉਸ ਚਲਾਈ।
ਤਾਅਨੇ ਸਿੰਘਾਂ ਤਾਈਂ ਦਿੱਤੇ,
ਸਿੰਘ ਹੋਏ ਸ਼ਰਮਸਾਰ।

ਮਹਾਂ ਸਿੰਘ ਦਾ ਬੇਦਾਵਾ,
ਹੁਣ ਕੀਤਾ ਪਛੋਤਾਵਾ।
ਜੰਗ ਜੌਹਰ ਉਹ ਵਿਖਾਏ,
ਦਿੱਤੀ ਵੈਰੀਆਂ ਨੂੰ ਹਾਰ।

ਗੁਰੂ ਟੁੱਟੀ ਏਥੇ ਗੰਢੀ,
ਕੀਤੀ ਮੰਦੀਓਂ ਸੀ ਚੰਗੀ।
ਚਾਲ਼ੀ ਮੁਕਤਿਆਂ ਦਾ ਕੀਤਾ,
ਹੱਥੀਂ ਆਪ ਸਸਕਾਰ।

ਵੇਖੋ ਸਜੀਆਂ ਦੁਕਾਨਾਂ,
ਢਾਲਾਂ ਤੇ ਨੇ ਕਿਰਪਾਨਾਂ।
ਵਿਚ ਰਾਜਸੀ ਇਕੱਠਾਂ,
ਭਾਸ਼ਣ ਹੁੰਦੇ ਧੂੰਆਂਧਾਰ।

ਲੰਗਰ ਕਈ ਥਾਈਂ ਲੱਗੇ,
ਵੱਜੇ ਢੋਲ ਉੱਤੇ ਡੱਗੇ।
ਛਿੰਝਾਂ ਵਿਚ ਕਿਵੇਂ ਉੱਡੇ,
ਧੂੰਆਂ-ਧੂੜ ਤੇ ਗ਼ੁਬਾਰ।

ਸੱਚੇ ਗੁਰੂ ਨੂੰ ਧਿਆਈਏ,
ਗੁਰਬਾਣੀ ਨਿੱਤ ਗਾਈਏ।
‘ਰੂਹੀ’ ਜਪੁਜੀ ਵੀ ਪੜ੍ਹੇ,
ਨਾਲ਼ੇ ਪੜ੍ਹੇ ਚੰਡੀ-ਵਾਰ।

ਮੰਗੋ ਸਭ ਦੀ ਭਲਾਈ,
ਦਿਲੋਂ ਕੱਢੀਏ ਬੁਰਾਈ।
ਛੱਡੋ ਵੈਰ ਤੇ ਵਿਰੋਧ,
ਕਰੋ ਸਭ ਨੂੰ ਪਿਆਰ।

*~ ਪ੍ਰੋ. ਨਵ ਸੰਗੀਤ ਸਿੰਘ*
*ਫੋਨ: 94176-92015*

# ਬੁਰੇ ਹੋਣ ਦਾ ਤਰਕਹੀਣ ਅਹਿਸਾਸ (Stigma)

**ਕੀ ਹੁੰਦਾ ਹੈ ਸਟਿਗਮਾ**

ਕਿਸੇ ਵੀ ਵਿਅਕਤੀ ਤੇ ਸਮਾਜ ਵਿਚ ਵਿਚਰਨ ਸਮੇਂ ਉਹ ਮਾਨਸਿਕ ਤੌਰ ‘ਤੇ ਕਈ ਸਮੱਸਿਆਵਾਂ ਨਾਲ ਜੂਝਦਾ ਰਹਿੰਦਾ ਹੈ। ਉਸ ਸਮੇਂ ਉਸਨੂੰ ਆਪਣੀ ਮਾਨਸਿਕ ਸਿਹਤ ਲਈ ਬਹੁਤ ਜ਼ਿਆਦਾ ਮੁਸ਼ਕਲ ਸਥਿਤੀ ਦਾ ਅਨੁਭਵ ਹੁੰਦਾ ਹੈ। ਪੰਜਾਬੀ ਆਪਣੇ ਦੇਸ਼ਾਂ ਤੋਂ ਸੰਯੁਕਤ ਪਰਿਵਾਰਾਂ (Joint families) ਤੋਂ ਆਏ ਹਨ, ਜਿੱਥੇ ਉਹ ਰਲ ਕੇ ਆਪਣੀਆਂ ਸਮੱਸਿਆਵਾਂ ਨੂੰ ਹੱਲ ਕਰ ਲੈਂਦੇ ਸੀ ਪਰ ਪੱਛਮੀ ਮੁਲਕਾਂ ਵਿਚ ਭਾਵੇਂ ਅਸੀਂ ਆਤਮ-ਨਿਰਭਰ ਹੋ ਗਏ ਹਾਂ ਪਰ ਮਾਨਸਿਕ ਤੌਰ ‘ਤੇ ਇਕੱਲੇ।

ਪੰਜਾਬੀ ਡਿਕਸ਼ਨਰੀ ਮੁਤਾਬਕ ਸਟਿਗਮਾ ਦਾ ਮਤਲਬ ਦਾਗ ਜਾਂ ਕਲੰਕ (ਧੱਬਾ) ਹੈ। ਜੋ ਲੋਕਾਂ ਨੂੰ ਆਪਣੇ ਆਪ ‘ਤੇ ਲੱਗਣ ਦਾ ਡਰ ਰਹਿੰਦਾ ਹੈ। ਇਹ ਇੱਕ ਮਾਨਸਿਕ ਸਥਿਤੀ ਹੈ,

**ਬਲਜਿੰਦਰ ਸੇਖਾ ਕੈਨੇਡਾ**

ਜਿਸ ਨੂੰ ਆਪਣੇ ਆਪ ‘ਤੇ ਧੱਬਾ ਲੱਗਣ ਵਾਲਾ ਵਿਅਕਤੀ ਸਹਿਜ ਮਹਿਸੂਸ ਨਹੀਂ ਕਰਦਾ। Satigma (ਧੱਬੇ) ਵਾਲਾ ਵਿਅਕਤੀ ਦੂਹਰੀ ਜ਼ਿੰਦਗੀ ਵਿਚ ਜੀਅ ਰਿਹਾ ਹੁੰਦਾ ਹੈ। ਇੱਕ ਉਸਦੀ ਅੰਦਰੂਨੀ ਧੱਬੇ ਵਾਲੀ ਜ਼ਿੰਦਗੀ, ਦੂਸਰੀ ਉਹ ਦੁਨੀਆ ਵਿਚ ਵਿਚਰਦਾ ਸਹਿਜ ਦਿਖਣ ਦੀ ਕੋਸ਼ਿਸ਼ ਕਰਦਾ ਹੈ। ਧੱਬਾ ਕਿਸੇ ਵਿਅਕਤੀ, ਸਮੂਹ, ਜਾਂ ਸੰਕਲਪ ਬਾਰੇ ਨਕਾਰਾਤਮਕ ਰਵੱਈਏ, ਵਿਸ਼ਵਾਸਾਂ ਜਾਂ ਧਾਰਨਾਵਾਂ ਨੂੰ ਦਰਸਾਉਂਦਾ ਹੈ, ਜੋ ਅਕਸਰ ਵਿਤਕਰੇ ਜਾਂ ਸਮਾਜਿਕ ਬੇਦਖਲੀ ਵੱਲ ਜਾਂਦਾ ਹੈ। ਇਹ ਆਮ ਤੌਰ ‘ਤੇ ਮਾਨਸਿਕ ਬਿਮਾਰੀ, ਕੁਝ ਸਿਹਤ ਸਥਿਤੀਆਂ (ਜਿਵੇਂ HIV ਜਾਂ ਨਸ਼ਾ), ਨਸਲ, ਲਿੰਗ, ਜਿਨਸੀ ਰੁਝਾਨ, ਜਾਂ ਹੋਰ ਸਮਾਜਿਕ ਪਛਾਣਾਂ ਨਾਲ ਜੁੜਿਆ ਹੁੰਦਾ ਹੈ। ਕਲੰਕ, ਕਿਸੇ ਵਿਅਕਤੀ ਦੇ ਸਵੈ-ਮਾਣ, ਤੰਦਰੁਸਤੀ, ਅਤੇ ਸਮਾਜ ਵਿਚ ਮਦਦ ਲੈਣ ਜਾਂ ਭਾਗ ਲੈਣ ਦੀ ਇੱਛਾ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਦਾਗ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੋ ਸਕਦਾ ਹੈ, ਅਤੇ ਇਹ ਅਕਸਰ ਵਿਅਕਤੀਗਤ ਅਤੇ ਸਮਾਜਿਕ ਪੱਧਰਾਂ ‘ਤੇ ਕੰਮ ਕਰਦਾ ਹੈ।

**1. ਕਲੰਕ ਦੀਆਂ ਕਿਸਮਾਂ**

**ਜਨਤਕ ਕਲੰਕ:** ਕਿਸੇ ਵਿਅਕਤੀ ਜਾਂ ਸਮੂਹ ਪ੍ਰਤੀ ਆਮ ਲੋਕਾਂ ਦੁਆਰਾ ਰੱਖੀ ਗਈ ਨਕਾਰਾਤਮਕ ਧਾਰਨਾ। ਇਸ ਕਿਸਮ ਦਾ ਕਲੰਕ ਅਕਸਰ ਰੂੜ੍ਹੀਵਾਦੀ ਧਾਰਨਾਵਾਂ ਅਤੇ ਗਲਤ ਜਾਣਕਾਰੀ ਦੁਆਰਾ ਹੁੰਦਾ ਹੈ। ਉਦਾਹਰਨ ਲਈ, ਮਾਨਸਿਕ ਸਿਹਤ ਸਮੱਸਿਆਵਾਂ ਵਾਲੇ ਲੋਕਾਂ ਨੂੰ ਕਮਜ਼ੋਰ ਜਾਂ ਖ਼ਤਰਨਾਕ ਸਮਝਿਆ ਜਾ ਸਕਦਾ ਹੈ, ਅਸਲੀਅਤ ਬਹੁਤ ਜ਼ਿਆਦਾ ਗੁੰਝਲਦਾਰ ਹੋਣ ਦੇ ਬਾਵਜੂਦ ਕੰਪਲੈਕਸ ਰਹਿੰਦਾ ਹੈ।

•**ਸਵੈ-ਕਲੰਕ:** ਇਹ ਉਦੋਂ ਵਾਪਰਦਾ ਹੈ ਜਦੋਂ ਵਿਅਕਤੀ ਉਨ੍ਹਾਂ ਨਕਾਰਾਤਮਕ ਵਿਚਾਰਾਂ ਜਾਂ ਰੂੜ੍ਹੀਵਾਦੀ ਧਾਰਨਾਵਾਂ ਨੂੰ ਅੰਦਰੂਨੀ ਰੂਪ ਦਿੰਦੇ ਹਨ ਜੋ ਸਮਾਜ ਉਨ੍ਹਾਂ ਬਾਰੇ ਰੱਖਦਾ ਹੈ। ਉਦਾਹਰਨ ਲਈ, ਡਿਪਰੈਸ਼ਨ ਵਾਲਾ ਵਿਅਕਤੀ ਸਮਾਜਿਕ ਸੰਦੇਸ਼ਾਂ ਦੇ ਕਾਰਨ ਸ਼ਰਮਿੰਦਾ ਜਾਂ ਅਯੋਗ ਮਹਿਸੂਸ ਕਰ ਸਕਦਾ ਹੈ ਜੋ ਮਾਨਸਿਕ ਬਿਮਾਰੀ ਨੂੰ ਕਮਜ਼ੋਰੀ ਜਾਂ ਅਸਫਲਤਾ ਦੇ ਬਰਾਬਰ ਸਮਝਦੇ ਹਨ।

•**ਢਾਂਚਾਗਤ ਕਲੰਕ:** ਇਹ ਸਮਾਜਕ ਨੀਤੀਆਂ ਨੂੰ ਦਰਸਾਉਂਦਾ ਹੈ ਜੋ ਕੁਝ ਸਮੂਹਾਂ ਨੂੰ ਨੁਕਸਾਨ ਪਹੁੰਚਾਉਂਦੀਆਂ ਹਨ। ਉਦਾਹਰਨ ਲਈ, ਉਹ ਕਾਨੂੰਨ ਜੋ ਅਪਰਾਧਕ ਰਿਕਾਰਡ ਵਾਲੇ ਲੋਕਾਂ ਨੂੰ ਰੁਜ਼ਗਾਰ ਜਾਂ ਰਿਹਾਇਸ਼ ਤੱਕ ਪਹੁੰਚਣ ਤੋਂ ਰੋਕਦੇ ਹਨ, ਉਹ ਢਾਂਚਾਗਤ ਕਲੰਕ ਦਾ ਇੱਕ ਰੂਪ ਹੋ ਸਕਦੇ ਹਨ ਜੋ ਇਨ੍ਹਾਂ ਵਿਅਕਤੀਆਂ ਨੂੰ ਹੋਰ ਹਾਸ਼ੀਏ ‘ਤੇ ਕਰ ਦਿੰਦੇ ਹਨ।

•**ਸ਼ਿਸ਼ਟਾਚਾਰ ਕਲੰਕ:** ਜਦੋਂ ਇੱਕ ਕਲੰਕਿਤ ਵਿਅਕਤੀ ਨਾਲ ਜੁੜੇ ਲੋਕ ਵੀ ਸਮਾਜਕ ਅਸਵੀਕਾਰ ਜਾਂ ਵਿਤਕਰੇ ਦਾ ਅਨੁਭਵ ਕਰਦੇ ਹਨ। ਉਦਾਹਰਨ ਲਈ, ਕਿਸੇ ਮਾਨਸਿਕ ਬਿਮਾਰੀ ਵਾਲੇ ਵਿਅਕਤੀ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਕਲੰਕਿਤ ਕੀਤਾ ਜਾ ਸਕਦਾ ਹੈ, ਸਿਰਫ਼ ਸੰਗਤ ਦੁਆਰਾ।

**2. ਕਲੰਕ ਦੇ ਨਤੀਜੇ:**

**ਸਮਾਜਿਕ ਅਲੱਗ-ਥਲੱਗਤਾ:** ਕਲੰਕਿਤ ਵਿਅਕਤੀਆਂ ਨੂੰ ਅਕਸਰ ਆਪਣੇ ਭਾਈਚਾਰਿਆਂ ਤੋਂ ਬੇਦਖਲੀ ਜਾਂ ਹਾਸ਼ੀਏ ‘ਤੇ ਜਾਣ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਅਲੱਗ-ਥਲੱਗ ਹੋ ਜਾਂਦਾ ਹੈ। ਇਹ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਪ੍ਰਭਾਵਿਤ ਕਰ ਸਕਦਾ ਹੈ, ਕਿਉਂਕਿ ਸਮਾਜਿਕ ਸਬੰਧ ਤੰਦਰੁਸਤੀ ਲਈ ਮਹੱਤਵਪੂਰਨ ਹਨ।

• **ਵਿਤਕਰਾ:** ਕਲੰਕ ਵਿਤਕਰੇ ਭਰੇ ਵਿਵਹਾਰ ਕਰ ਸਕਦਾ ਹੈ, ਜਿਵੇਂ ਸੇਵਾਵਾਂ, ਮੌਕਿਆਂ, ਜਾਂ ਨਿਰਪੱਖ ਇਲਾਜ ਤੱਕ ਘੱਟ ਪਹੁੰਚ। ਉਦਾਹਰਨ ਲਈ, HIV ਵਾਲੇ ਵਿਅਕਤੀਆਂ ਨੂੰ ਲੋਕਾਂ ਦੇ ਡਰ ਜਾਂ ਪੱਖਪਾਤ ਕਾਰਨ ਸਿਹਤ ਸੰਭਾਲ ਤੱਕ ਪਹੁੰਚ ਕਰਨ ਵਿਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਅੰਦਰੂਨੀ ਸ਼ਰਮ ਅਤੇ ਘੱਟ ਸਵੈ-ਮਾਣ:** ਜੋ ਲੋਕ ਕਲੰਕ ਨੂੰ ਅੰਦਰੂਨੀ ਬਣਾਉਂਦੇ ਹਨ, ਉਹ ਅਯੋਗ ਜਾਂ ਘਟੀਆ ਮਹਿਸੂਸ ਕਰ ਸਕਦੇ ਹਨ, ਮਾਨਸਿਕ ਸਿਹਤ ਸੰਘਰਸ਼ਾਂ, ਉਦਾਸੀ, ਚਿੰਤਾ, ਜਾਂ ਸਵੈ-ਵਿਨਾਸ਼ਕਾਰੀ ਵਿਵਹਾਰਾਂ ਵਿਚ ਯੋਗਦਾਨ ਪਾ ਸਕਦੇ ਹਨ।

**3. ਵੱਖ-ਵੱਖ ਸੰਦਰਭਾਂ ਵਿਚ ਕਲੰਕ**

•**ਮਾਨਸਿਕ ਸਿਹਤ:** ਮਾਨਸਿਕ ਸਿਹਤ ਸਥਿਤੀਆਂ ਵਾਲੇ ਲੋਕਾਂ ਨੂੰ ਅਕਸਰ ‘ਟੁੱਟੇ’ ਜਾਂ ‘ਖਤਰਨਾਕ’ ਵਜੋਂ ਦੇਖਿਆ ਜਾਂਦਾ ਹੈ, ਇਸ ਤੱਥ ਦੇ ਬਾਵਜੂਦ ਕਿ ਮਾਨਸਿਕ ਬਿਮਾਰੀਆਂ ਵਾਲੇ ਜ਼ਿਆਦਾਤਰ ਵਿਅਕਤੀ ਹਿੰਸਕ ਨਹੀਂ ਹੁੰਦੇ। ਇਸ ਖੇਤਰ ਵਿਚ ਕਲੰਕ ਵਿਅਕਤੀਆਂ ਨੂੰ ਮਦਦ ਲੈਣ ਜਾਂ ਇਲਾਜ ਦੀ ਪਾਲਣਾ ਕਰਨ ਤੋਂ ਰੋਕ ਸਕਦਾ ਹੈ।

• **ਏਡਜ਼:** ਕਈ ਸਭਿਆਚਾਰਾਂ ਵਿਚ, HIV/AIDS ਨੂੰ ਕੁਝ ਵਿਵਹਾਰਾਂ (ਉਦਾਹਰਨ ਲਈ, ਨਸ਼ੀਲੇ ਪਦਾਰਥਾਂ ਦੀ ਵਰਤੋਂ ਜਾਂ ਜਿਨਸੀ ਅਭਿਆਸਾਂ) ਨਾਲ ਸਬੰਧਾਂ ਕਾਰਨ ਕਲੰਕਿਤ ਕੀਤਾ ਜਾਂਦਾ ਹੈ, ਅਤੇ HIV ਨਾਲ ਨਿਦਾਨ ਕੀਤੇ ਵਿਅਕਤੀਆਂ ਨੂੰ ਸਿਹਤ ਸੰਭਾਲ ਸੈਟਿੰਗਾਂ ਦੇ ਅੰਦਰ ਵੀ ਮਹੱਤਵਪੂਰਨ ਵਿਤਕਰੇ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

•**ਲਤ:** ਪਦਾਰਥਾਂ ਦੀ ਵਰਤੋਂ ਸੰਬੰਧੀ ਵਿਕਾਰ ਵਾਲੇ ਲੋਕ ਗਲਤ ਧਾਰਨਾਵਾਂ ਕਾਰਨ ਕਲੰਕਿਤ ਹੋ ਸਕਦੇ ਹਨ। ਇਹ ਕਲੰਕ ਵਿਅਕਤੀਆਂ ਨੂੰ ਮਦਦ ਮੰਗਣ ਅਤੇ ਉਚਿਤ ਇਲਾਜ ਪ੍ਰਾਪਤ ਕਰਨ ਤੋਂ ਰੋਕ ਸਕਦਾ ਹੈ।

• LGBTQ+: LGBTQ+ ਵਿਅਕਤੀਆਂ ਨੂੰ ਸੱਭਿਆਚਾਰਕ ਜਾਂ ਧਾਰਮਿਕ ਵਿਸ਼ਵਾਸਾਂ ਵਿਚ ਜੜ੍ਹਾਂ ਵਾਲੇ ਕਲੰਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜੋ ਅਕਸਰ ਵਿਤਕਰੇ, ਹਿੰਸਾ, ਜਾਂ ਬੇਦਖਲੀ ਦਾ ਨਤੀਜਾ ਹੁੰਦਾ ਹੈ। ਇਹ ਕਲੰਕ ਜਿਨਸੀ ਝੁਕਾਅ ਜਾਂ ਲਿੰਗ ਪਛਾਣ ਬਾਰੇ ਨੁਕਸਾਨਦੇਹ ਰਵੱਈਏ ਨਾਲ ਜੁੜਿਆ ਹੋਇਆ ਹੈ।

•**ਨਸਲੀ ਕਲੰਕ:** ਕੁਝ ਨਸਲੀ ਜਾਂ ਨਸਲੀ ਸਮੂਹਾਂ ਨੂੰ ਅਜਿਹੇ ਤਰੀਕਿਆਂ ਨਾਲ ਰੂੜ੍ਹੀਬੱਧ ਕੀਤਾ ਜਾ ਸਕਦਾ ਹੈ ਜਿਸ ਦੇ ਨਤੀਜੇ ਵਜੋਂ ਰੁਜ਼ਗਾਰ, ਸਿੱਖਿਆ, ਅਤੇ ਅਪਰਾਧਕ ਨਿਆਂ ਪ੍ਰਣਾਲੀ ਵਰਗੇ ਖੇਤਰਾਂ ਵਿਚ ਵਿਆਪਕ ਪੱਖਪਾਤ, ਪੱਖਪਾਤੀ ਅਭਿਆਸਾਂ ਅਤੇ ਅਸਮਾਨ ਵਿਵਹਾਰ ਹੁੰਦਾ ਹੈ।

**4.ਕਲੰਕ ਦਾ ਮੁਕਾਬਲਾ ਕਰਨਾ**

•**ਸਿੱਖਿਆ:** ਕਲੰਕ ਦਾ ਮੁਕਾਬਲਾ ਕਰਨ ਦੇ ਸਭ ਤੋਂ ਸ਼ਕਤੀਸ਼ਾਲੀ ਤਰੀਕਿਆਂ ਵਿਚੋਂ ਇੱਕ ਹੈ ਜਾਗਰੂਕਤਾ ਅਤੇ ਸਮਝ ਵਧਾਉਣਾ। ਲੋਕਾਂ ਨੂੰ ਮਾਨਸਿਕ ਸਿਹਤ, ਨਸ਼ਾਖੋਰੀ, ਅਤੇ ਹੋਰ ਕਲੰਕਿਤ ਮੁੱਦਿਆਂ ਬਾਰੇ ਜਾਗਰੂਕ ਕਰਨਾ ਗਲਤ ਧਾਰਨਾਵਾਂ ਨੂੰ ਚੁਣੌਤੀ ਦੇ ਸਕਦਾ ਹੈ ਅਤੇ ਡਰ ਨੂੰ ਘਟਾ ਸਕਦਾ ਹੈ।

•**ਸਕਾਰਾਤਮਕ ਪ੍ਰਤੀਨਿਧਤਾ:** ਮੀਡੀਆ, ਸਾਹਿਤ, ਅਤੇ ਪੌਪ ਸੱਭਿਆਚਾਰ ਜਨਤਕ ਧਾਰਨਾ ਨੂੰ ਆਕਾਰ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਲੰਕਿਤ ਸਮੂਹਾਂ ਦੇ ਸਕਾਰਾਤਮਕ ਚਿੱਤਰਣ, ਜਾਂ ਕਹਾਣੀਆਂ ਜੋ ਉਨ੍ਹਾਂ ਦੇ ਸੰਘਰਸ਼ਾਂ ਨੂੰ ਮਾਨਵੀਕਰਨ ਕਰਦੀਆਂ ਹਨ, ਇਨ੍ਹਾਂ ਮੁੱਦਿਆਂ ਨੂੰ ਆਮ ਬਣਾਉਣ ਅਤੇ ਸਮਾਜਿਕ ਰਵੱਈਏ ਨੂੰ ਬਦਲਣ ਵਿਚ ਮਦਦ ਕਰ ਸਕਦੀਆਂ ਹਨ।

•**ਸਹਾਇਤਾ ਨੈੱਟਵਰਕ:** ਸੁਰੱਖਿਅਤ ਥਾਵਾਂ ਪ੍ਰਦਾਨ ਕਰਨਾ ਜਿੱਥੇ ਵਿਅਕਤੀ ਆਪਣੇ ਤਜਰਬਿਆਂ ‘ਤੇ ਚਰਚਾ ਕਰ ਸਕਦੇ ਹਨ, ਕਹਾਣੀਆਂ ਸਾਂਝੀਆਂ ਕਰ ਸਕਦੇ ਹਨ, ਅਤੇ ਇੱਕ ਦੂਜੇ ਨੂੰ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਨ। ਅਲੱਗ-ਥਲੱਗ ਹੋਣ ਦੀਆਂ ਭਾਵਨਾਵਾਂ ਨੂੰ ਤੋੜਨ ਲਈ ਪੀਅਰ ਸਹਾਇਤਾ ਅਕਸਰ ਜ਼ਰੂਰੀ ਹੁੰਦੀ ਹੈ।

• **ਨੀਤੀ ਪਰਿਵਰਤਨ:** ਕਾਨੂੰਨੀ



ਸੁਰੱਖਿਆ ਅਤੇ ਨੀਤੀ ਸੁਧਾਰਾਂ ਦੀ ਵਕਾਲਤ ਕਰਨਾ ਜੋ ਵਿਤਕਰੇ ਦਾ ਮੁਕਾਬਲਾ ਕਰਦੇ ਹਨ ਅਤੇ ਕਲੰਕਿਤ ਸਮੂਹਾਂ ਲਈ ਸਮਾਨਤਾ ਨੂੰ ਉਤਸ਼ਾਹਿਤ ਕਰਦੇ ਹਨ। ਇਸ ਵਿਚ ਹੈਲਥਕੇਅਰ ਤੱਕ ਪਹੁੰਚ ਦਾ ਵਿਸਤਾਰ ਕਰਨਾ, ਹਾਇਰਿੰਗ ਪ੍ਰਥਾਵਾਂ ਵਿਚ ਪੱਖਪਾਤ ਨੂੰ ਦੂਰ ਕਰਨਾ, ਅਤੇ ਸਮਾਜਿਕ ਸੇਵਾਵਾਂ ਵਿਚ ਸਮਾਨ ਵਿਵਹਾਰ ਨੂੰ ਯਕੀਨੀ ਬਣਾਉਣਾ ਸ਼ਾਮਲ ਹੋ ਸਕਦਾ ਹੈ।

**5. ਕਲੰਕ ਅਤੇ ਮਾਨਸਿਕ ਸਿਹਤ:** ਕਲੰਕ ਅਤੇ ਮਾਨਸਿਕ ਸਿਹਤ ਦਾ ਲਾਂਘਾ ਖਾਸ ਤੌਰ ‘ਤੇ ਮਹੱਤਵਪੂਰਨ ਹੈ। ਮਾਨਸਿਕ ਬਿਮਾਰੀ ਦੇ ਆਲੇ ਦੁਆਲੇ ਦੇ ਕਲੰਕ ਦੇ ਨਤੀਜੇ ਵਜੋਂ ਵਿਅਕਤੀ ਇਲਾਜ ਤੋਂ ਪਰਹੇਜ਼ ਕਰ ਸਕਦੇ ਹਨ ਜਾਂ ਮਦਦ ਦੀ ਲੋੜ ਤੋਂ ਇਨਕਾਰ ਕਰ ਸਕਦੇ ਹਨ। ਇਹ ਝਿਜਕ ਮਾਨਸਿਕ ਸਿਹਤ ਦੇ ਵਿਗੜਦੇ ਨਤੀਜਿਆਂ ਵੱਲ ਲੈ ਜਾ ਸਕਦੀ ਹੈ, ਕਿਉਂਕਿ ਇਲਾਜ ਨਾ ਕੀਤੇ ਜਾਣ ਵਾਲੀਆਂ ਸਥਿਤੀਆਂ ਵਧੇਰੇ ਗੰਭੀਰ ਲੱਛਣਾਂ ਜਾਂ ਪਦਾਰਥਾਂ ਦੀ ਦੁਰਵਰਤੋਂ ਵਰਗੇ ਸਹਿ-ਹੋਣ ਵਾਲੇ ਮੁੱਦਿਆਂ ਵਿਚ ਘੁੰਮ ਸਕਦੀਆਂ ਹਨ। ਇਸ ਤੋਂ ਇਲਾਵਾ, ਮਾਨਸਿਕ ਸਿਹਤ ਦੇ ਆਲੇ ਦੁਆਲੇ ਦਾ ਕਲੰਕ ਕਈ ਵਾਰ ਦੁੱਖਾਂ ਦੇ ਚੱਕਰ ਨੂੰ ਕਾਇਮ ਰੱਖ ਸਕਦਾ ਹੈ, ਜਿਸ ਨਾਲ ਵਿਅਕਤੀਆਂ ਲਈ ਆਪਣੀਆਂ ਸਥਿਤੀਆਂ ਨੂੰ ਠੀਕ ਕਰਨਾ ਜਾਂ ਪ੍ਰਬੰਧਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਮਾਨਸਿਕ ਸਿਹਤ ਬਾਰੇ ਵਧੇਰੇ ਖੁੱਲ੍ਹੀ ਵਿਚਾਰ-ਵਟਾਂਦਰੇ ਵੱਲ ਇੱਕ ਤਬਦੀਲੀ, ਵਿਆਪਕ ਸਮਾਜਿਕ ਸਵੀਕ੍ਰਿਤੀ ਦੇ ਨਾਲ, ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਦੀ ਕੁੰਜੀ ਹੈ।

**6. ਕਲੰਕ ਅਤੇ ਅੰਤਰ-ਵਿਭਾਜਨਤਾ:** ਇਹ ਪਛਾਣਨਾ ਮਹੱਤਵਪੂਰਨ ਹੈ ਕਿ ਕਲੰਕ ਨੂੰ ਸੰਯੁਕਤ ਕੀਤਾ ਜਾ ਸਕਦਾ ਹੈ ਜਦੋਂ ਵਿਅਕਤੀ ਕਈ ਹਾਸ਼ੀਏ ਵਾਲੇ ਸਮੂਹਾਂ ਨਾਲ ਸਬੰਧਤ ਹੁੰਦੇ ਹਨ। ਉਦਾਹਰਨ ਲਈ, ਇੱਕ ਮਾਨਸਿਕ ਸਿਹਤ ਸਥਿਤੀ ਵਾਲੀ ਇੱਕ ਕਾਲੀ ਔਰਤ ਨੂੰ ਉਸਦੀ ਨਸਲ, ਲਿੰਗ, ਅਤੇ ਮਾਨਸਿਕ ਸਿਹਤ ਸਥਿਤੀ ਨਾਲ ਸਬੰਧਤ ਕਲੰਕ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਜਿਨ੍ਹਾਂ ਵਿਚੋਂ ਹਰ ਇੱਕ ਅਜਿਹੇ ਤਰੀਕਿਆਂ ਨਾਲ ਗੱਲਬਾਤ ਕਰ ਸਕਦੀ ਹੈ ਜੋ ਉਸਦੇ ਵਿਤਕਰੇ ਦੇ ਅਨੁਭਵਾਂ ਨੂੰ ਮਿਸ਼ਰਤ ਕਰ ਸਕਦੀ ਹੈ। ਅੰਤਰ-ਵਿਭਾਗਤਾ ਇਸ ਗੱਲ ‘ਤੇ ਜ਼ੋਰ ਦਿੰਦੀ ਹੈ ਕਿ ਕਿਵੇਂ ਕਲੰਕ ਅਤੇ ਵਿਤਕਰੇ ਦੇ ਵੱਖ-ਵੱਖ ਰੂਪਾਂ ਨੂੰ ਇਕ ਦੂਜੇ ਨਾਲ ਮਿਲਾਉਂਦੇ ਹਨ ਅਤੇ ਵਿਅਕਤੀਆਂ ਲਈ ਵਿਲੱਖਣ ਅਨੁਭਵ ਪੈਦਾ ਕਰਦੇ ਹਨ। ਸਿੱਟਾ ਕਲੰਕ ਸਮਾਜ ਵਿਚ ਇੱਕ ਸ਼ਕਤੀਸ਼ਾਲੀ ਅਤੇ ਨੁਕਸਾਨਦੇਹ ਸ਼ਕਤੀ ਹੈ ਜੋ ਇੱਕ ਵਿਅਕਤੀ ਦੇ ਜੀਵਨ ਦੇ ਹਰ ਪਹਿਲੂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਉਨ੍ਹਾਂ ਦੇ ਸਵੈ-ਚਿੱਤਰ ਤੋਂ ਲੈ ਕੇ ਉਨ੍ਹਾਂ ਦੀ ਸਫਲਤਾ ਅਤੇ ਖੁਸ਼ੀ ਦੇ ਮੌਕਿਆਂ ਤੱਕ। ਕਲੰਕ ਦਾ ਮੁਕਾਬਲਾ ਕਰਨ ਲਈ ਹਾਨੀਕਾਰਕ ਰੂੜ੍ਹੀਵਾਦੀ ਧਾਰਨਾਵਾਂ ਨੂੰ ਚੁਣੌਤੀ ਦੇਣ, ਸਮਝ ਨੂੰ ਉਤਸ਼ਾਹਿਤ ਕਰਨ ਅਤੇ ਸਹਾਇਕ ਪ੍ਰਣਾਲੀਆਂ ਨੂੰ ਬਣਾਉਣ ਲਈ ਸਮੂਹਿਕ ਯਤਨਾਂ ਦੀ ਲੋੜ ਹੁੰਦੀ ਹੈ। ਸਮਾਵੇਸ਼ਤਾ ਅਤੇ ਹਮਦਰਦੀ ਨੂੰ ਉਤਸ਼ਾਹਿਤ ਕਰਕੇ, ਅਸੀਂ ਇੱਕ ਹੋਰ ਸਵੀਕਾਰ ਕਰਨ ਵਾਲੇ ਸਮਾਜ ਵੱਲ ਕੰਮ ਕਰ ਸਕਦੇ ਹਾਂ ਜਿੱਥੇ ਲੋਕਾਂ ਨੂੰ ਉਨ੍ਹਾਂ ਦੇ ਮਤਭੇਦਾਂ ਦੁਆਰਾ ਪਰਿਭਾਸ਼ਿਤ ਨਹੀਂ ਕੀਤਾ ਜਾਂਦਾ ਹੈ ਪਰ ਉਨ੍ਹਾਂ ਲਈ ਗਲੇ ਲਗਾਇਆ ਜਾਂਦਾ ਹੈ ਕਿ ਉਹ ਕੌਣ ਹਨ। ਕਲੰਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਅਤੇ ਦੂਰ ਕਰਨ ਲਈ, ਇੱਕ ਬਹੁ-ਪੱਖੀ ਪਹੁੰਚ ਅਪਣਾਉਣੀ ਜ਼ਰੂਰੀ ਹੈ ਜੋ ਇਸਦੇ ਕਾਰਨਾਂ ਅਤੇ ਨਤੀਜਿਆਂ ਨਾਲ ਨਜਿੱਠਦਾ ਹੈ।

ਇੱਥੇ ਸੰਭਾਵੀ ਹੱਲਾਂ ਦੀ ਇੱਕ ਵੰਡ ਹੈ:

1. ਜਨਤਕ ਸਿੱਖਿਆ ਅਤੇ ਜਾਗਰੂਕਤਾ

•**ਜਾਗਰੂਕਤਾ ਵਧਾਉਣਾ:** ਜਨਤਕ ਸਿੱਖਿਆ ਮੁਹਿੰਮਾਂ ਨੂੰ ਮਿੱਥਾਂ ਅਤੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਤਿਆਰ ਕੀਤਾ ਜਾ ਸਕਦਾ ਹੈ। ਇਨ੍ਹਾਂ ਮੁਹਿੰਮਾਂ ਨੂੰ ਮਾਨਸਿਕ ਸਿਹਤ, ਨਸ਼ਾਖੋਰੀ, ਅਤੇ ਹੋਰ ਕਲੰਕਿਤ ਸਥਿਤੀਆਂ ਬਾਰੇ ਸਹੀ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ, ਤੱਥਾਂ ‘ਤੇ ਕੇਂਦਰਤ ਕਰਦੇ ਹੋਏ ਅਤੇ ਚੁਣੌਤੀਪੂਰਨ ਰੂੜ੍ਹੀਵਾਦੀ ਧਾਰਨਾਵਾਂ

•**ਹਮਦਰਦੀ ਨੂੰ ਉਤਸ਼ਾਹਿਤ ਕਰਨਾ:** ਕਹਾਣੀ ਸੁਣਾਉਣ ਅਤੇ ਨਿੱਜੀ ਖਾਤਿਆਂ ਰਾਹੀਂ ਹਮਦਰਦੀ ਨੂੰ ਵਧਾਉਣਾ ਕਲੰਕਿਤ ਵਿਅਕਤੀਆਂ ਨੂੰ ਮਾਨਵੀਕਰਨ ਵਿਚ ਮਦਦ ਕਰਦਾ ਹੈ।

**2. ਨੀਤੀ ਅਤੇ ਕਨੂੰਨੀ ਸੁਧਾਰ**

•**ਵਿਤਕਰੇ ਦੇ ਖ਼ਿਲਾਫ ਕਾਨੂੰਨ:** ਅਜਿਹੇ ਕਾਨੂੰਨ ਬਣਾਉਣਾ ਜੋ ਹਾਸ਼ੀਏ ‘ਤੇ ਰਹਿ ਗਏ ਸਮੂਹਾਂ ਨੂੰ ਰੁਜ਼ਗਾਰ, ਰਿਹਾਇਸ਼ ਅਤੇ ਸਿਹਤ ਸੰਭਾਲ ਵਰਗੇ ਖੇਤਰਾਂ ਵਿਚ ਵਿਤਕਰੇ ਤੋਂ ਬਚਾਉਂਦੇ ਹਨ। ਮਾਨਸਕ ਸਿਹਤ ਮੁੱਦਿਆਂ, ਨਸ਼ਾਖੋਰੀ, ਜਾਂ ਐਚਆਈਵੀ ਦੇ ਕਾਰਨ ਕਲੰਕ ਦਾ ਸਾਹਮਣਾ ਕਰ ਰਹੇ ਲੋਕਾਂ ਤੱਕ ਕਾਨੂੰਨੀ ਸੁਰੱਖਿਆਵਾਂ ਦਾ ਵਿਸਥਾਰ ਕਰਨਾ ਚਾਹੀਦਾ ਹੈ, ਅਧਿਕਾਰਾਂ ਅਤੇ ਮੌਕਿਆਂ ਤੱਕ ਬਰਾਬਰ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ।

•**ਸੰਮਲਿਤ ਹੈਲਥਕੇਅਰ ਨੀਤੀਆਂ:** ਹੈਲਥਕੇਅਰ ਪ੍ਰਣਾਲੀਆਂ ਨੂੰ ਅਜਿਹੀਆਂ ਨੀਤੀਆਂ ਲਾਗੂ ਕਰਨੀਆਂ ਚਾਹੀਦੀਆਂ ਹਨ ਜੋ ਕਲੰਕਿਤ ਆਬਾਦੀ ਦੀਆਂ ਲੋੜਾਂ ਨੂੰ ਸੰਬੋਧਿਤ ਕਰਦੀਆਂ ਹਨ, ਬਰਾਬਰ ਇਲਾਜ ਅਤੇ ਦੇਖਭਾਲ ਤੱਕ ਪਹੁੰਚ ਨੂੰ ਯਕੀਨੀ ਬਣਾਉਂਦੀਆਂ ਹਨ। ਮਾਨਸਿਕ ਸਿਹਤ ਸੇਵਾਵਾਂ, ਵਿਆਪਕ ਤੌਰ ‘ਤੇ ਉਪਲਬਧ, ਪਹੁੰਚਯੋਗ ਅਤੇ ਵਿਤਕਰੇ ਤੋਂ ਮੁਕਤ ਹੋਣੀਆਂ ਚਾਹੀਦੀਆਂ ਹਨ।

**3.ਸਸ਼ਕਤੀਕਰਨ ਅਤੇ ਸਹਾਇਤਾ ਨੈੱਟਵਰਕ**

•**ਭਾਈਚਾਰਕ ਸਹਾਇਤਾ:** ਸਹਾਇਤਾ ਸਮੂਹਾਂ ਅਤੇ ਸੁਰੱਖਿਅਤ ਸਥਾਨਾਂ ਦੀ ਸਥਾਪਨਾ ਕਰਨਾ ਜਿੱਥੇ ਵਿਅਕਤੀ ਆਪਣੇ ਤਜ਼ਰਬਿਆਂ ਬਾਰੇ ਖੁੱਲ੍ਹ ਕੇ ਗੱਲ ਕਰ ਸਕਦੇ ਹਨ ਮਹੱਤਵਪੂਰਨ ਹੈ। ਕੌਂਸਲਿੰਗ ਸਹਾਇਤਾ ਖਾਸ ਤੌਰ ‘ਤੇ ਪ੍ਰਭਾਵਸ਼ਾਲੀ ਹੋ ਸਕਦੀ ਹੈ, ਕਿਉਂਕਿ ਜਿਨ੍ਹਾਂ ਵਿਅਕਤੀਆਂ ਨੇ ਖੁਦ ਕਲੰਕ ਦਾ ਅਨੁਭਵ ਕੀਤਾ ਹੈ, ਉਹ ਸਮਝ ਅਤੇ ਮਾਰਗਦਰਸ਼ਨ ਪ੍ਰਦਾਨ ਕਰ ਸਕਦੇ ਹਨ।

•**ਸਲਾਹਕਾਰ ਅਤੇ ਵਕਾਲਤ:** ਕਲੰਕਿਤ ਸਮੂਹਾਂ ਲਈ ਸਲਾਹ-ਮਸ਼ਵਰਾ ਕਰਨ ਵਾਲੇ ਪ੍ਰੋਗਰਾਮਾਂ-ਖਾਸ ਕਰਕੇ ਸਕੂਲਾਂ, ਕਾਰਜ ਸਥਾਨਾਂ, ਜਾਂ ਰਿਕਵਰੀ ਪ੍ਰੋਗਰਾਮਾਂ ਵਿਚ-ਵਿਅਕਤੀਆਂ ਨੂੰ ਵਿਸ਼ਵਾਸ ਪੈਦਾ ਕਰਨ, ਉਨ੍ਹਾਂ ਦੀ ਆਵਾਜ਼ ਲੱਭਣ, ਅਤੇ ਕਲੰਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਨੈਵੀਗੇਟ ਕਰਨ ਵਿਚ ਮਦਦ ਕਰ ਸਕਦੇ ਹਨ। ਕਲੰਕ ਦੇ ਜਿਉਂਦੇ ਤਜ਼ਰਬੇ ਵਾਲੇ ਲੋਕਾਂ ਦੀ ਅਗਵਾਈ ਵਿਚ ਵਕਾਲਤ ਦੇ ਯਤਨ ਹਾਸ਼ੀਏ ‘ਤੇ ਪਏ ਸਮੂਹਾਂ ਦੀਆਂ ਆਵਾਜ਼ਾਂ ਨੂੰ ਵੀ ਵਧਾ ਸਕਦੇ ਹਨ।

**4.ਮੀਡੀਆ ਵਿਚ ਸਕਾਰਾਤਮਕ ਪ੍ਰਤੀਨਿਧਤਾ**

•**ਮੀਡੀਆ ਮੁਹਿੰਮਾਂ:** ਮੀਡੀਆ ਜਨਤਕ ਧਾਰਨਾਵਾਂ ਨੂੰ ਆਕਾਰ ਦੇਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਕਲੰਕਿਤ ਵਿਅਕਤੀਆਂ ਦੇ ਸਕਾਰਾਤਮਕ ਚਿੱਤਰਣ - ਚਾਹੇ ਟੀਵੀ ਸ਼ੋਅ, ਫਿਲਮਾਂ, ਜਾਂ ਸੋਸ਼ਲ ਮੀਡੀਆ ਰਾਹੀਂ - ਰੂੜ੍ਹੀਵਾਦੀ ਧਾਰਨਾਵਾਂ ਨੂੰ ਤੋੜਨ ਅਤੇ ਨੁਕਸਾਨਦੇਹ ਬਿਰਤਾਂਤਾਂ ਨੂੰ ਚੁਣੌਤੀ ਦੇਣ ਵਿਚ ਮਦਦ ਕਰ ਸਕਦੇ ਹਨ।

•**ਨੁਮਾਇੰਦਗੀ ਦੇ ਮਾਮਲੇ:** ਮੀਡੀਆ ਦੇ ਸਾਰੇ ਰੂਪਾਂ ਵਿਚ ਵਿਭਿੰਨ ਪ੍ਰਤੀਨਿਧਤਾ - ਭਾਵੇਂ ਇਹ ਨਸਲ, ਮਾਨਸਿਕ ਸਿਹਤ, ਲਿੰਗ, ਜਾਂ ਲਿੰਗਕਤਾ ਹੋਵੇ - ਇਨ੍ਹਾਂ ਅਨੁਭਵਾਂ ਨੂੰ ਆਮ ਬਣਾਉਣ ਵਿਚ ਮਦਦ ਕਰਦੀ ਹੈ ਅਤੇ ਕਲੰਕ ਨੂੰ ਘਟਾਉਂਦੀ ਹੈ। ਸਮਾਜ ਕਲੰਕਿਤ ਵਿਅਕਤੀਆਂ ਨੂੰ ਗੁੰਝਲਦਾਰ, ਬਹੁਪੱਖੀ ਤਰੀਕਿਆਂ ਨਾਲ ਦੇਖਣ ਦੀ ਇਜਾਜ਼ਤ ਦਿੰਦਾ ਹੈ।

**5.ਪੇਸ਼ੇਵਰਾਂ ਲਈ ਸਿਖਲਾਈ ਅਤੇ ਸਿੱਖਿਆ**

•**ਹੈਲਥਕੇਅਰ ਪ੍ਰਦਾਤਾਵਾਂ ਲਈ ਸਿਖਲਾਈ:** ਸਿਹਤ ਸੰਭਾਲ ਪੇਸ਼ੇਵਰਾਂ, ਖਾਸ ਤੌਰ ‘ਤੇ ਮਾਨਸਿਕ ਸਿਹਤ, ਨਸ਼ਾਖੋਰੀ, ਅਤੇ HIV ਦੇਖਭਾਲ ਵਿਚ, ਨੂੰ ਸੱਭਿਆਚਾਰਕ ਯੋਗਤਾ ਅਤੇ ਕਲੰਕ ਘਟਾਉਣ ਵਿਚ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਮਰੀਜ਼ਾਂ ਦੀ ਸਿਹਤ ਦੀ ਸਥਿਤੀ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ ਉਨ੍ਹਾਂ ਨੂੰ ਸਨਮਾਨ, ਸਮਝ ਅਤੇ ਸਤਿਕਾਰ ਨਾਲ ਇਲਾਜ ਕਰਨ ਲਈ ਗਿਆਨ ਨਾਲ ਲੈਸ ਹੋਣਾ ਚਾਹੀਦਾ ਹੈ।

•**ਕੰਮ ਵਾਲੀ ਥਾਂ ‘ਤੇ ਵਿਭਿੰਨਤਾ ਅਤੇ ਸ਼ਾਮਲ ਕਰਨ ਦੀ ਸਿਖਲਾਈ:** ਰੁਜ਼ਗਾਰਦਾਤਾਵਾਂ ਅਤੇ ਸਟਾਫ ਨੂੰ ਵਿਭਿੰਨਤਾ, ਸ਼ਮੂਲੀਅਤ, ਅਤੇ ਕਲੰਕ ਘਟਾਉਣ ਬਾਰੇ ਸਿਖਲਾਈ ਪ੍ਰਾਪਤ ਕਰਨੀ ਚਾਹੀਦੀ ਹੈ। ਸਮਾਵੇਸ਼ੀ ਕੰਮ ਵਾਲੀ ਥਾਂ ਦੇ ਵਾਤਾਵਰਨ ਬਣਾਉਣਾ ਜਿੱਥੇ ਕਰਮਚਾਰੀ ਭੇਦਭਾਵ ਦੇ ਡਰ ਤੋਂ ਬਿਨਾਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ, ਸੰਗਠਨਾਤਮਕ ਪੱਧਰ ‘ਤੇ ਕਲੰਕ ਦਾ ਮੁਕਾਬਲਾ ਕਰ ਸਕਦੇ ਹਨ।

**6. ਮਾਨਸਿਕ ਸਿਹਤ ਬਾਰੇ ਖੁੱਲ੍ਹੀ ਗੱਲਬਾਤ ਨੂੰ ਉਤਸ਼ਾਹਿਤ ਕਰਨਾ:**

•**ਚੁੱਪ ਤੋੜਨਾ:** ਕਲੰਕ ਦਾ ਮੁਕਾਬਲਾ ਕਰਨ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿਚੋਂ ਇੱਕ ਹੈ ਮਾਨਸਿਕ ਸਿਹਤ ਬਾਰੇ ਗੱਲਬਾਤ ਨੂੰ ਆਮ ਬਣਾਉਣਾ। ਸਕੂਲ, ਕੰਮ ਕਰਨ ਵਾਲੀਆਂ ਥਾਵਾਂ, ਅਤੇ ਕਮਿਊਨਿਟੀ ਖੁੱਲ੍ਹੇ ਵਿਚਾਰ-ਵਟਾਂਦਰੇ ਨੂੰ ਉਤਸ਼ਾਹਿਤ ਕਰ ਸਕਦੇ ਹਨ, ਜਿਸ ਨਾਲ ਇਹ ਸਪੱਸ਼ਟ ਹੁੰਦਾ ਹੈ ਕਿ ਮਾਨਸਿਕ ਸਿਹਤ ਦੇ ਸੰਘਰਸ਼ ਸਰੀਰਕ ਸਿਹਤ ਚੁਣੌਤੀਆਂ ਵਾਂਗ ਹੀ ਜਾਇਜ਼ ਹਨ।

•**ਜਨਤਕ ਹਸਤੀਆਂ ਬੋਲਦੀਆਂ ਹਨ:** ਜਦੋਂ ਜਨਤਕ ਸ਼ਖਸੀਅਤਾਂ-ਚਾਹੇ ਮਸ਼ਹੂਰ ਹਸਤੀਆਂ, ਸਿਆਸਤਦਾਨ, ਜਾਂ ਪ੍ਰਭਾਵਕ-ਮਾਨਸਿਕ ਸਿਹਤ ਜਾਂ ਹੋਰ ਕਲੰਕਿਤ ਮੁੱਦਿਆਂ ਬਾਰੇ ਆਪਣੇ ਤਜਰਬਿਆਂ ਬਾਰੇ ਖੁੱਲ੍ਹ ਕੇ ਗੱਲ ਕਰਦੇ ਹਨ, ਤਾਂ ਇਹ ਸ਼ਰਮ ਅਤੇ ਇਕੱਲਤਾ ਨੂੰ ਘਟਾਉਣ ਵਿਚ ਮਦਦ ਕਰਦਾ ਹੈ ਜੋ ਬਹੁਤ ਸਾਰੇ ਲੋਕ ਮਹਿਸੂਸ ਕਰਦੇ ਹਨ। ਇਹ ਵੀ ਸੰਕੇਤ ਦਿੰਦਾ ਹੈ ਕਿ ਇਨ੍ਹਾਂ ਮੁੱਦਿਆਂ ਨੂੰ ਲੁਕਾਇਆ ਜਾਂ ਅਣਡਿੱਠ ਨਹੀਂ ਕੀਤਾ ਜਾਣਾ ਚਾਹੀਦਾ।

# ਫ਼ਿਲਮ ਲੋਕ

## ਆਲੀਆ ਭੱਟ ਦਾ ਡਰਾਉਣਾ ਰੂਪ



ਮੈਡਾਕ ਫ਼ਿਲਮਜ਼ ਦੇ ਨਿਰਮਾਤਾ ਦਿਨੇਸ਼ ਵਿਜਾਨ ਇਸ ਸਾਲ ਬਣਾਈ ਗਈ 'ਇਸਤਰੀ-2' ਤੋਂ ਬਾਅਦ ਹੁਣ ਅਦਾਕਾਰਾ ਆਲੀਆ ਭੱਟ 'ਤੇ ਇਕ ਵੱਡਾ ਦਾਅ ਖੇਡਣ ਜਾ ਰਹੇ ਹਨ। ਐਕਸ਼ਨ ਅਤੇ ਰੋਮਾਂਸ ਵਾਲੀਆਂ ਫ਼ਿਲਮਾਂ 'ਚ ਫਲਾਪ ਹੋ ਚੁੱਕੀ ਆਲੀਆ ਦਿਨੇਸ਼ ਵਿਜਾਨ ਦੀ ਸੁਪਰ ਨੈਚੁਰਲ ਡਰਾਉਣੀ ਫ਼ਿਲਮ 'ਚਾਮੁੰਡਾ' ਵਿਚ ਲੋਕਾਂ ਨੂੰ ਪਹਿਲੀ ਵਾਰ ਡਰਾਉਂਦੀ ਨਜ਼ਰ ਆਵੇਗੀ।

ਮੈਡਾਕ ਫ਼ਿਲਮਜ਼ ਦੇ ਇਸ ਪ੍ਰਾਜੈਕਟ ਵਿਚ ਸ਼ਰਧਾ ਕਪੂਰ ਦੀ ਥਾਂ ਆਲੀਆ ਦੇ ਹੋਣ 'ਤੇ ਹਰ ਕੋਈ ਕਾਫ਼ੀ ਹੈਰਾਨ ਹੋਇਆ ਹੈ ਕਿਉਂਕਿ ਸ਼ਰਧਾ ਕਪੂਰ ਨਾਲ ਮੈਡਾਕ ਫ਼ਿਲਮਜ਼ ਦੀ ਕਾਫੀ ਚੰਗੀ ਪਟੜੀ ਬੈਠ ਚੁੱਕੀ ਹੈ, ਪਰ ਹੁਣ ਸ਼ਾਇਦ ਇਹ ਪ੍ਰੋਡਕਸ਼ਨ ਹਾਊਸ ਦਰਸ਼ਕਾਂ ਲਈ ਥੋੜ੍ਹੇ ਬਦਲਾਅ ਨਾਲ ਆਲੀਆ ਦੇ ਹੁਨਰ ਦੀ ਵਰਤੋਂ ਕਰਨਾ ਚਾਹੁੰਦੇ ਹਨ। ਆਲੀਆ ਭੱਟ ਇਸ ਸਮੇਂ ਯਸ਼ਰਾਜ ਫ਼ਿਲਮ ਦੇ ਸਪਾਈ ਯੂਨੀਵਰਸ ਦੇ ਅਧੀਨ ਬਣ ਰਹੀ ਫ਼ਿਲਮ 'ਅਲਫ਼ਾ' ਵਿਚ ਰੁੱਝੀ ਹੈ। ਇਸ ਫ਼ਿਲਮ ਵਿਚ ਉਹ ਪਹਿਲੀ ਵਾਰ ਬਰਵਰੀ ਵਾਘ ਦੇ ਨਾਲ ਸਕਰੀਨ ਸਾਂਝੀ ਕਰਦੀ ਨਜ਼ਰ ਆਵੇਗੀ। ਆਲੀਆ ਨੇ ਫ਼ਿਲਮ ਦੀ ਸ਼ੂਟਿੰਗ ਸ਼ੁਰੂ ਕਰ ਦਿੱਤੀ ਹੈ। ਪ੍ਰਸ਼ੰਸਕ ਇਸ ਫ਼ਿਲਮ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਇਹ ਇਕ ਬਿਹਤਰੀਨ ਐਕਸ਼ਨ ਵਿਸਥਾਰ ਫ਼ਿਲਮ ਹੈ। ਇਸ ਵਿਚ ਆਲੀਆ ਭੱਟ ਖ਼ੁਦ ਬਿਹਤਰੀਨ ਐਕਸ਼ਨ ਕਰਦੀ ਨਜ਼ਰ ਆਉਣ ਵਾਲੀ ਹੈ। ਇਸ ਫ਼ਿਲਮ ਵਿਚ ਉਸ ਦੇ ਨਾਲ ਬੌਬੀ ਦਿਓਲ ਅਹਿਮ ਭੂਮਿਕਾ ਨਿਭਾਅ ਰਹੇ ਹਨ। ਇਸ ਫ਼ਿਲਮ ਨੂੰ ਲੈ ਕੇ ਦਰਸ਼ਕਾਂ ਵਿਚ ਜ਼ਬਰਦਸਤ ਕਰੇਜ਼ ਬਣਿਆ ਹੋਇਆ ਹੈ। 'ਅਲਫ਼ਾ' ਯਸ਼ਰਾਜ ਫ਼ਿਲਮ ਦੀ ਪਹਿਲੀ ਔਰਤ ਮੁੱਖ ਕਿਰਦਾਰ ਵਾਲੀ ਫ਼ਿਲਮ ਹੈ। ਰਿਪੋਰਟਾਂ ਅਨੁਸਾਰ ਆਲੀਆ ਇਸ ਵਿਚ ਸੁਪਰ- ਏਜੰਟ ਦੀ ਭੂਮਿਕਾ ਵਿਚ ਨਜ਼ਰ ਆਉਣ ਵਾਲੀ ਹੈ। ਇਸ ਫ਼ਿਲਮ ਦਾ ਨਿਰਦੇਸ਼ਨ ਵੈੱਬ ਸੀਰੀਜ਼ 'ਦ ਰੇਲਵੇ ਮੰਨ ਨੂੰ ਨਿਰਦੇਸ਼ਤ ਕਰ ਚੁੱਕੇ ਸ਼ਿਵ ਰਵੇਲ ਕਰ ਰਹੇ ਹਨ।'ਸਟੂਡੈਂਟ ਆਫ ਦ ਈਅਰ' (2012) ਦੀ ਸ਼ੁਰੂਆਤ ਕਰਨ ਵਾਲੀ ਆਲੀਆ ਭੱਟ ਨੇ ਹਾਲ ਹੀ ਵਿਚ ਕਰੀਅਰ ਦੇ 12 ਸਾਲ ਪੂਰੇ ਕੀਤੇ ਹਨ। ਇਨ੍ਹਾਂ 12 ਸਾਲਾਂ ਵਿਚ ਆਲੀਆ ਨੇ 18 ਫਿਲਮਾਂ ਕੀਤੀਆਂ ਹਨ ਅਤੇ ਉਨ੍ਹਾਂ ਵਿਚੋਂ 11 ਹਿੱਟ ਰਹੀਆਂ। ਆਲੀਆ ਭੱਟ ਪਿਛਲੀ ਵਾਰ ਵਾਸਨ ਬਾਲਾ ਦੇ ਨਿਰਦੇਸ਼ਨ ਹੇਠ ਬਣੀ ਡ੍ਰਾਮਾਈ ਫ਼ਿਲਮ 'ਜਿਗਰਾ' ਵਿਚ ਨਜ਼ਰ ਆਈ ਸੀ।



## ਸੁਰਖੀਆਂ 'ਚ ਰਹਿਣਾ ਸਿੱਖ ਗਈ ਸਾਰਾ ਅਲੀ ਖ਼ਾਨ

ਸੋਸ਼ਲ ਮੀਡੀਆ 'ਤੇ ਕਾਫ਼ੀ ਸਰਗਰਮ ਰਹਿਣ ਵਾਲੀ ਬਾਲੀਵੁੱਡ ਅਦਾਕਾਰਾ ਸਾਰਾ ਅਲੀ ਖਾਨ ਕਿਸੇ ਨਾ ਕਿਸੇ ਵਜ੍ਹਾ ਕਰਕੇ ਹਮੇਸ਼ਾ ਸੁਰਖੀਆਂ ਵਿਚ ਬਣੀ ੳ ਦੀ ਹੈ। ਇਕ ਵਾਰ ਫਿਰ ਉਹ ਆਪਣੀ ਨਿੱਜੀ ਜ਼ਿੰਦਗੀ ਨੂੰ ਲੈ ਕੇ ਸੁਰਖੀਆਂ ਵਿਚ ਹੈ। ਪਿਛਲੇ ਕੁਝ ਸਮੇਂ ਤੋਂ ਪ੍ਰਸਿੱਧ ਮਾਡਲ ਐਮ. ਐਮ. ਏ. ਫਾਈਟਰ ਅਤੇ ਬਾਲੀਵੁੱਡ ਇਨਸਾਈਡਰ ਕਾਂਗਰਸ ਨੇਤਾ ਅਰਜਨ ਬਾਜਵਾ ਨਾਲ ਉਸ ਦੀ ਲਿੰਕਅਪ ਦੀਆਂ ਖ਼ਬਰਾਂ ਚੰਗੀਆਂ ਚਰਚਾ ਵਿਚ ਹਨ।

ਖ਼ਬਰਾਂ ਵੱਲ ਦੇਖੀਏ ਤਾਂ ਸਾਰਾ ਅਲੀ ਖਾਨ ਅੱਜਕੱਲ੍ਹ ਅਰਜਨ ਬਾਜਵਾ ਨੂੰ ਡੇਟ ਕਰ ਰਹੀ ਹੈ। ਅਕਸ਼ੈ ਕੁਮਾਰ ਦੀ ਫ਼ਿਲਮ 'ਸਿੰਘ ਇਜ਼ ਬਲਿੰਗ' (2015) ਵਿਚ ਸਹਾਇਕ ਦੇ ਤੌਰ 'ਤੇ ਕੰਮ ਕਰ ਚੁੱਕੇ ਅਰਜਨ ਬਾਜਵਾ ਅਤੇ ਸਾਰਾ ਅਲੀ ਖਾਨ ਵਿਚਾਲੇ ਅਫੇਅਰ ਦੀਆਂ ਖ਼ਬਰਾਂ ਇਸ ਸਾਲ ਅਕਤੂਬਰ ਵਿਚ ਉਸ ਸਮੇਂ ਫੈਲਣੀਆਂ ਸ਼ੁਰੂ ਹੋਈਆਂ ਜਦੋਂ ਦੋਵਾਂ ਨੂੰ ਕੇਦਾਰਨਾਥ ਯਾਤਰਾ 'ਤੇ ਇਕੱਠੇ ਦੇਖਿਆ ਗਿਆ। ਦੋਵਾਂ ਨੇ ਉਸ ਟ੍ਰਿੱਪ ਦੀਆਂ ਫੋਟੋਆਂ ਵੱਖ-ਵੱਖ ਆਪਣੇ-ਆਪਣੇ ਸੋਸ਼ਲ ਮੀਡੀਆ ਅਕਾਊਂਟ 'ਤੇ ਸਾਂਝੀਆਂ ਕੀਤੀਆਂ ਸਨ। ਕੇਦਾਰਨਾਥ ਯਾਤਰਾ ਤੋਂ ਬਾਅਦ ਅਰਜਨ ਬਾਜਵਾ ਅਤੇ ਸਾਰਾ ਅਲੀ ਖਾਨ ਹਾਲ ਹੀ ਵਿਚ ਰਾਜਸਥਾਨ ਵਿਚ ਫਿਰ ਤੋਂ ਇਕੱਠੇ ਘੁੰਮਦੇ ਹੋਏ ਨਜ਼ਰ ਆਏ। ਸਾਰਾ ਅਲੀ ਖਾਨ ਆਉਣ ਵਾਲੀ ਫ਼ਿਲਮ 'ਸਕਾਈ ਫੋਰਸ' ਵਿਚ ਅਕਸ਼ੈ ਕੁਮਾਰ ਦੇ ਨਾਲ ਦਿਸੇਗੀ। ਇਸ ਤੋਂ ਇਲਾਵਾ ਉਹ ਅਨੁਰਾਗ ਬਸੂ ਦੀ ਫ਼ਿਲਮ 'ਮੈਟਰੋ ਇਨ ਦਿਨੋਂ' ਵਿਚ ਆਦਿੱਤਿਆ ਰਾਏ ਕਪੂਰ ਨਾਲ ਨਜ਼ਰ ਆਵੇਗੀ। ਇਸ ਫ਼ਿਲਮ ਵਿਚ ਅਨੁਪਮ ਖੇਰ, ਪੰਕਜ ਤ੍ਰਿਪਾਠੀ, ਨੀਨਾ ਗੁਪਤਾ ਅਤੇ ਫਾਤਿਮਾ ਸਨਾ ਸ਼ੇਖ ਵੀ ਦਿਖਾਈ ਦੇਣਗੇ । ਸਾਰਾ ਅਲੀ ਖਾਨ ਆਯੁਸ਼ਮਾਨ ਖੁਰਾਣਾ ਦੇ ਨਾਲ ਇਕ ਅਨਟਾਈਟਲਡ ਸਪਾਈ ਕਾਮੇਡੀ ਫ਼ਿਲਮ ਵੀ ਕਰ ਰਹੀ ਹੈ। ਧਰਮਾ ਪ੍ਰੋਡਕਸ਼ਨ ਦੀ ਇਸ ਫ਼ਿਲਮ ਦੀ ਸ਼ੂਟਿੰਗ ਇਨ੍ਹੀਂ ਦਿਨੀਂ ਤੇਜ਼ੀ ਨਾਲ ਚੱਲ ਰਹੀ ਹੈ। ਸਾਰਾ ਅਲੀ ਖਾਨ ਨੇ ਫ਼ਿਲਮ 'ਕੇਦਾਰਨਾਥ' (2018) ਤੋਂ ਡੈਬਿਊ ਕੀਤਾ ਸੀ। ਇਸ ਫ਼ਿਲਮ ਵਿਚ ਉਹ ਸਵਰਗੀ ਐਕਟਰ ਸੁਸ਼ਾਂਤ ਸਿੰਘ ਰਾਜਪੂਤ ਨਾਲ ਸੀ। ਟਿਕਟ ਖਿੜਕੀ ਦੇ ਲਿਹਾਜ਼ ਨਾਲ ਫ਼ਿਲਮ ਬੇਸ਼ੱਕ ਹਿੱਟ ਨਹੀਂ ਸੀ, ਪਰ ਦਰਸ਼ਕਾਂ ਨੇ ਛੋਟੇ ਨਵਾਬ ਦੀ ਇਸ ਬੇਟੀ ਨੂੰ ਬਹੁਤ ਪਸੰਦ ਕੀਤਾ। ਰੋਹਿਤ ਸ਼ੈਟੀ ਦੀ ਫ਼ਿਲਮ 'ਸਿੰਬਾ' (2018) ਸਾਰਾ ਅਲੀ ਖਾਨ ਦੀ ਪਹਿਲੀ ਹਿੱਟ ਫ਼ਿਲਮ ਸੀ। ਇਸ ਫ਼ਿਲਮ ਨੂੰ ਦਰਸ਼ਕਾਂ ਦਾ ਖ਼ੂਬ ਪਿਆਰ ਮਿਲਿਆ ਸੀ। ਉਸ ਤੋਂ ਬਾਅਦ ਤੋਂ ਹੁਣ ਤੱਕ ਉਹ 'ਲਵ ਆਜ ਕਲ', 'ਕੁਲੀ ਨੰਬਰ 1', 'ਅਤਰੰਗੀ ਰੇ', 'ਜ਼ਰਾ ਹਟ ਕੇ ਜ਼ਰਾ ਬਚ ਕੇ', 'ਮਰਡਰ ਮੁਬਾਰਕ' ਵਰਗੀਆਂ ਕਈ ਫ਼ਿਲਮਾਂ ਵਿਚ ਨਜ਼ਰ ਆ ਚੁੱਕੀ ਹੈ। ਸਾਰਾ ਅਲੀ ਖਾਨ ਆਖਰੀ ਵਾਰ ਇਸ ਸਾਲ ਰਿਲੀਜ਼ ਹੋਈ ਫ਼ਿਲਮ 'ਐ ਵਤਨ ਮੇਰੇ ਵਤਨ' ਵਿਚ ਨਜ਼ਰ ਆਈ ਸੀ, ਪਰ ਇਸ ਫ਼ਿਲਮ ਦਾ ਟਿਕਟ ਖਿੜਕੀ 'ਤੇ ਬੁਰੀ ਤਰ੍ਹਾਂ ਡੱਬਾ ਗੋਲ ਹੋ ਗਿਆ।



## ਸਿਮਰਨ ਚਾਹਲ 'ਹੁਸ਼ਿਆਰ ਸਿੰਘ' ਫ਼ਿਲਮ ਵਿਚ ਵੀ ਨਜ਼ਰ ਆਏਗੀ

ਲੁਧਿਆਣਾ ਸ਼ਹਿਰ ਦੀ ਜੰਮਪਲ ਅਤੇ ਛੋਟੀ ਉਮਰ ਵਿੱਚ ਹੀ ਅਦਾਕਾਰੀ ਦੇ ਵੱਡੇ ਮੁਕਾਮ ਹਾਸਲ ਕਰਨ ਵਾਲੀ ਸਿਮਰਨ ਚਾਹਲ ਅਜਕਲ੍ਹ ਸੁਰਖੀਆਂ ਵਿੱਚ ਹੈ। ਉਹ ਬਾਲ ਅਵਸਥਾ ਵਿੱਚ ਹੀ ਆਪਣੇ ਪਰਿਵਾਰ ਨਾਲ ਆਸਟਰੇਲੀਆ ਦੇ ਸ਼ਹਿਰ ਐਡੀਲੇਡ 'ਚ ਆਈ ਸੀ ਅਤੇ ਮੁਢਲੀ ਪੜ੍ਹਾਈ ਉਪਰੰਤ ਅਦਾਕਾਰੀ ਦਾ ਸ਼ੌਕ ਪੈਦਾ ਹੋਣ ਕਰਕੇ 18 ਸਾਲ ਦੀ ਉਮਰ 'ਚ ਭਾਰਤ ਵਾਪਸ ਪਰਤ ਗਈ ਤੇ ਅਦਾਕਾਰੀ ਦੀ ਸ਼ੁਰੂਆਤ ਕੀਤੀ। ਸਾਲਾਂ ਦੀ ਮਿਹਨਤ ਤੋਂ ਬਾਅਦ ਉਸ ਨੂੰ ਸਫਲਤਾ ਉਦੋਂ ਮਿਲੀ ਜਦੋਂ ਉਸ ਨੂੰ ਆਪਣੀ ਪਹਿਲੀ ਫ਼ਿਲਮ 'ਬੂਹੇ ਬਾਰੀਆਂ' (2023) ਵਿਚ ਕਾਸਟ ਕੀਤਾ ਗਿਆ। ਨੀਰੂ ਬਾਜਵਾ, ਰੁਬੀਨਾ ਬਾਜਵਾ, ਨਿਰਮਲ ਰਿਸ਼ੀ, ਗੁਰਪ੍ਰੀਤ ਭੰਗੂ, ਧਰਮਿੰਦਰ ਕੌਰ ਸਮੇਤ ਉੱਘੇ ਕਲਾਕਾਰਾਂ ਨਾਲ ਕੰਮ ਕਰਕੇ ਲਾਜਵਾਬ ਢੰਗ ਨਾਲ ਆਪਣੇ ਕਿਰਦਾਰ ਦੀ ਪੇਸ਼ਕਾਰੀ ਕੀਤੀ।

ਇਸ ਦਿਲਚਸਪ ਪਰਿਵਾਰਕ ਫਿਲਮ ਵਿਚ, ਸਿਮਰਨ ਨੇ ਰਾਵੀ ਦਾ ਕਿਰਦਾਰ ਨਿਭਾਇਆ ਜੋ ਇਕ ਅਜਿਹੀ ਭੂਮਿਕਾ ਜਿਸ ਨੇ ਪਰਿਵਾਰਕ ਬੰਧਨਾਂ ਅਤੇ ਰਿਸ਼ਤਿਆਂ ਦੀਆਂ ਗੁੰਝਲਾਂ ਨੂੰ ਫੜਨ ਦੀ ਉਸ ਦੀ ਕੁਦਰਤੀ ਯੋਗਤਾ ਨੇ ਉਸ ਨੂੰ ਫ਼ਿਲਮੀ ਦੁਨੀਆ ਵਿਚ ਪਹਿਚਾਣ ਦਿਵਾਈ। ਇਹ ਸਿਮਰਨ ਲਈ ਮਹੱਤਵਪੂਰਨ ਸਾਬਤ ਹੋਈ। ਸਿਮਰਨ ਦੀ ਬਹੁਪੱਖੀ ਪ੍ਰਤਿਭਾ ਨੂੰ ਉਸ ਦੇ ਅਗਲੇ ਪ੍ਰੋਜੈਕਟ, ਸ਼ਾਇਰ (2023) ਵਿਚ ਪ੍ਰਦਰਸ਼ਿਤ ਕੀਤਾ ਗਿਆ, ਜੋ ਉਦੈ ਪ੍ਰਤਾਪ ਸਿੰਘ ਦੁਆਰਾ ਨਿਰਦੇਸ਼ਿਤ ਇਕ ਦ੍ਰਿਸ਼ਟੀਗਤ ਸ਼ਾਨਦਾਰ ਫ਼ਿਲਮ ਬਣੀ। ਸ਼ਾਇਰੀ (ਰਵਾਇਤੀ ਉਰਦੂ ਕਵਿਤਾ) ਦੀ ਦੁਨੀਆ ਦੇ ਦੁਆਲੇ ਕੇਂਦਰਿਤ ਇਹ ਫ਼ਿਲਮ ਮਸ਼ਹੂਰ ਗਾਇਕ ਅਤੇ ਅਦਾਕਾਰ ਸਤਿੰਦਰ ਸਰਤਾਜ ਦੁਆਰਾ ਨਿਭਾਏ ਗਏ ਕਿਰਦਾਰ ਨਾਲ ਸਿਮਰਨ ਦੀ ਭੂਮਿਕਾ ਵੀ ਮਹੱਤਵਪੂਰਨ ਸੀ। 'ਜੈ ਤੂੰ ਸ਼ਾਇਰ ਨਹੀਂ ਤੋਂ ਕੁਲ ਜਹਾਂ 'ਚ ਕੋਈ ਸ਼ਾਇਰ ਨਹੀਂ ਦੀ ਲਾਈਨ ਦੀ ਪੇਸ਼ਕਾਰੀ ਫ਼ਿਲਮ ਲਈ ਇਕ ਟੈਗਲਾਈਨ ਬਣ ਗਈ। ਉਸ ਦਾ ਸਭ ਤੋਂ ਤਾਜ਼ਾ ਪ੍ਰਾਜੈਕਟ, ਸ਼ੁਕਰਾਨਾ (2024), ਪ੍ਰਤਿਭਾਸ਼ਾਲੀ ਸਿਮਰਜੀਤ ਸਿੰਘ ਦੁਆਰਾ ਨਿਰਦੇਸ਼ਿਤ, ਇਕ ਪਰਿਵਾਰ- ਆਧਾਰਿਤ ਕਾਮੇਡੀ- ਡਰਾਮਾ ਹੈ ਜੋ ਪੇਂਡੂ ਪੰਜਾਬ ਦੀ ਗਤੀਸ਼ੀਲਤਾ ਨੂੰ ਦਰਸਾਉਂਦਾ ਹੈ। ਵਿਆਹ ਦੇ ਪ੍ਰਸਤਾਵਾਂ, ਗਰਭਅਵਸਥਾ ਅਤੇ ਪਰਿਵਾਰਕ ਚੁਣੌਤੀਆਂ ਦੇ ਪਿਛੋਕੜ 'ਤੇ ਆਧਾਰਿਤ, ਫ਼ਿਲਮ ਵਿਚ ਸਿਮਰਨ ਇਕ ਮਹੱਤਵਪੂਰਣ ਭੂਮਿਕਾ ਵਿਚ ਹੋਵੇਗੀ, ਜੋ ਫ਼ਿਲਮ ਦੀ ਜ਼ਿੰਦਗੀ ਦੇ ਉਤਰਾਅ-ਚੜ੍ਹਾਅ, ਹਾਸੇ-ਮਜ਼ਾਕ ਤੇ ਦਿਲ ਨੂੰ ਛੂਹਣ ਵਾਲੀ ਖੋਜ ਵਿਚ ਯੋਗਦਾਨ ਪਾਉਂਦੀ ਹੈ। ਫ਼ਿਲਮ ਵਿਚ ਜਸ ਬਾਜਵਾ, ਨੀਰੂ ਬਾਜਵਾ ਅਤੇ ਅੰਮ੍ਰਿਤ ਮਾਨ ਵਰਗੇ ਕਲਾਕਾਰ ਹਨ। ਚਾਹਲ ਦਾ ਉਭਾਰ ਨਾ ਸਿਰਫ ਉਸ ਦੀ ਅਦਾਕਾਰੀ ਪ੍ਰਤਿਭਾ ਨੂੰ ਦਰਸਾਉਂਦਾ ਹੈ, ਬਲਕਿ ਦੇ ਸੱਭਿਆਚਾਰਾਂ-ਭਾਰਤੀ ਅਤੇ ਆਸਟ੍ਰੇਲੀਆਈ-ਨੂੰ ਵੀ ਪ੍ਰਮਾਣਿਕਤਾ ਨਾਲ ਜੋੜਨ ਦੀ ਉਸ ਦੀ ਯੋਗਤਾ ਨੂੰ ਵੀ ਦਰਸਾਉਂਦਾ ਹੈ। ਪ੍ਰਭਾਵਸ਼ਾਲੀ ਗਰਜਵੀਂ ਆਵਾਜ਼ ਉਸ ਦੇ ਅਸਲ ਪ੍ਰਦਰਸ਼ਨ ਦੀ ਪੇਸ਼ਕਾਰੀ ਨਾਲ ਜੁੜਦੇ ਹਨ। ਨਿਰਦੇਸ਼ਕ ਬਣਨ ਦੀ ਸੋਚ ਲੈ ਕੇ ਫ਼ਿਲਮਾਂ 'ਚ ਆਈ ਸਿਮਰਨ ਚਾਹਲ ਫਿਲਮ 'ਹੁਸ਼ਿਆਰ ਸਿੰਘ' 'ਚ ਵੀ ਨਜ਼ਰ ਆਏਗੀ। ਉਸ ਨਾਲ ਇਸ ਫ਼ਿਲਮ ਵਿਚ ਸਤਿੰਦਰ ਸਰਤਾਜ ਤੇ ਹੋਰ ਪ੍ਰਸਿੱਧ ਕਲਾਕਾਰ ਕੰਮ ਕਰ ਰਹੇ ਹਨ। ਉਸ ਦੀ ਮਿਹਨਤ, ਸਮਰਪਣ, ਆਕਰਸ਼ਣ ਅਤੇ ਬਹੁਪੱਖੀ ਪ੍ਰਤਿਭਾ ਉਸ ਨੂੰ ਪੰਜਾਬੀ ਸਿਨੇਮਾ ਵਿਚ ਇਕ ਪਿਆਰੀ ਤੇ ਮਿਆਰੀ ਸ਼ਖ਼ਸੀਅਤ ਬਣਾਵੇਗੀ। ਉਹ ਫ਼ਿਲਮੀ ਪਰਦੇ ਤੇ ਹੋਰ ਵੀ ਅਨੇਕਾਂ ਰੰਗਾਂ ਚ ਦਰਸ਼ਕਾਂ ਨੂੰ ਵੇਖਣ ਨੂੰ ਮਿਲੇਗੀ ।

## ਇਕੱਲਿਆਂ ਜ਼ਿੰਦਗੀ ਬਿਤਾਏਗੀ ਸਨੇਹਾ ਵਾਘ

ਅਦਾਕਾਰਾ ਦੇਬੋਲੀਨਾ ਭੱਟਾਚਾਰੀਆ ਨੇ ਆਪਣੇ ਘਰੇਲੂ ਵਜ੍ਹਾ ਕਰਕੇ ਛੋਟੇ ਪਰਦੇ ਦੇ ਸ਼ੋਅ 'ਛਠੀ ਮਈਆ ਕੀ ਬਿਟੀਆ' ਤੋਂ ਦੂਰੀ ਬਣਾ ਲਈ ਹੈ। ਹੁਣ ਇਸ ਸ਼ੋਅ ਵਿਚ ਛਠੀ ਮਈਆ ਦੇ ਕਿਰਦਾਰ ਵਿਚ ਸਨੇਹਾ ਵਾਘ ਨਜ਼ਰ ਆਵੇਗੀ। ਹਾਲ ਹੀ ਵਿਚ ਨਿਰਮਾਤਾ ਵਲੋਂ ਉਸ ਦੇ ਨਾਂਅ ਦਾ ਐਲਾਨ ਕੀਤਾ ਗਿਆ। ਟੀ.ਵੀ. ਲੜੀਵਾਰ 'ਏਕ ਵੀਰ ਕੀ ਅਰਦਾਸ ਵੀਰਾ' ਵਿਚ ਮਾਂ ਦਾ ਕਿਰਦਾਰ ਨਿਭਾਅ ਕੇ ਪਛਾਣ ਬਣਾਉਣ ਵਾਲੀ ਅਦਾਕਾਰਾ ਸਨੇਹਾ ਵਾਘ ਆਪਣੀ ਜ਼ਿੰਦਗੀ ਵਿਚ ਜੋ ਕੁਝ ਕਰਨਾ ਚਾਹੁੰਦੀ ਸੀ, ਉਸ ਨੂੰ ਉਹੀ ਸਭ ਕੁਝ ਕਰਨ ਨੂੰ ਮਿਲ ਰਿਹਾ ਹੈ। ਇਹ ਸ਼ੋਅ ਉਸ ਦੇ ਕੋਲ ਖ਼ੁਦ ਚੱਲ ਕੇ ਆਇਆ।



ਇਹ ਪੇਸ਼ਕਸ਼ ਜਦੋਂ ਸਨੇਹਾ ਨੂੰ ਮਿਲੀ ਤਾਂ ਉਸ ਨੇ ਸਭ ਤੋਂ ਪਹਿਲਾਂ ਦੇਬੋਲੀਨਾ ਨੂੰ ਕਾਲ ਕਰਕੇ ਪੁੱਛਿਆ ਕਿ ਕੀ ਉਹ ਇਹ ਸ਼ੋਅ ਕਰ ਸਕਦੀ ਹੈ? ਉਦੋਂ ਦੇਬੋਲੀਨਾ ਨੇ ਬਹੁਤ ਪਿਆਰ ਨਾਲ ਕਹਿੰਦੇ ਹੋਏ ਸਨੇਹਾ ਨੂੰ ਕਿਹਾ ਕਿ ਇਸ ਲਈ ਆਗਿਆ ਲੈਣ ਦੀ ਜ਼ਰੂਰਤ ਨਹੀਂ ਹੈ। ਇਸ ਦੇ ਨਾਲ ਹੀ ਉਸ ਨੇ ਸਨੇਹਾ ਦਾ ਹੌਸਲਾ ਵਧਾਉਂਦੇ ਹੋਏ ਕਿਹਾ ਕਿ ਬਿੰਦਾਸ ਕਰੋ, ਕੋਈ ਟੈਂਸ਼ਨ ਲੈਣ ਦੀ ਜ਼ਰੂਰਤ ਨਹੀਂ ਹੈ।

'ਨੀਰਜਾ-ਏਕ ਨਈ ਪਹਿਚਾਨ' (2023) ਵਿਚ ਸਨੇਹਾ ਇਕ ਮਜ਼ਦੂਰ ਮਾਂ ਦੇ ਕਿਰਦਾਰ ਵਿਚ ਨਜ਼ਰ ਆਈ ਸੀ। ਅਦਾਕਾਰਾ ਕਾਮਿਆ ਪੰਜਾਬੀ ਵੀ ਉਸ ਦੇ ਨਾਲ ਇਕ ਖ਼ਾਸ ਕਿਰਦਾਰ ਵਿਚ ਸੀ। ਸਨੇਹਾ ਵਾਘ ਨੇ ਹਾਲ ਹੀ ਵਿਚ ਪਰੇਸ਼ ਰਾਵਲ ਨਾਲ ਫ਼ਿਲਮ 'ਦ ਤਾਜ ਸਟੋਰੀ' ਲਈ ਆਪਣੇ ਹਿੱਸੇ ਦੀ ਸ਼ੂਟਿੰਗ ਪੂਰੀ ਕੀਤੀ। ਦਰਭੰਗਾ ਦੇ ਸੀ.ਏ. ਸੁਰੇਸ਼ ਝਾਅ ਵਲੋਂ ਨਿਰਦੇਸ਼ਿਤ ਇਹ ਫ਼ਿਲਮ ਅਗਲੇ ਸਾਲ ਓ.ਟੀ.ਟੀ. 'ਤੇ ਸਟੀਮ ਕੀਤੀ ਜਾਵੇਗੀ। ਵਿਆਹ ਕਰ ਕੇ ਖ਼ੁਸ਼ਹਾਲ ਜ਼ਿੰਦਗੀ ਜਿਊਣ ਦਾ ਸੁਪਨਾ ਦੇਖਣ ਵਾਲੀ ਸੁਨੇਹਾ ਨੇ ਮਹਿਜ਼ 19 ਸਾਲ ਦੀ ਉਮਰ ਵਿਚ ਆਵਿਸ਼ਕਾਰ ਦਰਵੇਕਰ ਨਾਲ ਵਿਆਹ ਕੀਤਾ ਸੀ। ਪਰ ਉਸ ਦਾ ਇਹ ਸੁਪਨਾ ਉਸ ਸਮੇਂ ਟੁੱਟ ਕੇ ਬਿਖਰਨ ਲੱਗਿਆ ਜਦੋਂ ਉਸ ਦੇ ਪਤੀ ਨੇ ਉਸ 'ਤੇ ਅੱਤਿਆਚਾਰ ਕਰਨਾ ਸ਼ੁਰੂ ਕੀਤਾ। ਰੋਜ਼-ਰੋਜ਼ ਦੇ ਝਗੜਿਆਂ ਤੋਂ ਤੰਗ ਆ ਕੇ ਉਸ ਨੇ ਵੱਖ ਹੋਣ ਦਾ ਫ਼ੈਸਲਾ ਲਿਆ ਸੀ।

ਆਵਿਸ਼ਕਾਰ ਦਰਵੇਕਰ ਤੋਂ ਤਲਾਕ ਲੈਣ ਤੋਂ ਬਾਅਦ ਸੁਨੇਹਾ ਨੇ 2015 ਵਿਚ ਕਾਰੋਬਾਰੀ ਅਨੁਰਾਗ ਸੋਲੰਕੀ ਨਾਲ ਦੂਜਾ ਵਿਆਹ ਕੀਤਾ। ਪਰ ਸਨੇਹਾ ਦੇ ਦੂਜੇ ਵਿਆਹ ਵਿਚ ਵੀ ਦਿੱਕਤਾਂ ਆਉਣ ਲੱਗੀਆਂ ਅਤੇ ਮਹਿਜ਼ 1 ਸਾਲ ਬਾਅਦ ਅਦਾਕਾਰਾ ਨੇ ਇਸ ਪਤੀ ਤੋਂ ਵੀ ਤਲਾਕ ਲੈ ਲਿਆ। ਦੋ-ਦੋ ਵਿਆਹ ਟੁੱਟਣ ਤੋਂ ਬਾਅਦ ਸਨੇਹਾ 'ਤੇ ਉਂਗਲੀ ਉੱਠਣੀ ਸੁਭਾਵਿਕ ਸੀ। ਇਸ ਤਰ੍ਹਾਂ 'ਚ ਉਸ ਨੇ ਦੂਜੇ ਪਤੀ ਨੂੰ ਲੈ ਕੇ ਕਿਹਾ ਕਿ ਅਨੁਰਾਗ ਬੁਰੇ ਇਨਸਾਨ ਨਹੀਂ ਹਨ, ਬਸ ਉਹ ਉਸ ਲਈ ਸਹੀ ਨਹੀਂ ਸਨ।

ਦੋ ਵਾਰ ਵਿਆਹ ਟੁੱਟਣ ਤੋਂ ਬਾਅਦ 36 ਸਾਲ ਦੀ ਹੋ ਚੁੱਕੀ ਸਨੇਹਾ ਨੂੰ ਇਹ ਅਹਿਸਾਸ ਹੋਇਆ ਕਿ ਸ਼ਾਇਦ ਉਹ ਵਿਆਹ ਲਈ ਬਣੀ ਹੀ ਨਹੀਂ ਹੈ। ਸੁਨੇਹਾ ਨੂੰ ਲਗਦਾ ਹੈ ਕਿ ਮਰਦ ਅਕਸਰ ਮਜ਼ਬੂਤ ਔਰਤਾਂ ਨਾਲ ਰਿਸ਼ਤਾ ਨਹੀਂ ਨਿਭਾਅ ਪਾਉਂਦੇ। ਇਸ ਤਰ੍ਹਾਂ ਉਸ ਨੇ ਵਿਆਹ ਕਰਕੇ ਖ਼ੁਬਹਾਲ ਜ਼ਿੰਦਗੀ ਜਿਊਣ ਦੇ ਆਪਣੇ ਸੁਪਨੇ ਨੂੰ ਕਿਤੇ ਪਿੱਛੇ ਛੱਡ ਦਿੱਤਾ ਹੈ। ਹੁਣ ਉਹ ਇਕੱਲਿਆਂ ਜ਼ਿੰਦਗੀ ਬਿਤਾਉਂਦੇ ਹੋਏ ਸਿਰਫ਼ ਅਤੇ ਸਿਰਫ਼ ਆਪਣੇ ਕੰਮ 'ਤੇ ਫੋਕਸ ਕਰ ਰਹੀ ਹੈ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 38 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2025*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

**Fremont Office: 86 Pilgrim Loop, Fremont CA 94539**
**Tel: 510-440-9292**

Visit us @ www.jassigill.com for hot listings

## Recent Sales

1. 106 Coralflower Ln, San Ramon, CA 94582
2. 305 ਠੋਸਚਅਨਅ ੱਐ ੍ਹੋਅਰਦ ਛਓ 94545
3. 247 Dixon rd Milpitas ca 95035
4. 6388 Broadway Ave Newark CA 94560
5. 985 Silver Birch Ln Hayward CA 94544
6. 1672 Northgate Manteca CA 95336
7. 819 Saint Rufina Lane Unit 19 Morgan Hill CA 95037
8. 26676 Campeche St Hayward CA 94545
9. 1777 Osage Ave Hayward CA 94545
10. 2249 moody ave Hayward ca 94545
11. 9714 Fall Valley Way Sacramento CA 95829
12. 259 N Capitol Ave UNIT 156 San Jose, CA, 95127
13. 3551 Santiago Ave Merced, CA, 95348
14. 15740 Via Castana Morgan Hill CA 95037
15. 3104 Salisbury court CA 94555
16. 475 Hermosa St Lathrop Ca 95330

## Purchase Loan and Refinance

**Call Sukhveer (Sukhi) Gill** **Ph: 510-207-9067**
DHMS, Loan Broker

CA BRE Lic.#01180969
NMLS# 352095

19-20